**Worldwide Travel, Inc.**

**Special Sale**

Oct 1 - Dec 10, 2009
Sale Ends 9-15-2009

**$975*** ਟੈਕਸ ਸਮੇਤ

**ਅੰਮ੍ਰਿਤਸਰ, ਦਿੱਲੀ, ਬੰਬੇ**

734-525-7304 ਜਾਂ 800-504-3044

ਵਾਜਬ ਰੇਟ, ਵਧੀਆ ਸਰਵਿਸ

**Ad Space Available**
**Call 847-359-0746**

ਸਸਤੀਆਂ ਟਿਕਟਾਂ ਤੇ ਸਰਵਿਸ ਵੀ ਵਧੀਆ

*Lowest Air Fares For INDIA*



AB TRAVEL SERVICES

Ph.847-630-2096



Tenth Year in Publication | ਮਿਡਵੈਸਟ ਐਡੀਸ਼ਨ | Price 50¢

ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 10, Issue 38, September 19, 2009 | 20451 N Plum Grove Rd. Palatine, IL 60074 | Ph:847-359-0746, Fax:847-705-9388


## ਅਕਾਲੀ-ਭਾਜਪਾ ਤਰੇੜਾਂ ਮੁੜ ਉਭਰੀਆਂ

**ਜਸਵੀਰ ਸਿੰਘ ਸ਼ੀਰੀ**

**ਜਲੰਧਰ:**ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਾਰੋ-ਵਾਰੀ ਚਿੰਤਨ ਬੈਠਕਾਂ ਤਾਂ ਕਰ ਹਟੇ ਹਨ ਪਰ ਦੋਨਾਂ ਪਾਰਟੀਆਂ ਦਾ ਨਾਂ ਤਾਂ ਆਪਸ ਵਿਚ ਕੋਈ ਚੱਜ ਦਾ ਰਾਬਤਾ ਬੈਠ ਰਿਹਾ ਹੈ ਅਤੇ ਨਾ ਹੀ ਪੰਜਾਬ ਦੀਆਂ ਵਿਕਾਸ ਸਮੱਸਿਆਵਾਂ ਦੀ ਕਹਾਣੀ ਥਹੁ ਸਿਰ ਆ ਰਹੀ ਹੈ। ਪੰਜਾਬ ਸਿਆਸਤ ਵਿਚ ਜਿੱਥੇ ਕਾਂਗਰਸ ਪਾਰਟੀ ਵਿਰੋਧੀ ਧਿਰ ਵਜੋਂ ਲਗਭਗ ਖਾਮੋਸ਼ ਹੈ ਅਤੇ ਆਪਣੀ ਲੀਡਰਸ਼ਿਪ ਦੇ ਮਾਮਲੇ ਨੂੰ ਸੁਲਝਾਉਣ ਲਈ ਹੀ ਰੁੱਝੀ ਹੋਈ ਹੈ ਉਥੇ ਭਾਰਤੀ ਜਨਤਾ ਪਾਰਟੀ ਨੇ ਇਕ ਤਰ੍ਹਾਂ ਨਾਲ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣੀ ਸ਼ੁਰੂ ਕਰ ਦਿੱਤੀ ਹੋਈ ਹੈ।

ਅਜਿਹੀ ਭੂਮਿਕਾ ਕਾਰਨ ਦੋਨਾਂ ਪਾਰਟੀਆਂ ਵਿਚ ਆਉਣ ਵਾਲੇ ਸਮੇਂ ਵਿਚ ਟਕਰਾਅ ਦੇ ਅਸਾਰ ਵੀ ਬਣ ਸਕਦੇ ਹਨ। ਰਾਜਸੀ ਵਿਸ਼ਲੇਸ਼ਕਾਂ ਨੇ ਇਹ ਆਸ ਲਾਈ ਹੋਈ ਸੀ ਕਿ ਅਕਾਲੀ ਦਲ (ਬਾਦਲ) ਆਪਣੇ ਸ਼ਿਮਲਾ ਸੰਮੇਲਨ ਦੌਰਾਨ ਹਰਿਆਣਾ ਅੰਦਰ ਪਾਰਟੀ ਦੇ ਚੋਣ-ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਕੋਈ ਸਪਸ਼ਟ ਨੀਤੀ ਬਿਆਨ ਕਰੇਗਾ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਅਕਾਲੀ ਦਲ (ਬਾਦਲ) ਵਾਲੇ ਸ਼ਿਮਲਾ ਸੰਮੇਲਨ ਵਿਚ ਕੁਝ ਸਧਾਰਨ ਜਿਹੀਆਂ ਗੱਲਾਂ ਕਰਕੇ ਵਾਪਸ ਪਰਤ ਆਏ ਹਨ ਅਤੇ ਕੇਂਦਰ ਵਲੋਂ ਚੰਡੀਗੜ੍ਹ ਨੂੰ ਸਿਧੇ ਕੇਂਦਰ ਦੇ ਅਧੀਨ ਲੈਣ ਅਤੇ ਪੰਜਾਬ ਦੇ ਰਾਜਪਾਲ ਕੋਲੋਂ ਇਸ ਸ਼ਹਿਰ ਦਾ ਕੰਟਰੋਲ ਵਾਪਸ ਲੈਣ ਦੇ ਦਿੱਤੇ ਗਏ ਬਿਆਨ ਉਤੇ ਇਕ ਰਸਮੀ ਜਿਹਾ ਪ੍ਰਤੀਕਰਮ ਜਾਰੀ ਕਰ ਦਿੱਤਾ ਹੈ।

ਅਕਾਲੀ ਦਲ ਤੋਂ ਆਸ ਕੀਤੀ ਜਾ ਰਹੀ ਸੀ ਕਿ ਉਹ ਪੰਜਾਬ ਵਿਚ ਲੋਕਾਂ ਨੂੰ ਅਤੇ ਸਰਕਾਰ ਨੂੰ ਪੇਸ਼ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਉਪਰ ਗੰਭੀਰ ਚਰਚਾ ਕਰੇਗਾ, ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਭਾਵੇਂ ਕਿ ਅਕਾਲੀ ਦਲ ਦੀ ਲੀਡਰਸ਼ਿਪ ਵਲੋਂ ਆਪਣੇ ਸੰਮੇਲਨ ਦੌਰਾਨ ਪਾਰਟੀ ਆਗੂਆਂ ਤੋਂ ਪੰਜਾਬ ਸਰਕਾਰ ਦੀ ਕਾਰਗੁਜਾਰੀ ਦੇ ਸਬੰਧ ਵਿਚ ਵਿਚਾਰ ਮੰਗੇ ਗਏ ਸਨ ਪਰ ਇਹ ਵਿਚਾਰ ਕਿਸੇ ਅਜ਼ਾਦ ਮਨ ਵਿਚੋਂ ਉਪਜੇ ਹੋਏ ਨਹੀਂ ਸਨ, ਸਗੋਂ ਪਾਰਟੀ ਲੀਡਰਸ਼ਿਪ ਦੀ ਜੀ ਹਜ਼ੂਰੀ ਮਾਤਰ ਹੀ ਸਨ। ਲੀਡਰਸ਼ਿਪ ਅਨੁਸਾਰ, "ਸਭ ਨੇ ਆਖ ਦਿੱਤਾ ਕਿ ਪੰਜਾਬ ਸਰਕਾਰ ਦੀ ਕਾਰਗੁਜਾਰੀ ਬੱਲੇ-ਬੱਲੇ ਹੈ।" ਇੰਜ ਆਪਣੇ ਹੀ ਮੋਢੇ ਨੂੰ ਥਾਪੀ ਦੇ ਕੇ ਅਕਾਲੀ ਸ਼ਿਮਲਿਓਂ ਰੁਖਸਤ ਹੋਏ। ਇਕੋ ਇਕ ਆਗੂ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਹਨ ਜਿਨ੍ਹਾਂ ਨੇ ਪੰਜਾਬ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਬਸਿਡੀਆਂ ਦੇ ਸੰਬੰਧ ਵਿਚ ਅਤੇ ਕੁਝ ਹੋਰ ਮੁੱਦਿਆਂ ਉੱਪਰ ਆਪਣੇ ਵੱਖਰੇ ਵਿਚਾਰ ਰੱਖੇ ਅਤੇ ਉਨ੍ਹਾਂ ਇਹ ਵੀ ਕਿਹਾ ਕਿ ਉਹ ਆਪਣੇ ਅਜਿਹੇ ਵਿਚਾਰ ਪ੍ਰਗਟ ਕਰਨੇ ਜਾਰੀ ਰੱਖਣਗੇ। ਉਨ੍ਹਾਂ ਧੀਮੀਂ ਸੁਰ ਵਿਚ ਇਥੋਂ ਤੱਕ ਕਿਹਾ ਕਿ ਉਨ੍ਹਾਂ ਨੂੰ ਸੰਮੇਲਨ ਦੌਰਾਨ ਆਪਣਾ ਪੱਖ ਰੱਖਣ ਨਹੀਂ ਦਿੱਤਾ ਗਿਆ।

ਇੰਜ ਕੁਲ ਮਿਲਾ ਕੇ ਅਕਾਲੀ ਦਲ (ਬਾਦਲ) ਲਈ ਉਲਝਾ ਵਾਲੀ ਸਥਿਤੀ ਭਾਵੇਂ ਸਿਰਫ ਮਨਪ੍ਰੀਤ ਸਿੰਘ ਬਾਦਲ ਨੇ ਹੀ ਪੈਦਾ ਕੀਤੀ ਪਰ ਇਸਦੇ ਨਾਲ ਹੀ ਇਹ ਵੀ ਜਾਪਿਆ ਕਿ ਪੰਜਾਬ ਵਿਚ ਪੈਦਾ ਹੋ ਰਹੀ ਨਵੀਂ ਆਰਥਿਕ ਅਤੇ ਸਮਾਜਿਕ ਸਥਿਤੀ ਦੇ ਸਨਮੁੱਖ ਅਕਾਲੀ ਦਲ ਵਿਚ ਵਿਚਾਰਧਾਰਕ ਚਿੰਤਨ ਦੀ ਹਾਲੇ ਵੀ ਕੋਈ ਪਰੰਪਰਾ ਨਹੀਂ ਹੈ। ਯਾਦ ਰਹੇ ਪਾਰਟੀ ਨੇ ਸ਼ਿਮਲਾ ਸੰਮੇਲਨ ਨੂੰ 'ਚਿੰਤਨ ਬੈਠਕ' ਦਾ ਨਾਮ ਦਿੱਤਾ ਸੀ, ਪਰ ਬਾਅਦ ਵਿਚ ਬਦਲ ਕੇ 'ਪੰਜਾਬ ਸੰਮੇਲਨ' ਦਾ ਨਾਂ ਦੇ ਦਿੱਤਾ ਗਿਆ।

ਅਕਾਲੀ ਦਲ (ਬਾਦਲ) ਦੀ ਪੰਜਾਬ ਵਿਚ ਸਰਕਾਰੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਸਥਿਤੀ ਅਕਾਲੀ ਭਾਈਆਂ ਨਾਲੋਂ ਵੀ ਜਿਆਦਾ ਮਾੜੀ ਹੈ। ਉਂਜ ਭਾਰਤੀ ਜਨਤਾ ਪਾਰਟੀ ਨੇ ਕਾਂਗਰਸ ਦੀ ਖਾਮੋਸ਼ੀ ਦੇ ਮੱਦੇਨਜ਼ਰ ਸਰਕਾਰ ਦੀ ਵਿਰੋਧੀ ਧਿਰ ਵਾਲੀ ਭੂਮਿਕਾ ਵੀ ਸਾਂਭੀ ਹੋਈ ਹੈ। ਬੀਤੀ 14 ਸਤੰਬਰ ਨੂੰ ਚੰਡੀਗੜ੍ਹ ਵਿਚ ਹੋਈ ਭਾਰਤੀ ਜਨਤਾ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਪੰਜਾਬ ਸਰਕਾਰ ਵਲੋਂ ਸਟੈਂਪ ਡਿਊਟੀ ਵਿਚ ਕੀਤੇ ਗਏ ਭਾਰੀ ਵਾਧੇ ਦਾ ਵਿਰੋਧ ਕੀਤਾ ਗਿਆ ਅਤੇ ਇਸਦੇ ਨਾਲ ਹੀ ਕਿਸਾਨਾਂ ਨੂੰ ਦਿਤੀ ਜਾ ਰਹੀ ਸਬਸਿਡੀ ਦੀ ਤਰਜ਼ ਉੱਪਰ ਹੀ ਸ਼ਹਿਰੀ ਖੇਤਰ ਦੇ ਲੋਕਾਂ ਤੇ ਸਨਅਤਾਂ ਨੂੰ ਵੀ ਸਬਸਿਡੀਆਂ ਦੇਣ ਦੀ ਮੰਗ ਕੀਤੀ ਗਈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਪੰਜਾਬ ਯੂਨਿਟ ਦਾ ਪਤਨ ਹਾਲੇ ਵੀ ਕਾਬੂ ਵਿਚ ਨਹੀਂ ਆ ਰਿਹਾ। ਯਾਦ ਰਹੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਭਾਵੇਂ ਭਾਜਪਾ ਨੂੰ ਵੱਡੀ ਸਫਲਤਾ ਮਿਲੀ ਸੀ ਪਰ ਹਾਲ ਹੀ ਵਿਚ ਹੋਈਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਬਹੁਤੇ ਵਿਧਾਨ ਸਭਾ ਹਲਕਿਆਂ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਸਥਿਤੀ ਦੇ ਮੱਦੇਨਜ਼ਰ ਪੰਜਾਬ ਭਾਜਪਾ ਵਲੋਂ ਪਹਿਲਾਂ ਜਲੰਧਰ ਵਿਚ ਇਕ ਚਿੰਤਨ ਬੈਠਕ ਕੀਤੀ ਗਈ ਸੀ ਅਤੇ ਪਿਛੋਂ ਪੰਜਾਬ ਭਾਜਪਾ ਦੀ ਹਾਲਤ ਬਾਰੇ ਭਾਜਪਾ ਦੀ ਕੌਮੀ ਆਗੂਆਂ ਦੀ ਸ਼ਿਮਲਾ ਵਿਚ ਹੋਈ ਮੀਟਿੰਗ ਦੌਰਾਨ ਵੀ ਚਰਚਾ ਹੋਈ। ਇਸ ਵਿਚਕਾਰ ਇਹ ਅਫ਼ਵਾਹਾਂ ਵੀ ਉੱਡਣ ਲੱਗੀਆਂ ਸਨ ਕਿ ਪੰਜਾਬ ਸਰਕਾਰ ਵਿਚ ਭਾਜਪਾ ਦੇ ਮੰਤਰੀਆਂ ਨੂੰ ਬਦਲਿਆ ਜਾ ਸਕਦਾ ਹੈ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਦੀ ਬਦਲੀ ਦੀਆਂ ਅਫ਼ਵਾਹਾਂ ਵੀ ਉਡੀਆਂ ਸਨ। ਇਸ ਤੋਂ ਇਲਾਵਾ ਪਿਛਲੇ ਸਮੇਂ ਵਿਚ ਨਵਜੋਤ ਸਿੰਘ ਸਿੱਧੂ ਅਤੇ ਛੀਨਾ ਦੇ ਆਪਸ ਵਿਚ ਚਲ ਰਹੇ ਟਕਰਾਅ ਕਾਰਨ ਵੀ ਪੰਜਾਬ ਭਾਜਪਾ ਨੂੰ ਤਕੜੇ ਸੰਕਟ ਦਾ ਸਾਹਮਣਾ ਕਰਨਾ ਪਿਆ ਸੀ। ਇਹ ਸੰਕਟ ਹਾਲੇ ਵੀ ਮੁਕੰਮਲ ਰੂਪ ਵਿਚ ਹਲ ਨਹੀਂ ਹੋਇਆ ਹੈ।

ਪਾਰਟੀ ਨੂੰ ਮੁੜ ਤੋਂ ਪੈਰਾਂ ਸਿਰ ਕਰਨ ਲਈ ਪੰਜਾਬ ਭਾਜਪਾ ਦੀ ਲੀਡਰਸ਼ਿਪ ਨੇ ਪੰਜ ਲੱਖ ਨਵੇਂ ਪਾਰਟੀ ਮੈਂਬਰ ਭਰਤੀ ਕਰਨ ਦਾ ਟੀਚਾ ਰੱਖਿਆ ਸੀ ਪਰ ਹਾਲ ਹੀ ਵਿਚ ਛਪੀਆਂ ਰਿਪੋਰਟਾਂ

(ਬਾਕੀ ਸਫਾ 6 ਉਤੇ)

## ਨਕਸਲੀ ਹਿੰਸਾ ਵਿਰੁਧ ਵੱਖਰੀ ਨੀਤੀ ਦੀ ਲੋੜ:ਪ੍ਰਧਾਨ ਮੰਤਰੀ

**ਨਵੀਂ ਦਿੱਲੀ:**ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖੱਬੇਪੱਖੀ ਕੱਟੜਵਾਦ ਨੂੰ ਦੇਸ਼ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖਤਰਾ ਦੱਸਦੇ ਹੋਏ ਸੁਰੱਖਿਆ ਦਸਤਿਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਦੇਸ਼ ਦੇ ਵੱਖੋ ਵੱਖਰੇ ਭਾਗਾਂ 'ਚ ਜਾਰੀ ਨਕਸਲੀ ਹਿੰਸਾ ਨਾਲ ਨਿਪਟਣ ਲਈ ਵੱਖਰੀ ਨੀਤੀ ਬਣਾਉਣ ਲਈ ਕਿਹਾ ਹੈ।



ਪ੍ਰਧਾਨ ਮੰਤਰੀ ਨੇ ਮੰਗਲਵਾਰ ਦੇਸ਼ ਦੇ ਵੱਖੋ ਵੱਖਰੇ ਰਾਜਾਂ ਦੇ ਪੁਲਿਸ ਆਈ ਜੀ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੇ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਾਰ ਵਾਰ ਇਹੀ ਮੰਨਿਆ ਜਾ ਰਿਹਾ ਹੈ ਕਿ ਖੱਬੇ ਪੱਖੀ ਕੱਟੜਵਾਦ ਇਸ ਵੇਲੇ ਦੇਸ਼ ਸਾਹਮਣੇ ਮੌਜੂਦ ਅੰਦਰੂਨੀ ਸੁਰੱਖਿਆ ਸਬੰਧੀ ਸਭ ਤੋਂ ਵੱਡੀ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਨਿਜਾਤ ਪਾਉਣ ਵਿਚ ਅਸੀਂ ਸਫਲ ਨਹੀਂ ਹੋ ਸਕੇ ਹਾਂ ਅਤੇ ਇਹ ਸਚਮੁੱਚ ਚਿੰਤਾ ਦਾ ਵਿਸ਼ਾ ਹੈ ਕਿ ਸਾਡੀਆਂ ਕੋਸ਼ਿਸ਼ਾਂ ਦੇ ਬਾਵਜੂਦ ਇਸ ਕੱਟੜਵਾਦ ਤੋਂ ਪ੍ਰਭਾਵਿਤ ਸੂਬਿਆਂ 'ਚ ਨਕਸਲੀ ਹਿੰਸਾ ਵਧਦੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸਮੱਸਿਆ ਨੂੰ ਕੁਚਲਣ ਲਈ ਵੱਖਰੀ ਤਰ੍ਹਾਂ ਦੀ ਰਣਨੀਤੀ ਅਪਣਾਉਣ ਦੀ ਜ਼ਰੂਰਤ ਹੈ ਕਿਉਂਕਿ ਇਸ ਨੂੰ ਸਿਰਫ ਕਾਨੂੰਨ ਅਤੇ ਵਿਵਸਥਾ ਨਾਲ ਜੁੜੀ ਸਮੱਸਿਆ ਦੇ ਤੌਰ 'ਤੇ ਨਹੀਂ ਵੇਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਹਿੰਸਕ ਪ੍ਰਕਿਰਤੀ ਦੇ ਹੋਣ ਦੇ ਬਾਵਜੂਦ ਨਕਸਲੀ ਅੰਦੋਲਨ ਨੂੰ ਕਈ ਸੂਬਿਆਂ 'ਚ ਆਦਿਵਾਸੀਆਂ ਦੇ ਇਕ ਵਰਗ ਵੱਲੋਂ ਅਤੇ ਬੇਹੱਦ ਗਰੀਬ ਲੋਕਾਂ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਕਿ ਮੈਂ ਤੁਹਾਡੇ ਕੋਲੋਂ ਉਮੀਦ ਕਰਦਾ ਹਾਂ ਕਿ ਤੁਸੀ ਇਸ ਨਕਸਲੀ ਹਿੰਸਾ ਨਾਲ ਨਿਪਟਣ ਲਈ ਨਵੀਂ ਅਤੇ ਬਿਹਤਰ ਰਣਨੀਤੀ ਬਣਾਉਣ ਦੀ ਗੱਲ 'ਤੇ ਵਿਚਾਰ ਕਰੋਗੇ।

**ਵੱਧ ਰਹੀ ਘੁਸਪੈਠ ਚਿੰਤਾ ਦਾ ਵਿਸ਼ਾ:** ਪ੍ਰਧਾਨ ਮੰਤਰੀ ਨੇ ਕੰਟਰੋਲ ਰੇਖਾ, ਸਮੁੰਦਰ ਅਤੇ ਗੁਆਂਢੀ ਦੇਸ਼ਾਂ ਤੋਂ ਹੋ ਰਹੀ ਘੁਸਪੈਠ ਨੂੰ ਗੰਭੀਰ ਦੱਸਦਿਆਂ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਉਨ੍ਹਾਂ ਕਾਰਨਾਂ ਦਾ ਪਤਾ ਲਗਾਉਣ ਜਿਸ ਕਾਰਨ ਸਥਾਨਕ ਨੌਜਵਾਨ ਅਤਿਵਾਦੀ ਗਤੀਵਿਧੀਆਂ ਵੱਲ ਆਕਰਸ਼ਿਤ ਹੁੰਦੇ ਹਨ। ਸੰਮੇਲਨ 'ਚ ਪ੍ਰਧਾਨ ਮੰਤਰੀ ਨੇ ਜੰਮੂ

(ਬਾਕੀ ਸਫਾ 6 ਉਤੇ)


**North American Truck Stop**

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਥਰਮੋਕਿੰਗ ਐਂਡ ਕੈਰੀਅਰ ਯੂਨਿਟ
ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ
ਬਿਲਕੁਲ ਵਾਜਬ ਭਾਅ

909-350-3310, 909-697-5808
balwindernats@yahoo.com
14320 Slover Ave., Fontana, CA 92337

**ATTN. HOMEOWNERS !!**

Purchase, Refinance, Loan Modification,
Conventional, FHA, VA
Full doc / Stated Income, No MI Programs ....
No / Low Closing Cost Option
Low Down Payment (3.5% only)
First Time Homebuyers Get $8,000 Tax Credit
(FHA Program Available only up to December 2009)
Free Consultation | Free Pre-qualification
Free Pre-approval | Even Free appraisal
(Reimbursed after the closing)

**Please Call 847-933-9404**

We speak English, Hindi, Punjabi, Gujarati & Malyalam
Guardian Financial Mortgage, Inc.
An Illinois Residential Mortgagee Licensee MB0005054

# Milan Theaters

**Presenting the most anticipated movie of the year**




## WANTED

**Starting Friday, September 18th**

**Call: (847) 505-0879**

or visit www.milantheaters.com

Starring:Salman Khan & Ayesha Takia

Fri-6:30, 9:45
Sat-3:00, 6:30, 9:45
Sun-3:00, 6:30
Tue-Thur-7:30

**Milan Theaters offers stadium seating and DTS surround sound**

**651 Lakehurst Road,
Waukegan, IL 60085**
Hwy 94, exit Belvidere Rd, Across from Fountain Square Plaza, Behind Holiday Inn

# Imperial Truck Wash & Repair

**One Stop Center For Truckers-Repairs-Tires-Wash in Indiana**

**ਇੰਡੀਆਨਾ ਵਿਚ ਚੱਲਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**5809 South State Rd 3,
Spiceland, IN- 47385**
interstate 70 Exit 123
(Turn Right Yellow Building)

## Tire Service

We carry all major brand tires-new and used at very attractive prices

**All Kinds of Welding Work & General Repair.**

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

ਟਰੈਕਟਰ ਟਰੇਲਰ ਵਾਸ਼
ਸਿਰਫ 60 ਡਾਲਰ

*Spot Free Truck Wash*



Oil Change **$189.99** Only

Brake **$99.00** With Labor
Wheel Seal **$89.00** With Labor
Labor Rate **$59.00** Hourly Rate

**Alignment**


**Wheel Balancing**

ਹਰ ਕਿਸਮ ਦਾ ਵੈਲਡਿੰਗ ਵਰਕ ਅਤੇ ਜਨਰਲ ਰਿਪੇਅਰ
ਮਾਰਕੀਟ 'ਚ ਸਭ ਤੋਂ ਵਧੀਆ ਕੰਮ ਅਤੇ ਘੱਟ ਕੀਮਤ

**24 Hours Road Service & Towing**

**Jasvir Singh (765) 987-7000**

# 540th Birth Anniversary of







**The Founder of Sikhism**
**Shri Guru Nanak Dev Ji**
(1469 - 1539 AD)





ੴ ਸਤਿਗੁਰ ਪ੍ਰਸਾਦਿ

ਜਗਤ ਜਲੰਦਾ ਰਾਖ ਲੈ ਆਪਣੀ ਕਿਰਪਾ ਧਾਰਿ॥
ਸਿੱਖ ਪੰਥ ਦੇ ਬਾਨੀ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 540ਵੇਂ ਪ੍ਰਕਾਸ਼ ਪੁਰਬ ਮੌਕੇ ਹਿਊਸਟਨ 'ਚ ਤੀਜੀ ਵਾਰ ਵਿਸ਼ਵ ਸ਼ਾਂਤੀ ਲਈ

# ਮਹਾਨ ਨਗਰ ਕੀਰਤਨ

**ਸਨਿਚਰਵਾਰ 17 ਅਕਤੂਬਰ, 2009**

ਜੌਨਸ ਪਲਾਜ਼ਾ, 600 ਲੂਸੀਆਨਾ,
ਹਿਊਸਟਨ, ਟੈਕਸਸ 77002

## ਪ੍ਰੋਗਰਾਮ

ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਸ਼ਬਦ ਕੀਰਤਨ ਅਤੇ ਪੰਥਕ ਵਿਚਾਰਾਂ
ਬਾਅਦ ਦੁਪਹਿਰ 1:30 ਤੋਂ ਸ਼ਾਮ 4:00 ਵਜੇ ਤੱਕ ਨਗਰ ਕੀਰਤਨ (ਡਾਊਨ ਟਾਊਨ ਹਿਊਸਟਨ)

ਭਾਈ ਗੁਰਸ਼ਰਨ ਸਿੰਘ ਦੇ ਮੀਰੀ ਪੀਰੀ ਗੱਤਕਾ ਦਲ ਦੇ ਵਾਲੰਟੀਅਰ ਗੱਤਕੇ ਦੇ ਜੌਹਰ ਵਿਖਾਉਣਗੇ।
ਗੁਰੂ ਕਾ ਲੰਗਰ ਅਤੁੱਟ ਵਰਤੇਗਾ।

### Organizing Committee

*Chairman:* S. Hira Singh Chamdal (832) 434-7740 - Gurdwara Sahib of Houston, Breen Road
*Vice Chairman:* Dr. Kanwaljit Singh (281) 536-0830 – Sikh National Center
*Secretary:* Dr. Tejendra Singh Gill (832) 215-6939 – Gurdwara Sahib of Southwest Houston
*Stage Secretary:* S. Gurminder Singh (281) 894-5513 – Sikh Center of Gulf Coast
*Press and Publicity:* S. Kabul Singh(ਜੱਸ ਪੰਜਾਬੀ)(281) 222-6951 – Nanaksar Gurdwara
*Parade Coordinators:* S. Kulwant Singh Nagra (925) 260-4747 – Sikh Center of Southeast Texas
S. Kewal Singh (832) 860-9401 – Ravidas Temple

*Coordinators*

S. Amarjit Singh Birah (713) 530-1136
S. Harjit Singh Galhotra (281) 830-5203
S. Mandeep Singh Madhar (832) 527-0140
S. Sarabjit Singh Mand (713) 896-9827
S. Hardeepak S. Munday (281) 725-388
Bhai Amar Singh (832) 633-5092
S. Joginder Singh (409) 466-2004
S. Naunihal Singh (832) 541-9136

ਲੰਗਰ ਸੇਵਾ ਲਈ ਸੰਪਰਕ ਕਰੋ:ਨਾਜਰ ਸਿੰਘ ਬਿਰ੍ਹਾ (832-606-1413), ਬਖਸ਼ੀਸ਼ ਸਿੰਘ ਜੋਸਨ (281-451-2173), ਡਾ. ਰਣਜੀਤ ਸਿੰਘ (832-232-1086)

Sponsored by:The Sikh Community of Taxas

Paid Parking on the Ground Floor of Jones Plaza; Entrance on Capitol Street (on the Right)

# ਕਬੂਤਰਬਾਜ਼ੀ ਵਿਰੁਧ ਸਰਕਾਰ ਵਲੋਂ ਸਖਤੀ ਦੇ ਸੰਕੇਤ

## ਕਬੂਤਰਬਾਜ਼ਾਂ ਨੂੰ 2 ਤੋਂ 5 ਸਾਲ ਤੱਕ ਦੀ ਸਜ਼ਾ ਅਤੇ 2 ਲੱਖ ਰੁਪਏ ਦਾ ਜ਼ੁਰਮਾਨਾ

**ਚੰਡੀਗੜ੍ਹ:** ਪੰਜਾਬ ਵਿਚ ਟਰੈਵਲ ਏਜੰਟਾਂ ਦਾ ਧੰਦਾ ਕਾਨੂੰਨੀ ਦਾਇਰੇ 'ਚ ਲਿਆਂਦਾ ਜਾ ਰਿਹਾ ਹੈ। ਸਰਕਾਰ ਵਲੋਂ ਮਨੁੱਖੀ ਤਸਕਰੀ ਰੋਕੂ ਐਕਟ 2009 ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਇਸ ਸਬੰਧੀ ਆਰਡੀਨੈਂਸ ਜਾਰੀ ਕਰਨ ਲਈ ਪ੍ਰਸਤਾਵ 16 ਸਤੰਬਰ ਨੂੰ ਹੋਣ ਵਾਲੀ ਮੰਤਰੀ ਮੰਡਲ ਦੀ ਮੀਟਿੰਗ 'ਚ ਭੇਜਿਆ ਜਾ ਰਿਹਾ ਹੈ। ਆਰਡੀਨੈਂਸ ਜਾਰੀ ਹੁੰਦਿਆਂ ਹੀ ਵਿਦੇਸ਼ ਭੇਜਣ ਦਾ ਗੈਰ-ਕਾਨੂੰਨੀ ਕੰਮ, ਸਭਿਆਚਾਰ ਤੇ ਖੇਡਾਂ ਦੇ ਨਾਂਅ 'ਤੇ ਹੁੰਦੀ ਕਬੂਤਰਬਾਜ਼ੀ, ਫਰਜ਼ੀ ਵਿਆਹ ਅਤੇ ਪੜ੍ਹਾਈ ਦੇ ਨਾਂਅ 'ਤੇ ਵਿਦੇਸ਼ ਉਡਾਰੀ ਮਾਰਨੀ ਆਸਾਨ ਗੱਲ ਨਹੀਂ ਰਹਿ ਜਾਵੇਗੀ।

ਸਰਕਾਰ ਨੇ ਇਨ੍ਹਾਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ 2 ਤੋਂ 5 ਸਾਲ ਤੱਕ ਦੀ ਸਜ਼ਾ ਅਤੇ 2 ਲੱਖ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਕਰ ਦਿੱਤੀ ਹੈ। ਟਰੈਵਲ ਏਜੰਟਾਂ ਦੀ ਕਥਿਤ ਲੁੱਟ ਨੂੰ ਨੱਥ ਪਾਉਣ ਲਈ ਸਰਕਾਰ ਵਲੋਂ ਵਿਦੇਸ਼ ਜਾਣ ਲਈ ਫੀਸਾਂ ਦੇ ਨਿਯਮ ਵੀ ਬਣਾਏ ਜਾਣਗੇ। ਇਸ ਮਾਮਲੇ 'ਚ ਝੂਠੀ ਸ਼ਿਕਾਇਤ ਕਰਨ ਵਾਲਾ ਵਿਅਕਤੀ ਵੀ ਕਾਨੂੰਨੀ ਦਾਇਰੇ 'ਚ ਲਿਆਂਦਾ ਗਿਆ ਹੈ ਤੇ ਅਜਿਹੇ ਵਿਅਕਤੀ ਵਿਰੁਧ ਦੋਸ਼ ਸਾਬਤ ਹੋਣ 'ਤੇ 2 ਸਾਲ ਦੀ ਸਜ਼ਾ ਤੇ 50 ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।

ਪ੍ਰਸਤਾਵ ਮੁਤਾਬਕ ਇਸ ਕਾਨੂੰਨ ਦੇ ਦਾਇਰੇ 'ਚ ਆਉਂਦੀ ਅਪਰਾਧ ਗੈਰ ਜ਼ਮਾਨਤਯੋਗ ਹੋਵੇਗਾ। ਟਰੈਵਲ ਏਜੰਟੀ ਦੇ ਕੰਮ ਨੂੰ ਨੱਥ ਪਾਉਣ ਵਾਲੇ ਇਸ ਨਵੇਂ ਕਾਨੂੰਨ 'ਚ ਜਾਅਲਸਾਜ਼ੀ ਰੋਕਣ ਅਤੇ ਫਰਜ਼ੀ ਦਸਤਾਵੇਜ਼ਾਂ ਦੇ ਪ੍ਰਭਾਵ ਨੂੰ ਰੋਕਣ ਲਈ ਸਖ਼ਤੀ ਨਾਲ ਪੇਸ਼ ਆਉਣ ਦੇ ਸੰਕੇਤ ਦਿੱਤੇ ਗਏ ਹਨ। ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਮਾਰਨ ਵਾਲੇ ਏਜੰਟ ਨੂੰ ਘੱਟੋ-ਘੱਟ ਦੋ ਸਾਲ ਦੀ ਸਜ਼ਾ ਅਤੇ 50 ਹਜ਼ਾਰ ਰੁਪਏ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਵਿਦੇਸ਼ ਭੇਜਣ ਲਈ ਫਰਜ਼ੀ ਦਸਤਾਵੇਜ਼ਾਂ ਦਾ ਸਹਾਰਾ ਲੈਣ ਦੀ ਸੂਰਤ ਵਿਚ ਸਜ਼ਾ 5 ਸਾਲ ਤੇ ਇੱਕ ਲੱਖ ਰੁਪਏ ਜੁਰਮਾਨੇ ਦੀ ਵਿਵਸਥਾ ਇਸ ਖਰੜੇ ਵਿਚ ਸ਼ਾਮਲ ਹੈ। ਪਾਸਪੋਰਟ ਜਾਂ ਹੋਰ ਕੋਈ ਮਹੱਤਵਪੂਰਨ ਦਸਤਾਵੇਜ਼ ਵਾਪਸ ਨਾ ਕਰਨ ਵਾਲੇ ਟਰੈਵਲ ਏਜੰਟ ਦੇ ਕਾਬੂ ਨਾ ਆਉਣ ਦੀ ਸੂਰਤ 'ਚ ਕਾਰਜਕਾਰੀ ਅਧਿਕਾਰੀ, ਪੁਲੀਸ ਦਾ ਗਜ਼ਟਿਡ ਅਫਸਰ ਜਾਂ ਫਿਰ ਸਰਕਾਰ ਵਲੋਂ ਨਾਮਜ਼ਦ ਗਜ਼ਟਿਡ ਅਧਿਕਾਰੀ ਟਰੈਵਲ ਏਜੰਟ ਦੇ ਸਾਰੇ ਸਾਮਾਨ ਦੀ ਤਲਾਸ਼ੀ ਲੈਣ, ਜਿੰਦਰਾ ਤੋੜਨ ਤੇ ਸਾਮਾਨ ਆਪਣੇ ਕਬਜ਼ੇ 'ਚ ਲੈਣ ਦੇ ਸਮਰੱਥ ਹੋਵੇਗਾ।

ਮੰਤਰੀ ਮੰਡਲ ਨੂੰ ਭੇਜੇ ਜਾ ਰਹੇ ਪ੍ਰਸਤਾਵ ਮੁਤਾਬਕ ਵਿਦੇਸ਼ ਭੇਜਣ ਲਈ ਏਜੰਟੀ ਦਾ ਕੰਮ ਕਰਨ ਵਾਲੇ ਵਿਅਕਤੀ ਨੂੰ ਸਰਕਾਰ ਤੋਂ ਬਾਕਾਇਦਾ ਲਾਈਸੰਸ ਲੈਣਾ ਪਵੇਗਾ ਤੇ ਉਹ ਘੱਟੋ-ਘੱਟ ਦਸ ਜਮਾਤਾਂ ਪੜ੍ਹਿਆ ਹੋਣਾ ਚਾਹੀਦਾ ਹੈ। ਲਾਈਸੰਸ ਲੈਣ ਤੋਂ ਤਿੰਨ ਮਹੀਨਿਆਂ ਦੇ ਸਮੇਂ ਅੰਦਰ ਜੇਕਰ ਸਬੰਧਤ ਵਿਅਕਤੀ ਕੰਮ ਸ਼ੁਰੂ ਨਹੀਂ ਕਰਦਾ ਤਾਂ ਉਸਦਾ ਲਾਈਸੈਂਸ ਰੱਦ ਕਰ ਦਿੱਤਾ ਜਾਵੇਗਾ। ਸਰਕਾਰ ਲਾਈਸੈਂਸ ਫੀਸ ਦੇ ਨਾਲ ਹੀ 10 ਲੱਖ ਰੁਪਏ ਦੀ ਸਕਿਉਰਿਟੀ ਫੀਸ ਜਮ੍ਹਾਂ ਕਰਾਏਗੀ ਤੇ ਠੱਗੀ-ਠੋਰੀ ਦਾ ਮਾਮਲਾ ਸਾਹਮਣੇ ਆਉਣ 'ਤੇ ਲਾਈਸੈਂਸ ਕੈਂਸਲ, ਸਕਿਉਰਿਟੀ ਜ਼ਬਤ ਅਤੇ ਇੱਥੋਂ ਤੱਕ ਕਿ ਸਬੰਧਤ ਟਰੈਵਲ ਏਜੰਟ ਦੀ ਚੱਲ-ਅਚੱਲ ਸੰਪਤੀ ਜ਼ਬਤ ਕਰਨ ਦੀ ਮੱਦ ਵੀ ਇਸ ਖਰੜੇ ਦਾ ਹਿੱਸਾ ਹੈ। ਲਾਈਸੈਂਸ ਕੈਂਸਲ ਹੋਣ ਤੋਂ ਬਾਅਦ ਜਾਂ ਫਿਰ ਕਿਸੇ ਸਰਕਾਰੀ ਅਥਾਰਟੀ ਦੇ ਹੁਕਮ ਨਾ ਮੰਨਣ ਵਾਲੇ ਏਜੰਟ ਨੂੰ ਤਿੰਨ ਸਾਲ ਦੀ ਸਜ਼ਾ ਤੇ 50 ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ। ਇਸ ਕਾਨੂੰਨ ਅਧੀਨ ਕੋਈ ਵੀ ਫੈਸਲਾ ਆਉਣ ਮਗਰੋਂ ਅਪੀਲ 30 ਦਿਨਾਂ ਦੇ ਅੰਦਰ ਕਰਨ ਦੀ ਆਗਿਆ ਦਿੱਤੀ ਜਾਵੇਗੀ। ਕਿਸੇ ਤਰੀਕੇ ਵਿਦੇਸ਼ ਭੇਜਣ ਦਾ ਇਸ਼ਤਿਹਾਰ ਦੇਣ ਜਾਂ ਸੈਮੀਨਾਰ ਇੰਤਜ਼ਾਮਣ ਲਈ ਸਬੰਧਤ ਲਾਈਸੈਂਸਿੰਗ ਅਥਾਰਟੀ ਤੋਂ ਪੇਸ਼ਗੀ ਪ੍ਰਵਾਨਗੀ ਲੈਣੀ ਹੋਵੇਗੀ। ਗੁਮਰਾਹਕੁੰਨ ਇਸ਼ਤਿਹਾਰ ਸਾਬਤ ਹੋਣ ਦੀ ਸੂਰਤ 'ਚ 2 ਸਾਲ ਤੱਕ ਦੀ ਸਜ਼ਾ ਹੋ ਸਕੇਗੀ। ਇਸੇ ਤਰ੍ਹਾਂ ਫਰਜ਼ੀ ਵਿਆਹ ਸਾਬਤ ਹੋਣ ਦੀ ਸੂਰਤ 'ਚ ਵੀ ਸਬੰਧਤ ਵਿਅਕਤੀ 2 ਸਾਲਾਂ ਲਈ ਜੇਲ੍ਹ ਯਾਤਰਾ 'ਤੇ ਭੇਜੇ ਜਾ ਸਕਣਗੇ।

ਪੰਜਾਬ ਸਰਕਾਰ ਵੱਲੋਂ ਫੀਸਾਂ ਨਿਰਧਾਰਤ ਕਰਨ ਵੀ ਜਲਦੀ ਹੀ ਨਿਯਮ ਬਣਾਏ ਜਾਣਗੇ ਤੇ ਕੋਈ ਵੀ ਟਰੈਵਲ ਏਜੰਟ ਸਰਕਾਰ ਵੱਲੋਂ ਨਿਰਧਾਰਤ ਫੀਸ ਤੋਂ ਜ਼ਿਆਦਾ ਵਸੂਲੀ ਨਹੀਂ ਕਰ ਸਕੇਗਾ। ਇਸ ਨਵੇਂ ਕਾਨੂੰਨ 'ਚ ਵੱਧ ਫੀਸ ਲੈਣ ਵਾਲੇ ਵਿਅਕਤੀ ਨੂੰ 5 ਸਾਲ ਦੀ ਸਜ਼ਾ ਦਾ ਉਪਬੰਧ ਕੀਤਾ ਜਾ ਰਿਹਾ ਹੈ।

ਪੰਜਾਬ ਪੁਲੀਸ ਕੋਲ ਇਨ੍ਹਾਂ ਮਾਮਲਿਆਂ ਦੀ ਸ਼ਿਕਾਇਤ ਆਉਣ ਦੀ ਸੂਰਤ 'ਚ ਸਬ ਇੰਸਪੈਕਟਰ ਰੈਂਕ ਦਾ ਨਾਨ-ਗਜ਼ਟਿਡ ਅਫ਼ਸਰ ਜਾਂਚ ਕਰ ਸਕੇਗਾ। ਇਸ ਨਾਨ-ਗਜ਼ਟਿਡ ਅਫ਼ਸਰ ਦੀ ਜਾਂਚ ਰਿਪੋਰਟ ਨੂੰ ਡੀ.ਐਸ.ਪੀ. ਰੈਂਕ ਦਾ ਅਧਿਕਾਰੀ ਤਸਦੀਕ ਕਰੇਗਾ। ਜਿੱਥੇ ਜਾਂਚ ਅਧਿਕਾਰੀ ਡੀ.ਐਸ.ਪੀ. ਰੈਂਕ ਦਾ ਅਧਿਕਾਰੀ ਹੋਵੇਗਾ, ਉਥੇ ਉਸ ਰਿਪੋਰਟ ਦੀ ਤਸਦੀਕ ਐਸ.ਪੀ.ਰੈਂਕ ਦੇ ਅਧਿਕਾਰੀ ਵੱਲੋਂ ਕੀਤੀ ਜਾਵੇਗੀ।

# ਆਪਣੇ ਘਰ ਨੂੰ ਰੀਫਾਈਨਾਂਸ ਕਰਨ ਤੋਂ ਪਹਿਲਾਂ ਪੁੱਛ ਪੜਤਾਲ ਕਰ ਲਓ

**ਸੁਨੀਤਾ ਚੋਪੜਾ***

ਤੁਸੀਂ ਆਪਣੇ ਘਰ ਨੂੰ ਰੀਫਾਇਨਾਂਸ ਕਰਨ ਬਾਰੇ ਸੋਚ ਰਹੇ ਹੋ?

ਘਰ ਨੂੰ ਰੀਫਾਇਨਾਂਸ ਕਰਵਾਉਣ ਨਾਲ ਚੰਗੇ ਚੋਖੇ ਪੈਸੇ ਬਚ ਸਕਦੇ ਹਨ ਪਰ ਇਸ ਪਾਸੇ ਤੁਰਨ ਤੋਂ ਪਹਿਲਾਂ ਕਈ ਤੱਥਾਂ ਦੀ ਪੁੱਛ ਪੜਤਾਲ ਕਰਨੀ ਜ਼ਰੂਰੀ ਹੈ ਤਾਂ ਕਿ ਤੁਸੀਂ ਸਹੀ ਫੈਸਲਾ ਲੈ ਸਕੋ।



ਸੁਨੀਤਾ ਚੋਪੜਾ

ਜਿਹੜੇ ਲੋਕ ਆਪਣੇ ਮਕਾਨ ਦੇ ਕਰਜ਼ੇ ਦੀ ਕਿਸ਼ਤ ਘਟਾਉਣਾ ਲੋਚਦੇ ਹਨ, ਰੀਫਾਇਨਾਂਸਿੰਗ ਉਨ੍ਹਾਂ ਲਈ ਬਹੁਤ ਵਧੀਆ ਤਰੀਕਾ ਹੈ। ਇਸ ਤੋਂ ਇਲਾਵਾ ਘਰ ਦੀ ਮੁਰੰਮਤ ਜਾਂ ਇਸ ਵਿਚ ਵਾਧੇ, ਕਰੈਡਿਟ ਕਾਰਡਾਂ ਉਤੇ ਖੜ੍ਹੇ ਉਚੇ ਵਿਆਜ ਦਰ ਵਾਲੇ ਕਰਜ਼ੇ, ਏ ਆਰ ਐਮ ਤੋਂ ਨਿਸ਼ਚਿਤ ਦਰ ਵਾਲੀ ਮਾਰਟਗੇਜ ਵਿਚ ਜਾਣ ਜਾਂ ਫਿਰ ਫੋਰਕਲੋਜ਼ਰ ਤੋਂ ਬਚਣ ਲਈ ਵੀ ਰੀਫਾਇਨਾਂਸਿੰਗ ਇਕ ਚੰਗਾ ਰਾਸਤਾ ਸਾਬਤ ਹੋ ਸਕਦੀ ਹੈ।

ਵਿਆਜ ਦੀਆਂ ਸਸਤੀਆਂ ਦਰਾਂ ਬਹੁਤਾ ਚਿਰ ਨਹੀਂ ਰਹਿਣੀਆਂ:

9 ਅਪਰੈਲ 2009 ਨੂੰ ਰਾਸ਼ਟਰਪਤੀ ਬਰਾਕ ਓਬਾਮਾ ਨੇ ਆਖਿਆ ਸੀ, 'ਦੇਸ਼ ਭਰ ਵਿਚ 70 ਤੋਂ 90 ਲੱਖ ਅਜਿਹੇ ਲੋਕ ਹਨ ਜੋ ਮਾਰਟਗੇਜ ਦੀਆਂ ਸਸਤੀਆਂ ਵਿਆਜ ਦਰਾਂ ਦਾ ਲਾਭ ਉਠਾ ਸਕਣਗੇ। ਇਹ ਬਚਾਇਆ ਪੈਸਾ ਉਨ੍ਹਾਂ ਦੀ ਜ਼ੇਬ ਵਿਚ ਹੋਵੇਗਾ। ਸਾਡਾ ਅੰਦਾਜ਼ਾ ਹੈ ਕਿ ਇਕ ਔਸਤ ਪਰਿਵਾਰ ਮਾਰਟਗੇਜ ਕਿਸ਼ਤ ਘਟਾਉਣ ਲਈ ਆਰੰਭੇ ਗਏ ਪ੍ਰੋਗਰਾਮਾਂ ਦਾ ਲਾਭ ਉਠਾ ਕੇ 1600 ਤੋਂ 2000 ਡਾਲਰ ਸਾਲਾਨਾ ਬਚਾ ਸਕੇਗਾ।'

ਵਿਆਜ ਦੀਆਂ ਦਰਾਂ ਅਜੇ ਵੀ ਇਤਿਹਾਸਕ ਤੌਰ 'ਤੇ ਘੱਟ ਹਨ ਪਰ ਇਹ ਸਸਤੀਆਂ ਵਿਆਜ ਦਰਾਂ ਬਹੁਤਾ ਚਿਰ ਨਹੀਂ ਰਹਿਣ ਵਾਲੀਆਂ। ਇਸ ਵੇਲੇ ਜਦੋਂ ਤੁਸੀਂ ਸਸਤੀ ਵਿਆਜ ਦਰ 'ਤੇ ਰੀਫਾਇਨਾਂਸ ਕਰਵਾ ਸਕਦੇ ਤੋਂ ਤਾਂ ਰੀਫਾਇਨਾਂਸਿੰਗ ਬਾਰੇ ਪੁੱਛ ਪੜਤਾਲ ਕਰਨ ਦਾ ਇਹੋ ਸਹੀ ਸਮਾਂ ਹੈ।

ਰੀਫਾਇਨਾਂਸਿੰਗ ਦਾ ਸੋਚਣ ਤੋਂ ਪਹਿਲਾਂ ਹੇਠਾਂ ਦਿੱਤੀਆਂ ਤਿੰਨ ਚੀਜ਼ਾਂ ਦਾ ਖਿਆਲ ਰੱਖੋ:

1. ਲੈਂਡਰ ਦੀ ਫੀਸ ਅਤੇ ਪੁਆਇੰਟਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ।

2. ਆਪਣੇ ਕਰਜੇ ਉਤੇ ਲੈਂਡਰ ਦੀ ਫੀਸ ਅਤੇ ਪੁਆਇੰਟਾਂ ਬਾਰੇ ਪੁੱਛ ਪੜਤਾਲ ਕਰਨ ਤੋਂ ਝਿਜਕ ਨਾ ਵਿਖਾਓ। ਲੋਨ ਦੀਆਂ ਸ਼ਰਤਾਂ ਸਮਝ ਲੈਣ ਦਾ ਫਾਇਦਾ ਇਹ ਹੈ ਕਿ ਤੁਹਾਨੂੰ ਬਾਅਦ ਵਿਚ ਕਿਸੇ ਅਚੰਭੇ ਦਾ ਸਾਹਮਣਾ ਨਹੀਂ ਕਰਨਾ ਪਵੇਗਾ ਜਿਹਾ ਕਿ ਐਨ ਆਖਰੀ ਮੌਕੇ ਦੱਸੇ ਗਏ ਵੱਡੇ ਕਲੋਜ਼ਿੰਗ ਖਰਚੇ ਜਾਂ ਆਸ ਨਾਲੋਂ ਵੱਧ ਵਿਆਜ ਦੀ ਦਰ।

3. ਪੇਸ਼ਗੀ ਜਾਂ ਪ੍ਰੀਪੇਮੈਂਟ ਜੁਰਮਾਨੇ ਬਾਰੇ ਪਤਾ ਲਾ ਲਓ। ਕਈ ਮਾਰਟਗੇਜ ਦਸਤਾਵੇਜ਼ਾਂ ਵਿਚ ਪ੍ਰੀਪੇਮੈਂਟ ਲਈ ਜੁਰਮਾਨੇ ਦੀ ਸ਼ਰਤ ਰੱਖੀ ਹੋਈ ਹੁੰਦੀ ਹੈ। ਆਪਣੇ ਮੌਜੂਦਾ ਮਾਰਟਗੇਜ ਲੈਂਡਰ ਤੋਂ ਪਤਾ ਕਰ ਲਓ ਕਿ ਤੁਹਾਡੇ ਲੋਨ ਦੀ ਕੋਈ ਪ੍ਰੀਪੇਮੈਂਟ ਪੈਨਲਟੀ ਤਾਂ ਨਹੀਂ ਹੈ। ਜੇ ਪੈਨਲਟੀ ਹੈ ਵੀ ਤਦ ਵੀ ਕਈ ਵਾਰ ਰੀਫਾਇਨਾਂਸ ਵਿਚ ਹੋਣ ਵਾਲੇ ਪੈਸੇ ਦੀ ਬੱਚਤ ਕਰਕੇ ਰੀਫਾਇਨਾਂਸ ਕਰਵਾਉਣਾ ਲਾਹੇਵੰਦ ਹੁੰਦਾ ਹੈ।

4. ਵੱਖ ਵੱਖ ਲੈਂਡਰਾਂ ਤੋਂ ਰੀਫਾਇਨਾਂਸਿੰਗ ਦੇ ਕੋਟ ਲਓ। ਕਈ ਸਾਰੀਆਂ ਕੰਪਨੀਆਂ ਤੋਂ ਰੀਫਾਇਨਾਂਸਿੰਗ ਲਈ ਕੋਟ ਲੈਣ ਵਿਚ ਕੋਈ ਹਰਜ਼ ਨਹੀਂ ਕਿਉਂਕਿ ਵੱਖੋ ਵੱਖ ਕੰਪਨੀਆਂ ਤੁਹਾਨੂੰ ਕੁਝ ਨਾ ਕੁਝ ਵੱਖਰਾ ਦੱਸਣਗੀਆਂ। ਕੋਟ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਦੀ ਤੁਲਨਾ ਕਰਕੇ ਤੁਸੀਂ ਆਪਣੀ ਸਥਿਤੀ ਵਿਚ ਬਿਹਤਰੀਨ ਫੈਸਲਾ ਲੈ ਸਕਦੇ ਹੋ।

*ਸੁਨੀਤਾ ਚੋਪੜਾ ਗਾਰਡੀਅਨ ਫਾਇਨੈਂਸ਼ੀਅਲ ਮਾਰਟਗੇਜ, ਇਕ ਦੀ ਪ੍ਰੈਜ਼ੀਡੈਂਟ ਹੈ ਉਸ ਨਾਲ ਸੰਪਰਕ ਫੋਨ 773-370-7106 'ਤੇ ਹੋ ਸਕਦਾ ਹੈ।

# ਨਕਸਲੀ ਪਿਛੋਕੜ ਦੇ ਕਿਸਾਨ ਆਗੂਆਂ ਦੀ ਫੜੋਫੜੀ ਜਾਰੀ

**ਚੰਡੀਗੜ੍ਹ** ਪੰਜਾਬ ਅਤੇ ਚੰਡੀਗੜ੍ਹ ਪੁਲੀਸ ਦੀਆਂ ਟੀਮਾਂ ਨੇ ਸ਼ਨਿੱਚਰਵਾਰ ਸਵੇਰ ਤੋਂ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਆਗੂਆਂ ਦੀ ਫੜੋਫੜੀ ਲਈ ਛਾਪਿਆਂ ਦੀ ਮੁਹਿੰਮ ਸ਼ੁਰੂ ਕਰ ਦਿੱਤੀ ਅਤੇ ਚਾਰ ਆਗੂ ਹਿਰਾਸਤ ਵਿਚ ਲੈ ਲਏ।

ਪ੍ਰਾਪਤ ਜਾਣਕਾਰੀ ਮੁਤਾਬਕ ਇਹ ਛਾਪਾਮਾਰ ਮੁਹਿੰਮ ਪੰਜਾਬ ਸਰਕਾਰ ਦੀ ਨਕਸਲੀ ਪਿਛੋਕੜ ਵਾਲੇ ਆਗੂਆਂ ਨੂੰ ਕਾਬੂ ਕਰਨ ਦੀ ਰਣਨੀਤੀ ਦਾ ਹਿੱਸਾ ਹੈ। ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਦੇ ਤਿੰਨ ਸਿਖਰਲੇ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ (ਪ੍ਰਧਾਨ), ਸੁਖਦੇਵ ਸਿੰਘ ਕੋਕਰੀ ਕਲਾਂ (ਜਨਰਲ ਸਕੱਤਰ) ਅਤੇ ਝੰਡਾ ਸਿੰਘ ਜੇਠੂਕੇ (ਸੀਨੀਅਰ ਮੀਤ ਪ੍ਰਧਾਨ) ਦੇ ਜੱਦੀ ਪਿੰਡਾਂ 'ਚ ਦੋਵਾਂ ਰਾਜਾਂ ਦੀ ਪੁਲੀਸ ਦੀਆਂ ਸਾਂਝੀਆਂ ਟੁਕੜੀਆਂ ਨੇ ਇੱਕੋ ਵੇਲੇ (ਸਵਖਤੇ 5 ਵਜੇ) ਛਾਪੇ ਮਾਰੇ। ਚੰਡੀਗੜ੍ਹ 'ਚ 8 ਸਤੰਬਰ ਨੂੰ ਕਿਸਾਨਾਂ-ਮਜ਼ਦੂਰਾਂ ਦੀ ਰੈਲੀ ਤੋਂ ਬਾਅਦ ਚੰਡੀਗੜ੍ਹ ਪੁਲੀਸ ਵਲੋਂ ਇਨ੍ਹਾਂ ਆਗੂਆਂ ਸਮੇਤ ਹੋਰਨਾਂ ਵਿਰੁਧ ਇਰਾਦਾ ਕਤਲ ਅਤੇ ਹੋਰਨਾਂ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਗਏ, ਜਿਸ ਕਾਰਨ ਇਹ ਸਾਰੇ ਆਗੂ ਰੂਪੋਸ਼ ਚੱਲ ਰਹੇ ਹਨ।

ਪੁਲੀਸ ਨੂੰ ਛਾਪਿਆਂ ਦੌਰਾਨ ਬਹੁਤ ਵੱਡੀ ਸਫਲਤਾ ਨਹੀਂ ਮਿਲੀ। ਕਿਸਾਨ ਆਗੂ ਝੰਡਾ ਸਿੰਘ ਜੇਠੂਕੇ ਨੇ ਦੱਸਿਆ ਕਿ ਪੁਲੀਸ ਕਿਸਾਨ ਆਗੂਆਂ ਦੇ ਪਰਿਵਾਰਾਂ ਨਾਲ ਬਦਸਲੂਕੀ ਕਰ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਜੋਗਿੰਦਰ ਸਿੰਘ ਉਗਰਾਹਾਂ, ਜੋ ਕਿ ਸੀਨੀਅਰ ਆਗੂ ਹਨ ਦੀ ਪਤਨੀ ਨਾਲ ਪੁਲੀਸ ਨੇ ਕਥਿਤ ਬਦਸਲੂਕੀ ਕੀਤੀ ਅਤੇ ਉਸ ਦਾ ਮੋਟਰਸਾਈਕਲ ਵੀ ਕਬਜ਼ੇ 'ਚ ਲੈ ਲਿਆ। ਕਿਸਾਨ ਆਗੂਆਂ ਨੇ ਦਾਅਵਾ ਕੀਤਾ ਕਿ ਜ਼ਿਲਾ-ਸੰਗਰੂਰ ਦੇ ਕਿਸਾਨ ਆਗੂ ਦਲਵਾਰਾ ਸਿੰਘ ਦੇ ਨੌਜਵਾਨ ਲੜਕੇ ਨੂੰ ਪੁਲੀਸ ਨੇ ਹਿਰਾਸਤ 'ਚ ਲੈ ਲਿਆ। ਦੂਜੇ ਪਾਸੇ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਕਿਸਾਨ ਆਗੂਆਂ ਨੇ ਮੋਗਾ ਜ਼ਿਲੇ ਦੇ ਪਿੰਡ ਕੁੱਸਾ 'ਚ ਮੀਟਿੰਗ ਕੀਤੀ ਸੀ। ਪੁਲੀਸ ਨੇ ਬਾਅਦ ਵਿਚ ਇਸ ਪਿੰਡ 'ਚ ਘੇਰਾ ਪਾ ਕੇ ਘਰ ਘਰ ਦੀ ਤਲਾਸ਼ੀ ਲਈ, ਪਰ ਉਸ ਦੇ ਹੱਥ ਕੁਝ ਨਹੀਂ ਪਿਆ।

ਕਿਸਾਨ ਆਗੂਆਂ ਦੀ ਗ੍ਰਿਫਤਾਰੀ ਲਈ ਛਾਪਿਆਂ ਕਾਰਨ ਕਈ ਪਿੰਡਾਂ 'ਚ ਸਥਿਤੀ ਤਣਾਅ ਵਾਲੀ ਬਣ ਗਈ ਹੈ। ਕਿਸਾਨ ਆਗੂਆਂ ਨੇ ਨਕਸਲੀ ਪਿਛੋਕੜ ਤੇ ਨਕਸਲਵਾਦ ਪੈਦਾ ਕਰਨ ਦੇ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਸਰਕਾਰ ਲੋਕ ਮਸਲਿਆਂ ਤੋਂ ਧਿਆਨ ਲਾਂਭੇ ਕਰਨ ਲਈ ਇਸ ਤਰ੍ਹਾਂ ਦਾ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਅਤੇ ਮਜ਼ਦੂਰਾਂ ਦੇ ਮਸਲਿਆਂ ਲਈ ਸੰਘਰਸ਼ ਦੀ ਹਿਰਾਂ ਵੀ, ਜਿਨ੍ਹਾਂ 'ਚ ਅਕਾਲੀ ਕਾਂਗਰਸੀ ਵੀ ਸ਼ਾਮਲ ਹਨ, ਸਾਡੀ ਹਮਾਇਤ ਕਰਦੇ ਹਨ। ਇਸ ਲਈ ਇਸਨੂੰ ਅਤਿਵਾਦ ਜਾਂ ਨਕਸਲਵਾਦ ਨਾਲ ਜੋੜ ਕੇ ਸਰਕਾਰ ਕਿਸਾਨ ਮੰਗਾਂ ਲਈ ਲੜੀ ਜਾ ਰਹੀ ਲੜਾਈ ਨੂੰ ਮੱਠਾ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ 15 ਸਤੰਬਰ ਨੂੰ 'ਰੇਲ ਤੇ ਰਸਤਾ ਰੋਕੋ ਅੰਦੋਲਨ' ਦੀ ਥਾਂ ਜ਼ਿਲਾ ਸਦਰ ਮੁਕਾਮਾਂ 'ਤੇ ਰੈਲੀਆਂ ਕੀਤੀਆਂ ਜਾਣਗੀਆਂ। ਲੋਕ ਮੋਰਚਾ ਪੰਜਾਬ ਦੇ ਜਨਰਲ ਸਕੱਤਰ ਅਮੋਲਕ ਸਿੰਘ ਨੇ ਇਸ ਪੁਲੀਸ ਕਾਰਵਾਈ ਦੀ ਨਿੰਦਾ ਕੀਤੀ ਹੈ।

ਚੰਡੀਗੜ੍ਹ ਦੇ ਐਸ.ਐਸ.ਪੀ. ਸ੍ਰੀ ਐਸ.ਐਸ. ਸ੍ਰੀਵਾਸਤਵਾ ਦਾ ਕਹਿਣਾ ਹੈ ਕਿ ਪੰਜਾਬ ਨਾਲ ਸਬੰਧਤ ਕੁਝ ਕਿਸਾਨਾਂ ਅਤੇ ਮਜ਼ਦੂਰਾਂ ਨੇ 8 ਸਤੰਬਰ ਨੂੰ ਚੰਡੀਗੜ੍ਹ ਪੁਲੀਸ ਦੇ ਮੁਲਾਜ਼ਮਾਂ ਅਤੇ ਅਧਿਕਾਰੀਆਂ 'ਤੇ ਕਾਤਲਾਨਾ ਹਮਲਾ ਕੀਤਾ ਸੀ ਤੇ ਪੁਲੀਸ ਅਧਿਕਾਰੀਆਂ ਨੂੰ ਡਿਊਟੀ ਦੇਣ ਤੋਂ ਰੋਕਿਆ ਸੀ। ਇਨ੍ਹਾਂ ਸੰਗੀਨ ਦੋਸ਼ਾਂ ਤਹਿਤ ਚੰਡੀਗੜ੍ਹ ਪੁਲੀਸ ਨੇ ਦਰਜਨ ਤੋਂ ਵਧ ਆਗੂਆਂ ਵਿਰੁਧ ਕੇਸ ਦਰਜ ਕੀਤੇ ਹਨ। ਇਨ੍ਹਾਂ ਸਾਰਿਆਂ ਦੀ ਤਲਾਸ਼ ਲਈ ਚੰਡੀਗੜ੍ਹ ਪੁਲੀਸ ਨੇ ਪੰਜਾਬ ਪੁਲੀਸ ਦੀ ਮਦਦ ਨਾਲ ਪੰਜਾਬ 'ਚ ਕਈ ਥਾਈਂ ਛਾਪੇ ਮਾਰੇ ਹਨ।

ਯਾਦ ਰਹੇ ਕੁਝ ਦਿਨ ਪਹਿਲਾਂ ਚੰਡੀਗੜ੍ਹ ਵਿਚ ਪੁਲਿਸ ਅਤੇ ਕਿਸਾਨਾਂ ਵਿਚਕਾਰ ਟਕਰਾ ਹੋ ਗਿਆ ਸੀ ਜਿਸ ਕਾਰਨ ਚੰਡੀਗੜ੍ਹ ਪੁਲਿਸ ਨੇ ਕਿਸਾਨ ਆਗੂਆਂ ਖਿਲਾਫ ਚੜ੍ਹਾਈ ਕੀਤੀ ਹੋਈ ਹੈ।ਚੰਡੀਗੜ੍ਹ ਦੇ ਪੁਲੀਸ ਮੁਖੀ ਨੇ ਦੱਸਿਆ ਕਿ ਇੱਕ ਕਿਸਾਨ ਆਗੂ ਨੂੰ ਅਜੇ ਤਕ ਗ੍ਰਿਫਤਾਰ ਕੀਤਾ ਜਾ ਸਕਿਆ ਹੈ ਜਦਕਿ ਬਾਕੀਆਂ ਦੀ ਤਲਾਸ਼ ਲਈ ਛਾਪੇ ਮਾਰੇ ਜਾ ਰਹੇ ਹਨ। ਉਧਰ, ਪੰਜਾਬ ਪੁਲੀਸ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਪੰਜਾਬ ਪੁਲੀਸ ਕਿਸਾਨਾਂ ਦੀਆਂ ਗ੍ਰਿਫਤਾਰੀਆਂ 'ਚ ਕੁਝ ਨਹੀਂ ਕਰ ਰਹੀ। ਇਹ ਤਾਂ ਸਿਰਫ਼ ਚੰਡੀਗੜ੍ਹ ਪੁਲੀਸ ਦੀ ਮਦਦ ਕਰ ਰਹੀ ਹੈ। ਇਥੋਂ ਦੀਆਂ ਅਦਾਲਤਾਂ ਨੇ ਗ੍ਰਿਫਤਾਰ ਕੀਤੇ ਗਏ 42 ਵਿਖਾਵਾਕਾਰੀ ਕਿਸਾਨਾਂ ਨੂੰ ਜੇਲ੍ਹ ਭੇਜ ਦਿੱਤਾ ਹੈ। ਗ੍ਰਿਫਤਾਰ ਕੀਤੇ ਕਿਸਾਨਾਂ ਨੂੰ ਤਿੰਨ ਵੱਖ-ਵੱਖ ਅਦਾਲਤਾਂ ਵਿਚ ਪੇਸ਼ ਕੀਤਾ ਗਿਆ। 12 ਕਿਸਾਨਾਂ ਨੂੰ ਚੀਫ ਜੁਡੀਸ਼ਲ ਮੈਜਿਸਟਰੇਟ ਜੇ.ਐਸ.ਸਿੱਧੂ 20 ਨੂੰ ਜੁਡੀਸ਼ਲ ਮੈਜਿਸਟਰੇਟ ਹੋਮ ਰਾਜ ਮਿੱਤਲ ਤੇ ਬਾਕੀ 10 ਨੂੰ ਜੁਡੀਸ਼ਲ ਮੈਜਿਸਟਰੇਟ ਦਰਜਾ ਅੱਵਲ ਅਮਨਦੀਪ ਕੌਰ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ । ਅਦਾਲਤਾਂ ਨੇ ਇਨ੍ਹਾਂ ਕਿਸਾਨਾਂ ਦਾ 14 ਦਿਨਾਂ ਲਈ ਜੁਡੀਸ਼ਲ ਰਿਮਾਂਡ ਦੇ ਦਿੱਤਾ।

ਜ਼ਿਕਰਯੋਗ ਹੈ ਕਿ ਲੰਘੀ ਅੱਠ ਸਤੰਬਰ ਨੂੰ ਪੰਜਾਬ ਦੀਆਂ ਪੰਜ ਕਿਸਾਨ ਅਤੇ ਮਜ਼ਦੂਰ ਜਥੇਬੰਦੀਆਂ ਦੇ ਮੈਂਬਰਾਂ ਤੇ ਚੰਡੀਗੜ੍ਹ ਪੁਲੀਸ ਦਰਮਿਆਨ ਹਿੰਸਕ ਝੜਪਾਂ ਹੋਈਆਂ ਸਨ। ਪੰਜਾਬ ਅਤੇ ਚੰਡੀਗੜ੍ਹ ਪੁਲਿਸ ਦਾ ਵਿਚਾਰ ਹੈ ਕਿ ਇਨ੍ਹਾਂ ਝੜਪਾਂ ਦੇ ਪਿੱਛੇ ਨਕਸਲੀ ਧਿਰਾਂ ਸਰਗਰਮ ਹਨ ਤੇ ਪੁਲਿਸ ਨੇ ਇਨ੍ਹਾਂ ਧਿਰਾਂ ਦੇ ਖਿਲਾਫ ਹੀ ਸਰਗਰਮੀ ਵਿੱਢੀ ਹੋਈ ਹੈ। ਪੰਜਾਬ ਪੁਲਿਸ ਇਸ ਮਾਮਲੇ ਵਿਚ ਚੰਡੀਗੜ੍ਹ ਪੁਲਿਸ ਦੀ ਸਰਗਰਮ ਮੱਦਦ ਕਰ ਰਹੀ ਹੈ। ਯਾਦ ਰਹੇ ਕਿਸਾਨ ਮਜ਼ਦੂਰ ਜਥੇਬੰਦੀਆਂ ਬਿਜਲੀ ਬੋਰਡ ਦਾ ਨਿੱਜੀਕਰਣ ਕਰਨ ਦਾ ਵਿਰੋਧ ਕਰ ਰਹੀਆਂ ਹਨ ਅਤੇ ਸਰਕਾਰ ਨੇ ਹੁਣ ਇਸ ਦਾ ਨਿੱਜੀਕਰਣ ਹੋ ਅਗੇ ਪਾ ਦਿੱਤਾ ਹੈ।

## ਦਿੱਲੀ ਦੇ ਸਕੂਲ ਵਿਚ ਹਫੜਾ-ਦਫੜੀ, 7 ਮੌਤਾਂ

**ਨਵੀਂ ਦਿੱਲੀ:** ਉਤਰ ਪੂਰਬੀ ਦਿੱਲੀ ਦੇ ਇਕ ਸਰਕਾਰੀ ਸਕੂਲ ਵਿਚ ਹਫੜਾ-ਦਫੜੀ ਮਚਣ ਕਾਰਨ ਸੱਤ ਵਿਦਿਆਰਥਣਾਂ ਦੀ ਮੌਤ ਹੋ ਗਈ ਜਦਕਿ 27 ਹੋਰ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿਚੋਂ 6 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।

# ਹਰਿਆਣਾ ਵਿਧਾਨ ਸਭਾ ਚੋਣਾਂ-ਖੱਬੀਆਂ ਪਾਰਟੀਆਂ ਵਲੋਂ 19 ਉਮੀਦਵਾਰਾਂ ਦਾ ਐਲਾਨ

**ਰੋਹਤਕ:** 13 ਅਕਤੂਬਰ ਨੂੰ ਹੋਣ ਵਾਲੀਆਂ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਲਈ ਸੀਪੀਆਈ (ਐਮ) ਤੇ ਸੀਪੀਆਈ ਨੇ ਪਹਿਲੀ ਸਾਂਝੀ ਸੂਚੀ ਜਾਰੀ ਕਰਦਿਆਂ 19 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਨ੍ਹਾਂ 19 ਸੀਟਾਂ ਵਿਚ 11 ਸੀਟਾਂ ਸੀਪੀਆਈ (ਐਮ) ਤੇ 8 ਸੀਟਾਂ ਸੀਪੀਆਈ ਲੜੇਗੀ।

ਇਸ ਸਬੰਧੀ ਰੋਹਤਕ ਵਿਖੇ ਸੀਪੀਆਈ (ਐਮ) ਹਰਿਆਣਾ ਦੇ ਸੂਬਾ ਸਕੱਤਰ ਕਾਮਰੇਡ ਇੰਦਰਜੀਤ ਸਿੰਘ ਤੇ ਸੀਪੀਆਈ ਦੇ ਸਹਾਇਕ ਸਕੱਤਰ ਦਰਿਆ ਸਿੰਘ ਕਸ਼ਯਪ ਨੇ ਸਾਂਝੀ ਕਾਨਫਰੰਸ ਦੌਰਾਨ ਦੱਸਿਆ ਕਿ ਮੌਜੂਦਾ ਕਾਂਗਰਸ ਸਰਕਾਰ ਵਲੋਂ ਲੋਕਾਂ ਨੂੰ ਵਿਕਾਸ ਦੇ ਨਾਂ 'ਤੇ ਗੁਮਰਾਹ ਕੀਤਾ ਜਾ ਰਿਹਾ ਹੈ। ਜਦੋਂਕਿ ਵੱਡੀ ਗਿਣਤੀ ਵਿਚ ਲੋਕ ਆਮ ਸਹੂਲਤਾਂ ਤੋਂ ਵੀ ਵਾਂਝੇ ਹੋ ਰਹੇ ਹਨ। ਖੱਬੇ-ਪੱਖੀ ਆਗੂਆਂ ਨੇ ਕਿਹਾ ਕਿ ਸੂਬੇ ਅੰਦਰ ਜ਼ਿਆਦਾਤਰ ਲੋਕ ਕਾਂਗਰਸ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ ਪਰ ਕੁਝ ਵਿਰੋਧੀ ਪਾਰਟੀਆਂ ਵਲੋਂ ਗੰਭੀਰ ਰੁਖ਼ ਨਾ ਅਪਣਾਏ ਜਾਣ ਕਾਰਨ ਕਾਂਗਰਸ ਨੂੰ ਲਾਭ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ। ਇਸ ਸਥਿਤੀ ਨੂੰ ਦੇਖਦਿਆਂ ਖੱਬੀਆਂ ਧਿਰਾਂ ਵਲੋਂ ਸੂਬੇ ਵਿਚ ਲੋਕ ਪੱਖੀ ਬਦਲਾਅ ਲਿਆਉਣ ਲਈ ਉਮੀਦਵਾਰਾਂ ਨੂੰ ਚੋਣ ਪਿੜ ਵਿਚ ਉਤਾਰਿਆ ਜਾ ਰਿਹਾ ਹੈ।

ਜਾਰੀ ਸੂਚੀ ਮੁਤਾਬਕ ਸੀਪੀਆਈ (ਐਮ) ਵਲੋਂ ਸਿਰਸਾ (ਸਿਰਸਾ) ਤੋਂ ਬਲਬੀਰ ਕੌਰ, ਫਤਿਹਾਬਾਦ (ਫਤਿਹਾਬਾਦ) ਤੋਂ ਰਾਮ ਸਰੂਪ, ਰਤੀਆ (ਫਤਿਹਾਬਾਦ) ਤੋਂ ਵੀਰਾ ਰਾਮ, ਬਵਾਨੀ (ਹਿਸਾਰ) ਤੋਂ ਸੁਰੇਸ਼ ਕੁਮਾਰ, ਲੋਹਾਰੂ (ਭਿਵਾਨੀ) ਤੋਂ ਦਿਆ ਨੰਦ, ਕਲਾਨੌਰ (ਰੋਹਤਕ) ਤੋਂ ਵਿਜੇਂਦਰ ਸਿੰਘ, ਜੁਲਾਣਾ (ਜੀਂਦ) ਤੋਂ ਰਮੇਸ਼ਚੰਦਰ, ਸਮਾਲਖਾ (ਪਾਣੀਪਤ) ਤੋਂ ਸੁਨੀਲ ਦੱਤ, ਅਸੰਧ (ਕਰਨਾਲ) ਤੋਂ ਮਾਸਟਰ ਬਲਜੀਤ ਸਿੰਘ, ਗੁਹਲਾ (ਕੈਥਲ) ਤੋਂ ਰਣਧੀਰ ਸਿੰਘ ਸਾਥੀ, ਪੰਚਕੂਲਾ (ਪੰਚਕੂਲਾ) ਤੋਂ ਮੇਹਰ ਚੰਦ ਗੋਇਲ ਨੂੰ ਉਮੀਦਵਾਰ ਬਣਾਇਆ ਗਿਆ ਹੈ।

ਇਸੇ ਤਰ੍ਹਾਂ ਸੀਪੀਆਈ ਵਲੋਂ ਸੰਢੌਰਾ (ਯਮੁਨਾਨਗਰ) ਤੋਂ ਅਰੁਣ ਕੁਮਾਰ ਸ਼ਾਹਬਾਦ (ਕੁਰਕਸ਼ੇਤਰ) ਤੋਂ ਰਾਮ ਸਰੂਪ, ਇੰਦਰੀ (ਕਰਨਾਲ) ਤੋਂ ਜ਼ਿਲੇ ਸਿੰਘ ਪਾਲ, ਇਸਰਾਣਾ (ਪਾਣੀਪਤ) ਤੋਂ ਕ੍ਰਿਸ਼ਨ ਲਾਲ, ਨਰਵਾਣਾ (ਜੀਂਦ) ਤੋਂ ਸਤਪਾਲ ਸਤੌਹਾ, ਟੋਹਾਣਾ (ਫਤਿਹਾਬਾਦ) ਤੋਂ ਸੰਪੂਰਨ ਸਿੰਘ, ਰਾਣੀਆ (ਸਿਰਸਾ) ਤੋਂ ਸਵਰਨ ਸਿੰਘ ਤੇ ਐਨਆਈਟੀ ਫਰੀਦਾਬਾਦ ਤੋਂ ਬੱਚੂ ਗਿਰ ਨੂੰ ਪਾਰਟੀ ਦਾ ਉਮੀਦਵਾਰ ਬਣਾਇਆ ਗਿਆ ਹੈ।

# ਆਸਟਰੇਲੀਆ 'ਚ 4 ਪੰਜਾਬੀ ਨੌਜਵਾਨਾਂ 'ਤੇ ਹਮਲਾ

**ਮੈਲਬਰਨ :** ਇਸ ਸ਼ਹਿਰ ਦੇ ਉੱਤਰੀ ਇਲਾਕੇ ਐਪਿੰਗ ਵਿਚਲੇ ਖੇਡ ਸੈਂਟਰ 'ਚ 70-75 ਗੋਰਿਆਂ ਨੇ ਬੀਤੀ 15 ਸਤੰਬਰ ਨੂੰ 4 ਪੰਜਾਬੀਆਂ 'ਤੇ ਹਮਲਾ ਕਰ ਕੇ ਉਨ੍ਹਾਂ ਨੂੰ ਗੰਭੀਰ ਜ਼ਖਮੀ ਕਰ ਦਿੱਤਾ।

ਹੁਸ਼ਿਆਰਪੁਰ ਲਾਗਲੇ ਕਸਬੇ ਚੱਬੇਵਾਲ ਤੋਂ ਮੈਲਬਰਨ ਪਹੁੰਚੇ 26 ਸਾਲਾ ਸੁਖਦੀਪ ਸਿੰਘ ਨੂੰ ਇਸ ਮੌਕੇ ਇੰਨਾ ਕੁੱਟਿਆ ਗਿਆ ਕਿ ਉਹ ਖਾਣ ਤੇ ਬੋਲਣ ਤੋਂ ਅਸਮਰਥ ਹੈ। ਉਸ ਦੇ ਸਿਰ 'ਚ ਬੋਤਲਾਂ ਨਾਲ ਕਈ ਵਾਰ ਕੀਤੇ ਗਏ ਹਨ, ਜਿਸ ਨਾਲ ਉਹ ਬੇਸੁਰਤ ਹੋ ਗਿਆ ਹੈ। 22 ਸਾਲਾਂ ਤੋਂ ਆਸਟਰੇਲੀਆ 'ਚ ਪੱਕੇ ਤੌਰ 'ਤੇ ਰਹਿ ਰਹੇ ਗੁਰਦੁਆਰਾ ਕਰੇਗੀਬਰਨ ਦੇ ਸਾਬਕਾ ਖਜ਼ਾਨਚੀ ਮੁਖਤਿਆਰ ਸਿੰਘ, ਜੋ ਇਸ ਮੌਕੇ ਇਨ੍ਹਾਂ ਪੰਜਾਬੀ ਖਿਡਾਰੀਆਂ ਦੇ ਨਾਲ ਸਨ, ਦਾ ਮੋਢਾ ਇਸ ਹਜੂਮ ਨੇ ਤੋੜ ਦਿੱਤਾ। ਉਨ੍ਹਾਂ ਦੇ ਲੜਕੇ ਹਿੰਦਪਾਲ ਸਿੰਘ, ਜੋ ਆਸਟਰੇਲੀਆ 'ਚ ਜੰਮਿਆ ਪਲਿਆ ਹੈ, ਦੇ ਦੰਦ ਤੋੜ ਦਿੱਤੇ ਗਏ ਹਨ। ਹਮਲੇ ਵਿਚ ਸੁਖਦੀਪ ਦੇ ਭਰਾ ਗੁਰਦੀਪ ਸਿੰਘ ਦੇ ਵੀ ਸੱਟਾਂ ਲੱਗੀਆਂ।

ਸ਼ਾਮ ਸਮੇਂ ਉੱਤਰੀ ਇਲਾਕੇ ਦੇ ਐਪਿੰਗ ਪਲਾਜ਼ਾ ਸਾਹਮਣੇ ਪੂਲ ਖੇਡਣ ਗਏ ਇਨ੍ਹਾਂ ਭਾਰਤੀਆਂ 'ਤੇ ਗੋਰਿਆਂ ਦੇ ਹਜੂਮ, ਜਿਸ ਵਿਚ ਲੜਕੀਆਂ ਵੀ ਸ਼ਾਮਲ ਸਨ, ਨੇ ਬੇਸਬਾਲ ਦੇ ਬੱਲਿਆਂ, ਬੋਤਲਾਂ ਤੇ ਰਾਡਾਂ ਨਾਲ ਧਾਵਾ ਬੋਲ ਦਿੱਤਾ। ਹਮਲਾਵਰਾਂ ਦੀ ਉਮਰ 20 ਸਾਲਾਂ ਦੇ ਨੇੜੇ ਤੇੜੇ ਸੀ।ਖੇਡ ਮੈਦਾਨ ਦੀ ਪਾਰਕਿੰਗ ਨੂੰ ਚਾਰੇ ਪਾਸਿਓਂ ਘੇਰ ਕੇ ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਇਲਾਕੇ 'ਚ ਗੋਰਿਆਂ ਨੇ ਸਕਿਉਰਿਟੀ ਗਾਰਡਾਂ ਦੀ ਮੌਜੂਦਗੀ 'ਚ ਇਹ ਨਸਲੀ ਹਮਲਾ ਕੀਤਾ ਹੈ।

# ਦਸਤਾਰ 'ਤੇ ਪਾਬੰਦੀ ਹੁਣ ਅਮਰੀਕਾ ਵਿਚ ਵੀ ਲੱਗੇਗੀ?

**ਚੰਡੀਗੜ੍ਹ:** ਫ਼ਰਾਂਸ ਵਿਚ ਪੱਗ 'ਤੇ ਪਾਬੰਦੀ ਤੋਂ ਬਾਅਦ ਹੁਣ ਅਮਰੀਕਾ ਵਿਚ ਵੀ ਇਸ ਉਪਰ ਪਾਬੰਦੀ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਮਨੁੱਖੀ ਅਧਿਕਾਰਾਂ ਲਈ ਲੜਨ ਵਾਲੀਆਂ ਅਤੇ ਵੱਖ-ਵੱਖ ਧਰਮਾਂ ਨਾਲ ਸਬੰਧਤ 16 ਜਥੇਬੰਦੀਆਂ ਨੇ ਸਾਂਝੀ ਆਵਾਜ਼ ਬੁਲੰਦ ਕਰਦਿਆਂ ਪ੍ਰਸਤਾਵਿਤ ਪਛਾਣ ਐਕਟ-2009 (ਪਾਸ ਆਈ.ਡੀ.ਐਕਟ ਆਫ਼ 2009) ਨੂੰ ਲਾਗੂ ਨਾ ਕੀਤੇ ਜਾਣ ਦੀ ਮੰਗ ਕੀਤੀ ਹੈ।

ਨਵੇਂ ਕਾਨੂੰਨ ਤਹਿਤ ਸਿੱਖ ਪੱਗ ਬੰਨ੍ਹ ਕੇ ਡਰਾਈਵਿੰਗ ਲਾਇਸੈਂਸ ਜਾਂ ਹੋਰ ਪਛਾਣ ਪੱਤਰਾਂ 'ਤੇ ਲਗਣ ਵਾਲੀਆਂ ਤਸਵੀਰਾਂ ਨਹੀਂ ਖਿਚਵਾ ਸਕਣਗੇ। ਉਨ੍ਹਾਂ ਨੂੰ ਇਹ ਤਸਵੀਰਾਂ ਬਗ਼ੈਰ ਪੱਗ ਤੋਂ ਖਿਚਵਾਉਣੀਆਂ ਹੋਣਗੀਆਂ। ਇਹ ਨਿਯਮ ਮੁਸਲਮਾਨਾਂ ਅਤੇ ਯਹੂਦੀਆਂ 'ਤੇ ਵੀ ਲਾਗੂ ਹੋਣਗੇ।

ਅਮਰੀਕਾ ਵਿਚ ਇਸ ਸਮੇਂ ਲਾਗੂ ਪਛਾਣ ਐਕਟ-2005 (ਰੀਅਲ ਆਈ.ਡੀ.ਐਕਟ-2005) ਦੀ ਥਾਂ ਇਹ ਨਵਾਂ ਕਾਨੂੰਨ ਲਿਆਂਦੇ ਜਾਣ ਦਾ ਪ੍ਰਸਤਾਵ ਹੈ, ਜਿਸ ਨੂੰ ਅਮਰੀਕਾ ਦੇ ਵੱਖ-ਵੱਖ ਸੂਬਿਆਂ ਦੀਆਂ ਸਰਕਾਰਾਂ ਨੇ ਵੀ ਨਾਪਸੰਦ ਕਰ ਦਿਤਾ ਹੈ। ਮੌਜੂਦਾ ਕਾਨੂੰਨ ਤਹਿਤ ਕਿਸੇ ਵੀ ਧਰਮ ਦੇ ਵਿਅਕਤੀ ਨੂੰ ਆਪਣੇ ਧਾਰਮਕ ਚਿੰਨ੍ਹਾਂ ਨੂੰ ਉਤਾਰ ਕੇ ਤਸਵੀਰ ਖਿਚਵਾਉਣ ਲਈ ਮਜਬੂਰ ਨਹੀਂ ਕੀਤਾ ਜਾਂਦਾ ਪਰ ਪ੍ਰਸਤਾਵਤ ਕਾਨੂੰਨ ਲਾਗੂ ਹੋ ਜਾਣ 'ਤੇ ਧਾਰਮਿਕ ਚਿੰਨ੍ਹਾਂ ਨੂੰ ਉਤਾਰਨਾ ਲਾਜ਼ਮੀ ਹੋ ਜਾਵੇਗਾ। ਸਿੱਖਾਂ ਦੇ ਹੱਕਾਂ ਲਈ ਲੜਨ ਵਾਲੀ ਜਥੇਬੰਦੀ ਸਾਲਡੈਫ਼ ਦੇ ਆਗੂਆਂ ਨੇ ਕਿਹਾ, ''ਅਸੀਂ ਅਮਰੀਕਾ ਵਿਚ ਵੀ ਫ਼ਰਾਂਸ ਵਰਗਾ ਕਾਨੂੰਨ ਲਾਗੂ ਨਹੀਂ ਹੋਣ ਦੇਣਾ ਚਾਹੁੰਦੇ, ਜਿਥੇ ਕਿ ਸਕੂਲਾਂ ਵਿਚ ਸਿੱਖ ਬੱਚਿਆਂ ਨੂੰ ਵੀ ਪੱਗ ਬੰਨ੍ਹਣ ਦੀ ਇਜਾਜ਼ਤ ਨਹੀਂ ਦਿਤੀ ਗਈ।''

ਜਥੇਬੰਦੀ ਨੇ ਅਮਰੀਕਾ ਵਿਚ ਰਹਿੰਦੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪੋ-ਆਪਣੇ ਇਲਾਕੇ ਦੇ ਸੈਨੇਟਰਾਂ ਤਕ ਪਹੁੰਚ ਕਰ ਕੇ ਪ੍ਰਸਤਾਵਤ ਕਾਨੂੰਨ ਵਿਚ ਸੋਧ ਦੀ ਮੰਗ ਕਰਨ ਤਾਂ ਜੋ ਪੱਗ 'ਤੇ ਪਾਬੰਦੀ ਦੇ ਨਿਯਮ ਨੂੰ ਉਸ ਵਿਚੋਂ ਕਢਿਆ ਜਾ ਸਕੇ। ਜਥੇਬੰਦੀ ਨੇ ਦਸਿਆ ਕਿ ਸੁਰੱਖਿਆ ਵਿਭਾਗ ਦੇ ਨੌਕਰਸ਼ਾਹਾਂ ਦਾ ਮੰਨਣਾ ਹੈ ਕਿ ਪਛਾਣ-ਪੱਤਰ 'ਤੇ ਲੱਗਣ ਵਾਲੀਆਂ ਤਸਵੀਰਾਂ ਵਿਚ ਵਿਅਕਤੀ ਨੇ ਕੋਈ ਵੀ ਧਾਰਮਿਕ ਚਿੰਨ੍ਹ ਨਹੀਂ ਪਾਇਆ ਹੋਣਾ ਚਾਹੀਦਾ ਤਾਂ ਕਿ ਉਨ੍ਹਾਂ ਦੀ ਸੌਖੇ ਤਰੀਕੇ ਨਾਲ ਪਛਾਣ ਹੋ ਸਕੇ।

## ਜਸਵੰਤ ਸਿੰਘ ਬਣੇ ਰਹਿਣਗੇ ਚੇਅਰਮੈਨ

**ਨਵੀਂ ਦਿੱਲੀ:** ਭਾਜਪਾ ਨੇ ਆਪਣੇ ਨੇਤਾ ਜਸਵੰਤ ਸਿੰਘ ਦੀ ਬਰਤਰਫੀ ਲਈ ਇਕ ਆਮ ਰਾਏ ਬਣਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿਤੀਆਂ ਜਦਕਿ ਜਸਵੰਤ ਸਿੰਘ ਨੇ ਸਾਫ ਕਹਿ ਦਿਤਾ ਹੈ ਕਿ ਉਹ ਲੋਕ ਲੇਖਾ ਕਮੇਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਨਹੀਂ ਦੇਣਗੇ।

ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ, ''ਉਹ (ਇਕ ਮੈਂਬਰ) ਦਿਮਾਗੀ ਤੌਰ 'ਤੇ ਠੀਕ ਨਾ ਵੀ ਹੋਵੇ, ਉਹ ਕੁਝ ਵੀ ਹੋਵੇ, ਉਸਨੂੰ ਹਟਾਉਣ ਦਾ ਕੋਈ ਤਰੀਕਾ ਨਹੀਂ ਹੈ। ਇਹ ਬਹੁਤ ਅਸਧਾਰਨ ਸਥਿਤੀ ਹੈ ਅਤੇ ਸਾਨੂੰ ਇਸ ਮਾਮਲੇ ਨੂੰ ਹੱਲ ਕਰਨ ਲਈ ਢੰਗ ਤਰੀਕੇ ਲੱਭਣੇ ਪੈਣਗੇ।

## ਪੂਜਾ ਬੇਦੀ ਰਾਹੁਲ ਗਾਂਧੀ ਦੇ ਪ੍ਰੋਗਰਾਮਾਂ ਤੋਂ ਪ੍ਰਭਾਵਿਤ

**ਅਮੇਠੀ :** ਫਿਲਮ ਅਭਿਨੇਤਰੀ ਪੂਜਾ ਬੇਦੀ ਰਾਹੁਲ ਗਾਂਧੀ ਦੇ ਸਮਾਜਿਕ ਪ੍ਰੋਗਰਾਮਾਂ ਤੋਂ ਬਹੁਤ ਪ੍ਰਭਾਵਿਤ ਹੈ। ਉਹ ਆਪਣੀ ਸੰਸਥਾ 'ਗ੍ਰਾਸ ਰੂਟ ਫਾਊਂਡੇਸ਼ਨ' ਰਾਹੀਂ ਅਮੇਠੀ ਦੇ ਪਿੰਡਾਂ ਵਿਚ ਖੁਸ਼ਹਾਲੀ ਲਿਆਉਣ ਲਈ ਕੰਮ ਕਰਨਾ ਚਾਹੁੰਦੀ ਹੈ।

# ਭਾਰਤੀ ਸਰਹੱਦਾਂ ਦੀ ਰਾਖੀ ਮੁਟਿਆਰਾਂ ਦੇ ਹਵਾਲੇ, ਸਰਹੱਦੀ ਔਰਤਾਂ ਖੁਸ਼

**ਅੰਮ੍ਰਿਤਸਰ:** ਸਰਹੱਦੀ ਲੋਕਾਂ ਦੀ ਚਿਰੋਕਣੀ ਮੰਗ ਨੂੰ ਪ੍ਰਵਾਨ ਕਰਦਿਆਂ ਭਾਰਤ ਸਰਕਾਰ ਨੇ ਭਾਰਤ-ਪਾਕਿ ਸਰਹੱਦ 'ਤੇ ਮਹਿਲਾ ਮੁਲਾਜ਼ਮਾਂ ਨੂੰ ਤਾਇਨਾਤ ਕਰਕੇ ਜਿਥੇ ਮਹਿਲਾ ਰਾਖਵਾਂਕਰਨ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਹੈ ਉਥੇ ਸਰਹੱਦੀ ਕੰਡਿਆਲੀ ਤਾਰ ਦੇ ਘੇਰੇ ਵਿਚ ਆਉਂਦੀ ਜ਼ਮੀਨ ਦੇ ਪਰਵਾਰਾਂ ਵਿਚ ਭਾਰੀ ਖੁਸ਼ੀ ਦਾ ਆਲਮ ਪਾਇਆ ਜਾ ਰਿਹਾ ਹੈ ਅਤੇ ਵਿਸ਼ੇਸ਼ ਕਰਕੇ ਮਹਿਲਾਵਾਂ ਕੰਮ-ਕਾਜ਼ ਵਿਚ ਹੱਥ ਹੀ ਨਹੀਂ ਵਟਾਉਣਗੀਆਂ ਸਗੋਂ ਉਹ ਮਰਦਾਂ ਨੂੰ ਤਾਜ਼ਾ ਖਾਣਾ ਵੀ ਮੁਹੱਈਆ ਕਰਵਾਉਣਗੀਆਂ। ਭਾਰਤੀ ਫੌਜ, ਨੇਵੀ, ਹਵਾਈ ਸੈਨਾ ਵਿਚ ਤਾਂ ਮਹਿਲਾਵਾਂ ਦੀ ਭਰਤੀ ਚਿਰੋਕਣੀ ਪਹਿਲਾਂ ਸ਼ੁਰੂ ਕਰ ਦਿੱਤੀ ਗਈ ਸੀ ਪਰ ਸੁਰਖਿਆ ਫੌਜਾਂ ਵਿਚੋਂ ਸੀਮਾ ਸੁਰਖਿਆ ਦਲ ਹੀ ਅਜਿਹਾ ਵਿੰਗ ਸੀ ਜਿਸ ਵਿਚ ਮਹਿਲਾਵਾਂ ਦੀ ਭਰਤੀ ਨਹੀਂ ਕੀਤੀ ਜਾਂਦੀ ਸੀ। ਸ਼ਾਂਤੀ ਦੇ ਦਿਨਾਂ ਵਿਚ ਸਰਹੱਦ ਦੀ ਰਾਖੀ ਕਰਨ ਵਾਲੀ ਸੀਮਾ ਸੁਰੱਖਿਆ ਦਲ ਵਿਚ ਕੇਂਦਰ ਨੇ ਮਹਿਲਾਵਾਂ ਦੀ ਭਰਤੀ ਕਰਕੇ ਕੇਂਦਰ ਸਰਕਾਰ ਨੇ ਹੁਣ ਸਾਰੀਆਂ ਸੁਰੱਖਿਆ ਏਜੰਸੀਆਂ ਵਿਚ ਮਹਿਲਾਵਾਂ ਦੀ ਭਰਤੀ ਕਰਨ ਦਾ ਮਾਣ ਹਾਸਲ ਕਰ ਲਿਆ।

ਸਰਹੱਦ ਦੀ ਪੰਜ ਸੌ ਮੀਟਰ ਦੀ ਪੱਟੀ 'ਤੇ ਲੱਗੀ ਕੰਡਿਆਲੀ ਤਾਰ ਦੇ ਗੇਟਾਂ 'ਤੇ ਮਹਿਲਾਵਾਂ ਕਰਮਚਾਰਨਾਂ ਨੂੰ ਲਗਾਏ ਜਾਣ ਨਾਲ ਸਰਹੱਦੀ ਲੋਕਾਂ ਵਿਚ ਖੁਸ਼ੀ ਦਾ ਆਲਮ ਹੈ। ਸਰਹੱਦੀ ਲੋਕਾਂ ਦਾ ਕਹਿਣਾ ਹੈ ਕਿ ਹੁਣ ਮਹਿਲਾਵਾਂ ਵੀ ਮਰਦਾਂ ਨਾਲ ਖੇਤੀਬਾੜੀ ਦੇ ਕੰਮਕਾਰ ਵਿਚ ਹੱਥ ਵਟਾ ਸਕਣਗੀਆਂ। ਪਿੰਡ ਰੋੜਾਵਾਲੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਕ ਮਹਿਲਾ ਬਲਵਿੰਦਰ ਕੌਰ ਨੇ ਕਿਹਾ ਕਿ ਉਸਨੂੰ ਆਪਣੇ ਖੇਤਾਂ ਦੇ ਦਰਸ਼ਨ ਕੀਤਿਆਂ ਨੂੰ ਕਈ ਸਾਲ ਬੀਤ ਗਏ ਹਨ ਕਿਉਂਕਿ ਕੰਡਿਆਲੀ ਤਾਰ ਤੋਂ ਅੱਗੇ ਔਰਤਾਂ ਦੇ ਜਾਣ 'ਤੇ ਮਨਾਹੀ ਸੀ। ਉਸਨੇ ਕਿਹਾ ਕਿ ਹੁਣ ਔਰਤਾਂ ਦੀ ਤਲਾਸ਼ੀ ਲੈ ਕੇ ਤਾਰਾਂ ਤੋਂ ਅੱਗੇ ਜਾਣ ਦੀ ਇਜਾਜ਼ਤ ਮਿਲ ਗਈ ਹੈ ਅਤੇ ਉਹ ਆਪਣੇ ਪਰਵਾਰਾਂ ਦੇ ਮਰਦ ਮੈਂਬਰਾਂ ਨਾਲ ਖੇਤੀਬਾੜੀ ਦੇ ਕੰਮਕਾਜ ਵਿਚ ਪੂਰਾ-ਪੂਰਾ ਹੱਥ ਵੰਡਾਉਣਗੀਆਂ ਜਿਸ ਨਾਲ ਇੱਕ ਪਾਸੇ ਜਿਥੇ ਉਨ੍ਹਾਂ ਨੂੰ ਮਜ਼ਦੂਰੀ ਦਾ ਖਰਚਾ ਘੱਟ ਪਵੇਗਾ। ਉਥੇ ਉਹ ਆਪਣੀ ਫਸਲ ਦਾ ਇੱਕ-ਇੱਕ ਦਾਣਾ ਪੂਰੀ ਤਰ੍ਹਾਂ ਸੰਭਾਲਣਗੀਆਂ। ਇਸੇ ਹੀ ਪਿੰਡ ਦੀ ਸਵਿੰਦਰ ਕੌਰ ਨੇ ਕਿਹਾ ਕਿ ਭਾਵੇਂ ਉਹ ਆਪਣੀ ਜ਼ਮੀਨ ਠੇਕੇ 'ਤੇ ਦਿੰਦੀ ਹੈ ਪਰ ਪਿਛਲੇ ਪੰਦਰਾਂ ਸਾਲਾਂ ਤੋਂ ਉਸਨੂੰ ਆਪਣੀ ਜ਼ਮੀਨ ਦੇ ਦਰਸ਼ਨ ਕਰਨ ਦਾ ਮੌਕਾ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਮਹਿਲਾ ਬੀ ਐਸ ਐਫ ਦੇ ਤਾਇਨਾਤ ਹੋਣ ਨਾਲ ਉਸਨੂੰ ਆਪਣੀ ਜ਼ਮੀਨ ਵੇਖਣ ਦਾ ਮੌਕਾ ਮਿਲ ਗਿਆ ਹੈ।

ਜੋਗਿੰਦਰ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਹਿਲਾ ਕਰਮਚਾਰਨਾਂ ਦੀ ਭਰਤੀ ਕਰਕੇ ਇੱਕ ਸ਼ਲਾਘਾਯੋਗ ਕਦਮ ਪੁੱਟਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਉਹ ਸਵੇਰੇ ਦਸ ਵਜੇ ਖੇਤਾਂ ਵਿਚ ਚਲੇ ਜਾਂਦੇ ਸਨ ਤੇ ਸ਼ਾਮ ਤੱਕ ਉਨ੍ਹਾਂ ਨੂੰ ਨਾ ਚਾਹ ਤੇ ਨਾ ਹੀ ਰੋਟੀ ਮਿਲਦੀ ਸੀ। ਉਨ੍ਹਾਂ ਕਿਹਾ ਕਿ ਮਰਦ ਨਾਲੋਂ ਹੁਣ ਉਨ੍ਹਾਂ ਨੂੰ ਔਰਤਾਂ ਦੀ ਮਜ਼ਦੂਰੀ ਵੀ ਸਸਤੀ ਮਿਲੇਗੀ।

## Matrimonials

**Medico Jat Sikh match for, 27, 5'0'/ smart girl doing DDS in USA. Respond with place and time of birth. contact:219-878-1008 e-mail:sur_malhi@yahoo.co.in**

---

**ਰਾਮਗੜ੍ਹੀਆ ਸਿੱਖ, 27 ਸਾਲ, 6' 2", ਕਲੀਨ ਸ਼ੇਵ, ਗਰੀਨ ਕਾਰਡ ਹੋਲਡਰ ਗਰੈਜੂਏਟ ਲੜਕੇ ਲਈ ਗਰੀਨ ਕਾਰਡ ਹੋਲਡਰ ਜਾਂ ਅਮਰੀਕਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਆਪਣਾ ਕਾਰੋਬਾਰ। ਅੱਛੀ ਆਮਦਨ। ਸੰਪਰਕ ਕਰੋ:ਫੋਨ 708-649-9192, 708-699-3800**

---

Gursikh parents seeking suitable match for 26 Year old, 5' 3" daughter. Girl has done B.A. B.Ed. and is working as teacher in a reputed english medium school. Girl and Parents visiting US on tourist visa. Brother settled and working in US. Contact:408-544-0538, jaswinder_kaur_in@yahoo.com

---

Wanted suitable match for Jatt Sikh girl 5'7"/26.5yrs, pursuing higher education in USA contact-509-771-9297 or e-mail: deep3250@gmail.com


## Editing & Translation

**Professional Text Editing in English and Translation Work from Punjabi to English (Academic, Technical and Creative)**

**Prithvi Raj**
**prithviraj46@yahoo.com**
**shaprithvi@gmail.com**
**Cell (India)-094173-50789**







ਅਮਰ ਕਾਰਪੈਟਸ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਉ

*ਦੀਵਾਨ ਐਵਨਿਊ, ਸ਼ਿਕਾਗੋ ਵਿਚ ਕਾਰਪੈਟਸ ਦਾ ਇੱਕੋ ਇੱਕ ਸਟੋਰ ਜਿੱਥੋਂ ਤੁਸੀ ਖਰੀਦ ਸਕਦੇ ਹੋ ਬਿਲਕੁਲ ਨਵੇਂ ਡਿਜ਼ਾਈਨ ਦੇ ਰੰਗ ਹਰ ਇਕ ਕਵਾਲਿਟੀ ਵਿਚ, ਕੀਮਤਾਂ ਇਨੀਆਂ ਘੱਟ ਕਿ ਤੁਸੀਂ ਸੋਚ ਵੀ ਨਹੀਂ ਸਕਦੇ! ਆਓ! ਦੇਖੋ ਅਮਰ ਕਾਰਪੈਟਸ ਦਾ ਨਵਾਂ ਤੇ ਬੇਹਤਰੀਨ ਚੋਣ ਭਰਪੂਰ ਨਵਾਂ ਅਤੇ ਵੱਡਾ ਸ਼ੋਅਰੂਮ*


ਅਮਰੀਕ ਸਿੰਘ



ਫਰੀ ਐਸਟੀਮੇਟ, ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ

Same day service in Chicago and suburbs

Amar Carpets Inc


ਵੈਸਟਰਨ ਐਵੇਨਿਊ ਤੋਂ ਅੱਧਾ ਬਲਾਕ ਵੈਸਟ, 2423 W Devon Ave. Chicago IL 60659

ਕਾਲ ਕਰੋ : ਅਮਰੀਕ ਸਿੰਘ

Ph: 773-508-5253,773-507-8043, Fax: 773-508-5249



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**Punjab Times**
**Established in 2000**
**10th Year of Publication**
Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh
**Business & Media Director**
Sunita Chopra
Ph:773-370-7106
**California Bureau:**
Ashok Bhaura
(Bureau Chief)
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
**Honorary Directors Community Relations:**
Pritam S. Grewal
408-406-0703
Kuljeet Singh
510-284-9580
**Jalandhar Bureau:**
Jasvir Singh Sheeri
181-325-1889
181-279-1422
**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 75 ਡਾਲਰ,**
**ਪੰਜ ਸਾਲ ਲਈ: 350 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਹਰਿਆਣਵੀ ਸਿੱਖਾਂ ਦੀ ਕਾਰਵਾਈ ਦੇ ਸੰਕੇਤ ਗੰਭੀਰ

**ਬਿੰਦਰ ਬਸਰਾ**

**ਜਲੰਧਰ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰਨ ਵਾਲੇ ਨੇਤਾਵਾਂ ਨੇ 13 ਸਤੰਬਰ ਨੂੰ ਕੁਰੂਕਸ਼ੇਤਰ ਦੇ ਗੁਰਦੁਆਰਾ ਪਾਤਸ਼ਾਹੀ ਛੇਵੀਂ 'ਤੇ ਕਬਜ਼ਾ ਕਰ ਕੇ ਬਿਆਨਬਾਜ਼ੀ ਨੂੰ ਐਕਸ਼ਨ 'ਚ ਬਦਲਣ ਦਾ ਨਮੂਨਾ ਪੇਸ਼ ਕੀਤਾ ਹੈ। ਭਾਵੇਂ ਇਹ ਕਬਜ਼ਾ ਅੱਠ ਘੰਟੇ ਪਿੱਛੋਂ ਛੱਡ ਦਿੱਤਾ ਗਿਆ ਪਰ ਇਸ ਕਾਰਵਾਈ ਨੇ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤਕੜਾ ਝਟਕਾ ਦਿੱਤਾ, ਜਿਹੜੇ ਹਰਿਆਣਾ ਦੇ ਸਿੱਖਾਂ ਦੀ ਵੱਖਰੀ ਕਮੇਟੀ ਦੀ ਮੰਗ ਨੂੰ ਕਾਂਗਰਸ ਪਾਰਟੀ ਦੀ ਸ਼ਰਾਰਤ ਆਖ ਕੇ ਲੰਬੇ ਸਮੇਂ ਤੋਂ ਟਾਲਦੇ ਆ ਰਹੇ ਸਨ। ਇਸ ਮਾਮਲੇ ਨਾਲ ਨਜਿੱਠਣ ਲਈ ਅਕਾਲੀ ਦਲ ਨੇ 15 ਸਤੰਬਰ ਨੂੰ ਕੋਰ ਕਮੇਟੀ ਦੀ ਮੀਟਿੰਗ ਬੁਲਾਈ ਹੈ। ਉਧਰ ਪੰਜ ਸਿੰਘ ਸਾਹਿਬਾਨ ਨੇ ਹੰਗਾਮੀ ਮੀਟਿੰਗ ਪਿੱਛੋਂ ਕਬਜ਼ੇ ਦੇ ਮਾਮਲੇ 'ਤੇ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ 'ਚ ਜਥੇ. ਜਗਦੀਸ਼ ਸਿੰਘ ਝੀਂਡਾ ਸਮੇਤ ਕੰਵਲਜੀਤ ਸਿੰਘ ਅਜਨਾਲਾ, ਬੀਬੀ ਰਵਿੰਦਰ ਕੌਰ, ਅਵਤਾਰ ਸਿੰਘ ਚੱਕੂ, ਹਜ਼ੂਰ ਸਿੰਘ ਨੰਬਰਦਾਰ ਅਤੇ ਜੋਗਾ ਸਿੰਘ ਯਮੁਨਾਨਗਰ ਨੂੰ ਸਪਸ਼ਟੀਕਰਨ ਦੇਣ ਲਈ 19 ਸਤੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਤਲਬ ਕੀਤਾ ਹੈ।

ਖਾਲਸਾ ਐਕਸ਼ਨ ਕਮੇਟੀ ਨੇ ਸਿੰਘ ਸਾਹਿਬਾਨ ਦੇ ਇਸ ਰਵਈਏ ਨੂੰ ਪੱਖਪਾਤੀ ਕਰਾਰ ਦਿੱਤਾ ਹੈ। ਗੁਰਦੁਆਰਾ ਪਾਤਸ਼ਾਹੀ ਛੇਵੀਂ 'ਤੇ ਕਬਜ਼ਾ ਕਰਨ ਤੋਂ ਬਾਅਦ ਪੈਦਾ ਹੋਈ ਸਥਿਤੀ 'ਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਅਤੇ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਗੁਰਦੁਆਰੇ 'ਚ ਜਬਰੀ ਦਾਖਲ ਹੋਣ ਵਾਲਿਆਂ ਵਿਰੁਧ ਡਕੈਤੀ ਦਾ ਮਾਮਲਾ ਦਰਜ ਕਰਵਾਇਆ। ਹਰਿਆਣਾ ਦੇ ਸਿੱਖਾਂ ਦੀ ਅਗਵਾਈ ਕਰ ਰਹੇ ਜਥੇ ਜਗਦੀਸ਼ ਸਿੰਘ ਝੀਂਡਾ ਨੇ ਇਸ ਕਾਰਵਾਈ ਨੂੰ 'ਸੰਕੇਤਕ' ਦੱਸਦਿਆਂ ਚੇਤਾਵਨੀ ਦਿੱਤੀ ਹੈ ਕਿ ਜੇ ਹਰਿਆਣਾ ਦੇ ਸਿੱਖਾਂ ਨੂੰ ਉਨ੍ਹਾਂ ਦਾ ਹੱਕ ਨਾ ਦਿੱਤਾ ਗਿਆ ਤਾਂ 1 ਨਵੰਬਰ ਨੂੰ ਕੋਈ ਸਖਤ ਫੈਸਲਾ ਲਿਆ ਜਾਵੇਗਾ।

ਹਾਲ ਦੀ ਘੜੀ ਭਾਵੇਂ ਸ਼੍ਰੋਮਣੀ ਕਮੇਟੀ ਅਤੇ ਹਰਿਆਣਾ ਲਈ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਕਰਨ ਵਾਲੀ ਧਿਰ ਵਿਚਾਲੇ ਹੋਣ ਵਾਲਾ ਖੂਨੀ ਟਕਰਾਅ ਟਲ ਗਿਆ ਹੈ ਪਰ ਭਵਿੱਖ 'ਚ ਇਸ ਦੇ ਮੁੜ ਉਭਰਨ ਦੀਆਂ ਸੰਭਾਵਨਾਵਾਂ ਮੌਜੂਦ ਹਨ।

ਹਰਿਆਣਾ ਦੇ ਜ਼ਿਲ੍ਹਾ ਕੁਰੂਕਸ਼ੇਤਰ ਵਿਖੇ ਸਥਿਤ ਇਤਿਹਾਸਕ ਛੇਵੀਂ ਪਾਤਸ਼ਾਹੀ ਨਾਲ ਸਬੰਧਤ ਗੁਰਦੁਆਰੇ 'ਤੇ ਕਬਜ਼ਾ ਕਰਨ ਨਾਲ ਹਰਿਆਣਾ ਦੇ ਸਿੱਖਾਂ ਦੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੰਗ ਹੁਣ ਫੈਸਲਾਕੁਨ ਰੁਖ ਅਖਤਿਆਰ ਕਰਦੀ ਨਜ਼ਰ ਆ ਰਹੀ ਹੈ। ਹਰਿਆਣਾ ਦੇ ਕਰੀਬ 19 ਲੱਖ ਸਿੱਖ ਆਪਣੀ ਵੱਖਰੀ ਕਮੇਟੀ ਦੀ ਮੰਗ ਨੂੰ ਬੀਤੇ 43 ਸਾਲਾਂ ਤੋਂ ਉਠਾ ਰਹੇ ਹਨ ਪਰ ਹਰਿਆਣਾ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਨੂੰ ਲਾਰਿਆਂ 'ਚ ਹੀ ਰਖਿਆ ਹੈ।

ਹਰਿਆਣਾ ਕਾਂਗਰਸ ਸਰਕਾਰ ਨੇ ਵੀ ਆਪਣੇ ਚੋਣ ਮਨੋਰਥ ਪੱਤਰ 2005 ਵਿਚ ਸਿੱਖਾਂ ਦੀਆਂ ਵੋਟਾਂ ਖਿੱਚਣ ਲਈ ਵੱਖਰੀ ਕਮੇਟੀ ਬਣਾਉਣ ਦੀ ਮੰਗ ਵਾਲਾ ਮੁੱਦਾ ਸ਼ਾਮਲ ਕਰ ਲਿਆ ਅਤੇ ਹਰਿਆਣਾ 'ਚ ਕਾਂਗਰਸ ਸਰਕਾਰ ਵੀ ਬਣ ਗਈ ਪਰ ਸਿੱਖਾਂ ਦੀ ਇਸ ਮੰਗ ਨੂੰ ਅਣਗੌਲਿਆਂ ਕਰ ਦਿੱਤਾ ਗਿਆ। ਹਰਿਆਣਾ ਵਿਚੋਂ 11 ਸ਼੍ਰੋਮਣੀ ਕਮੇਟੀ ਹਲਕਿਆਂ 'ਚੋਂ 7 ਮੈਂਬਰ ਵੱਖਰੀ ਕਮੇਟੀ ਦੀ ਮੰਗ ਕਰਨ ਵਾਲੇ ਚੁਣੇ ਗਏ ਅਤੇ ਸ਼੍ਰੋਮਣੀ ਅਕਾਲੀ ਦਲ ਦੇ 4 ਮੈਂਬਰ ਹੀ ਜਿੱਤ ਸਕੇ। ਹਰਿਆਣਾ ਦੇ ਸਿੱਖਾਂ ਦੀਆਂ ਵੱਖਰੀ ਕਮੇਟੀ ਪ੍ਰਤੀ ਭਾਵਨਾਵਾਂ ਨੂੰ ਦੇਖਦਿਆਂ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਘੋਖ ਕਰਨ ਲਈ ਕੈਬਨਿਟ ਮੰਤਰੀ ਹਰਮੋਹਿੰਦਰ ਸਿੰਘ ਚੱਠਾ ਦੀ ਅਗਵਾਈ 'ਚ 9 ਮੈਂਬਰੀ ਕਮੇਟੀ ਬਣਾ ਦਿੱਤੀ ਸੀ। ਹੁੱਡਾ ਸਰਕਾਰ ਵੀ ਆਪਣੇ ਕਾਰਜਕਾਲ ਦੌਰਾਨ ਵੱਖਰੀ ਕਮੇਟੀ ਬਣਾਉਣ ਦਾ ਲਾਰਾ ਹੀ ਲਾਉਂਦੀ ਰਹੀ ਅਤੇ ਅਖੀਰ 1 ਨਵੰਬਰ ਨੂੰ ਹਰਿਆਣਾ ਰਾਜ ਦੀ ਸਥਾਪਨਾ ਮੌਕੇ ਵੱਖਰੀ ਕਮੇਟੀ ਬਣਾਉਣ ਦਾ ਐਲਾਨ ਕਰ ਦਿੱਤਾ, ਪਰ ਇਸ ਦੇ ਨਾਲ ਹੀ ਚੋਣਾਂ ਸਮੇਂ ਤੋਂ ਪਹਿਲਾਂ ਕਰਾਉਣ ਦੀ ਚਾਲ ਖੇਡੀ।

ਹਰਿਆਣਾ ਰਾਜ ਅੰਦਰ ਅੱਠ ਇਤਿਹਾਸਕ ਗੁਰਦੁਆਰੇ ਹਨ ਜਦਕਿ ਸੈਕਸ਼ਨ 87 (1) ਦੇ ਅਧੀਨ 17 ਅਤੇ ਸੈਕਸ਼ਨ 87 (1) ਬੀ ਅਧੀਨ 27 ਗੁਰਦੁਆਰੇ ਹਨ। ਵੱਖਰੀ ਕਮੇਟੀ ਦੇ ਮੰਗ ਕਰ ਰਹੇ ਸਿੱਖ ਨੇਤਾਵਾਂ ਦਾ ਇਤਰਾਜ਼ ਹੈ ਕਿ ਇਨ੍ਹਾਂ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ ਪੰਜਾਬ ਦੇ ਵਾਸੀ ਹਨ ਅਤੇ ਲਗਭਗ ਸਮੁੱਚਾ ਸਟਾਫ ਵੀ ਪੰਜਾਬ ਨਾਲ ਸਬੰਧਤ ਹੈ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਦਾ ਆਖਣਾ ਹੈ ਕਿ ਪਿਛਲੇ 40 ਸਾਲਾਂ ਤੋਂ ਬਾਦਲਕਿਆ ਨੇ ਹਰਿਆਣਾ 'ਚ ਸਥਿਤ ਗੁਰਧਾਮਾਂ 'ਤੇ ਨਜਾਇਜ਼ ਤੌਰ 'ਤੇ ਕਬਜ਼ੇ ਕੀਤੇ ਹੋਏ ਹਨ। ਹਰਿਆਣਾ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਛੇਵੀਂ ਪਾਤਸ਼ਾਹੀ ਕੁਰੂਕਸ਼ੇਤਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੋਂ 13 ਸਤੰਬਰ ਨੂੰ ਆਜ਼ਾਦ ਕਰਾ ਕੇ ਸੇਵਾ ਸੰਭਾਲਣ ਦੀ ਕਾਰਵਾਈ ਨੂੰ ਉਚਿਤ ਦੱਸਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਕਦਮ ਸੂਬਾ ਸਰਕਾਰ ਦੇ ਸਿੱਖਾਂ ਨੂੰ ਨਿਆਂ ਦਿਵਾਉਣ ਵਿਚ ਅਸਫਲ ਰਹਿਣ ਪਿਛੋਂ ਚੁੱਕਿਆ ਗਿਆ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਐਲਾਨ ਕਰ ਦਿੱਤਾ ਗਿਆ ਸੀ ਕਿ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਹੀ ਗੁਰਦੁਆਰੇ ਦੀ ਸੇਵਾ ਸੰਭਾਲ ਹਰਿਆਣਾ ਦੇ ਸਿੱਖ ਆਪਣੇ ਹੱਥਾਂ ਵਿਚ ਲੈ ਲੈਣਗੇ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਟਾਸਕ ਫੋਰਸ ਵਲੋਂ ਕੋਈ ਐਕਸ਼ਨ ਲੈਣ ਤੋਂ ਪਹਿਲਾਂ ਹੀ ਹਰਿਆਣਵੀ ਸਿੱਖਾਂ ਨੇ 'ਸੰਕੇਤਕ' ਕਬਜ਼ਾ ਛੱਡ ਦਿੱਤਾ, ਜਿਸ ਨਾਲ ਖੂਨੀ ਟਕਰਾਅ ਟਲ ਗਿਆ। ਪ੍ਰਸ਼ਾਸਨ ਨੇ ਸਥਿਤੀ ਨੂੰ ਕਾਬੂ ਹੇਠ ਰੱਖਣ ਲਈ ਗੁਰਦੁਆਰੇ ਦੇ ਬਾਹਰ ਭਾਰੀ ਗਿਣਤੀ 'ਚ ਪੁਲਿਸ ਦੇ ਜਵਾਨ ਤੈਨਾਤ ਕੀਤੇ ਸਨ ਅਤੇ ਗੁਰਦੁਆਰੇ ਨੂੰ ਜਾਣ ਲਈ ਸੜਕ ਤੇ ਆਵਾਜਾਈ ਨੂੰ ਰੋਕ ਦਿੱਤਾ ਗਿਆ ਸੀ।

ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਇਸ ਸਥਿਤੀ 'ਤੇ ਟਿੱਪਣੀ ਕਰਦਿਆਂ ਇਸ ਨੂੰ ਹਰਿਆਣਾ ਸਰਕਾਰ ਦੀ ਸਿੱਧੇ ਤੌਰ 'ਤੇ ਸਿੱਖਾਂ ਦੇ ਮਾਮਲਿਆਂ 'ਚ ਦਖਲ ਦੇਣ ਵਾਲੀ ਕਾਰਵਾਈ ਆਖਿਆ। ਉਨ੍ਹਾਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਅਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨੂੰ ਵੀ ਇਸ ਮਾਮਲੇ 'ਚ ਦਖਲ ਦੇਣ ਦੀ ਮੰਗ ਕੀਤੀ ਕਿਉਂਕਿ ਸ਼੍ਰੋਮਣੀ ਕਮੇਟੀ ਇਕ ਚੁਣੀ ਹੋਈ ਸੰਸਥਾ ਹੈ ਅਤੇ ਵਿਸ਼ਵ ਭਰ ਵਿਚ ਸਿੱਖਾਂ ਦੀ ਨੁਮਾਇੰਦਗੀ ਕਰਦੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨੂੰ ਬੇਸ਼ਰਮੀ ਅਤੇ ਸਦਮੇ ਵਾਲੀ ਘਟਨਾ ਦੱਸਿਆ ਹੈ।

ਕੁਰੂਕਸ਼ੇਤਰ ਵਿਚ ਵਾਪਰੀ ਇਸ ਘਟਨਾ ਪਿਛੇ ਕੌਣ ਵਧ ਜ਼ਿੰਮੇਵਾਰ ਹੈ ਇਸ ਬਾਰੇ ਰਾਜਸੀ ਹਲਕਿਆਂ 'ਚ ਵੱਖੋ ਵੱਖਰੀਆਂ ਰਾਵਾਂ ਹਨ। ਕੁਝ ਟਿੱਪਣੀਕਾਰਾਂ ਦਾ ਮੰਨਣਾ ਹੈ ਕਿ ਇਸ ਘਟਨਾ ਲਈ ਅਕਾਲੀ ਦਲ ਬਾਦਲ ਜ਼ਿਆਦਾ ਜ਼ਿੰਮੇਵਾਰ ਹੈ। ਉਨ੍ਹਾਂ ਦਾ ਤਰਕ ਹੈ ਕਿ ਦਲ ਆਨੰਦਪੁਰ ਸਾਹਿਬ ਮਤੇ ਮੁਤਾਬਿਕ ਖੁਦਮੁਖਤਿਆਰੀ ਦੀ ਮੰਗ ਕਰਦਾ ਆ ਰਿਹਾ ਹੈ ਪਰ ਆਪਣੇ ਛੋਟੇ ਭਰਾਵਾਂ (ਹਰਿਆਣਾ ਦੇ ਸਿੱਖਾਂ) ਨੂੰ ਬਰਾਬਰ ਦੇ ਹੱਕ ਦੇਣ ਤੋਂ ਪਿੱਛੇ ਹਟਦਾ ਹੈ। ਕੁਝ ਮਾਹਿਰਾਂ ਦੀ ਰਾਇ ਹੈ ਕਿ ਹਰਿਆਣਾ ਦੀ ਕਾਂਗਰਸ ਪਾਰਟੀ ਰਾਜ ਦੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਉਛਾਲ ਕੇ ਸਿਰਫ ਵੋਟਾਂ ਬਟੋਰ ਰਹੀ ਹੈ। ਇਹ ਸਿੱਖਾਂ ਦਾ ਨਿੱਜੀ ਮਾਮਲਾ ਹੈ ਅਤੇ ਉਨ੍ਹਾਂ ਨੂੰ ਖੁਦ ਹੀ ਇਸ ਦਾ ਫੈਸਲਾ ਕਰਨ ਦੇਣਾ ਚਾਹੀਦਾ ਹੈ। ਇਹਨਾਂ ਰਾਵਾਂ ਨੂੰ ਇਕ ਪਾਸੇ ਰੱਖ ਦੇਈਏ ਤਾਂ ਇਕ ਗੱਲ ਤਾਂ ਬੜੀ ਸਪੱਸ਼ਟ ਤੌਰ 'ਤੇ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਹਰਿਆਣਾ ਦੇ ਬਹੁਤ ਗਿਣਤੀ ਸਿੱਖ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਏ ਜਾਣ ਦੇ ਹੱਕ 'ਚ ਹਨ। ਜਿਸ ਜ਼ੋਰਦਾਰ ਢੰਗ ਨਾਲ ਇਕ ਮੰਗ ਉਠਾਈ ਜਾ ਰਹੀ ਹੈ ਇਸ ਨੂੰ ਦੇਖਦਿਆਂ ਨਹੀਂ ਲੱਗਦਾ ਕਿ ਇਹ ਚੁੱਪ ਕਰ ਕੇ ਬੈਠ ਜਾਣਗੇ। ਇਸ ਦਾ ਨਿਰਣਾ ਇਕ ਦਿਨ ਹੋ ਕੇ ਰਹੇਗਾ।

# ਅਕਾਲੀ-ਭਾਜਪਾ ਤਰੇੜਾਂ ਮੁੜ ਉਭਰੀਆਂ


ਅਨੁਸਾਰ ਪਾਰਟੀ ਨੂੰ ਪੰਜਾਬ ਦੇ ਸ਼ਹਿਰੀ ਖੇਤਰਾਂ ਵਿਚ ਕੋਈ ਬਹੁਤਾ ਉਤਸ਼ਾਹਜਨਕ ਹੁੰਗਾਰਾ ਨਹੀਂ ਮਿਲਿਆ। ਪਾਰਟੀ ਸਿਰਫ ਦੋ ਲੱਖ ਮੈਂਬਰਾਂ ਦੀ ਭਰਤੀ ਹੀ ਕਰ ਸਕੀ ਹੈ। ਇਥੋਂ ਤਕ ਕਿ ਪਾਰਟੀ ਦੇ ਹੇਠਲੇ ਕੇਡਰ ਅਤੇ ਵਰਕਰਾਂ ਵਿਚ ਵੀ ਪਾਰਟੀ ਲੀਡਰਸ਼ਿਪ ਪ੍ਰਤੀ ਨਾਰਾਜ਼ਗੀ ਵੇਖੀ ਜਾ ਰਹੀ ਹੈ। ਪੁਰਾਣੇ ਭਾਜਪਾਈ ਆਗੂ ਵੀ ਮੌਜੂਦਾ ਲੀਡਰਸ਼ਿਪ ਨਾਲ ਨਾਰਾਜ਼ ਵਿਖਾਈ ਦਿੰਦੇ ਹਨ। ਪਾਰਟੀ ਵਲੋਂ 16 ਜੁਲਾਈ ਤੋਂ ਇਕ ਮਹੀਨੇ ਲਈ ਨਵੀਂ ਮੈਂਬਰਸ਼ਿਪ ਦੀ ਮੁਹਿੰਮ ਚਲਾਈ ਗਈ। ਪਾਰਟੀ ਨੂੰ ਮੈਂਬਰਸ਼ਿਪ ਮੁਹਿੰਮ ਦੌਰਾਨ ਮੁੱਖ ਤੌਰ 'ਤੇ ਜਲੰਧਰ, ਅੰਮ੍ਰਿਤਸਰ, ਬਠਿੰਡਾ ਅਤੇ ਸੰਗਰੂਰ ਜਿਹੇ ਜ਼ਿਲ੍ਹਿਆਂ ਵਿਚ ਵਧੇਰੇ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਹੀ ਪਾਰਟੀ ਫੁੱਟ ਦਾ ਸ਼ਿਕਾਰ ਤੁਰੀ ਆ ਰਹੀ ਹੈ। ਅੰਮ੍ਰਿਤਸਰ ਵਿਚ ਸਿੱਧੂ-ਛੀਨਾ ਵਿਵਾਦ, ਸੰਗਰੂਰ ਵਿਚ ਇਕ ਚੇਅਰਮੈਨ ਵਲੋਂ ਅਸਤੀਫਾ ਅਤੇ ਬਠਿੰਡਾ ਵਿਚ ਪੰਜਾਬ ਦੇ ਭਾਜਪਾ ਪ੍ਰਧਾਨ ਵਲੋਂ ਆਪਣੇ ਪੱਖੀਆਂ ਨੂੰ ਅੱਗੇ ਲਿਆਉਣ ਕਾਰਨ ਪਾਰਟੀ ਅੰਦਰ ਧੜੇਬੰਦੀ ਸਾਹਮਣੇ ਆ ਗਈ ਹੈ। ਪਾਰਟੀ ਵਲੋਂ ਹੁਣ ਨਵੀਂ ਮੈਂਬਰਸ਼ਿਪ ਲਈ ਇਕ ਮਹੀਨੇ ਦਾ ਸਮਾਂ ਹੋਰ ਵਧਾ ਦਿੱਤਾ ਗਿਆ ਹੈ। ਨਵੀਂ ਭਰਤੀ ਘੱਟ ਹੋਣ ਦਾ ਅਸਰ ਪਾਰਟੀ ਦੀਆਂ ਦਸੰਬਰ ਵਿਚ ਹੋਣ ਵਾਲੀਆਂ ਜਥੇਬੰਦਕ ਚੋਣਾਂ 'ਤੇ ਵੀ ਪੈਣ ਦੀ ਸੰਭਾਵਨਾ ਹੈ। ਮੈਂਬਰਸ਼ਿਪ ਘੱਟ ਹੋਣ 'ਤੇ ਪਾਰਟੀ ਦਾ ਪ੍ਰਧਾਨ ਬਿਨਾ ਚੋਣ ਤੋਂ ਸਿੱਧਾ ਹੀ ਨਿਯੁਕਤ ਕੀਤਾ ਜਾ ਸਕਦਾ ਹੈ ਤੇ ਜ਼ਿਲ੍ਹਾ ਪੱਧਰੀ ਚੋਣਾਂ ਬਾਅਦ ਵਿਚ ਕਰਵਾਈਆਂ ਜਾ ਸਕਦੀਆਂ ਹਨ। ਮੌਜੂਦਾ ਪ੍ਰਧਾਨ ਪ੍ਰੋ. ਰਜਿੰਦਰ ਭੰਡਾਰੀ ਦੀ ਇਸੇ ਤਰ੍ਹਾਂ ਤਿੰਨ ਸਾਲ ਪਹਿਲਾਂ ਸਿੱਧੇ ਨਿਯੁਕਤੀ ਕਰ ਦਿੱਤੀ ਗਈ ਸੀ। ਨੇਤਾਵਾਂ ਦੀ ਨਾਕਾਮੀ ਨੂੰ ਇਸ ਗੱਲ ਨਾਲ ਜੋੜਿਆ ਜਾ ਰਿਹਾ ਹੈ ਕਿ ਪਾਰਟੀ ਦਾ ਸ਼ਹਿਰੀ ਆਧਾਰ ਘਟ ਗਿਆ ਹੈ ਅਤੇ ਇਸ ਦੇ ਹੇਠਲੇ ਪੱਧਰ ਦੇ ਆਗੂ ਪਾਰਟੀ ਤੋਂ ਦੂਰ ਹੋ ਗਏ ਹਨ।

## ਡਾ. ਮਨਮੋਹਨ ਸਿੰਘ

ਕਸ਼ਮੀਰ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਹਾਲ ਹੀ ਦੇ ਮਹੀਨਿਆਂ ਅਤੇ ਹਫਤਿਆਂ 'ਚ ਹਥਿਆਰਬੰਦ ਅਤਿਵਾਦੀਆਂ ਨਾਲ ਮੁਠਭੇੜ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ। ਸੂਬੇ ਦੇ ਅੰਦਰ ਵੱਖਵਾਦੀ ਅਤੇ ਦਹਿਸ਼ਤਵਾਦੀ ਗਰੁੱਪ ਫਿਰ ਤੋਂ ਬਾਹਰੀ ਤੱਤਾਂ ਨਾਲ ਮਿਲ ਕੇ ਲਗਾਤਾਰ ਵਿਰੋਧ ਅੰਦੋਲਨ ਚਲਾ ਰਹੇ ਹਨ। ਸਿੰਘ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਦੇਸ਼ ਦੀ ਸੁਰੱਖਿਆ 'ਤੇ ਅਸਰ ਪਾਉਣ ਵਾਲੇ ਬਾਹਰੀ ਅਤੇ ਅੰਦਰੂਨੀ ਤੱਤਾਂ 'ਤੇ ਨਜ਼ਰ ਰੱਖਣ ਅਤੇ ਉਨ੍ਹਾਂ ਕਾਰਨਾਂ ਨੂੰ ਵੀ ਚੰਗੀ ਤਰ੍ਹਾਂ ਸਮਝਣ ਦੀ ਕੋਸ਼ਿਸ਼ ਕਰਨ ਜਿਨ੍ਹਾਂ ਨਾਲ ਸਮਾਜਿਕ ਦੂਰੀਆਂ ਪੈਦਾ ਹੁੰਦੀਆਂ ਹਨ ਕਿਉਂਕਿ ਅਜਿਹਾ ਕਰਕੇ ਹੀ ਅਤਿਵਾਦ ਨੂੰ ਖਤਮ ਕੀਤਾ ਜਾ ਸਕਦਾ ਹੈ।

# ਗੱਡੀਆਂ ਤੋਂ ਸੰਤ ਭਿੰਡਰਾਂਵਾਲਿਆਂ ਦੇ ਸਟਿੱਕਰ ਉਤਾਰਨ ਵਿਰੁਧ ਰੋਸ ਪ੍ਰਦਰਸ਼ਨ

**ਤਰਨਤਾਰਨ:** ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਵਲੋਂ ਲੰਘੀ 13 ਸਤੰਬਰ ਨੂੰ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਤੋਂ ਇਕ ਰੋਸ ਮਾਰਚ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚੋਂ ਕਢਿਆ ਗਿਆ, ਜਿਸ ਦਾ ਮਕਸਦ ਸੀ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਪੁਲਿਸ ਵਲੋਂ ਸੰਤ



ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਸਟਿੱਕਰ, ਫੋਟੋਆਂ ਅਤੇ ਹੋਰ ਸਮਗਰੀ ਨੂੰ ਖਤਮ ਕਰਨ ਦੀ ਜੋ ਮੁਹਿੰਮ ਛੇੜੀ ਗਈ ਹੈ, ਉਸ ਨੂੰ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਕਦੇ ਬਰਦਾਸ਼ਤ ਨਹੀਂ ਕਰੇਗੀ।

ਤਰਨਤਾਰਨ ਦੇ ਚੌਕ ਬੋਹੜੀ ਵਾਲਾ ਵਿਖੇ ਧਰਨੇ 'ਤੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਹਰਮਨਦੀਪ ਸਿੰਘ ਸਰਹਾਲੀ ਪ੍ਰਧਾਨ ਖਾਲੜਾ ਮਿਸ਼ਨ ਕਮੇਟੀ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੰਜਾਬ ਦੀ ਸ਼ਾਂਤੀ ਨੂੰ ਭੰਗ ਕੀਤਾ, ਪੰਜਾਬ ਦੇ 25 ਹਜ਼ਾਰ ਤੋਂ ਵੱਧ ਸਿੱਖ ਨੌਜਵਾਨਾਂ ਨੂੰ ਕਤਲ ਕਰਵਾਇਆ, ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕੀਤਾ, ਉਨ੍ਹਾਂ (ਇੰਦਿਰਾ ਗਾਂਧੀ, ਬੇਅੰਤ ਸਿੰਘ, ਰਾਜੀਵ ਗਾਂਧੀ, ਲਾਲਾ ਜਗਤ ਨਰਾਇਣ ਆਦਿ) ਦੇ ਬੁੱਤ ਲਾਏ ਜਾ ਰਹੇ ਹਨ ਤੇ ਉਨ੍ਹਾਂ ਦੀਆਂ ਯਾਦਗਾਰਾਂ ਕਾਇਮ ਕੀਤੀਆਂ ਜਾ ਰਹੀਆਂ ਹਨ ਪਰ ਦੂਜੇ ਪਾਸੇ 20ਵੀਂ ਸਦੀ ਦੇ ਮਹਾਨ ਯੋਧੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਜਿਨ੍ਹਾਂ ਨੇ ਨੌਜਵਾਨਾਂ ਤੇ ਸਿੱਖ ਕੌਮ ਨੂੰ ਸਿਰ ਉੱਚਾ ਚੁੱਕ ਕੇ ਚਲਣ ਦਾ ਸੰਦੇਸ਼ ਦਿਤਾ ਸੀ, ਨੂੰ ਯਾਦ ਰਖਣ ਵਾਲੇ ਸਿੱਖਾਂ ਦੀਆਂ ਗੱਡੀਆਂ 'ਤੇ ਲੱਗੇ ਸਟਿੱਕਰਾਂ, ਫੋਟੋਆਂ ਨੂੰ ਉਤਾਰਿਆ ਜਾ ਰਿਹਾ ਹੈ। ਇਹ ਸਭ ਕੁਝ ਕਰਨ ਨਾਲ ਸਿੱਖਾਂ ਦੇ ਮਨ ਵਿਚ ਵਸੇ ਸੰਤਾਂ ਦੇ ਪਿਆਰ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

ਧਰਨੇ ਨੂੰ ਸੁਖਵਿੰਦਰ ਸਿੰਘ ਖ਼ਾਲਸਾ, ਸੁਬੇਗ ਸਿੰਘ, ਤਰਲੋਕ ਸਿੰਘ ਬਹਿਲਾ, ਬੀਬੀ ਪ੍ਰਮਜੀਤ ਕੌਰ ਖਾਲੜਾ, ਵਿਰਸਾ ਸਿੰਘ ਬਹਿਲਾ, ਸਤਵਿੰਦਰ ਸਿੰਘ ਪਲਾਸੌਰ, ਡਾ. ਕਾਬਲ ਸਿੰਘ, ਦਲਬੀਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ। ਅਖੀਰ ਵਿਚ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਸਿੱਖ ਨੌਜਵਾਨਾਂ ਦੀ ਯਾਦ ਵਿਚ ਚਮਨ ਲਾਲ ਵਲੋਂ ਲਾਏ ਗਏ ਲੰਗਰ ਨੂੰ ਸੰਗਤ ਨੇ ਛਕਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਉਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ੍ਰੀ ਮੁਖਤਿਆਰ ਸਿੰਘ ਹੈਪੀ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੁਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਕਾਂਗਰਸ ਪਾਰਟੀ ਵਲੋਂ 'ਆਮ ਆਦਮੀ ਦਾ ਸਿਪਾਹੀ' ਯੋਜਨਾ ਸ਼ੁਰੂ

ਚੰਡੀਗੜ੍ਹ: ਆਲ ਇੰਡੀਆ ਕਾਂਗਰਸ ਕਮੇਟੀ (ਏ ਆਈ ਸੀ ਸੀ) ਦੇ ਜਨਰਲ ਸਕੱਤਰ ਰਾਹੁਲ ਗਾਂਧੀ ਖੁਦ ਪੰਜਾਬ ਦੇ ਨੌਜਵਾਨਾਂ ਨੂੰ ਟ੍ਰੇਨਿੰਗ ਦੇਣਗੇ ਅਤੇ ਕੇਂਦਰ ਸਰਕਾਰ ਦੀਆਂ ਸਾਰੀਆਂ ਲੋਕ ਪੱਖੀ ਸਕੀਮਾਂ ਨੂੰ ਸਹੀ ਢੰਗ ਨਾਲ ਲਾਗੂ ਕਰਵਾਉਣ ਅਤੇ ਰਾਜ ਦੇ ਪਿੰਡਾਂ ਤੱਕ ਫੈਲੇ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਲਈ ਇਕ ਜਾਗਰੂਕ ਟੀਮ ਦਾ ਗਠਨ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੰਘੀ 9 ਸਤੰਬਰ ਨੂੰ ਇੱਥੇ ਪ੍ਰੈਸ ਕਲੱਬ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਮੈਂਬਰ ਪਾਰਲੀਮੈਂਟ ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਨੇ ਕੀਤਾ।

ਉਨ੍ਹਾਂ ਦੱਸਿਆ ਕਿ ਰਾਹੁਲ ਗਾਂਧੀ ਵਲੋਂ ਇਹ ਪਾਈਲਟ ਪ੍ਰੋਜੈਕਟ 'ਆਮ ਆਦਮੀ ਦਾ ਸਿਪਾਹੀ' ਸ਼ੁਰੂ ਕਰਨ ਲਈ ਪੰਜਾਬ ਯੂਥ ਕਾਂਗਰਸ 14 ਤੋਂ 17 ਸਤੰਬਰ ਤੱਕ ਇੱਕ ਮੁਹਿੰਮ ਚਲਾ ਰਹੀ ਹੈ। ਸ਼ੁਰੂ ਵਿਚ ਲੁਧਿਆਣਾ ਵਿਖੇ 14 ਤੋਂ 17 ਸਤੰਬਰ ਤੱਕ ਚਾਰ ਦਿਨਾਂ ਇਕ ਕੈਂਪ ਲਗਾਇਆ ਗਿਆ ਅਤੇ 15 ਸਤੰਬਰ ਨੂੰ ਖ਼ੁਦ ਰਾਹੁਲ ਗਾਂਧੀ ਨੌਜਵਾਨਾਂ ਨੂੰ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਦੇਣ ਲਈ ਪਹੁੰਚੇ। ਉਨ੍ਹਾਂ ਦੱਸਿਆ ਕਿ ਸ਼ੁਰੂ ਵਿਚ ਇਹ ਪ੍ਰੋਜੈਕਟ ਪੰਜਾਬ ਵਿਚ ਲਾਂਚ ਕੀਤਾ ਗਿਆ ਹੈ ਅਤੇ ਇੱਥੋਂ ਮਿਲਣ ਵਾਲੇ ਹੁੰਗਾਰੇ ਤੋਂ ਬਾਅਦ ਗੁਜਰਾਤ, ਦਮਨ ਤੇ ਦਿਉ ਸਮੇਤ ਦੇਸ਼ ਦੇ ਹੋਰ ਜ਼ਿਲ੍ਹਿਆਂ ਵਿਚ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਇਕ ਵੱਡਾ ਪ੍ਰੋਜੈਕਟ ਹੈ, ਜਿਸ ਅਧੀਨ ਪੰਜਾਬ ਦਾ ਹਰ ਪਿੰਡ ਕਵਰ ਕੀਤਾ ਜਾਵੇਗਾ। ਇਸ ਵਾਸਤੇ ਇਸ ਵਿਚ ਕਾਫੀ ਸਮਾਂ ਵੀ ਲੱਗੇਗਾ। 14 ਤੋਂ ਸ਼ੁਰੂ ਹੋਏ ਇਸ ਕੈਂਪ 'ਚ 15 ਨੂੰ ਰਾਹੁਲ ਗਾਂਧੀ ਲੁਧਿਆਣਾ ਪਹੁੰਚੇ। ਜਦੋਂਕਿ ਬਾਕੀ ਤਿੰਨ ਦਿਨ ਹਰਿਆਣਾ ਤੋਂ ਸਾਂਸਦ ਅਸ਼ੋਕ ਤੰਵਰ, ਤਾਮਿਲਨਾਡੂ ਤੋਂ ਸਾਂਸਦ ਮਾਣੀਕ ਟੈਗੋਰ ਤੇ ਰਾਜਸਥਾਨ ਤੋਂ ਸਾਂਸਦ ਜਿਤੇਂਦਰ ਸਿੰਘ ਨੇ ਟ੍ਰੇਨਿੰਗ ਦਿੱਤੀ। ਇਸ ਚਾਰ ਦਿਨਾਂ ਟ੍ਰੇਨਿੰਗ ਕੈਂਪ 'ਚ ਬਲਾਕ ਪ੍ਰਧਾਨਾਂ, ਜ਼ਿਲ੍ਹਾ ਪ੍ਰਧਾਨਾਂ ਅਤੇ ਪਹਿਲਾਂ ਹੀ ਚੁਣੇ ਜਾ ਚੁੱਕੇ ਵਾਲੰਟੀਅਰਾਂ ਸਮੇਤ 400 ਤੋਂ ਵੱਧ ਨੌਜਵਾਨ ਟ੍ਰੇਨਿੰਗ ਲੈਣ ਲਈ ਪਹੁੰਚੇ। ਇਥੇ ਟਰੇਂਡ ਕੀਤੇ ਗਏ 400 ਨੌਜਵਾਨ ਰਾਜ 'ਚ 2000 ਤੋਂ ਵਧ ਕੈਂਪ ਲਗਾ ਕੇ ਰਾਜ ਦੇ ਹੋਰ ਨੌਜਵਾਨਾਂ ਨੂੰ ਅੱਗੇ ਟ੍ਰੇਨਿੰਗ ਦੇਣਗੇ।

ਉਨ੍ਹਾਂ ਦੱਸਿਆ ਕਿ ਪੰਜਾਬ 'ਚ 12000 ਤੋਂ ਵੱਧ ਪਿੰਡ ਹਨ ਤੇ ਹਰ ਇਕ ਪਿੰਡ 'ਚੋਂ 7 ਤੋਂ 9 ਨੌਜਵਾਨਾਂ ਨੂੰ ਟਰੇਂਡ ਕੀਤਾ ਜਾਵੇਗਾ। ਇਸ ਪ੍ਰੋਜੈਕਟ ਲਈ ਪੰਜਾਬ ਨੂੰ 210 ਬਲਾਕਾਂ 'ਚ ਵੰਡਿਆ ਗਿਆ ਹੈ। ਹਰੇਕ ਬਲਾਕ 'ਚ 70 ਤੋਂ 80 ਪਿੰਡ ਹਨ ਅਤੇ ਹਰ ਬਲਾਕ ਦਾ ਇਕ ਪ੍ਰਧਾਨ ਹੈ। ਪੰਜਾਬ ਦੇ ਸਾਰੇ 24 ਜ਼ਿਲ੍ਹਿਆਂ 'ਚੋਂ ਤਕਰੀਬਨ ਪੰਜ ਤੋਂ ਸੱਤ ਨੌਜਵਾਨਾਂ ਦਾ ਇਕ ਵਫ਼ਦ ਚੁਣਿਆ ਗਿਆ ਹੈ, ਜਿਸ ਦੀ ਅਗਵਾਈ ਇਕ ਜ਼ਿਲ੍ਹਾ ਪ੍ਰਧਾਨ ਵਲੋਂ ਕੀਤੀ ਜਾਵੇਗੀ।

ਸ੍ਰੀ ਬਿੱਟੂ ਨੇ ਦੱਸਿਆ ਕਿ ਟ੍ਰੇਨਿੰਗ ਦੌਰਾਨ ਪੰਜਾਬ ਦੇ ਨੌਜਵਾਨਾਂ ਨੂੰ ਰਾਸ਼ਟਰੀ ਪੇਂਡੂ ਰੁਜ਼ਗਾਰ ਗਾਰੰਟੀ ਐਕਟ (ਨਰੇਗਾ), ਸਰਵ ਸਿਖਿਆ ਮੁਹਿੰਮ ਤੇ ਸੂਚਨਾ ਅਧਿਕਾਰ ਐਕਟ ਵਰਗੇ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।



***ਲੁਧਿਆਣਾ ਰੇਲਵੇ ਸਟੇਸ਼ਨ 'ਤੇ ਰਾਹੁਲ ਦਾ ਸਵਾਗਤ ਕਰਦੇ ਹੋਏ ਯੂਥ ਕਾਂਗਰਸੀ***

**ਲੁਧਿਆਣਾ:** ਕੁਲ ਹਿੰਦ ਕਾਂਗਰਸ ਦੇ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਯੂਥ ਕਾਂਗਰਸ ਦੇ ਕੁੱਝ ਆਗੂਆਂ ਨੂੰ ਇਕ ਮੀਟਿੰਗ ਵਿਚ ਹੁਕਮ ਦਿਤੇ ਕਿ ਉਹ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਾਉਣ ਲਈ ਅਹਿਮ ਭੂਮਿਕਾ ਨਿਭਾਉਣ। ਮੰਗਲਵਾਰ ਫ਼ਿਰੋਜ਼ਪੁਰ ਸੜਕ ਉਤੇ ਵਿਸਲਿਗੋ ਵੁੱਡ ਰੀਜ਼ਾਰਟ ਵਿਚ ਹੋਈ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਯੂਥ ਕਾਂਗਰਸ ਦੇ ਆਗੂਆਂ ਨੇ ਦਸਿਆ ਕਿ ਰਾਹੁਲ ਗਾਂਧੀ ਨੇ ਸਪੱਸ਼ਟ ਕੀਤਾ ਹੈ ਕਿ ਦੇਸ਼ ਵਿਚ ਨੌਜਵਾਨਾਂ ਨੂੰ ਸਿਆਸਤੀ ਤੌਰ 'ਤੇ ਹੋਰ ਮਜ਼ਬੂਤ ਕੀਤਾ ਜਾਵੇਗਾ ਅਤੇ ਕਾਂਗਰਸ ਪਾਰਟੀ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਵਿਚ ਟਿਕਟਾਂ ਦੀ ਵੰਡ ਸਮੇਂ ਨੌਜਵਾਨਾਂ ਨੂੰ ਪਹਿਲ ਦੇਵੇਗੀ। ਰਾਹੁਲ ਗਾਂਧੀ ਨੇ ਪੰਜਾਬ ਭਰ ਦੇ ਜ਼ਿਲ੍ਹਾ ਪ੍ਰਧਾਨਾਂ ਨਾਲ ਆਮੋ-ਸਾਹਮਣੇ ਗੱਲਬਾਤ ਕਰਦਿਆਂ 'ਯੂਵਾ ਦ੍ਰਿਸ਼ਟੀ-2009' ਪ੍ਰੋਗਰਾਮ ਅਧੀਨ ਇਕ ਵਾਰ ਫਿਰ ਯੂਵਾ ਸ਼ਕਤੀ ਨੂੰ ਵਧੇਰੇ ਤਾਕਤਾਂ ਦੇਣ ਦੀ ਪ੍ਰਤੀਬੱਧਤਾ ਪ੍ਰਗਟਾਈ। ਉਨ੍ਹਾਂ ਯੂਥ ਆਗੂਆਂ ਦੀ ਡਿਊਟੀ ਲਗਾਈ ਕਿ ਉਹ ਕੇਂਦਰ ਵਲੋਂ ਪੰਜਾਬ ਨੂੰ ਦਿਤੀਆਂ ਜਾ ਰਹੀਆਂ ਗ੍ਰਾਂਟਾਂ ਦੀ ਸਹੀ ਵਰਤੋਂ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਦੇ ਰਹਿਣ। ਰਾਹੁਲ ਗਾਂਧੀ ਨੇ ਇਸ਼ਾਰਾ ਕੀਤਾ ਕਿ ਵੋਟਾਂ ਰਾਹੀਂ ਚੁਣੇ ਗਏ ਜ਼ਿਲ੍ਹਾ ਪ੍ਰਧਾਨਾਂ ਨੂੰ ਕਾਂਗਰਸ ਪਾਰਟੀ ਵੱਧ ਤੋਂ ਵੱਧ ਸ਼ਕਤੀਆਂ ਦੇਵੇਗੀ। ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਪੰਚਾਇਤ ਤੋਂ ਲੈ ਕੇ ਲੋਕ ਸਭਾ ਚੋਣਾਂ ਵਿਚ ਟਿਕਟਾਂ ਦਿਤੀਆਂ ਜਾਣਗੀਆਂ। ਅਤਿ ਗੁਪਤ ਰੱਖੀ ਗਈ ਮੀਟਿੰਗ ਜਿਸ ਤੋਂ ਮੀਡੀਆ ਨੂੰ ਵੀ ਪੂਰੀ ਤਰ੍ਹਾਂ ਦੂਰ ਰਖਿਆ ਗਿਆ, ਵਿਚ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਅਲਵਰ ਤੋਂ ਸੰਸਦ ਮੈਂਬਰ ਜਤਿੰਦਰ ਸਿੰਘ, ਆਲ ਇੰਡੀਆ ਯੂਵਾ ਪ੍ਰਧਾਨ ਅਸ਼ੋਕ ਤੰਵਰ ਅਤੇ ਸਮੂਹ ਜ਼ਿਲ੍ਹਾ ਪ੍ਰਧਾਨਾਂ ਨੇ ਹਿੱਸਾ ਲਿਆ।

ਜਿਵੇਂ ਹੀ ਰਾਹੁਲ ਗਾਂਧੀ ਰੇਲ ਗੱਡੀ ਰਾਹੀਂ ਲੁਧਿਆਣਾ ਪੁੱਜੇ ਤਾਂ ਰੇਲਵੇ ਸਟੇਸ਼ਨ 'ਰਾਹੁਲ ਗਾਂਧੀ ਜ਼ਿੰਦਾਬਾਦ' ਦੇ ਨਾਹਰਿਆਂ ਨਾਲ ਗੂੰਜ ਉਠਿਆ। ਪੰਜਾਬ ਯੂਥ ਕਾਂਗਰਸ ਕਿਸਾਨ ਸੈੱਲ ਦੇ ਚੇਅਰਮੈਨ ਸੋਨੀ ਗਿੱਲ ਦੀ ਅਗਵਾਈ ਵਿਚ ਯੂਥ ਵਰਕਰਾਂ ਨੇ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ। ਕਾਂਗਰਸੀ ਵਰਕਰਾਂ ਨੇ ਰਾਹੁਲ ਗਾਂਧੀ ਦਾ ਅਪਣੇ ਮੂੰਹਾਂ ਉਤੇ ਮਖੌਟੇ ਪਾ ਕੇ ਸਵਾਗਤ ਕੀਤਾ।

ਰਾਹੁਲ ਗਾਂਧੀ ਦੀ ਫੇਰੀ ਨੂੰ ਗੁਪਤ ਰਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ। ਉਨ੍ਹਾਂ ਨੂੰ ਮੀਡੀਆ ਤੋਂ ਪੂਰੀ ਤਰ੍ਹਾਂ ਦੂਰ ਰਖਿਆ ਗਿਆ। ਪ੍ਰਿੰਟ ਅਤੇ ਬਿਜਲਈ ਮੀਡੀਆ ਦੇ ਕਰਮਚਾਰੀਆਂ ਨੂੰ ਰਾਹੁਲ ਦੇ ਨੇੜੇ-ਤੇੜੇ ਵੀ ਫਟਕਣ ਵੀ ਨਾ ਦਿਤਾ ਗਿਆ। ਰੇਲਵੇ ਸਟੇਸ਼ਟ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਠੇ ਹੋਏ ਕਈ ਕਾਂਗਰਸੀ ਵੀ ਰਾਹੁਲ ਦੀ ਇਕ ਝਲਕ ਪਾਉਣ ਲਈ ਤਰਸਦੇ ਰਹੇ।

ਰਾਹੁਲ ਗਾਂਧੀ ਦੀ ਸੁਰੱਖਿਆ ਦੇ ਬੇਹੱਦ ਸਖ਼ਤ ਇੰਤਜ਼ਾਮ ਕੀਤੇ ਗਏ ਅਤੇ ਰੇਲਵੇ ਸਟੇਸ਼ਨ ਤੋਂ ਲੈ ਕੇ ਪੈਲੇਸ ਤਕ ਕਿਸੇ ਵੀ ਆਗੂ ਜਾਂ ਵਰਕਰ ਨੂੰ ਉਨ੍ਹਾਂ ਦੇ ਨੇੜੇ ਨਾ ਜਾਣ ਦਿਤਾ। ਨਵੇਂ ਕਾਂਗਰਸੀ ਆਗੂ ਹੀ ਰਾਹੁਲ ਦੀ ਆਉ ਭਗਤ ਵਿਚ ਲੱਗੇ ਰਹੇ ਜਦਕਿ ਪੁਰਾਣੇ ਕਾਂਗਰਸੀਆਂ ਨੂੰ ਉਨ੍ਹਾਂ ਨਾਲ ਕੋਈ ਮੁਲਾਕਾਤ ਨਾ ਕਰਨ ਦਿਤੀ ਗਈ। ਦੂਜੇ ਪਾਸੇ ਰਾਹੁਲ ਦੀ ਫੇਰੀ ਨਾਲ ਰੇਲਵੇ ਸਟੇਸ਼ਨ ਦੀ ਕਿਸਮਤ ਵੀ ਬਦਲੀ ਹੋਈ ਵਿਖਾਈ ਦਿਤੀ। ਰੇਲਵੇ ਸਟੇਸ਼ਨ ਨੂੰ ਪੂਰੀ ਤਰ੍ਹਾਂ ਸਾਫ਼ ਕੀਤਾ ਗਿਆ। ਜਿਸ ਸਮੇਂ ਰਾਹੁਲ ਰੇਲਵੇ ਸਟੇਸ਼ਨ ਤੋਂ ਰਵਾਨਾ ਹੋ ਰਹੇ ਸਨ ਤਾਂ ਹੋਰਨਾਂ ਵਾਹਨਾਂ ਵਾਲਿਆਂ ਨੂੰ ਲੰਮੀਆਂ-ਲੰਮੀਆਂ ਲਾਈਨਾਂ ਵਿਚ ਖੜਾ ਹੋਣਾ ਪਿਆ। ਰਾਹੁਲ ਦਾ ਸਵਾਗਤ ਕਰਨ ਵਾਲਿਆਂ ਵਿਚ ਹੋਰਨਾਂ ਤੋਂ ਇਲਾਵਾ ਦੀਪਾ ਗਿੱਲ, ਕਿਰਨਪ੍ਰੀਤ ਸਿੰਘ ਜਵੰਦਾ, ਗੁਰਤੇਜ ਸਿੰਘ, ਹਰਜਿੰਦਰ ਸਿੰਘ, ਮੋਤੀ ਸਾਹਨੇਵਾਲ, ਬੱਬੂ ਗਿੱਲ, ਰੁਪਿੰਦਰ ਦੁਗਰੀ, ਸੰਦੀਪ ਧਾਲੀਵਾਲ ਅਤੇ ਤੇਜ ਦੁਗਰੀ ਵਿਸ਼ੇਸ਼ ਤੌਰ ਸ਼ਾਮਲ ਰਹੇ।

## ਰੰਗੀਨ ਮਿਜਾਜ਼ ਪਾਇਲਟ ਨੇ ਸੁਖਬੀਰ ਬਾਦਲ ਦੀ ਜਾਨ ਖ਼ਤਰੇ 'ਚ ਪਾਈ

**ਚੰਡੀਗੜ੍ਹ:** ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਹੈਲੀਕਾਪਟਰ ਦੀ ਐਮਰਜੈਂਸੀ ਲੈਂਡਿੰਗ ਦੇ ਮਾਮਲੇ ਨੇ ਲੰਘੀ 11 ਸਤੰਬਰ ਨੂੰ ਉਸ ਸਮੇਂ ਨਵਾਂ ਮੋੜ ਲਿਆ ਜਦੋਂ ਹਾਦਸੇ ਦੀ ਜਾਂਚ ਬਾਰੇ ਆਈਆਂ ਰੀਪੋਰਟਾਂ ਵਿਚ ਦਾਅਵਾ ਕੀਤਾ ਗਿਆ ਕਿ ਪਾਇਲਟ ਕਿਸੇ ਮਾਹਰ ਸਹਿਯੋਗੀ ਪਾਇਲਟ ਦੀ ਥਾਂ ਅਪਣੀ ਪ੍ਰੇਮਿਕਾ ਨੂੰ ਨਾਲ ਲੈ ਕੇ ਹੈਲੀਕਾਪਟਰ ਉਡਾ ਰਿਹਾ ਸੀ। ਇਹੀ ਨਹੀਂ ਪਾਇਲਟ ਦੀ ਮਹਿਲਾ ਮਿੱਤਰ ਕੋਲ ਜਾਇਜ਼ ਲਾਇਸੈਂਸ ਵੀ ਨਹੀਂ ਸੀ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਘਟਨਾ ਨੂੰ ਸੁਰੱਖਿਆ ਦੇ ਮਾਮਲੇ ਵਿਚ ਵੱਡੀ ਭੁਲ ਦਸਦਿਆਂ ਕਿਹਾ ਕਿ ਹੈਲੀਕਾਪਟਰ ਕਿਰਾਏ 'ਤੇ ਦੇਣ ਵਾਲੀ ਕੰਪਨੀ ਅਤੇ ਪਾਇਲਟ ਵਿਰੁਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਚੇਤੇ ਰਹੇ ਕਿ ਦਿੱਲੀ ਤੋਂ ਉਡਾਣ ਭਰਨ ਤੋਂ ਬਾਅਦ ਸੁਖਬੀਰ ਬਾਦਲ ਦੇ ਹੈਲੀਕਾਪਟਰ ਨੂੰ ਜਲਾਲਾਬਾਦ ਵਿਖੇ ਹੰਗਾਮੀ ਹਾਲਾਤ ਵਿਚ ਉਤਾਰਨਾ ਪਿਆ ਸੀ। ਉਸ ਵੇਲੇ ਇਸ ਦਾ ਕਾਰਨ ਹੈਲੀਕਾਪਟਰ ਵਿਚ ਤਕਨੀਕੀ ਖ਼ਰਾਬੀ ਦਾ ਆਉਣਾ ਦਸਿਆ ਗਿਆ ਸੀ। ਪੰਜਾਬ ਸਰਕਾਰ ਨੇ ਮਾਮਲੇ ਦੀ ਜਾਂਚ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ ਨੂੰ ਸੌਂਪੀ ਸੀ।

ਸੂਤਰਾਂ ਅਨੁਸਾਰ ਪਾਇਲਟ ਦੀ ਪ੍ਰੇਮਿਕਾ ਦੀ ਲਾਪਰਵਾਹੀ ਕਾਰਨ ਹੀ ਹੈਲੀਕਾਪਟਰ ਨੂੰ ਹੰਗਾਮੀ ਹਾਲਾਤ ਵਿਚ ਉਤਾਰਨਾ ਪਿਆ। ਰੀਪੋਰਟ ਦੇ ਸਾਹਮਣੇ ਆਉਣ ਮਗਰੋਂ ਸੁਖਬੀਰ ਬਾਦਲ ਦੀ ਸੁਰੱਖਿਆ ਲਈ ਜ਼ਿੰਮੇਵਾਰੀ ਉਚ ਅਧਿਕਾਰੀਆਂ 'ਤੇ ਵੀ ਨਜ਼ਲਾ ਡਿਗਣ ਦੀ ਸੰਭਾਵਨਾ ਹੈ ਕਿਉਂਕਿ ਉਨ੍ਹਾਂ ਨੇ ਵੀ ਅਪਣੀ ਜ਼ੁੰਮੇਵਾਰੀ ਵਿਚ ਕੁਤਾਹੀ ਵਰਤੀ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਕਿਹਾ ਕਿ ਕਿਰਾਏ 'ਤੇ ਲਏ ਹੈਲੀਕਾਪਟਰ ਦੇ ਪਾਇਲਟ ਵਲੋਂ ਅਪਣੇ ਪ੍ਰੇਮਿਕਾ ਨੂੰ ਸਹਿਯੋਗੀ ਪਾਇਲਟ ਦੀ ਥਾਂ ਬਿਠਾਉਣ ਦੇ ਮਾਮਲੇ ਦੀ ਜਾਂਚ ਕੀਤੀ ਜਾਵੇਗੀ। ਪੰਜਾਬ ਸਰਕਾਰ ਨੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਜਨਰਲ ਨੂੰ ਏਅਰ ਲਾਈਨ ਕੰਪਨੀ ਵਿਰੁਧ ਕਾਰਵਾਈ ਕਰਨ ਲਈ ਆਖਿਆ ਹੈ।

## ਅਦਾਲਤ ਵਲੋਂ ਪਲਿਸ ਮੁਲਾਜ਼ਮਾਂ ਦੀਆਂ ਤਰੱਕੀਆਂ ਵਾਪਸ ਲੈਣ ਦੀ ਹਦਾਇਤ

**ਪਟਿਆਲਾ** :ਪਿਛਲੇ ਸਮੇਂ ਦੌਰਾਨ ਪੰਜਾਬ ਪੁਲਿਸ ਵਿਚ ਹੋਈ ਖਿਡਾਰੀਆਂ ਦੀਆਂ ਭਰਤੀ ਅਤੇ ਉਨ੍ਹਾਂ ਦੀਆਂ ਪ੍ਰਮੋਸ਼ਨਾਂ ਵਿਚ ਹੋਏ ਮਹਾਘੋਟਾਲੇ ਦਾ ਮਾਮਲਾ ਲਗਾਤਾਰ ਤੂਲ ਫੜਦਾ ਜਾ ਰਿਹਾ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਵੀ ਉਕਤ ਪ੍ਰਮੋਸ਼ਨ ਘੋਟਾਲੇ ਦਾ ਸਖਤ ਨੋਟਿਸ ਲੈਂਦਿਆਂ ਪੰਜਾਬ ਪੁਲਸ ਦੇ ਉੱਚ ਅਧਿਕਾਰੀਆਂ ਅਤੇ ਗ੍ਰਹਿ ਵਿਭਾਗ ਨੂੰ ਕਟਹਿਰੇ ਵਿਚ ਲਿਆ ਖੜ੍ਹਾ ਕੀਤਾ ਹੈ। ਇਸਦੇ ਨਾਲ ਹੀ ਅਦਾਲਤ ਨੇ ਚੋਰ ਮੋਰੀਆਂ ਰਾਹੀਂ ਪ੍ਰੋਮੋਸ਼ਨਾਂ ਹਾਸਲ ਕਰਨ ਵਾਲੇ ਅਜਿਹੇ ਸੈਂਕੜੇ ਹੀ ਪੁਲਿਸ ਅਧਿਕਾਰੀਆਂ ਨੂੰ ਰਿਵਰਟ ਕਰਨ ਦੇ ਹੁਕਮਾਂ 'ਤੇ ਮੋਹਰ ਲਗਾ ਕੇ ਪੁਲਸ ਵਿਭਾਗ ਵਿਚ ਤਹਿਲਕਾ ਮਚਾ ਕੇ ਰੱਖ ਦਿੱਤਾ ਹੈ। ਜਾਣਕਾਰੀ ਅਨੁਸਾਰ ਉਕਤ ਮਾਮਲੇ ਨੂੰ ਲੈ ਕੇ ਸਾਲ 1997 ਵਿਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਇਕ ਰਿੱਟ ਪਟੀਸ਼ਨ ਨੰਬਰ 13788 ਦਾਇਰ ਕੀਤੀ ਗਈ ਸੀ। ਹਾਈਕੋਰਟ ਦੇ ਡਬਲ ਬੈਂਚ ਨੇ 1998 'ਚ ਉਕਤ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਅਜਿਹੀਆਂ ਤਰੱਕੀਆਂ ਦਾ ਆਨੰਦ ਮਾਨਣ ਵਾਲੇ ਤਮਾਮ ਅਧਿਕਾਰੀਆਂ ਨੂੰ ਰਿਵਰਟ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਜਦੋਂ 10 ਸਾਲ ਬਾਅਦ ਵੀ ਸਰਕਾਰ ਨੇ ਅਦਾਲਤੀ ਫ਼ੈਸਲੇ ਦੀ ਪਰਵਾਹ ਨਹੀਂ ਕੀਤੀ ਤਾਂ ਸਾਲ 2008 ਪ੍ਰਭਾਵਿਤ ਪੁਲਸ ਕਰਮਚਾਰੀਆਂ ਨੇ ਇਕ ਵਾਰ ਮੁੜ ਅਦਾਲਤ ਦਾ ਦਰਵਾਜਾ ਖੜਕਾਉਂਦਿਆਂ ਮੁੜ ਰਿਟ ਦਾਇਰ ਕਰ ਦਿੱਤੀ। 30 ਜੁਲਾਈ, 2009 ਨੂੰ ਅਦਾਲਤ ਨੇ ਆਪਣਾ ਫ਼ੈਸਲਾ ਦਿੰਦਿਆਂ 1998 ਦੇ ਫ਼ੈਸਲੇ 'ਤੇ ਆਪਣੀ ਮੋਹਰ ਲਾ ਦਿੱਤੀ ਹੈ।


ਅਦਾਲਤੀ ਹੁਕਮਾਂ ਅਨੁਸਾਰ ਪੰਜਾਬ ਪੁਲਸ ਨੇ 10 ਸਤੰਬਰ, 2009 ਤੱਕ ਰਿਵਰਸ਼ਨ ਦਾ ਕੰਮ ਮੁਕੰਮਲ ਕਰਕੇ ਆਪਣੀ ਰਿਪੋਰਟ ਪੇਸ਼ ਕਰਨੀ ਸੀ। ਪਰ ਪੰਜਾਬ ਪੁਲਸ ਨੇ ਅਜੇ ਤੱਕ ਅਜਿਹੀ ਕੋਈ ਵੀ ਰਿਪੋਰਟ ਅਦਾਲਤ ਵਿਚ ਪੇਸ਼ ਨਹੀਂ ਕੀਤੀ। ਉਕਤ ਮਾਮਲੇ ਦੀ ਅਗਲੀ ਸੁਣਵਾਈ ਹੁਣ 23 ਸਤੰਬਰ, 2009 ਲਈ ਰਾਖਵੀਂ ਰੱਖ ਲਈ ਹੈ। ਯਾਦ ਰਹੇ ਸਾਬਕਾ ਡੀ.ਜੀ.ਪੀ.ਆਰ.ਐੱਸ. ਗਿੱਲ ਅਤੇ ਭੁੱਲਰ ਦੇ ਕਾਰਜ ਕਾਲ ਦੇ ਦੌਰਾਨ ਪੰਜਾਬ ਪੁਲਿਸ ਵਿਚ ਸੈਂਕੜਿਆਂ ਦੀ ਤਾਦਾਦ ਵਿਚ ਸਿਪਾਹੀ ਖਿਡਾਰੀਆਂ ਦੀ ਭਰਤੀ ਕੀਤੀ ਗਈ ਸੀ । ਸੂਤਰਾਂ ਅਨੁਸਾਰ ਭਰਤੀ ਕੀਤੇ ਗਏ ਖਿਡਾਰੀਆਂ ਵਿਚੋਂ ਬਹੁਤੇ ਪੁਲਸ ਅਧਿਕਾਰੀਆਂ ਦੇ ਕਰੀਬੀ ਸਨ ਜਾਂ ਫ਼ਿਰ ਉਨ੍ਹਾਂ ਦੇ ਚਹੇਤੇ ਸਨ।

ਸੂਤਰਾਂ ਅਨੁਸਾਰ ਭਰਤੀ ਹੋਏ ਕਈ ਮੁਲਾਜ਼ਮਾਂ ਦੀ ਉਮਰ ਭਰਤੀ ਵੇਲੇ 17 ਸਾਲਾਂ ਤੋਂ ਵੀ ਘੱਟ ਸੀ। ਇਥੇ ਹੀ ਬਸ ਨਹੀਂ ਇਸ ਤਰੀਕੇ ਨਾਲ ਭਰਤੀ ਕੀਤੇ ਗਏ ਸਿਪਾਹੀਆਂ 'ਚੋਂ ਕਈਆਂ ਨੂੰ ਤਾਂ ਰਾਤੋ-ਰਾਤ ਸੀ-2 ਅਤੇ ਸੀ-2 ਤੋਂ ਹੌਲਦਾਰ ਬਣਾ ਦਿੱਤਾ ਗਿਆ। ਉੱਚ ਅਧਿਕਾਰੀਆਂ ਦੀਆਂ ਮਿਹਰਬਾਨੀਆਂ ਸਦਕਾ ਮਹਿਜ 17-18 ਸਾਲ ਬਾਅਦ ਹੀ ਇਨ੍ਹਾਂ ਸਿਪਾਹੀਆਂ ਵਿਚੋਂ ਕਈਆਂ ਦੇ ਮੋਢਿਆਂ 'ਤੇ ਦੋ-ਦੋ ਅਤੇ ਤਿੰਨ-ਤਿੰਨ ਸਟਾਰ ਚਮਕ ਗਏ ਅਤੇ ਕਈ ਤਾਂ ਅਜਿਹੇ ਹਨ ਜੋ ਅੱਜ ਡੀ.ਐੱਸ.ਪੀ. ਬਣੇ ਬੈਠੇ ਹਨ। ਸੂਤਰਾਂ ਅਨੁਸਾਰ ਇਨ੍ਹਾਂ ਖਿਡਾਰੀਆਂ ਵਿਚੋਂ ਕਈ ਤਾਂ ਅਜਿਹੀਆਂ ਖੇਡਾਂ ਵਿਚ ਤਮਗੇ ਲੈਂਦੇ ਰਹੇ ਹਨ ਜਿਨ੍ਹਾਂ ਦੀ ਕੋਈ ਮਾਨਤਾ ਹੀ ਨਹੀਂ। ਦੂਜੇ ਪਾਸੇ ਪੰਜਾਬ ਪੁਲਿਸ ਵਿਚ ਹਜ਼ਾਰਾਂ ਅਜਿਹੇ ਕਰਮਚਾਰੀ ਹਨ ਜੋ ਭਰਤੀ ਤੋਂ 25-25 ਸਾਲ ਬਾਅਦ ਵੀ ਹੌਲਦਾਰ ਦੇ ਹੌਲਦਾਰ ਹੀ ਹਨ ਅਤੇ ਆਪਣੇ ਜੂਨੀਅਰਾਂ ਨੂੰ ਸਲੂਟ ਮਾਰਨ ਲਈ ਮਜਬੂਰ ਹਨ। ਹੁਕਮਾਂ ਦੇ ਤਹਿਤ ਸਪੋਰਟਸ ਕੋਟੇ ਵਿਚ ਤਰੱਕੀਆਂ ਲੈਣ ਵਾਲੇ 42 ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।


**R K** Carpet & Flooring, Inc.

6346 N. Claremont Ave. Chicago, IL 60659

ਵਾਜ਼ਬ ਭਾਅ, ਭਰੋਸੇਯੋਗ ਸਰਵਿਸ



*Commercial *Installation
*Residential *Cleaning
*Industrial *Repair
*Sales

Ravinder Singh Ravi

Ph:773-761-6888

Fax:773-761-6865

**Desi Bazar**

Now Proudly Serving You At Two Locations

916 E. Main Street #118, Greenwood, IN, 46143
Tel: 317-888-2040
Fax: 317-888-2050

6663 W Washington St Indianapolis, IN 46231
Tel: 317-247-7240
Fax: 317-247-7250

We specialize in all kind of Indian Groceries and Sweets

• FRESH VEGETABLES EVERY THURSDAY
• FRESH GOAT MEAT

10% off on all Gurudwara supplies and Religious programs!!

We Are Open 7 Days a Week

ਖੁੱਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ


## ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥
## ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥੧॥

**They lie, (tantamount to) they eat dead bodies. (Then) they go and preach others. They are (not only) deceiving themselves, (but also getting their) companions deceived. Nanak, this is the state of leadership.**

# SANGAT KIRTAN DISRUPTED AND POLICE CALLED IN PALATINE GURDWARA ON 9/5/2009

"Grown-ups are stupid", commented one of the kids when asked about the episode in Palatine Gurdwara on September 5, 2009 ( 3-5pm ). A lock on the door leading to the school area said it all. Mahantic-SRS-management reacted to the pre-announced Sangat's Kirtan program by locking off the access to the school lobby. This lobby had been used by the Sangat on last few occasions, especially since the main hall had been made unavailable under one pretext or another.

With school lobby locked and high audio level in the Langar hall the SRS Mahants and their entourage were now all prepared for their amusement as they positioned themselves strategically in the Langar hall, or peeked above a newspaper. As kids poured in with their musical instruments their anticipatory smiles faded away from their innocent faces and showed up on the faces of expecting Mahants. This was just the beginning.



Sangat members decided to sit in the west entrance lobby. Simran was started by one child, as Mahants and their accomplices followed the Sangat and started to have loud arguments with some adults near shoe-racks area entrance. Then they poured into the west lobby where Sangat had already started their Kirtan program and interrupted it from proceeding any further. A clip of the video can be watched on www.sikhsangatchicago.org

SRS Mahants and their cohorts tried all the best to incite escalation verbally and in body language. Sangat members ignored verbal and physical taunts of the Mahants and recorded/ photographed what was happening all around. It was also said by one Mahantic-cohort that if Bhai Mohinder Singh does Kirtan in the Gurdwara then he'll be physically lifted and thrown out of the Gurdwara ("ਜੇ ਭਾਈ ਨੇ ਗੁਰਦਵਾਰੇ ਵਿਚ ਕੀਰਤਨ ਕੀਤਾ ਤਾਂ ਭਾਈ ਨੂੰ ਚੁੱਕ ਕੇ ਗੁਰਦਵਾਰੇ ਤੋਂ ਬਾਹਰ ਸੁੱਟ ਦਿੱਤਾ ਜਾਵੇਗਾ।"). Secretary of the Mahantic-SRS-management, Jatinder Singh Grewal, verbally taunted one Sangat member by saying, if he wanted to drink? ("ਘੁੱਟ-ਘੁੱਟ ਸ਼ਰਾਬ ਪੀਣੀ ਏ?"). Jatinder Singh Grewal also demonstrated his prowess, in the Gurdwara and in front of the kids, with the obscene middle finger gesture (pictured). This was additionally witnessed by several adults and later mentioned by kids too! Sangat gave up on having proper environment for the Kirtan and proceeded to the Langar for snacks arranged by one of the families.

Around 3:50pm, principal SRS-Mahants (President & Secretary) and some cohorts surrounded one Sangat member with the camera and started intimidating him to delete the pictures in "next four minutes or they'll call the police". Other Sangat members learned of this going on in the central entrance lobby and refused to delete the collected evidence of Mahantic behavior. Mahants and their cohorts were told that they were free to call the police – which they eventually did. Palatine Police sergeant arrived outside the Gurdwara around 4:15pm and advised the management that the police cannot ask members to delete the pictures.

"Oh-but we did not follow the proper process to fill the forms, pay fee, and get permission from the management". Such an excuse or something on similar lines is what one would hear from this management. In the end it is exactly that – just an excuse, and here is why:

- As mentioned in previous Sangat updates the management refused to accept the application on July 5, 2009
- No other similar programs (Sukhmani Sahib paath etc.) have required such a process.
- When Mrs. Amarjit Kaur Atwal (SRS Board member) was asked on 9/5/09 that if she has filled such an application and paid appropriate fee for her own Kirtan program on the calendar ( 7/11/09 , 3-5pm ). Her response was that, "I am not answerable to you".

With respect to the last point above, the Palatine Gurdwara management needs to be aware that according to SRS constitution Article X1, 3: "Any member of the Society is entitled to check the account at any time". In the end this really does not mean anything to this management in light of past gross constitutional violations – and the reason why the present management has long shed its fake Panthic shell and emerged as Mahantic dera management.

The bottom line is that the SRS-Mahants are acting upon their personal hatred against Bhai Mohinder Singh ji. Their vitriolic outpouring has penetrated through thickest walls of process/legality camouflage that these Mahants created to fool the Sangat – and continue to drag everyone in the process through that much that has oozed out; irrespective of consequences.

We know that this environment can be called anything but the Gurdwara. SANGAT IS ALL SUPREME! It is the duty of each and every SRS member to not tolerate this mockery of a religious institution for even one more day.

**Sikh Sangat Chicago**

**www.sikhsangatchicago.org**

Advt.

# ਮਾਨਾਂ ਨੂੰ ਕਿਉਂ ਨਹੀਂ ਯਾਦ ਆਉਂਦੀ 'ਕਿਸਾਨਾਂ' ਦੀ

**-ਸਵਰਨ ਸਿੰਘ ਟਹਿਣਾ***

ਗੁਰਦਾਸ ਮਾਨ ਤੋਂ ਲੈ ਕੇ ਪੰਜਾਬ ਦੇ 'ਬੀ' ਅਤੇ 'ਸੀ' ਗ੍ਰੇਡ ਤੱਕ ਦੇ ਬਹੁਗਿਣਤੀ ਕਲਾਕਾਰ ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਫ਼ਿਲਮ ਨਿਰਮਾਣ ਦੇ ਖੱਪੇ ਨੂੰ ਭਰਨ ਦੀਆਂ ਕੋਸ਼ਿਸ਼ਾਂ 'ਚ ਲੱਗੇ ਹੋਏ ਹਨ। ਗੁਰਦਾਸ ਤਾਂ ਚਲੋ ਹੈ ਹੀ 'ਗੁਰੂਆਂ ਦਾ ਦਾਸ', ਉਸ ਤੋਂ ਤਾਂ ਚੰਗੇ ਦੀ ਉਮੀਦ ਕਰਨੀ ਹਰ ਪੰਜਾਬੀ ਦਾ ਹੱਕ ਵੀ ਬਣਦਾ ਹੈ, ਪਰ ਉਸ ਤੋਂ ਬਾਅਦ ਜਿੰਨੇ ਕੁ ਨਾਂਵਾਂ ਨੇ ਪੰਜਾਬੀ ਫ਼ਿਲਮਾਂ ਵਲ ਉਡਾਰੀ ਭਰੀ, ਸਭ ਨੇ ਆਪੋ-ਆਪਣੀ ਅਕਲ ਅਤੇ ਵਿਤ ਮੁਤਾਬਕ ਪੰਜਾਬੀ ਫ਼ਿਲਮਾਂ 'ਚ ਬਣਦਾ-ਸਰਦਾ ਯੋਗਦਾਨ ਪਾਇਆ। ਪੰਜਾਬੀ ਸਿਨੇਮੇ ਦੀ ਨੁਹਾਰ ਬਦਲਣ ਦੀਆਂ ਕੋਸ਼ਿਸ਼ਾਂ ਜਾਰੀ ਵੀ ਹਨ ਅਤੇ ਇਨ੍ਹਾਂ ਨੂੰ ਜਾਰੀ ਰੱਖਣ ਦਾ ਵਾਅਦਾ ਵੀ ਕੀਤਾ ਜਾ ਰਿਹਾ ਹੈ। ਗੁਰਦਾਸ ਤੋਂ ਬਾਅਦ ਹਰਭਜਨ ਮਾਨ ਨੇ ਉਸ ਵੇਲੇ ਪੰਜਾਬੀ ਫ਼ਿਲਮਾਂ ਵਲ ਮੋੜ ਕੱਟਿਆ, ਜਦੋਂ ਉਸ ਨੂੰ ਜਾਪਣ ਲੱਗਾ ਕਿ ਕੈਸਿਟ



ਕਲਚਰ ਦਾ ਹਾਲ 'ਉਜੜੇ ਬਾਗ਼ਾਂ ਦੇ ਗਾਲ੍ਹੜ ਪਟਵਾਰੀ' ਵਾਲਾ ਬਣ ਚੁੱਕਾ ਹੈ। ਇਹ ਹਰਭਜਨ ਦੀ ਸਿਆਣਪ ਸੀ ਕਿ ਉਸ ਨੇ ਹੀਰੋ ਬਣਨ ਦਾ ਰਾਹ ਚੁਣ ਲਿਆ ਤੇ ਜੇ ਉਹ ਇਸ ਪਾਸੇ ਨਾ ਆਉਂਦਾ ਤੇ ਚੱਲਦੇ ਹਾਲਾਤਾਂ ਮੁਤਾਬਕ ਉਸਦੀਆਂ ਦੋ-ਤਿੰਨ ਕੈਸਿਟਾਂ ਠੰਢੀਆਂ-ਮੱਠੀਆਂ ਰਹਿ ਜਾਂਦੀਆਂ ਤਾਂ ਉਸ ਦੀ ਬਣੀ-ਬਣਾਈ ਖਿੱਚ ਤਿੱਤਰ ਹੋ ਜਾਣੀ ਸੀ। ਹਰਭਜਨ ਨੇ 'ਜੀ ਆਇਆਂ ਨੂੰ' ਫ਼ਿਲਮ ਕੀਤੀ ਤੇ ਪੰਜਾਬੀ ਸਿਨੇਮਾ ਪ੍ਰੇਮੀਆਂ ਨੇ ਵੀ ਉਸ ਨੂੰ ਜੀ ਆਇਆਂ ਕਹਿ ਦਿੱਤਾ। ਬਾਅਦ 'ਚ 'ਜਗ ਜਿਉਂਦਿਆਂ ਦੇ ਮੇਲੇ' ਤੱਕ ਉਹ ਆਪਣੀ ਪਾਰੀ ਸਫ਼ਲਤਾ ਪੂਰਵਕ ਖੇਡਦਾ ਰਿਹਾ ਤੇ ਆਉਣ ਵਾਲੀ ਫ਼ਿਲਮ 'ਹੀਰ ਰਾਂਝਾ' ਜ਼ਰੀਏ ਵੀ ਉਸ ਦੀ ਸੈਂਚਰੀ ਬਣਾਉਣ ਦੀ ਕੋਸ਼ਿਸ਼ ਜਾਰੀ ਹੈ।

ਪੰਜਾਬੀ ਫ਼ਿਲਮਾਂ ਧੜਾਧੜ ਬਣ ਰਹੀਆਂ ਨੇ, ਇਹ ਖ਼ੁਸ਼ੀ ਦੀ ਗੱਲ ਹੈ। ਖ਼ੁਸ਼ੀ ਹੋਵੇ ਵੀ ਕਿਉਂ ਨਾ ਜਨਾਬ ਬਿਸਮਿਲ ਫ਼ਰੀਦਕੋਟ ਦੀ ਰੁਬਾਈ, 'ਗੰਜੀ ਨੂੰ ਵੀ ਕੰਘੀ ਦਾ ਖਿਆਲ ਆਇਆ ਏ' ਬਿਲਕੁਲ ਸੱਚ ਹੋਣ ਲੱਗੀ ਹੈ। ਪਰ ਇਨ੍ਹਾਂ ਫ਼ਿਲਮਾਂ ਦੇ ਵਿਸ਼ਿਆਂ ਅਤੇ ਅਦਾਕਾਰਾਂ ਦੀ ਗੱਲ ਤੋਰਨ ਤੋਂ ਪਹਿਲਾਂ ਪਿਛਲੇ ਦਿਨੀਂ ਰਿਲੀਜ਼ ਹੋਈ ਫ਼ਿਲਮ 'ਕਿਸਾਨ' ਦੀ ਗੱਲ ਕਰਨੀ ਚਾਹਾਂਗੇ। ਸਾਡੀ ਜਾਚੇ ਜਿਸ ਨੇ 'ਕਿਸਾਨ' ਫ਼ਿਲਮ ਨਹੀਂ ਦੇਖੀ, ਉਸ ਨੂੰ ਸੁਨਹਿਰੀ ਪਰਦੇ ਦਾ ਪ੍ਰਸ਼ੰਸਕ ਹੋਣ ਦਾ ਭਰਮ ਨਹੀਂ ਪਾਲਣਾ ਚਾਹੀਦਾ। ਸੁਹੇਲ ਖ਼ਾਨ ਦੀ ਅਗਵਾਈ 'ਚ ਬਣੀ ਇਸ ਫ਼ਿਲਮ ਦਾ ਪ੍ਰਚਾਰ ਭਾਵੇਂ ਹਿੰਦੀ ਫ਼ਿਲਮਾਂ ਵਾਂਗ ਕੀਤਾ ਗਿਆ ਹੈ, ਪਰ ਖ਼ੁਸ਼ੀ ਦੀ ਗੱਲ ਹੈ ਕਿ ਫ਼ਿਲਮ ਵਿਚਲੇ ਸੱਤਰ ਫ਼ੀਸਦੀ ਸੰਵਾਦ ਪੰਜਾਬੀ ਵਿਚ ਹਨ। ਪੂਰੀ ਫ਼ਿਲਮ ਦੀ ਸ਼ੂਟਿੰਗ ਪੰਜਾਬ ਦੇ ਪਿੰਡਾਂ ਤੇ ਖੇਤਾਂ 'ਚ ਕੀਤੀ ਗਈ ਹੈ। ਬਲਦਾਂ ਗਲ ਟੱਲੀਆਂ ਖੜਕਣ, ਕਹੀਆਂ ਦੀ ਅਵਾਜ਼, ਮਿੰਨੀ ਬੱਸਾਂ ਦੀ ਪਾਂ..ਪਾਂ.., ਵਾਣ ਦੇ ਮੰਜੇ ਅਤੇ ਦੁੱਧ-ਲੱਸੀ ਦੀਆਂ ਗੱਲਾਂ ਅਤੀਤ ਦਾ ਮਿੱਠਾ-ਮਿੱਠਾ ਚੇਤਾ ਕਰਾ ਦਿੰਦੀਆਂ ਹਨ। ਕਲਾਕਾਰਾਂ ਨੇ ਪੰਜਾਬੀ ਬੋਲਣ ਤੇ ਪੰਜਾਬੀਅਤ ਦਿਖਾਉਣ ਦੇ ਨਾਲ-ਨਾਲ ਧਰਤੀ ਮਾਂ ਪ੍ਰਤੀ ਜਿਹੜਾ ਮੋਹ ਦਿਖਾਇਆ ਹੈ, ਉਹ ਸੂਖਮ ਭਾਵਾਂ ਵਾਲੇ ਦਰਸ਼ਕਾਂ ਦੀਆਂ ਅੱਖਾਂ 'ਚ ਪਾਣੀ ਲੈ ਆਉਂਦਾ ਹੈ।

ਫ਼ਿਲਮ ਦੀ ਕਹਾਣੀ ਪੰਜਾਬ ਦੇ ਕਿਸਾਨਾਂ ਦੀ ਜ਼ਿੰਦਗੀ 'ਤੇ ਅਧਾਰਤ ਹੈ। ਖੇਤੀਬਾੜੀ ਕਰਕੇ ਪੇਟ ਪਾਲਣ ਵਾਲਿਆਂ ਦੀ ਜ਼ਮੀਨ ਸੁੰਦਰ ਸੇਠ ਸਧਾਰਨ ਮੁੱਲ ਤੋਂ ਵਧ ਪੈਸੇ ਦੇ ਕੇ ਹਥਿਆਉਣੀ ਚਾਹੁੰਦਾ ਹੈ, ਕਿਉਂਕਿ ਉਹ ਉਥੇ ਆਪਣਾ ਕਾਰਖਾਨਾ ਲਾਉਣਾ ਚਾਹੁੰਦਾ ਹੈ। ਅੱਧਾ ਪਿੰਡ ਸੇਠ ਦੇ ਪੈਸਿਆਂ ਦੇ ਲਾਲਚ 'ਚ ਆ ਜਾਂਦਾ ਹੈ ਤੇ ਅੱਧਾ ਜ਼ਮੀਨ ਵੇਚਣ ਨੂੰ ਮਾਂ ਵੇਚਣ ਬਰਾਬਰ ਸਮਝਦਾ ਹੈ। ਪੰਚਾਇਤੀ ਮੀਟਿੰਗ ਵਿਚ ਜਿਹੜਾ ਕਿਸਾਨ ਉਸ ਨੂੰ ਜ਼ਮੀਨ ਦੇਣੋਂ ਨਾਂਹ ਕਰਦਾ ਹੈ, ਰਾਤ ਨੂੰ ਉਸ ਦੇ ਪਾਲੇ ਹੋਏ ਨਿਰਮਲ ਵਰਗੇ ਕੌਲੀ ਚੱਟ ਬਦਮਾਸ਼ ਮਾਰ ਦਿੰਦੇ ਹਨ ਤੇ ਅਗਲੇ ਦਿਨ ਅਖ਼ਬਾਰਾਂ 'ਚ ਖ਼ਬਰਾਂ ਛਪ ਜਾਂਦੀਆਂ ਹਨ, 'ਇੱਕ ਹੋਰ ਕਿਸਾਨ ਨੇ ਕਰਜ਼ੇ ਤੋਂ ਤੰਗ ਆ ਕੇ ਖ਼ੁਦਕੁਸ਼ੀ ਕੀਤੀ।' ਤਰ੍ਹਾਂ-ਤਰ੍ਹਾਂ ਦੀਆਂ ਘਟਨਾਵਾਂ 'ਚੋਂ ਲੰਘਦੀ ਹੋਈ ਫ਼ਿਲਮ ਅੰਤ 'ਤੇ ਕਿਸਾਨ ਦੇ ਵੱਡੇ ਜ਼ੇਰੇ ਨੂੰ ਵੀ ਜ਼ਾਹਰ ਕਰਦੀ ਹੈ। ਉਸ ਦੀ ਅਣਖ ਦਾ ਸਬੂਤ ਵੀ ਦਿੰਦੀ ਹੈ। ਅਨਪੜ੍ਹ ਕਿਸਾਨਾਂ ਦੀਆਂ ਕੁਰਕ ਹੁੰਦੀਆਂ ਜ਼ਮੀਨਾਂ ਦਾ ਖ਼ੁਲਾਸਾ ਵੀ ਕਰਦੀ ਹੈ ਅਤੇ ਇਹ ਵੀ ਦੱਸ ਦਿੰਦੀ ਹੈ ਕਿ ਜੇ ਸੁੰਦਰ ਸੇਠ ਵਰਗੇ ਵਪਾਰੀ ਲੋਕ ਕਿਸਾਨਾਂ ਦੀ ਜ਼ਿੰਦਗੀ ਵਿਚ ਕਿਵੇਂ ਜ਼ਹਿਰ ਘੋਲਦੇ ਹਨ।

ਫ਼ਿਲਮ ਵਿਚ ਜੈਕੀ ਸ਼ਰਾਫ਼, ਸੁਹੇਲ ਖ਼ਾਨ, ਅਰਬਾਜ਼ ਖ਼ਾਨ, ਦੀਆ ਮਿਰਜ਼ਾ ਤੇ ਬਾਕੀ ਕਲਾਕਾਰਾਂ ਨੇ ਜਿਹੜਾ ਕੰਮ ਕੀਤਾ ਹੈ, ਉਹ ਮਨ ਨੂੰ ਖੇੜਾ ਦੇਣ ਵਾਲਾ ਹੈ। ਇੱਕਾ-ਦੁੱਕਾ ਕਲਾਕਾਰ ਭਾਵੇਂ ਅੜ-ਅੜ ਕੇ ਪੰਜਾਬੀ ਬੋਲਦੇ ਹਨ, ਪਰ ਉਨ੍ਹਾਂ ਦੇ ਜਜ਼ਬੇ ਨੂੰ ਸਲਾਮ ਕਰਨੀ ਬਣਦੀ ਹੈ।

ਇਹ ਫ਼ਿਲਮ ਦੇਖ ਕੇ ਇੰਜ ਜਾਪਿਆ ਜਿਵੇਂ ਸਾਡੇ ਪੰਜਾਬ ਦੇ ਗਾਇਕਾਂ ਤੇ ਅਦਾਕਾਰਾਂ ਨੂੰ ਪੰਜਾਬ ਸਨਮੁੱਖ ਚੁਣੌਤੀਆਂ ਦਾ ਗਿਆਨ ਹੀ ਨਾ ਹੋਵੇ। ਜਿਵੇਂ ਉਨ੍ਹਾਂ ਨੂੰ ਇਸ ਗੱਲ ਦਾ ਉੱਕਾ ਹੀ ਨਾ ਪਤਾ ਹੋਵੇ ਕਿ ਪੰਜਾਬ ਦਾ ਨੌਜਵਾਨ, ਪੰਜਾਬ ਦਾ ਕਿਸਾਨ, ਪੰਜਾਬ ਦਾ ਬੁਢਾਪਾ ਅੱਜ ਕਿਹੜੇ ਦੁੱਖਾਂ 'ਚ ਘਿਰਿਆ ਹੋਇਆ ਹੈ। ਪੰਜਾਬ ਦੀਆਂ ਉਹ ਕਿਹੜੀਆਂ ਸਮੱਸਿਆਵਾਂ ਹਨ, ਜਿਨ੍ਹਾਂ ਨੂੰ ਅੰਤਰ-ਰਾਸ਼ਟਰੀ ਪੱਧਰ ਤੱਕ ਉਭਾਰਨਾ ਸਮੇਂ ਦੀ ਲੋੜ ਹੈ। ਉਹ ਕਿਹੜੇ ਵਿਸ਼ੇ ਹਨ ਜਿਹੜੇ ਭਾਵੇਂ ਵਪਾਰਕ ਨਾ ਵੀ ਹੋਣ, ਪਰ ਫ਼ਿਲਮਾਂ ਤੇ ਸੀਰੀਅਲਾਂ ਜ਼ਰੀਏ ਅੱਗੇ ਆਉਣ ਦੀ ਮੰਗ ਕਰਦੇ ਹਨ?

ਗਿੱਦੜਬਾਹੇ ਦੇ ਜੰਮਪਲ ਗੁਰਦਾਸ ਮਾਨ ਨੂੰ ਪੰਜਾਬੀ ਫ਼ਿਲਮਾਂ ਵਲ ਆਇਆਂ ਦਹਾਕੇ ਹੋ ਗਏ ਹਨ, ਹਰਭਜਨ ਮਾਨ ਵੀ ਛੇ-ਸੱਤ ਸਾਲਾਂ ਤੋਂ ਪੰਜਾਬੀ ਫ਼ਿਲਮਾਂ ਨਾਲ ਜੁੜਿਆ ਹੋਇਆ ਹੈ ਤੇ ਇਨ੍ਹਾਂ ਦੋਹਾਂ ਦਾ ਹੀ ਪਿਛੋਕੜ ਕਿਸਾਨ ਪਰਿਵਾਰਾਂ ਨਾਲ ਜੁੜਿਆ ਹੋਇਆ ਹੈ। ਗੁਰਦਾਸ ਮੁੰਬਈ ਬੈਠਾ ਹੈ ਤੇ ਉਥੋਂ ਹੀ ਆਪਣੀਆਂ ਪੰਜਾਬ ਤੇ ਪੰਜਾਬੀਅਤ ਪ੍ਰਤੀ ਗਤੀਵਿਧੀਆਂ ਗੀਤਾਂ ਜ਼ਰੀਏ ਜਾਰੀ ਰੱਖਦਾ ਹੈ। 'ਕਿਸਾਨ' ਫ਼ਿਲਮ ਦੀ ਪੂਰੀ ਟੀਮ ਵੀ ਉਸੇ ਮਾਇਆ ਨਗਰੀ ਨਾਲ ਸਬੰਧਤ ਹੈ, ਪਰ ਕਮਾਲ ਦੇਖੋ ਪੰਜਾਬ ਦੇ ਪੁੱਤ ਦੇ ਦਿਮਾਗ 'ਚ ਕਿਸਾਨਾਂ ਦੇ ਦੁੱਖੜੇ ਬਿਆਨ ਕਰਨ ਵਾਲੀ ਫ਼ਿਲਮ ਬਣਾਉਣ ਦੀ ਗੱਲ ਨਹੀਂ ਆਈ। ਖੇਮੂਆਣੇ ਦਾ ਹਰਭਜਨ 'ਹੀਰ ਰਾਂਝਾ' ਫ਼ਿਲਮ ਵਿਚ ਧੀਦੋ ਰਾਂਝਾ ਤਾਂ ਬਣ ਸਕਦਾ ਹੈ, ਪਰ ਉਸ ਦਾ ਵੀ ਇਸ ਗੱਲ ਵਲ



ਧਿਆਨ ਨਹੀਂ ਗਿਆ ਕਿ ਅੱਜ ਪੰਜਾਬ ਦਾ ਕਿਸਾਨ ਜਿਉਂਦੇ ਜੀਅ ਮਰ ਰਿਹਾ ਹੈ। ਉਸ ਦੀਆਂ ਜ਼ਮੀਨਾਂ ਕੁਰਕ ਹੋ ਰਹੀਆਂ ਨੇ, ਅਖ਼ਬਾਰਾਂ ਦੇ ਸਫ਼ੇ ਕਿਸਾਨਾਂ ਵਲੋਂ ਸਪਰੇਆਂ ਪੀਣ, ਗੱਡੀਆਂ ਥੱਲੇ ਆਉਣ, ਨਹਿਰਾਂ 'ਚ ਛਾਲਾਂ ਮਾਰਨ ਤੇ ਨਿਆਣਿਆਂ ਸਮੇਤ ਭੋਜਨ 'ਚ ਜ਼ਹਿਰ ਮਿਲਾ ਕੇ ਖਾਣ ਨਾਲ ਭਰੇ ਹੋਏ ਹਨ। ਇਸ ਭਖਵੇਂ ਮੁੱਦੇ 'ਤੇ ਵੀ ਕੋਈ ਫ਼ਿਲਮ ਬਣਾਉਣੀ ਚਾਹੀਦੀ ਹੈ ਤਾਂ ਜੋ ਕੁੰਭਕਰਨੀ ਨੀਂਦ ਸੁੱਤੀਆਂ ਸਰਕਾਰਾਂ ਨੂੰ ਅਹਿਸਾਸ ਹੋਵੇ ਕਿ ਦੇਸ ਦਾ ਅੰਨਦਾਤਾ ਅੱਜ ਕਿਹੜੇ ਹਾਲ ਨੂੰ ਪਹੁੰਚ ਚੁੱਕਾ ਹੈ।

ਇਸ ਵੇਲੇ ਇੱਕ ਦਰਜਨ ਦੇ ਕਰੀਬ ਪੰਜਾਬੀ ਫ਼ਿਲਮਾਂ ਨਿਰਮਾਣ ਅਧੀਨ ਹਨ ਅਤੇ ਅੱਧੀ ਕੁ ਦਰਜਨ ਰਿਲੀਜ਼ ਹੋਣ ਦੀ ਕਤਾਰ 'ਚ ਲੱਗੀਆਂ ਹੋਈਆਂ ਨੇ, ਪਰ ਜ਼ਰੂਰੀ ਨਹੀਂ ਜਿਨ੍ਹਾਂ ਦੀ ਇੱਕ ਕੈਸਿਟ ਕਾਮਯਾਬ ਹੋ ਗਈ, ਉਨ੍ਹਾਂ ਨੂੰ ਬੇਹੂਦਾ ਅਦਾਕਾਰੀ ਕਰਦਿਆਂ ਦੇਖਣ ਲਈ ਦਰਸ਼ਕ ਆਪਣੇ ਬਟੂਏ 'ਚੋਂ ਨੋਟ ਕੱਢਣਗੇ।

ਪੰਜਾਬੀ ਫ਼ਿਲਮਾਂ ਇਸੇ ਰਫ਼ਤਾਰ 'ਚ ਬਣਦੀਆਂ ਰਹਿਣ, ਪਰ ਮਨੋਰੰਜਨ ਦੇ ਨਾਲ-ਨਾਲ ਭਖਦੇ ਵਿਸ਼ਿਆਂ ਨੂੰ ਵੀ ਬਰਾਬਰ ਲਿਆ ਜਾਵੇ। ਜੇ ਹਿੰਦੀ ਮੂਲ ਦੇ ਅਦਾਕਾਰ ਇਹ ਗੱਲ ਮਹਿਸੂਸ ਕਰ ਸਕਦੇ ਹਨ ਕਿ ਪੰਜਾਬ ਕਿਹੜੀਆਂ ਸਮੱਸਿਆਵਾਂ 'ਚੋਂ ਗੁਜ਼ਰ ਰਿਹਾ ਹੈ, ਪੰਜਾਬ ਦੇ ਕਿਸਾਨਾਂ ਦੇ ਹੌਸਲੇ ਕਿਵੇਂ ਟੁੱਟ ਰਹੇ ਨੇ, ਜ਼ਮੀਨਾਂ ਕਿਵੇਂ ਸੁੰਗੜ ਰਹੀਆਂ ਨੇ, ਧੜਵੈਲ ਲੋਕ ਕਿਵੇਂ ਕਿਸਾਨਾਂ ਨੂੰ ਆਪਣਾ ਨਿਸ਼ਾਨਾ ਬਣਾ ਰਹੇ ਹਨ, ਤਾਂ ਪੰਜਾਬ ਵਿਚ ਜੰਮ ਪਲ ਕਲਾਕਾਰਾਂ ਨੂੰ ਇਥੋਂ ਦੇ ਵਸਨੀਕਾਂ ਦੇ ਦੁੱਖਾਂ-ਤਕਲੀਫ਼ਾਂ ਵੱਲ ਵੀ ਧਿਆਨ ਮਾਰਨਾ ਚਾਹੀਦਾ ਹੈ।

ਹਿੰਦੀ ਕਲਾਕਾਰਾਂ ਵੱਲੋਂ ਬਣਾਈ ਹੋਈ ਪੰਜਾਬ ਦੀ ਕਿਸਾਨੀ ਅਧਾਰਤ ਫ਼ਿਲਮ 'ਕਿਸਾਨ' ਦੀ ਉਦਾਹਰਣ ਮੌਜੂਦ ਹੈ, ਹੁਣ ਤਾਂ ਸਾਨੂੰ ਵੀ ਇਸ ਪਾਸੇ ਗੌਰ ਕਰ ਹੀ ਲੈਣੀ ਚਾਹੀਦੀ ਹੈ। ਜੇ ਫ਼ਿਲਮ ਨਿਰਮਾਤਾਵਾਂ ਨੂੰ ਇਸ ਗੱਲ ਦਾ ਡਰ ਹੈ ਕਿ ਪਤਾ ਨਹੀਂ ਇਹੋ ਜਿਹੇ ਵਿਸ਼ੇ ਵਾਲੀ ਫ਼ਿਲਮ ਮੁੱਲ ਮੋੜੇਗੀ ਜਾਂ ਨਹੀਂ।

ਉਨ੍ਹਾਂ ਨੂੰ ਆਪਣਾ ਡਰ ਦੂਰ ਕਰ ਦੇਣਾ ਚਾਹੀਦਾ ਹੈ, ਕਿਉਂਕਿ ਜਿਹੜਾ ਮੁੱਦਾ ਪੰਜਾਬ ਦੇ ਪਿੰਡ-ਪਿੰਡ, ਘਰ-ਘਰ ਤੇ ਜੀਅ-ਜੀਅ ਨਾਲ ਜੁੜਿਆ ਹੋਵੇ, ਉਹ ਕਿਸੇ ਹਾਲਤ 'ਚ ਵੀ ਲੋਕ ਮਨਾਂ 'ਚ ਥਾਂ ਬਣਾਉਣੋਂ ਵਾਂਝਾ ਨਹੀਂ ਰਹਿ ਸਕਦਾ।

*98141-78883 (ਮੋ)


**Easy Travel Inc.**

7191 Camelot Drive, Canton, MI 48187 Fax: 866-908-6663

www.easytravelinc.net info@easytravelinc.net

ਸਸਤੀਆਂ ਹਵਾਈ ਟਿਕਟਾਂ

*Please call us for the lowest fare from your city to india*



Tel: 734-451-9526, Toll Free 866-51-INDIA

**Freeway Travel Inc**

ਸਸਤੀਆਂ ਟਿਕਟਾਂ, ਖਰਾ ਸੌਦਾ, ਬਿਹਤਰ ਸਰਵਿਸ



Call Raju

Tel: 773-973-0200

Fax: 773-973-0557

2542 W Devon Ave. Chicago IL 60659

**SUPER TRAVEL**

847-676-9090

E-mail: supertravel2003@yahoo.com

Lowest Fares With Excellent Service

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545 London $250

**ਪੰਜਾਬੀ ਢਾਬਾ**

**Punjabi Dhaba**

North Shore Banquet

Fine Indian Cuisine


Restaurant& Banquet Hall

2525 W. Devon Ave., Chicago IL 60659

Lunch & Dinner Buffet

ਆਪਣੀ ਅਗਲੀ ਪਾਰਟੀ ਬੁਕ ਕਰਾਉਣ ਅਤੇ ਬਿਹਤਰੀਨ ਸੇਵਾ ਲਈ ਦੇਵ ਜਾਂ ਸੋਹਣ ਸਿੰਘ ਨੂੰ ਕਾਲ ਕਰੋ

773-262-2080, 773-764-9392



ਅਸੀਂ ਨਾਨ ਅਤੇ ਤੰਦੂਰੀ ਚਿਕਨ ਤੰਦੂਰ ਤੋਂ ਸਿੱਧਾ ਤੁਹਾਡੇ ਟੇਬਲ ਤੇ ਪਰੋਸਦੇ ਹਾਂ

**SYAN VIDEO PRODUCTION, INC.**

Professional HD Video & Digital Photo Production

Multiple Camera Shooting / Digital Still Photography (with flush mount Album)

Live Video Display with Large Screens

DJ Service with Laser Lights

Call Toll Free : 1-888-RAJ- SYAN (725-7926)

(With 14 years Experienced)



734-261-0936 / 734-890-1767

E-mail: raj@syanvideo.com

or visit at: www.syanvideo.com

SV PRODUCTION

# ਹਲਦਰ ਕੇਸ ਵਿਚੋਂ ਪੰਧੇਰ ਬਰੀ, ਕੋਹਲੀ ਦੀ ਸਜ਼ਾ-ਏ-ਮੌਤ ਬਰਕਰਾਰ

**ਅਲਾਹਾਬਾਦ:** ਅਲਾਹਾਬਾਦ ਹਾਈ ਕੋਰਟ ਨੇ ਨਿਠਾਰੀ ਦੀਆਂ ਲੜੀਵਾਰ ਹੱਤਿਆਵਾਂ ਦੇ ਮਾਮਲਿਆਂ ਵਿਚੋਂ ਇਕ ਰਿੰਪਾ ਹਲਦਰ ਕਤਲ ਕੇਸ ਵਿਚੋਂ ਨੋਇਡਾ ਦੇ ਕਾਰੋਬਾਰੀ ਮਹਿੰਦਰ ਸਿੰਘ ਪੰਧੇਰ ਨੂੰ ਸਬੂਤਾਂ ਦੀ ਘਾਟ ਕਾਰਨ ਬਰੀ ਕਰ ਦਿੱਤਾ ਜਦਕਿ ਉਸਦੇ ਨੌਕਰ ਸੁਰਿੰਦਰ ਕੋਹਲੀ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਦਿਆਂ ਉਸ ਨੂੰ 'ਸਮਾਜ ਲਈ ਖਤਰਾ' ਕਰਾਰ ਦਿੱਤਾ।

ਇਹ ਆਦੇਸ਼ ਜਸਟਿਸ ਇਮਤਿਆਜ਼ ਮੁਰਤਜ਼ਾ ਅਤੇ ਕਾਸ਼ੀ ਨਾਥ ਪਾਂਡੇ ਦੇ ਡਵੀਜ਼ਨ ਬੈਂਚ ਨੇ ਲੰਘੀ 11 ਸਤੰਬਰ ਨੂੰ ਸੁਣਾਏ। 52 ਸਾਲਾ ਪੰਧੇਰ ਅਤੇ 38 ਸਾਲਾ ਕੋਹਲੀ ਨੂੰ ਗਾਜ਼ੀਆਬਾਦ ਦੀ ਅਦਾਲਤ ਨੇ ਇਸ ਸਾਲ 13 ਫਰਵਰੀ ਨੂੰ ਮੌਤ ਦੀ ਸਜ਼ਾ ਸੁਣਾਈ ਸੀ ਜਿਸ ਦੇ ਖਿਲਾਫ ਉਨ੍ਹਾਂ ਹਾਈ ਕੋਰਟ ਵਿਚ ਅਪੀਲ ਕੀਤੀ ਸੀ। ਪੰਧੇਰ ਦੀ ਅਪੀਲ ਸਵੀਕਾਰ ਤੇ ਕੋਹਲੀ ਦੀ ਅਪੀਲ ਖਾਰਜ ਕਰਦਿਆਂ ਡਵੀਜ਼ਨ ਬੈਂਚ ਨੇ ਸਪੱਸ਼ਟ ਕੀਤਾ ਕਿ ਇਸ ਕੇਸ ਵਿਚ ਜੋ ਵੀ ਸਬੂਤ ਮਿਲੇ ਹਨ ਉਹ ਕੇਵਲ ਰਿੰਪਾ ਹਲਦਰ ਦੇ ਕਤਲ ਨਾਲ ਸਬੰਧਤ ਹਨ ਅਤੇ ਹੇਠਲੀ ਅਦਾਲਤ ਨੇ ਆਪਣੇ ਫੈਸਲੇ ਵਿਚ ਅਜਿਹੀ ਕੋਈ ਟਿੱਪਣੀ ਨਹੀਂ ਕੀਤੀ ਜਿਸ ਤੋਂ ਇਹ ਸਪੱਸ਼ਟ ਹੁੰਦਾ ਹੋਵੇ ਕਿ ਨਿਠਾਰੀ ਨਾਲ ਸਬੰਧਤ ਹੋਰ ਮਾਮਲਿਆਂ ਦੀ ਸੁਣਵਾਈ ਕਰਦਿਆਂ ਉਸਦੇ ਫੈਸਲੇ 'ਤੇ ਅਮਲ ਕਿਉਂ ਕੀਤਾ ਜਾਵੇ। ਕੋਹਲੀ ਦੀ ਮੌਤ ਦੀ ਸਜ਼ਾ ਬਰਕਰਾਰ ਰੱਖਦਿਆਂ ਅਦਾਲਤ ਨੇ ਕਿਹਾ ਕਿ ਉਸ ਨੇ ਭਿਆਨਕ ਅਤੇ ਘਿਨਾਉਣਾ ਜੁਰਮ ਕੀਤਾ ਹੈ ਤੇ ਅਦਾਲਤ ਇਹ ਕਹੇ ਬਿਨਾਂ ਨਹੀਂ ਰਹਿ ਸਕਦੀ ਕਿ ਸੁਰਿੰਦਰ ਕੋਹਲੀ ਸਮਾਜ ਵਾਸਤੇ ਖਤਰਾ ਹੈ। ਉਸ ਨੇ ਜੋ ਵਹਿਸ਼ੀ ਕਾਰਵਾਈਆਂ ਕੀਤੀਆਂ ਹਨ ਉਨ੍ਹਾਂ ਵਾਸਤੇ ਉਸ ਨੂੰ ਸਿਰਫ ਇਕੋ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ। ਸੈਸ਼ਨ ਜੱਜ ਨੇ ਜਿਸ ਆਧਾਰ 'ਤੇ ਉਸ ਨੂੰ ਇਹ ਸਜ਼ਾ ਸੁਣਾਈ ਸੀ ਉਸ ਨਾਲ ਹਾਈ ਕੋਰਟ ਦੇ ਡਵੀਜ਼ਨ ਬੈਂਚ ਨੇ ਸਹਿਮਤੀ ਪ੍ਰਗਟ ਕਰਦਿਆਂ ਕੋਹਲੀ ਦੀ ਸਜ਼ਾ ਬਰਕਰਾਰ ਰੱਖੀ। ਹਾਲਾਂਕਿ ਡਵੀਜ਼ਨ ਬੈਂਚ ਨੇ ਹੇਠਲੀ ਅਦਾਲਤ ਵਲੋਂ ਪੰਧੇਰ ਨੂੰ ਮੌਤ ਦੀ ਸਜ਼ਾ ਸੁਣਾਉਣ ਦੇ ਫੈਸਲੇ ਨਾਲ ਅਸਹਿਮਤੀ ਪ੍ਰਗਟ ਕੀਤੀ। ਜ਼ਿਕਰਯੋਗ ਹੈ ਕਿ ਸੀ.ਬੀ.ਆਈ. ਨੇ ਪੰਧੇਰ ਖਿਲਾਫ ਚਾਰਜਸ਼ੀਟ ਦਾਇਰ ਨਹੀਂ ਕੀਤੀ ਸੀ।

ਇਸ ਮੌਕੇ ਹਾਈਕੋਰਟ ਵਿਚ ਮੌਜੂਦ ਪੰਧੇਰ ਦੇ ਪੁੱਤਰ ਕਰਨਦੀਪ ਸਿੰਘ ਨੇ ਕਿਹਾ ਕਿ ਹੁਣ ਉਸ ਨੂੰ ਆਪਣੇ ਪਿਤਾ ਖਿਲਾਫ ਬਾਕੀ ਮਾਮਲਿਆਂ ਵਿਚ ਵੀ ਇਨਸਾਫ ਮਿਲਣ ਦੀ ਉਮੀਦ ਹੈ। ਉਸ ਨੇ ਕਿਹਾ ਕਿ ਹਾਈ ਕੋਰਟ ਨੇ ਸੀ.ਬੀ.ਆਈ. ਦੀ ਚਾਰਜਸ਼ੀਟ ਬਰਕਰਾਰ ਰੱਖੀ ਹੈ। ਜਿਸ ਤੋਂ ਉਹ ਖੁਸ਼ ਹਨ। ਪੰਧੇਰ ਦੀ ਵਕੀਲ ਮਨੀਸ਼ਾ ਭੰਡਾਰੀ ਨੇ ਕਿਹਾ ਕਿ ਇਸ ਫੈਸਲੇ ਦੇ ਆਧਾਰ 'ਤੇ ਉਹ ਆਪਣੇ ਮੁਵੱਕਿਲ ਵਾਸਤੇ ਜ਼ਮਾਨਤ ਹਾਸਲ ਕਰਨ ਦਾ ਯਤਨ ਕਰੇਗੀ। ਹਾਈਕੋਰਟ ਦੀ ਕਾਰਵਾਈ ਦੇ ਮੌਕੇ ਕੋਹਲੀ ਜਾਂ ਹਲਦਰ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਹਾਜ਼ਰ ਨਹੀਂ ਸੀ। ਹਾਈਕੋਰਟ ਨੇ ਇਸਤਗਾਸਾ ਪੱਖ ਦੀ ਇਹ ਅਪੀਲ ਖਾਰਜ ਕਰ ਦਿੱਤੀ ਕਿ ਪੰਧੇਰ ਖਿਲਾਫ ਧਾਰਾ 319 ਤਹਿਤ ਕੇਸ ਦੀ ਮੁੜ ਸੁਣਵਾਈ ਕੀਤੀ ਜਾਵੇ। ਡਵੀਜ਼ਨ ਬੈਂਚ ਨੇ ਕਿਹਾ ਕਿ ਪੰਧੇਰ ਖਿਲਾਫ ਕੋਈ ਵੀ ਸਬੂਤ ਨਹੀਂ ਹੈ, ਇਸ ਲਈ ਇਹ ਅਪੀਲ ਖਾਰਜ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਹੇਠਲੀ ਅਦਾਲਤ ਨੇ ਪੰਧੇਰ ਨੂੰ ਮੁੱਖ ਤੌਰ 'ਤੇ ਇਸ ਆਧਾਰ 'ਤੇ ਤਲਬ ਕੀਤਾ ਕਿ ਉਸ ਦੀ ਨੋਇਡਾ ਸਥਿਤ ਰਿਹਾਇਸ਼ 'ਤੇ ਹੱਤਿਆਵਾਂ ਹੋਈਆਂ ਹਨ ਤੇ ਉਸ ਦੀ ਨਿਸ਼ਾਨਦੇਹੀ 'ਤੇ ਉਥੋਂ ਇਕ ਕੁਹਾੜਾ ਮਿਲਿਆ ਸੀ। ਇਸ ਬਾਰੇ ਹਾਈਕੋਰਟ ਦੇ ਡਵੀਜ਼ਨ ਬੈਂਚ ਨੇ ਕਿਹਾ ਕਿ ਕੋਹਲੀ ਨੇ ਆਪਣੇ ਇਕਬਾਲੀਆ ਬਿਆਨ ਵਿਚ ਹਲਦਰ ਦੀ ਹੱਤਿਆ ਇਕ ਚਾਕੂ ਨਾਲ ਕੀਤੇ ਜਾਣ ਦੀ ਗੱਲ ਕਬੂਲੀ ਹੈ ਤੇ ਉਸ ਵੇਲੇ ਪੰਧੇਰ ਵਿਦੇਸ਼ ਗਿਆ ਹੋਇਆ ਸੀ।

ਇਸ ਦੌਰਾਨ ਰਿੰਪਾ ਹਲਦਰ ਦੇ ਪਰਿਵਾਰ ਨੇ ਕਿਹਾ ਕਿ ਉਹ ਪੰਧੇਰ ਦੀ ਇਸ ਮਾਮਲੇ ਵਿਚ ਰਿਹਾਈ ਖਿਲਾਫ ਸੁਪਰੀਮ ਕੋਰਟ ਵਿਚ ਅਪੀਲ ਕਰਨਗੇ। ਉਧਰ ਨੋਇਡਾ ਵਿਚ ਸਥਾਨਕ ਵਾਸੀਆਂ ਨੇ ਪੰਧੇਰ ਦੇ ਘਰ ਦੇ ਬਾਹਰ ਰੋਸ ਵਿਖਾਵਾ ਕੀਤਾ।

# ਭਾਰਤ 75 ਲੱਖ ਟਨ ਖੰਡ ਦਰਾਮਦ ਕਰੇਗਾ

**ਨਵੀਂ ਦਿੱਲੀ :** ਭਾਰਤ ਨੂੰ ਸਾਲ 2009-10 ਦੇ ਖੰਡ ਸੀਜ਼ਨ ਤੱਕ ਖੰਡ ਦੀ ਘਰੇਲੂ ਖਪਤ ਤੇ ਮੰਗ ਨੂੰ ਪੂਰਾ ਕਰਨ ਲਈ 75 ਲੱਖ ਟਨ ਦਰਾਮਦ ਕਰਨ ਦੀ ਲੋੜ ਹੈ। ਇਸ ਸੀਜ਼ਨ ਦੌਰਾਨ ਖਪਤ 2.35 ਕਰੋੜ ਟਨ ਦੇ ਆਸ-ਪਾਸ ਰਹਿਣ ਦੇ ਆਸਾਰ ਹਨ। ਖੇਤੀ ਮੰਤਰੀ ਸ਼ਰਦ ਪਵਾਰ ਅਨੁਸਾਰ ਦੇਸ਼ ਵਿਚ ਅਗਲੇ ਪਿੜਾਈ ਸੀਜ਼ਨ ਦੌਰਾਨ ਖੰਡ ਦੀ ਪੈਦਾਵਾਰ 10 ਫੀਸਦੀ ਵੱਧ ਕੇ 1.60 ਕਰੋੜ ਟਨ ਹੋਣ ਦੀ ਸੰਭਾਵਨਾ ਹੈ। ਪਿਛਲੇ ਪੈਦਾਵਾਰੀ ਸਾਲ ਇਹ ਉਤਪਾਦਨ 1.47 ਕਰੋੜ ਟਨ ਰਿਹਾ ਸੀ। ਖੰਡ ਉਦਯੋਗ ਦੇ ਹਲਕਿਆਂ ਅਨੁਸਾਰ ਖੰਡ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਲਈ ਦੇਸ਼ ਨੂੰ ਘੱਟੋ-ਘੱਟ 75 ਲੱਖ ਟਨ ਖੰਡ ਹਰ ਹਾਲ ਦਰਾਮਦ ਕਰਨੀ ਪਵੇਗੀ।

ਪ੍ਰਾਈਵੇਟ ਖੰਡ ਮਿਲਾਂ ਅਤੇ ਸਰਕਾਰ ਵਲੋਂ ਨਾਮਜ਼ਦ ਵਪਾਰਕ ਏਜੰਸੀਆਂ ਨੇ ਹੁਣ ਤਕ 40 ਲੱਖ ਟਨ ਕੱਚੀ ਤੇ ਤਿਆਰ ਖੰਡ ਦੇ ਦਰਾਮਦੀ ਸੌਦੇ ਸਿਰੇ ਚਾੜ੍ਹ ਲਏ ਹਨ। ਇਸ ਖੰਡ ਨੂੰ ਰਾਖਵੇਂ ਭੰਡਾਰਾਂ ਵਜੋਂ ਰੱਖਿਆ ਜਾਵੇਗਾ। ਕੇਂਦਰ ਤੇ ਰਾਜ ਸਰਕਾਰਾਂ ਖੰਡ ਦੇ ਭਾਅ ਕਾਬੂ ਹੇਠ ਰੱਖਣ ਲਈ ਭਰਪੂਰ ਯਤਨ ਕਰ ਰਹੀਆਂ ਹਨ, ਪਰ ਇਨ੍ਹਾਂ ਯਤਨਾਂ ਦੇ ਬਾਵਜੂਦ ਖੰਡ ਦੇ ਪਰਚੂਨ ਭਾਅ ਤੇਜ਼ੀ ਨਾਲ ਚੜ੍ਹਦੇ ਹਨ ਤਾਂ ਸਰਕਾਰ ਉਪਰੋਕਤ ਰਾਖਵੇਂ ਕੋਟੇ ਦੀ ਵਰਤੋਂ ਆਮ ਨਾਲੋਂ ਵੱਧ ਖੰਡ ਰਿਲੀਜ਼ ਕਰਕੇ ਕੀਮਤਾਂ ਵਿਚ ਸਥਿਰਤਾ ਲਿਆਉਣ ਲਈ ਕਰੇਗੀ।

ਇਹ ਇਕ ਅਜੀਬ ਗੱਲ ਹੈ ਕਿ ਸਾਲ 2007-08 ਦੌਰਾਨ ਤਾਂ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਖੰਡ ਬਰਾਮਦਕਾਰ ਰਿਹਾ ਸੀ ਜਦੋਂ ਕਿ ਇਕ ਸਾਲ ਬਾਅਦ 2008-09 ਵਿਚ ਇਹ ਖੰਡ ਦਾ ਸਭ ਤੋਂ ਵੱਡਾ ਦਰਾਮਦਕਾਰ ਬਣ ਗਿਆ। ਇਹ ਸਥਿਤੀ ਦਰਸਾਉਂਦੀ ਹੈ ਕਿ ਖੰਡ ਦੇ ਮਾਮਲੇ ਵਿਚ ਖੇਤੀ ਤੇ ਖੁਰਾਕ ਮੰਤਰਾਲਾ ਏਨਾ ਜ਼ਿਆਦਾ ਅਵੇਸਲਾ ਹੋ ਗਿਆ ਕਿ ਮਹਿਜ਼ ਇਕ ਸਾਲ ਦੇ ਅੰਦਰ ਸਮੁੱਚੀ ਸਥਿਤੀ ਹੀ ਉਲਟ ਗਈ। ਜ਼ਿਕਰਯੋਗ ਹੈ ਕਿ ਸਾਲ 2007-08 ਦੌਰਾਨ ਖੰਡ ਦੀ ਕੁੱਲ ਕੌਮੀ ਪੈਦਾਵਾਰ 2.6 ਕਰੋੜ ਟਨ ਤੋਂ ਵੀ ਵੱਧ ਗਈ ਸੀ। ਹੁਣ ਹਾਲਤ ਇਹ ਹੈ ਕਿ ਮੁੰਬਈ ਦੀ ਵਾਸ਼ੀ ਥੋਕ ਮੰਡੀ ਵਿਚ ਖੰਡ ਦਾ ਥੋਕ ਭਾਅ 35 ਰੁਪਏ ਪ੍ਰਤੀ ਕਿਲੋਗ੍ਰਾਮ ਹੈ। ਵਾਸ਼ੀ ਉਹ ਮੰਡੀ ਹੈ ਜਿਥੇ ਖੰਡ ਸਭ ਤੋਂ ਸਸਤੀ ਵਿਕਦੀ ਹੈ।

ਸਾਲ 2008-09 ਦਾ ਪਿੜਾਈ ਸੀਜ਼ਨ ਸ਼ੁਰੂ ਹੋਣ ਸਮੇਂ ਖੰਡ ਸਨਅਤ ਕੋਲ ਉਸ ਤੋਂ ਪਿਛਲੇ ਸਾਲ ਦੇ ਬਕਾਇਆ 85 ਲੱਖ ਟਨ ਦੇ ਸਟਾਕ ਪਏ ਸਨ। ਜੇਕਰ ਇਹ ਜ਼ਖੀਰੇ ਇਸੇ ਤਰ੍ਹਾਂ ਪਏ ਰਹਿੰਦੇ ਅਤੇ 1.47 ਲੱਖ ਟਨ ਨਵੀਂ ਖੰਡ ਮਾਰਕੀਟ ਵਿਚ ਆ ਜਾਂਦੀ ਤਾਂ ਖੰਡ ਦਰਾਮਦ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ। ਪਰ ਜਿਵੇਂ ਕਿ ਵਪਾਰਕ ਹਲਕੇ ਅਕਸਰ ਹੀ ਕਰਦੇ ਹਨ, ਨਵਾਂ ਉਤਪਾਦਨ ਸ਼ੁਰੂ ਹੁੰਦਿਆਂ ਹੀ ਵਪਾਰਕ ਫਰਮਾਂ ਨੇ ਪਿਛਲੇ ਸਟਾਕ ਕੱਢਣੇ ਸ਼ੁਰੂ ਕਰ ਦਿੱਤੇ ਅਤੇ ਸਸਤੇ ਭਾਅ 'ਤੇ 15 ਤੋਂ 20 ਲੱਖ ਟਨ ਤਕ ਚੀਨੀ ਵਿਦੇਸ਼ਾਂ ਨੂੰ ਭੇਜ ਦਿੱਤੀ। ਇਹ ਬਰਾਮਦ ਕੌਮੀ ਹਿਤਾਂ ਦੀ ਅਣਦੇਖੀ ਸੀ। ਖੁਰਾਕ ਤੇ ਸਪਲਾਈ ਮੰਤਰਾਲੇ ਨੇ ਵੀ ਇਸ ਬਰਾਮਦ ਨੂੰ ਰੋਕਣ ਲਈ ਦਖਲ ਨਹੀਂ ਦਿੱਤਾ। ਇਸਦਾ ਜੋ ਨਤੀਜਾ ਨਿਕਲਿਆ, ਉਹ ਹੁਣ ਸਾਰਿਆਂ ਦੇ ਸਾਹਮਣੇ ਹੀ ਹੈ।

# ਬਾਦਲ ਵਲੋਂ ਬੀਬੀ ਚਾਵਲਾ ਦੇ ਮਿਹਣੇ ਨਜ਼ਰਅੰਦਾਜ਼

**ਚੰਡੀਗੜ੍ਹ:** ਕੇਂਦਰੀ ਪ੍ਰਦੇਸ਼ ਚੰਡੀਗੜ੍ਹ ਦੇ ਸਿਹਤ ਵਿਭਾਗ ਦੇ ਡਾਇਰੈਕਟਰ ਡਾ. ਮਨਜੀਤ ਸਿੰਘ ਬੈਂਸ ਦੀ ਪਿਤਰੀ ਰਾਜ ਪੰਜਾਬ ਵਿਚ ਵਾਪਸੀ ਦੇ ਸਵਾਲ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਿਹਤ ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ ਦਰਮਿਆਨ ਖੜਕ ਪਈ ਹੈ। ਮੁੱਖ ਮੰਤਰੀ ਨੇ ਡਾ. ਮਨਜੀਤ ਸਿੰਘ ਬੈਂਸ ਨੂੰ ਪੰਜਾਬ ਪਰਤਾਉਣ ਸਬੰਧੀ ਬੀਬੀ ਚਾਵਲਾ ਦੀ ਮੰਗ ਰੱਦ ਕਰ ਦਿੱਤੀ ਹੈ ਅਤੇ ਉਨ੍ਹਾਂ ਦੇ ਡੈਪੂਟੇਸ਼ਨ ਦੀ ਮਿਆਦ ਹੋਰ ਇਕ ਸਾਲ ਲਈ ਵਧਾਉਣ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਵੱਖਰੀ ਗੱਲ ਹੈ ਕਿ ਮੁੱਖ ਮੰਤਰੀ ਵਲੋਂ ਹਰੀ ਝੰਡੀ ਦੇਣ ਤੋਂ ਪਹਿਲਾਂ ਹੀ ਪੰਜਾਬ ਸਰਕਾਰ, ਯੂ.ਟੀ. ਸਿਹਤ ਵਿਭਾਗ ਦੇ ਡਾਇਰੈਕਟਰ ਲਈ ਤਿੰਨ ਨਾਵਾਂ ਦਾ ਪੈਨਲ ਵੀ ਭੇਜ ਚੁੱਕੀ ਹੈ।

ਡਾ. ਬੈਂਸ ਦੇ ਡੈਪੂਟੇਸ਼ਨ ਦੀ ਮਿਆਦ ਵਿਚ ਪੰਜਾਬ ਸਰਕਾਰ ਪਹਿਲਾਂ ਵੀ ਦੋ ਵਾਰ ਵਾਧਾ ਕਰ ਚੁੱਕੀ ਹੈ। 11 ਜੂਨ ਨੂੰ ਸ੍ਰੀ ਬਾਦਲ ਵਲੋਂ ਕੀਤੇ ਹੁਕਮਾਂ ਦੇ ਬਾਵਜੂਦ ਸਿਹਤ ਮੰਤਰੀ ਬੀਬੀ ਚਾਵਲਾ ਨੇ ਯੂ.ਟੀ. ਵਿਚ ਡੈਪੂਟੇਸ਼ਨ 'ਤੇ ਕੰਮ ਕਰਦੇ ਡਾਕਟਰਾਂ ਨੂੰ ਵਾਪਸ ਬੁਲਾਉਣ ਲਈ ਪਹੁੰਚ ਕੀਤੀ ਸੀ। ਉਦੋਂ ਵੀ ਸ੍ਰੀ ਬਾਦਲ ਨੇ ਇਕ ਟੁੱਕ ਜਵਾਬ ਦਿੱਤਾ ਸੀ ਕਿ ਯੂ.ਟੀ. ਵਿਚ ਡੈਪੂਟੇਸ਼ਨ 'ਤੇ ਬੈਠੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਵਾਪਸ ਨਹੀਂ ਬੁਲਾਇਆ ਜਾਵੇਗਾ ਅਤੇ ਯੂ.ਟੀ. ਵਿਚ ਪੰਜਾਬ ਦਾ ਕੋਟਾ ਬਰਕਰਾਰ ਰੱਖਣ ਲਈ ਹੋਰ ਯਤਨ ਕੀਤੇ ਜਾਣਗੇ। ਪ੍ਰਾਪਤ ਜਾਣਕਾਰੀ ਅਨੁਸਾਰ ਹੁਣ ਮੁੜ ਸਿਹਤ ਮੰਤਰੀ ਨੇ ਮੁੱਖ ਮੰਤਰੀ ਨੂੰ ਸਿਫਾਰਸ਼ ਕੀਤੀ ਕਿ ਸਿਹਤ ਵਿਭਾਗ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਡਾਕਟਰ ਬੈਂਸ ਦੇ ਡੈਪੂਟੇਸ਼ਨ ਦੀ ਮਿਆਦ ਵਿਚ ਹੋਰ ਵਾਧਾ ਨਾ ਕੀਤਾ ਜਾਵੇ। ਸਿਹਤ ਮੰਤਰੀ ਨੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ ਡਾਕਟਰ ਬੈਂਸ ਨੂੰ ਚੰਡੀਗੜ੍ਹ ਪ੍ਰਸ਼ਾਸਨ ਵਿਚ ਰੱਖਣ ਦਾ ਉਨ੍ਹਾਂ ਪਹਿਲਾਂ ਵੀ ਵਿਰੋਧ ਕੀਤਾ ਸੀ। ਉਦੋਂ ਇਹ ਰਾਇ ਬਣੀ ਸੀ ਕਿ ਡਾਕਟਰ ਬੈਂਸ ਦੀ ਮਿਆਦ ਵਿਚ ਇਕ ਸਾਲ ਦਾ ਵਾਧਾ ਕਰਕੇ ਅਗਲੇ ਸਾਲ ਉਸ ਨੂੰ ਵਾਪਸ ਬੁਲਾ ਲਿਆ ਜਾਵੇਗਾ। ਸਿਹਤ ਮੰਤਰੀ ਨੇ ਸਿੱਧੇ ਸ਼ਬਦਾਂ ਵਿਚ ਕਿਹਾ ਕਿ ਜੇ ਪੰਜਾਬ ਵਲੋਂ ਯੂ.ਟੀ. ਵਿਚ ਭੇਜੇ ਡਾਕਟਰ ਆਪਣੀ ਰਹਿੰਦੀ ਸਾਰੀ ਨੌਕਰੀ ਯੂ.ਟੀ. ਵਿਚ ਹੀ ਕਰਨਗੇ ਤਾਂ ਉਨ੍ਹਾਂ ਦੇ ਤਜਰਬੇ ਦਾ ਪੰਜਾਬ ਨੂੰ ਕੋਈ ਲਾਭ ਨਹੀਂ ਹੋਵੇਗਾ ਅਤੇ ਰਾਜ ਦੇ ਦੂਸਰੇ ਡਾਕਟਰ ਯੂ.ਟੀ. ਵਿਚ ਅਨੁਭਵ ਹਾਸਲ ਕਰਨ ਤੋਂ ਵਾਂਝੇ ਰਹਿ ਜਾਣਗੇ।

ਬੀਬੀ ਚਾਵਲਾ ਨੇ ਮੁੱਖ ਮੰਤਰੀ ਨੂੰ ਬੇਬਾਕ ਅੰਦਾਜ਼ ਵਿਚ ਇਹ ਲਿਖਿਆ, "ਡਾ. ਬੈਂਸ ਵਰਗੇ ਡਾਕਟਰ ਆਪਣੀ ਸਿਫਾਰਸ਼ ਦੇ ਸਿਰ 'ਤੇ ਮਨਮਰਜ਼ੀ ਦੀ ਥਾਂ 'ਤੇ ਪੋਸਟਿੰਗਾਂ ਕਰਵਾਉਂਦੇ ਰਹਿਣਗੇ ਤਾਂ ਫਿਰ ਉਨ੍ਹਾਂ ਲਈ ਅਨੁਸ਼ਾਸਨ ਦਾ ਕੋਈ ਮਹੱਤਵ ਨਹੀਂ ਰਹੇਗਾ। ਸਗੋਂ ਅਜਿਹੀਆਂ ਮਨਮਾਨੀਆਂ ਬਾਕੀ ਦੇ ਸਟਾਫ ਨੂੰ ਨਿਰਉਤਸ਼ਾਹਤ ਕਰਨਗੀਆਂ ਅਤੇ ਉਨ੍ਹਾਂ ਵਿਚ ਇਹ ਪ੍ਰਭਾਵ ਬਣੇਗਾ ਕਿ ਅਨੁਸ਼ਾਸਨ ਵਿਚ ਰਹਿਣਾ ਹਾਨੀ ਦਾ ਸੌਦਾ ਹੈ। ਫਿਰ ਬਾਕੀ ਬਚਦੇ ਡਾਕਟਰ ਵੀ ਸਿਫਾਰਸ਼ਾਂ ਦੇ ਜ਼ੋਰ ਨਾਲ ਆਪਣੀ ਮਰਜ਼ੀ ਦੀ ਥਾਂ 'ਤੇ ਨਿਯੁਕਤੀਆਂ ਕਰਵਾਉਣ ਦੀ ਕੋਸ਼ਿਸ਼ ਕਰਨਗੇ।

ਪ੍ਰਾਪਤ ਜਾਣਕਾਰੀ ਅਨੁਸਾਰ ਮੁੱਖ ਮੰਤਰੀ ਨੇ ਸਿਹਤ ਮੰਤਰੀ ਦੀ ਤਿੱਖੀ ਸ਼ਬਦਾਵਲੀ ਨੂੰ ਅਣਗੌਲਿਆਂ ਕਰਦਿਆਂ ਸਾਫ ਕੀਤਾ ਹੈ ਕਿ ਪੰਜਾਬ ਸਰਕਾਰ ਦੀ ਮੁੱਢ ਤੋਂ ਹੀ ਕੋਸ਼ਿਸ਼ ਰਹੀ ਹੈ ਕਿ ਯੂ.ਟੀ. ਚੰਡੀਗੜ੍ਹ ਦੇ ਵੱਖ-ਵੱਖ ਵਿਭਾਗਾਂ ਵਿਚ ਪੰਜਾਬ ਦੇ ਡੈਪੂਟੇਸ਼ਨ ਉਪਰ ਗਏ ਅਧਿਕਾਰੀਆਂ/ਮੁਲਾਜ਼ਮਾਂ ਨੂੰ ਵਾਪਸ ਨਾ ਬੁਲਾਇਆ ਜਾਵੇ।

ਮੁੱਖ ਮੰਤਰੀ ਨੇ ਇਸ ਮੁੱਦੇ ਨੂੰ ਚੰਡੀਗੜ੍ਹ ਉਪਰ ਪੰਜਾਬ ਦੇ ਅਧਿਕਾਰ ਨਾਲ ਜੋੜਦਿਆਂ ਕਿਹਾ ਹੈ ਕਿ ਅਕਸਰ ਦੇਖਿਆ ਗਿਆ ਹੈ ਕਿ ਜੇ ਪੰਜਾਬ ਦੇ ਯੂ.ਟੀ. ਵਿਚ ਡੈਪੂਟੇਸ਼ਨ 'ਤੇ ਗਏ ਕਿਸੇ ਅਧਿਕਾਰੀ ਨੂੰ ਪੰਜਾਬ ਸਰਕਾਰ ਵਾਪਸ ਬੁਲਾ ਲੈਂਦੀ ਹੈ ਤਾਂ ਚੰਡੀਗੜ੍ਹ ਪ੍ਰਸ਼ਾਸਨ ਪੰਜਾਬ ਕੋਟੇ ਦੀ ਉਸ ਖਾਲੀ ਹੋਈ ਅਸਾਮੀ ਉਪਰ ਹਰਿਆਣਾ ਦੇ ਕਿਸੇ ਅਧਿਕਾਰੀ ਨੂੰ ਬਿਠਾ ਦਿੰਦਾ ਹੈ। ਡਾ. ਬੈਂਸ ਦੇ ਮਾਮਲੇ ਵਿਚ ਸਪੱਸ਼ਟ ਸਟੈਂਡ ਲੈਂਦਿਆਂ ਉਨ੍ਹਾਂ ਕਿਹਾ ਹੈ ਕਿ ਇਸ ਅਧਿਕਾਰੀ ਦੀ ਨੌਕਰੀ ਕੇਵਲ ਇਕ ਸਾਲ ਦੇ ਕਰੀਬ ਹੀ ਰਹਿੰਦੀ ਹੈ ਅਤੇ ਇਸ ਮੌਕੇ ਉਸਨੂੰ ਵਾਪਸ ਬੁਲਾਉਣ ਨਾਲ ਪੰਜਾਬ ਸਰਕਾਰ ਨੂੰ ਵੀ ਕੋਈ ਵੱਡਾ ਲਾਭ ਹੁੰਦਾ ਨਹੀਂ ਜਾਪਦਾ। ਸ੍ਰੀ ਬਾਦਲ ਨੇ ਡਾ. ਬੈਂਸ ਨੂੰ ਵੀ ਚੰਡੀਗੜ੍ਹ ਪ੍ਰਸ਼ਾਸਨ ਵਿਚ ਬਤੌਰ ਡੈਪੂਟੇਸ਼ਨ ਇਕ ਸਾਲ ਹੋਰ ਕੰਮ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ। ਜ਼ਿਕਰਯੋਗ ਹੈ ਕਿ ਯੂ.ਟੀ. ਸਿਹਤ ਵਿਭਾਗ ਦੀਆਂ ਮੁਲਾਜ਼ਮ ਯੂਨੀਅਨਾਂ ਅਤੇ ਸਟਾਫ ਦਾ ਇਕ ਵਰਗ ਡਾ. ਬੈਂਸ ਨਾਲ ਹਮੇਸ਼ਾ ਟਕਰਾਅ ਵਿਚ ਹੀ ਰਿਹਾ ਹੈ ਪਰ ਇਸਦੇ ਬਾਵਜੂਦ ਡਾਕਟਰ ਬੈਂਸ ਦੀ ਮਿਆਦ ਵਿਚ ਤੀਸਰੀ ਵਾਰ ਵਾਧਾ ਹੋਣਾ ਲਗਭਗ ਤੈਅ ਹੈ।

# ਭ੍ਰਿਸ਼ਟ ਅਫ਼ਸਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਏ:ਚੀਫ਼ ਜਸਟਿਸ

**ਨਵੀਂ ਦਿੱਲੀ :** ਭਾਰਤ ਦੇ ਚੀਫ਼ ਜਸਟਿਸ ਕੇ.ਜੀ. ਬਾਲਾਕ੍ਰਿਸ਼ਨਨ ਨੇ ਬੀਤੀ 12 ਸਤੰਬਰ ਨੂੰ ਕਿਹਾ ਕਿ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਦੋਸ਼ੀ ਕਰਾਰ ਦਿਤੇ ਜਾਣ ਵਾਲੇ ਸਰਕਾਰੀ ਅਧਿਕਾਰੀਆਂ ਦੀਆਂ ਗ਼ੈਰ ਕਾਨੂੰਨੀ ਜਾਇਦਾਦਾਂ ਨੂੰ ਜ਼ਬਤ ਕਰਨ ਬਾਰੇ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਵਕੀਲਾਂ ਦੀਆਂ ਵਿਸ਼ੇਸ਼ ਟੀਮਾਂ ਦੀ ਨਿਯੁਕਤੀ ਕਰ ਕੇ ਭ੍ਰਿਸ਼ਟਾਚਾਰ ਨਾਲ ਸਬੰਧਤ ਮਾਮਲਿਆਂ ਨੂੰ ਛੇਤੀ ਤੋਂ ਛੇਤੀ ਨਿਪਟਾਇਆ ਜਾਣਾ ਚਾਹੀਦਾ ਹੈ। 'ਭ੍ਰਿਸ਼ਟਾਚਾਰ ਨਾਲ ਸਬੰਧਤ ਅਪਰਾਧਾਂ ਵਿਰੁਧ ਲੜਾਈ' ਵਿਸ਼ੇ 'ਤੇ ਕੌਮੀ ਸੈਮੀਨਾਰ ਦੌਰਾਨ ਜਸਟਿਸ ਬਾਲਾਕ੍ਰਿਸ਼ਨਨ ਨੇ ਕਿਹਾ, "ਜੇ ਇਕ ਸਰਕਾਰੀ ਅਫ਼ਸਰ ਲੋਕਾਂ ਨੂੰ ਲੁੱਟ ਕੇ ਮੋਟੀ ਜਾਇਦਾਦ ਬਣਾ ਲੈਂਦਾ ਹੈ ਤਾਂ ਉਸ ਨੂੰ ਜ਼ਬਤ ਕਰਨਾ ਗਲਤ ਨਹੀਂ ਹੋਵੇਗਾ।" ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਦੋਸ਼ੀ ਕਰਾਰ ਦਿਤੇ ਗਏ ਵਿਅਕਤੀਆਂ ਨਾਲ ਸਬੰਧਤ ਜਾਇਦਾਦਾਂ ਨੂੰ ਜ਼ਬਤ ਕਰਨ ਲਈ ਕਾਨੂੰਨ 'ਚ ਸੋਧ ਕੀਤੀ ਜਾਣੀ ਲਾਜ਼ਮੀ ਹੈ।

ਜਸਟਿਸ ਬਾਲਾਕ੍ਰਿਸ਼ਨਨ ਦਾ ਕਹਿਣਾ ਸੀ ਕਿ ਕਿਸੇ ਅਫ਼ਸਰ ਵਿਰੁਧ ਭ੍ਰਿਸ਼ਟਾਚਾਰ ਦਾ ਮੁਕੱਦਮਾ ਚਲਾਉਣ ਬਾਰੇ ਇਜਾਜ਼ਤ ਦੇਣ ਵਿਚ ਦੇਰੀ ਅਤੇ ਵੱਡੀ ਗਿਣਤੀ 'ਚ ਗਵਾਹਾਂ ਨੂੰ ਇਕੱਠਾ ਕਰਨ ਵਰਗੀ ਪ੍ਰਕਿਰਿਆ ਮੁਲਜ਼ਮਾਂ ਨੂੰ ਦੋਸ਼ੀ ਸਾਬਤ ਕਰਨ ਦੇ ਰਾਹ 'ਚ ਵੱਡਾ ਅੜਿੱਕਾ ਹਨ।

ਇਹ ਜ਼ਰੂਰੀ ਹੈ ਕਿ ਇਜਾਜ਼ਤ ਦੇਣ ਦੀ ਪ੍ਰਕਿਰਿਆ ਤੇਜ਼ ਹੋਵੇ। ਜਦੋਂ ਇਜਾਜ਼ਤ ਦੇਣ 'ਚ ਹੀ 6 ਤੋਂ 7 ਸਾਲ ਲੱਗ ਜਾਂਦੇ ਹਨ ਤਾਂ ਮੁਕੱਦਮਾ ਬੇਅਸਰ ਹੋ ਜਾਂਦਾ ਹੈ। ਉਨ੍ਹਾਂ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਸੀ.ਬੀ.ਆਈ. ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਠੋਸ ਗਵਾਹਾਂ ਨਾਲ ਪੁੱਜਣ ਦੀ ਥਾਂ ਇਨ੍ਹਾਂ ਦੀ ਗਿਣਤੀ ਵਧਾਉਣ ਵਲ ਤਰਜੀਹ ਦਿੰਦੀ ਹੈ। ਇਸ ਨਾਲ ਮੁਕੱਦਮਾ ਬਿਨਾਂ ਕਾਰਨ 3-4 ਸਾਲ ਤਕ ਖਿਚਿਆ ਜਾਂਦਾ ਹੈ।

8 ਜਾਂ 10 ਗਵਾਹਾਂ ਦੀ ਬਜਾਏ ਸਿਰਫ਼ ਇਕ ਠੋਸ ਗਵਾਹ ਉਪਰ ਜ਼ੋਰ ਦਿਤਾ ਜਾਵੇ ਜੋ ਦੋਸ਼ਾਂ ਨੂੰ ਸਾਬਤ ਕਰ ਦੇਵੇ। ਕਈ ਉੱਚ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਦੇ ਕੇਸਾਂ ਵਿਚੋਂ ਬਰੀ ਹੋ ਜਾਣ ਵਲ ਸੰਕੇਤ ਦਿੰਦਿਆਂ ਚੀਫ਼ ਜਸਟਿਸ ਨੇ ਇਸ ਗੱਲ 'ਤੇ ਜ਼ੋਰ ਦਿਤਾ ਕਿ ਮਾਮਲੇ ਦੀ ਡੂੰਘਾਈ ਨਾਲ ਛਾਣਬੀਣ ਕਰਨ 'ਤੇ ਹੀ ਮੁਲਜ਼ਮਾਂ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ।

*Visit us on the web:*
***punjabtimesusa.com***

# ਚੀਨੀ ਫੌਜ ਵਲੋਂ ਉਤਰਾਖੰਡ ਤੇ ਲਦਾਖ 'ਚ ਵੀ ਘੁਸਪੈਠ

**ਦੇਹਰਾਦੂਨ :** ਅਰੁਣਾਚਲ, ਸਿੱਕਮ ਤੇ ਲੱਦਾਖ ਖਿੱਤੇ 'ਚ ਭਾਰਤੀ ਇਲਾਕਿਆਂ ਵਿਚ ਘੁਸਪੈਠ ਮਗਰੋਂ ਚੀਨ ਦੀ ਫੌਜ ਨੇ ਹੁਣ ਉਤਰਾਖੰਡ ਨਾਲ ਲਗਦੀ ਸਰਹੱਦ 'ਤੇ ਵੀ ਭਾਰਤੀ ਇਲਾਕੇ ਵਿਚ ਘੁਸਪੈਠ ਕੀਤੀ ਹੈ। ਵੱਖ-ਵੱਖ ਟੀ.ਵੀ. ਚੈਨਲਾਂ ਅਨੁਸਾਰ, ਇਹ ਘੁਸਪੈਠ ਪਿਛਲੇ ਕੁਝ ਦਿਨਾਂ ਦੌਰਾਨ ਕੀਤੀ ਗਈ ਹੈ। ਉਤਰਾਖੰਡ ਦੇ ਮੁੱਖ ਮੰਤਰੀ ਨੇ ਇਸ ਬਾਰੇ ਆਪਣੀ ਚਿੰਤਾ ਕੇਂਦਰ ਸਰਕਾਰ ਕੋਲ ਪ੍ਰਗਟ ਕੀਤੀ ਹੈ। ਇਸੇ ਦੌਰਾਨ ਆਈ.ਟੀ.ਬੀ.ਪੀ.ਨੇ ਮੀਡੀਆ ਦੀਆਂ ਉਨ੍ਹਾਂ ਰਿਪੋਰਟਾਂ ਦਾ ਖੰਡਨ ਕੀਤਾ ਹੈ, ਜਿਨ੍ਹਾਂ 'ਚ ਕਿਹਾ ਗਿਆ ਸੀ ਕਿ ਚੀਨੀ ਫੌਜ ਨੇ ਉਤਰਾਖੰਡ ਸੀਮਾ 'ਚ ਘੁਸਪੈਠ ਕੀਤੀ ਹੈ।

ਉਧਰ ਆਈ.ਟੀ.ਬੀ.ਪੀ. ਦੇ ਡੀ.ਆਈ.ਜੀ. ਸੰਜੇ ਸਿੰਘਲ ਨੇ ਕਿਹਾ ਕਿ ਉਤਰਾਖੰਡ 'ਚ ਭਾਰਤੀ ਪਾਸੇ ਚੀਨ ਦੀ ਫੌਜ ਦੀ ਕੋਈ ਹਿਲਜੁਲ ਉਨ੍ਹਾਂ ਨੇ ਨਹੀਂ ਦੇਖੀ। ਉਨ੍ਹਾਂ ਕਿਹਾ ਕਿ ਕੁਝ ਆਮ ਲੋਕ ਜੋ ਅਕਸਰ ਚਰਵਾਹੇ ਹੁੰਦੇ ਹਨ, ਮੌਨਸੂਨ ਦੀ ਰੁੱਤੇ ਭਾਰਤ ਵਲ ਆ ਜਾਂਦੇ ਹਨ, ਜੋ ਕੋਈ ਅਲੋਕਾਰ ਗੱਲ ਨਹੀਂ ਹੈ ਤੇ ਉਤਰਾਖੰਡ ਦੀ ਤਿੱਬਤੀ ਸਰਹੱਦ ਖਾਸਕਰ ਚਮੋਲੀ ਜ਼ਿਲੇ ਦੇ ਬਾਰਾਹੋਤੀ ਖੇਤਰ 'ਚ ਇਹ ਵਰਤਾਰਾ ਆਮ ਹੈ। ਇਸੇ ਦੌਰਾਨ ਚੀਨੀ ਫੌਜ ਦੀ ਭਾਰਤ 'ਚ ਘੁਸਪੈਠ ਪ੍ਰਤੀ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਸਵਾਲ ਖੜ੍ਹਾ ਕੀਤਾ ਹੈ ਕਿ ਇਸ ਮੁੱਦੇ 'ਤੇ ਕਾਂਗਰਸੀ ਲੀਡਰਸ਼ਿਪ ਚੁੱਪ ਕਿਉਂ ਹੈ?ਉਨ੍ਹਾਂ ਕਿਹਾ ਕਿ ਭਾਰਤ ਨੂੰ ਚੀਨ 'ਤੇ ਸਫਾਰਤੀ ਦਬਾਅ ਵਧਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫੌਜ ਦੇ ਮੁਖੀ ਨੇ ਪਹਿਲਾਂ ਪਿਛਲੇ ਹਫਤੇ ਚੀਨੀ ਦਖਲਅੰਦਾਜ਼ੀ ਮੰਨੀ ਸੀ, ਪਰ ਨਾਲ ਹੀ ਨਾਲ ਬਿਆਨ 'ਚ ਫੇਰ ਬਦਲ ਕਰਦਿਆਂ ਕਹਿ ਦਿੱਤਾ ਸੀ ਕਿ ਅਸਲ ਕੰਟਰੋਲ ਰੇਖਾ ਬਾਰੇ ਤੈਅ ਨਾ ਹੋਣ ਕਾਰਨ ਦੋਵੇਂ ਪਾਸਿਆਂ ਦੀ ਫੌਜ ਤੋਂ ਅਕਸਰ ਇਸ ਤਰ੍ਹਾਂ ਹੋ ਜਾਂਦਾ ਹੈ।

ਯਾਦ ਰਹੇ ਚੀਨੀ ਫੌਜ ਨੇ ਦੋਹਾਂ ਦੇਸ਼ਾਂ ਦਰਮਿਆਨ 1962 ਵਿਚ ਹੋਈ ਜੰਗ ਤੋਂ ਬਾਅਦ ਪਹਿਲੀ ਵਾਰ ਲੱਦਾਖ ਸੈਕਟਰ ਦੀ ਕਾਰਾਕੋਰਮ ਰੇਂਜ ਨਾਲ ਲਗਦੀ ਕੌਮਾਂਤਰੀ ਸਰਹੱਦ 'ਤੇ ਨਿਰਮਾਣ ਗਤੀਵਿਧੀਆਂ ਸ਼ੁਰੂ ਕਰ ਦਿਤੀਆਂ ਹਨ ਅਤੇ ਜੰਮੂ-ਕਸ਼ਮੀਰ ਸਰਕਾਰ ਦੀ ਇਕ ਰਿਪੋਰਟ ਕਹਿੰਦੀ ਹੈ ਕਿ ਚੀਨੀ ਫ਼ੌਜੀ ਇਕਦਮ ਨਹੀਂ ਸਗੋਂ ਹੌਲੀ-ਹੌਲੀ ਭਾਰਤੀ ਜ਼ਮੀਨ 'ਤੇ ਕਬਜ਼ਾ ਕਰ ਰਹੇ ਹਨ।

ਅਧਿਕਾਰਤ ਸੂਤਰਾਂ ਨੇ ਕਿਹਾ ਕਿ ਚੀਨ ਦੀ ਪਬਲਿਕ ਲਿਬਰੇਸ਼ਨ ਆਰਮੀ ਕਾਰਾਕੋਰਮ ਰੇਂਜ ਦੇ ਨੇੜੇ ਨਿਰਮਾਣ ਗਤੀਵਿਧੀਆਂ ਚਲਾ ਰਹੀ ਹੈ ਜਿਸ ਦੀ ਵਰਤੋਂ ਵਧੇਰੇ ਫ਼ੌਜੀਆਂ ਦੀ ਤੈਨਾਤੀ ਜਾਂ ਭਾਰਤੀ ਫ਼ੌਜ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੇ ਉਦੇਸ਼ ਨਾਲ ਕੈਮਰੇ ਲਗਾਉਣ ਲਈ ਕੀਤੀ ਜਾ ਸਕਦੀ ਹੈ। ਕਾਰਾਕੋਰਮ ਦੱਰਾ ਭਾਰਤ ਅਤੇ ਚੀਨ ਦੇ ਖ਼ੁਦਮੁਖ਼ਤਿਆਰ ਸ਼ਿਨਜਿਆਂਗ ਖੇਤਰ 'ਤੇ ਪੈਂਦਾ ਹੈ। ਇਹ ਚੀਨ ਅਤੇ ਭਾਰਤ ਦੀ ਸਰਹੱਦ ਦਾ ਉੱਤਰੀ ਸਿਰਾ ਹੈ ਜਿਸ ਨੂੰ ਅਸਲ ਕੰਟਰੋਲ ਰੇਖਾ ਵਜੋਂ ਜਾਣਿਆ ਜਾਂਦਾ ਹੈ। ਇਸ ਦੇ ਪੱਛਮ 'ਚ ਸਥਿਤ ਸਿਆਚਿਨ ਗਲੇਸ਼ੀਅਰ 'ਤੇ ਕਬਜ਼ੇ ਨੂੰ ਲੈ ਕੇ ਪਾਕਿਸਤਾਨ ਅਤੇ ਭਾਰਤ ਦਰਮਿਆਨ ਵਿਵਾਦ ਵਿਚ ਇਹ ਖੇਤਰ ਵੱਡੀ ਭੂਗੋਲਿਕ ਭੂਮਿਕਾ ਵੀ ਅਦਾ ਕਰਦਾ ਹੈ। ਇਹ ਸਥਿਤੀ 1972 'ਚ ਭਾਰਤ-ਪਾਕਿ ਦਰਮਿਆਨ ਸ਼ਿਮਲਾ ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਬਾਅਦ ਪੈਦਾ ਹੋਈ ਸੀ ਜਦੋਂ ਸੰਧੀ ਵਿਚ ਕੰਟਰੋਲ ਰੇਖਾ ਦੇ ਅੰਤਮ ਸਿਰੇ ਅਤੇ ਕਾਰਾਕੋਰਮ ਦੱਰੇ ਦਰਮਿਆਨ ਗੋਲੀਬੰਦੀ ਰੇਖਾ ਦੇ ਅੰਤਮ 100 ਕਿਲੋਮੀਟਰ ਦੇ ਖੇਤਰ ਨੂੰ ਸਪੱਸ਼ਟ ਨਹੀਂ ਕੀਤਾ ਜਾ ਸਕਿਆ ਸੀ। ਦੱਰੇ ਦੇ ਪੱਛਮੀ ਹਿੱਸੇ ਦਾ ਚੀਨ-ਭਾਰਤ-ਪਾਕਿਸਤਾਨ ਦੀ ਸਰਹੱਦ ਮਿਲਣ ਦੇ ਬਿੰਦੂ ਦੇ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ।

ਫ਼ੌਜ ਨੇ ਜਿਥੇ ਇਸ ਘਟਨਾਕ੍ਰਮ ਨੂੰ ਜ਼ਿਆਦਾ ਅਹਿਮੀਅਤ ਨਾ ਦੇਣ ਦੀ ਕੋਸ਼ਿਸ਼ ਕੀਤੀ ਉਥੇ ਇਹ ਵੀ ਮੰਨਿਆ ਕਿ ਕੁਝ ਉਸਾਰੀ ਗਤੀਵਿਧੀਆਂ ਦੇਖੀਆਂ ਗਈਆਂ ਹਨ। ਖ਼ਬਰ ਏਜੰਸੀ ਨੂੰ ਭੇਜੇ ਲਿਖਤੀ ਜਵਾਬ ਵਿਚ ਇਕ ਫ਼ੌਜੀ ਬੁਲਾਰੇ ਨੇ ਕਿਹਾ ਕਿ ਕਾਰਾਕੋਰਮ ਦੱਰੇ 'ਤੇ ਉਸਾਰੀ ਗਤੀਵਿਧੀਆਂ ਦੀ ਕੋਈ ਰਿਪੋਰਟ ਨਹੀਂ ਹੈ ਹਾਲਾਂਕਿ ਚੀਨੀ ਖੇਤਰ ਦੇ ਅੰਦਰ ਕੁਝ ਉਸਾਰੀਆਂ ਦੇਖੀਆਂ ਗਈਆਂ ਹਨ। ਇਸੇ ਨਾਲ ਸਬੰਧਤ ਘਟਨਾਕ੍ਰਮ ਤਹਿਤ ਜੰਮੂ-ਕਸ਼ਮੀਰ ਸਰਕਾਰ ਦੀ ਰਿਪੋਰਟ 'ਚ ਲੱਦਾਖ਼ ਦੇ ਵੱਖ-ਵੱਖ ਹਿੱਸਿਆਂ 'ਚ ਚੀਨੀ ਘੁਸਪੈਠ ਨੂੰ ਦਰਸਾਇਆ ਗਿਆ ਹੈ।

ਸਾਬਕਾ ਐਸ.ਡੀ.ਐਮ. ਨਯੋਮਾ ਤਸੇਰੀਆ ਨੋਰਬੂ ਨੇ ਅਪਣੀ ਰਿਪੋਰਟ ਵਿਚ ਕਿਹਾ ਹੈ, "ਉਨ੍ਹਾਂ ਨੇ (ਚੀਨ ਨੇ) ਲੱਦਾਖ਼ ਸੈਕਟਰ ਵਿਚ ਪਸ਼ੂਆਂ ਦੀ ਚਰਾਈ ਲਈ ਦੇਕਬੁਗ ਖੇਤਰ ਦੀ ਵਰਤੋਂ ਕਰ ਰਹੇ ਖ਼ਾਨਾਬਦੋਸ਼ਾਂ ਨੂੰ ਦਹਾਕਿਆਂ ਬਾਅਦ ਚੇਤਾਵਨੀ ਦਿਤੀ ਹੈ।ਇਹ ਸਾਡੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਹੈ।

ਚੀਨੀ ਕਹਾਵਤ ਦੁਨੀਆਂ ਭਰ 'ਚ ਮਸ਼ਹੂਰ ਹੈ ਕਿ ਗਜ਼ਾਂ ਵਿਚ ਕਬਜ਼ਾ ਕਰਨ ਤੋਂ ਬਿਹਤਰ ਇੰਚਾਂ ਵਿਚ ਕਬਜ਼ਾ ਕਰਨਾ ਹੈ। ਸੂਬਾ ਸਰਕਾਰ ਨੇ ਨੋਰਬੂ ਨੂੰ ਦੇਕਬੁਗ ਖੇਤਰ 'ਚ ਚੀਨੀ ਫ਼ੌਜ ਦੀ ਘੁਸਪੈਠ ਅਤੇ ਜ਼ਮੀਨ ਨੂੰ ਅਪਣੀ ਦੱਸ ਕੇ ਸਥਾਨਕ ਗਡਰੀਆਂ ਨੂੰ ਇਸ ਨੂੰ ਛੱਡਣ ਦੀ ਚੇਤਾਵਨੀ ਦੇਣ ਦੇ ਮਾਮਲੇ ਦੀ ਪੜਤਾਲ ਲਈ ਨਿਯੁਕਤ ਕੀਤਾ ਹੈ। ਅਪਣੇ ਪਸ਼ੂਆਂ ਨੂੰ ਚਰਾਉਣ ਲਈ ਇਹ ਗਡਰੀਏ ਇਸ ਖੇਤਰ ਦੀ ਵਰਤੋਂ ਕਰਦੇ ਰਹੇ ਹਨ। ਇਹ ਖੇਤਰ ਲੱਦਾਖ਼ ਦੇ ਹੋਰਨਾਂ ਖੇਤਰਾਂ ਦੇ ਮੁਕਾਬਲੇ ਗਰਮ ਰਹਿੰਦਾ ਹੈ। ਨੋਰਬੂ ਨੇ ਦਸਿਆ ਹੈ ਕਿ ਖੇਤਰ ਉਪਰ ਦਾਅਵਾ ਕਰਨ ਦੀ ਇਹ ਚੀਨ ਦੀ ਇਕ ਹੋਰ ਕੋਸ਼ਿਸ਼ ਹੈ।

# ਗੁਰਦੁਆਰਾ ਪੈਲਾਟਾਈਨ ਦੀ ਸਾਧ ਸੰਗਤ ਦੇ ਧਿਆਨਯੋਗ

ਗੁਰਦੁਆਰਾ ਪੈਲਾਟਾਈਨ ਦੀ ਸਾਧ ਸੰਗਤ ਦੇ ਧਿਆਨਯੋਗ

ਅਸੀਂ ਮਿਡਵੈਸਟ ਦੇ ਸਭ ਤੋਂ ਪੁਰਾਣੇ ਅਤੇ ਵੱਡੇ ਗੁਰੂ ਘਰ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸੰਸਥਾ ਸਿੱਖ ਰਿਲੀਜੀਅਸ ਸੁਸਾਇਟੀ ਦੇ ਪਿਛਲੇ ਪ੍ਰਬੰਧਕਾਂ ਵਲੋਂ ਗੁਰੂ ਘਰ ਦੇ ਸਾਬਕਾ ਗ੍ਰੰਥੀ ਭਾਈ ਮਹਿੰਦਰ ਸਿੰਘ ਨਾਲ ਰਲ ਕੇ ਸੰਗਤ ਨੂੰ ਪਾੜਨ ਲਈ ਕੀਤੀਆਂ ਜਾ ਰਹੀਆਂ ਨਿਰੰਤਰ ਕੋਸ਼ਿਸ਼ਾਂ ਵੱਲ ਸਮੂਹ ਸਿੱਖ ਸੰਗਤ ਦਾ ਧਿਆਨ ਦਿਵਾਉਣਾ ਚਾਹੁੰਦੇ ਹਾਂ। ਸਿੱਖ ਰਿਲੀਜੀਅਸ ਸੁਸਾਇਟੀ ਦੇ ਅਪਰੈਲ 2008 ਵਿਚ ਚੁਣੇ ਗਏ ਨਵੇਂ ਬੋਰਡ ਨੇ ਪ੍ਰਧਾਨ ਜਸਪ੍ਰੀਤ ਸਿੰਘ ਅਟਵਾਲ ਦੀ ਅਗਵਾਈ ਹੇਠ ਗੁਰਦੁਆਰਾ ਪ੍ਰਬੰਧ ਨੂੰ ਪਾਰਦਰਸ਼ੀ, ਕਾਰਗਰ ਅਤੇ ਸਥਾਨਕ ਕਾਨੂੰਨਾਂ ਦੇ ਅਨੁਰੂਪ ਬਣਾਉਣ ਲਈ ਲਗਾਤਾਰ ਯਤਨ ਕੀਤੇ ਹਨ ਪਰ ਪਿਛਲੇ ਪ੍ਰਬੰਧਕਾਂ ਨੇ ਇਸ ਮਾਮਲੇ ਵਿਚ ਸਹਿਯੋਗ ਦੇਣ ਦੀ ਥਾਂ ਨਿਰੰਤਰ ਅੜਚਣਾਂ ਪਾਉਣ ਅਤੇ ਆਪਣੀ ਭਾਈ-ਭਗਤੀ ਦੀ ਭਾਵਨਾ ਜਾਂ ਫਿਰ ਭਾਈ ਦੇ ਮਾਮਲੇ ਨੂੰ ਆਪਣੇ ਸਵਾਰਥੀ ਹਿੱਤਾਂ ਲਈ ਉਭਾਰਨ ਦੀ ਨੀਤੀ ਉਤੇ ਚੱਲਦਿਆਂ ਸੰਗਤ ਨੂੰ ਜੋੜਨ ਦੀ ਥਾਂ ਪਾੜਨ ਦਾ ਰਾਹ ਅਪਨਾਇਆ ਹੋਇਆ ਹੈ। ਆਪਣੇ ਸਵਾਰਥੀ ਹਿੱਤਾਂ ਦੀ ਪੂਰਤੀ ਲਈ ਭਾਈ-ਭਗਤਾਂ ਅਤੇ ਹੁੰਦਲ ਧੜੇ ਦੀ ਅਗਵਾਈ ਹੇਠਲੇ ਪੁਰਾਣੇ ਪ੍ਰਬੰਧਕਾਂ ਨੇ ਮਿਡਵੈਸਟ ਦੇ ਇਸ ਸਭ ਤੋਂ ਪੁਰਾਣੇ ਗੁਰੂ ਘਰ ਨੂੰ ਵਧੇਰੇ ਤਰੱਕੀ ਦੇ ਰਾਹ ਪਾਉਣ ਲਈ ਸਹਿਯੋਗ ਦੇਣ ਦੀ ਥਾਂ ਲੋਕਾਂ ਦੇ ਨਿੱਜੀ ਮਾਮਲਿਆਂ ਨੂੰ ਉਛਾਲਣ, ਨਿਰੰਤਰ ਝੂਠ ਬੋਲਣ ਅਤੇ ਮੌਜੂਦਾ ਪ੍ਰਬੰਧਕਾਂ ਉਤੇ ਚਿੱਕੜ ਉਛਾਲੀ ਦਾ ਰਾਹ ਫੜਿਆ ਹੋਇਆ ਹੈ। ਗੁਰੂ ਘਰ ਦੀ ਸੰਗਤ ਦੇ ਧਿਆਨ ਵਿਚ ਅਸੀਂ ਹੇਠਾਂ ਦਿੱਤੀਆਂ ਗੱਲਾਂ ਲਿਆਉਣਾ ਚਾਹੁੰਦੇ ਹਾਂ:

1. ਗੁਰੂ ਘਰ ਅਤੇ ਸੰਗਤ ਪ੍ਰਤੀ ਨਿਸ਼ਠਾ ਇਸ ਗੱਲ ਦੀ ਮੰਗ ਕਰਦੀ ਹੈ ਕਿ ਜਦੋਂ ਵੀ ਪ੍ਰਬੰਧਕ ਕਮੇਟੀ ਬਦਲੇ ਪੁਰਾਣੇ ਪ੍ਰਬੰਧਕ ਗੁਰੂ ਘਰ ਦਾ ਸਮੁੱਚਾ ਹਿਸਾਬ-ਕਿਤਾਬ ਅਤੇ ਰਿਕਾਰਡ ਨਵੇਂ ਪ੍ਰਬੰਧਕਾਂ ਦੇ ਸਪੁਰਦ, ਹੈਂਡ ਓਵਰ/ਟੇਕ ਓਵਰ ਦੀ ਨੀਤੀ ਅਪਨਾ ਕੇ ਹਵਾਲੇ ਕਰਨ ਪ੍ਰੰਤੂ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਿਛਲੇ ਪ੍ਰਬੰਧਕਾਂ ਵਿਚੋਂ ਖਜ਼ਾਨਚੀ ਭਾਈ ਭਗਵਾਨ ਸਿੰਘ ਬੱਟੂ ਤੋਂ ਇਲਾਵਾ ਕਿਸੇ ਵੀ ਹੋਰ ਪ੍ਰਬੰਧਕ ਨੇ ਗੁਰੂ ਘਰ ਦਾ ਰਿਕਾਰਡ ਨਵੇਂ ਪ੍ਰਬੰਧਕਾਂ ਦੇ ਹਵਾਲੇ ਵਾਰ ਵਾਰ ਬੇਨਤੀ ਕੀਤੇ ਜਾਣ ਉਤੇ ਵੀ ਨਹੀਂ ਕੀਤਾ।

2. ਪਿਛਲੇ ਪ੍ਰਬੰਧਕਾਂ ਤੋਂ ਵਾਰ ਵਾਰ ਮੰਗ ਕੀਤੀ ਗਈ ਹੈ ਕਿ 1998 ਤੋਂ ਅਪਰੈਲ 2008 ਤੱਕ ਜਾਰੀ ਕੀਤੀਆਂ ਗਈਆਂ ਸਪਾਂਸਰਸ਼ਿਪਾਂ ਦਾ ਰਿਕਾਰਡ ਦਿੱਤਾ ਜਾਵੇ ਪਰ ਇਹ ਰਿਕਾਰਡ ਅੱਜ ਤੱਕ ਵੀ ਨਹੀਂ ਦਿੱਤਾ ਗਿਆ। ਅਜਿਹੇ ਵਿਚ ਇਨ੍ਹਾਂ ਦੋਸ਼ਾਂ ਨੂੰ ਝੁਠਲਾਉਣਾ ਬਹੁਤ ਔਖਾ ਹੈ ਕਿ ਗੁਰੂ ਘਰ ਦੀਆਂ ਸਪਾਂਸਰਸ਼ਿਪਾਂ ਵੱਡੀਆਂ ਰਕਮਾਂ ਲੈ ਕੇ ਵੇਚੀਆਂ ਗਈਆਂ ਅਤੇ ਉਨ੍ਹਾਂ ਉਤੇ ਗਲਤ ਕਿਸਮ ਦੇ ਲੋਕ ਅਮਰੀਕਾ ਪਹੁੰਚੇ ਹਨ। ਇਸ ਨਾਲ ਅਮਰੀਕੀ ਦੂਤ ਘਰ ਵਿਚ ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਨਾਂ ਨੂੰ ਵੱਟਾ ਲੱਗਾ ਹੈ।

3. ਗੁਰੂ ਘਰ ਦੀਆਂ ਜ਼ਮੀਨਾਂ ਨਾਲ ਸਬੰਧਤ ਰਿਕਾਰਡ, ਇਸ ਸਬੰਧੀ ਚੱਲੇ ਕੇਸਾਂ ਦਾ ਰਿਕਾਰਡ, ਜ਼ਮੀਨਾਂ ਵੇਚਣ ਅਤੇ ਇਸ ਕਾਰਜ ਲਈ ਸੰਗਤ ਵਲੋਂ ਲਏ ਗਏ ਰਿਫਰੈਂਡਮ ਦਾ ਰਿਕਾਰਡ ਦੇਣ ਦੀ ਵੀ ਪਿਛਲੇ ਪ੍ਰਬੰਧਕਾਂ ਨੂੰ ਵਾਰ ਵਾਰ ਬੇਨਤੀ ਕੀਤੀ ਗਈ ਹੈ ਪਰ ਇਹ ਰਿਕਾਰਡ ਅੱਜ ਤੱਕ ਵੀ ਨਹੀਂ ਦਿੱਤਾ ਗਿਆ।

4. ਗੁਰੂ ਘਰ ਦਾ ਵਿੱਤੀ ਰਿਕਾਰਡ ਪਿਛਲੇ ਤੀਹ ਸਾਲਾਂ ਤੋਂ ਕਦੇ ਵੀ ਆਡਿਟ ਨਹੀਂ ਕਰਵਾਇਆ ਗਿਆ। ਸੁਸਾਇਟੀ ਦੇ ਮੁਲਾਜ਼ਮਾਂ ਦਾ ਕੋਈ ਰਿਕਾਰਡ ਨਹੀਂ ਰੱਖਿਆ ਗਿਆ। ਕਿਸੇ ਨੂੰ 1099 ਜਾਂ ਡਬਲਿਊ-2 ਫਾਰਮ ਨਹੀਂ ਦਿੱਤਾ ਗਿਆ। ਇਹ ਸਭ ਅਮਰੀਕੀ ਕਾਇਦੇ ਕਾਨੂੰਨਾਂ ਦੀ ਉਲੰਘਣਾ ਹੈ ਜਿਨ੍ਹਾਂ ਕਰਕੇ ਸਾਡੀ ਸੁਸਾਇਟੀ ਕਦੇ ਵੀ ਕਿਸੇ ਮੁਸ਼ਕਲ ਵਿਚ ਪੈ ਸਕਦੀ ਹੈ। ਜਦੋਂ ਨਵੇਂ ਪ੍ਰਬੰਧਕਾਂ ਨੇ ਇਸ ਸਭ ਕਾਸੇ ਨੂੰ ਨੇਮਬੱਧ ਕਰਨ ਲਈ ਯਤਨ ਕੀਤੇ ਤਾਂ ਪੁਰਾਣੇ ਪ੍ਰਬੰਧਕਾਂ ਨੇ ਸਹਿਯੋਗ ਦੇਣ ਦੀ ਥਾਂ ਭਾਈ ਮਹਿੰਦਰ ਸਿੰਘ ਦੇ ਮਾਮਲੇ ਨੂੰ ਇਸ ਕਦਰ ਤੂਲ ਦਿੱਤੀ ਕਿ ਅੱਜ ਤੱਕ ਸੰਗਤਾਂ ਵਿਚ ਵੰਡੀ ਪਈ ਹੋਈ ਹੈ।

5. ਗੁਰਦੁਆਰਾ ਸਾਹਿਬ ਦੀਆਂ ਕੁਝ ਜ਼ਮੀਨਾਂ ਪਿਛਲੇ ਪ੍ਰਬੰਧਕਾਂ ਦੇ ਸਮੇਂ ਵਿਚ ਭਾਈ ਮਹਿੰਦਰ ਸਿੰਘ ਨਾਲ ਵਟਾਈਆਂ ਗਈਆਂ ਅਤੇ ਵੇਚੀਆਂ ਗਈਆਂ, ਐਨ ਉਸੇ ਹੀ ਸਮੇਂ ਭਾਈ ਮਹਿੰਦਰ ਸਿੰਘ ਦੀਆਂ ਜ਼ਮੀਨਾਂ ਵੀ ਵੇਚੀਆਂ ਗਈਆਂ। ਸਿੱਖ ਰਿਲੀਜੀਅਸ ਸੁਸਾਇਟੀ ਅਤੇ ਭਾਈ ਮਹਿੰਦਰ ਸਿੰਘ ਦੋਹਾਂ ਦੀਆਂ ਹੀ ਜ਼ਮੀਨਾਂ ਇਕੋ ਖਰੀਦਦਾਰ ਨੂੰ ਵੱਖੋ ਵੱਖ ਪ੍ਰਤੀ ਗਜ਼ ਰੇਟ ’ਤੇ ਵੇਚੀਆਂ ਗਈਆਂ। ਇਕੋ ਤਰ੍ਹਾਂ ਦੀ ਅਤੇ ਇਕੋ ਸਮੇਂ ਵੇਚੀ ਗਈ ਜ਼ਮੀਨ ਲਈ ਗੁਰਦੁਆਰਾ ਸਾਹਿਬ ਨੂੰ ਭਾਈ ਮਹਿੰਦਰ ਸਿੰਘ ਨਾਲੋਂ ਇਕੀ ਹਜ਼ਾਰ ਡਾਲਰ ਘੱਟ ਮਿਲਿਆ। ਇਸ ਦੀ ਕੀ ਵਜ੍ਹਾ ਹੈ? ਪੁਰਾਣੇ ਪ੍ਰਬੰਧਕ ਇਸ ਦਾ ਕੋਈ ਜਵਾਬ ਦੇਣ ਲਈ ਤਿਆਰ ਨਹੀਂ ਹਨ।

6. ਪਿਛਲੇ ਪ੍ਰਬੰਧਕਾਂ ਵਲੋਂ ਇਕ ਖਾਸ ਬੈਂਕ ਵਿਚ ਇਕ ਖਾਸ ਸ਼ਖਸ ਨੂੰ ਲਾਭ ਦੇਣ ਲਈ ਗੁਰਦੁਆਰਾ ਸਾਹਿਬ ਦਾ ਇਕ ਗੁਪਤ ਬੈਂਕ ਖਾਤਾ ਖੁਲ੍ਹਵਾਇਆ ਗਿਆ ਜਿਸ ਲਈ ਬੋਰਡ ਪਾਸੋਂ ਕੋਈ ਮਨਜ਼ੂਰੀ ਨਹੀਂ ਲਈ ਗਈ। ਜਦੋਂ ਇਸ ਗੁਪਤ ਖਾਤੇ ਦਾ ਪਤਾ ਲੱਗਾ ਤਾਂ ਇਹ ਆਖਿਆ ਗਿਆ ਕਿ ਇਹ ਰਕਮ ਗੁਰਦੁਆਰਾ ਸਾਹਿਬ ਦੀ ਨਵੀਂ ਉਸਾਰੀ ਲਈ ਰੱਖੀ ਗਈ ਹੈ ਜਿਸ ਵਾਸਤੇ ਸੰਗਤ ਤੋਂ ਰਿਫਰੈਂਡਮ ਵੀ ਲਿਆ ਗਿਆ ਪਰ ਅਪਰੈਲ 2008 ਵਿਚ ਐਨ ਉਸ ਮੌਕੇ ਜਦੋਂ ਚੋਣ ਪ੍ਰਕਿਰਿਆ ਚੱਲ ਰਹੀ ਸੀ ਤਾਂ ਇਹ ਪੈਸਾ ਗੁਰੂ ਘਰ ਦੇ ਲੋਨ ਖਾਤੇ ਵਿਚ ਜਮ੍ਹਾ ਕਰਵਾ ਦਿੱਤਾ ਗਿਆ। ਚੋਣ ਪ੍ਰਕਿਰਿਆ ਦੌਰਾਨ ਅਜਿਹਾ ਕਰਨ ਦਾ ਉਨ੍ਹਾਂ ਨੂੰ ਕੋਈ ਹੱਕ ਨਹੀਂ ਸੀ। ਜਾਹਰ ਹੈ ਕਿ ਪਿਛਲੇ ਪ੍ਰਬੰਧਕਾਂ ਨੂੰ ਸੰਗਤਾਂ ਤੋਂ ਲਏ ਗਏ ਰਿਫਰੈਂਡਮ ਦਾ ਕਿਤਨਾ ਕੁ ਸਤਿਕਾਰ ਸੀ?

7. ਸੰਗਤ ਦਾ ਧਿਆਨ ਪਿਛਲੇ ਦਿਨਾਂ ਵਿਚ ਕੁਝ ਭਾਈ-ਭਗਤਾਂ ਅਤੇ ਕੁਝ ਪੁਰਾਣੇ ਪ੍ਰਬੰਧਕਾਂ ਵਲੋਂ ਸ਼ਿਕਾਗੋ ਸਿੱਖ ਸੰਗਤ ਦੇ ਨਾਂ ਹੇਠ ਅਖਬਾਰ ਵਿਚ ਛਪਵਾਏ ਇਸ਼ਤਿਹਾਰ ਵੱਲ ਵੀ ਦਿਵਾਉਣਾ ਚਾਹੁੰਦੇ ਹਾਂ। ਇਹ ਇਸ਼ਤਿਹਾਰ ਇਸ ਗੱਲ ਤੋਂ ਸ਼ੁਰੂ ਹੁੰਦਾ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਦਾ ਪ੍ਰਧਾਨ ਜਸਪ੍ਰੀਤ ਸਿੰਘ ਡਰੱਗ ਵੇਚਦਾ ਹੈ। ਸਾਡੀ ਸਮਝ ਤੋਂ ਇਹ ਬਾਹਰ ਹੈ ਕਿ ਸ਼ਿਕਾਗੋ ਸਿੱਖ ਸੰਗਤ ਦੇ ਨਾਂ ਹੇਠ ਇਹ ਲੋਕ ਸੰਗਤ ਨੂੰ ਕਿਸ ਤਰ੍ਹਾਂ ਦਾ ਪ੍ਰਭਾਵ ਦੇਣਾ ਚਾਹੁੰਦੇ ਹਨ। ਜਸਪ੍ਰੀਤ ਸਿੰਘ ਇਕ ਡਬਲ ਗਰੈਜੂਏਟ ਜ਼ਿੰਮੇਵਾਰ ਨੌਜਵਾਨ ਫਾਰਮਾਸਿਸਟ ਹੈ। ਡਰੱਗ ਕੀ ਹੁੰਦੀ ਹੈ? ਡਰੱਗ ਕੌਣ ਵੇਚਦਾ ਹੈ ਅਤੇ ਕੌਣ ਵੇਚਦਾ ਰਿਹਾ ਹੈ? ਇਸ ਦਾ ਫੈਸਲਾ ਅਸੀਂ ਸੰਗਤ ‘ਤੇ ਹੀ ਛੱਡਦੇ ਹਾਂ।

ਸ਼ਿਕਾਗੋ ਸਿੱਖ ਸੰਗਤ ਨਾਂ ਦੀ ਇਸ ਤਥਾਕਥਿਤ ਸੰਸਥਾ ਨੇ ਪਿਛਲੇ ਸਮੇਂ ਬੋਰਡ ਦੇ ਕੁਝ ਜ਼ਿੰਮੇਵਾਰ ਮੈਂਬਰਾਂ ਦੇ ਨਿੱਜੀ ਮਾਮਲਿਆਂ ਨੂੰ ਵੀ ਉਛਾਲਣ ਦੀ ਲਗਾਤਾਰ ਕੋਸ਼ਿਸ਼ ਜਾਰੀ ਰੱਖੀ ਹੈ।

8. ਗੁਰੂ ਘਰ ਦੀ ਸੰਗਤ ਦਾ ਧਿਆਨ ਅਸੀਂ ਭਾਈ ਮਹਿੰਦਰ ਸਿੰਘ ਵਲੋਂ ਆਪਣੀ ਸੇਵਾਮੁਕਤੀ ਤੋਂ ਬਾਅਦ ਪਿਛਲੇ ਸਮੇਂ ਵਿਚ ਲਗਾਤਾਰ ਕੀਤੀਆਂ ਜਾ ਰਹੀਆਂ ਸੰਗਤ ਵਿਚ ਫੁੱਟਪਾਊ ਅਤੇ ਝਗੜੇ ਖੜੇ ਕਰੂ ਕਾਰਵਾਈਆਂ ਵੱਲ ਵੀ ਦਿਵਾਉਣਾ ਚਾਹੁੰਦੇ ਹਾਂ। ਪਿਛਲੇ ਸਾਲ 21 ਦਸੰਬਰ ਨੂੰ ਜਦੋਂ ਪ੍ਰਧਾਨ ਜਸਪ੍ਰੀਤ ਸਿੰਘ ਨੇ ਗੁਰੂ ਘਰ ਦੀ ਸੰਗਤ ਨੂੰ ਮੁਖਾਤਿਬ ਹੁੰਦਿਆਂ ਆਖਿਆ ਸੀ ਕਿ ਅਸੀਂ ਭਾਈ ਮਹਿੰਦਰ ਸਿੰਘ ਨੂੰ ਬੇਨਤੀ ਕਰਦੇ ਹਾਂ ਕਿ ਉਹ ਸੁਸਾਇਟੀ ਦੇ ਨਿਯਮਾਂ ਦੀ ਪਾਲਣਾ ਕਰਦਿਆਂ ਨਵੇਂ ਕੰਟਰੈਕਟ ਲਈ ਅਰਜੀ ਉਤੇ ਜ਼ਰੂਰ ਦਸਤਖਤ ਕਰ ਦੇਣ ਤਾਂ ਉਸ ਸਮੇਂ ਆਪਣੀ ਡਿਊਟੀ ਦਾ ਘੇਰਾ ਉਲੰਘ ਕੇ ਭਾਈ ਮਹਿੰਦਰ ਸਿੰਘ ਨੇ ਭਾਈ ਜਸਪ੍ਰੀਤ ਸਿੰਘ ਕੋਲੋਂ ਮਾਈਕ ਫੜ੍ਹ ਕੇ ਇਹ ਗੱਲ ਆਖੀ ਸੀ ਕਿ ਜੇ 20% ਸੰਗਤ ਵੀ ਉਨ੍ਹਾਂ ਦੇ ਗ੍ਰੰਥੀ ਬਣੇ ਰਹਿਣ ਉਪਰ



ਇਤਰਾਜ ਕਰੇ ਤਾਂ ਉਹ ਅਸਤੀਫਾ ਦੇ ਦੇਣਗੇ। ਹੁਣ ਇਹ ਗੱਲ ਅਸੀਂ ਸੰਗਤ ਉਤੇ ਹੀ ਛੱਡਦੇ ਹਾਂ ਕਿ 20% ਸੰਗਤ ਭਾਈ ਮਹਿੰਦਰ ਸਿੰਘ ਨੂੰ ਗੁਰੂ ਘਰ ਅੰਦਰ ਰੱਖੇ ਜਾਣ ਦੇ ਹੱਕ ਵਿਚ ਹੈ ਜਾਂ ਇਸ ਦੇ ਵਿਰੁਧ।

9. ਭਾਈ ਮਹਿੰਦਰ ਸਿੰਘ ਨੇ ਬੋਰਡ ਵਲੋਂ ਮਨ੍ਹਾਂ ਕੀਤੇ ਜਾਣ ਦੇ ਬਾਵਜੂਦ ਗੁਰੂ ਘਰ ਅੰਦਰ ਨਿੱਤ ਦੀ ਮਰਿਆਦਾ ਅਤੇ ਅਨੰਦ ਕਾਰਜਾਂ ਦੀਆਂ ਰਸਮਾਂ ਜਬਰਨ ਨਿਭਾ ਕੇ ਪ੍ਰਬੰਧਕਾਂ ਨੂੰ ਝਗੜੇ ਲਈ ਉਕਸਾਉਣ ਦੀ ਵਾਰ ਵਾਰ ਕੋਸ਼ਿਸ਼ ਕੀਤੀ ਹੈ। ਇਹ ਵੱਖਰੀ ਗੱਲ ਹੈ ਕਿ ਪ੍ਰਬੰਧਕਾਂ ਨੇ ਗੁਰੂ ਘਰ ਅਤੇ ਸੰਗਤ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ ਲਗਾਤਾਰ ਉਨ੍ਹਾਂ ਦੀਆਂ ਇਨ੍ਹਾਂ ਕਾਰਵਾਈਆਂ ਨੂੰ ਨਜ਼ਰਅੰਦਾਜ਼ ਕਰੀ ਰੱਖਿਆ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਹੁੰਦਲ ਧੜੇ ਦੀ ਅਗਵਾਈ ਹੇਠਲੇ ਪ੍ਰਬੰਧਕਾਂ ਨੇ ਹੀ ਇਹ ਨਿਯਮ ਬਣਾਇਆ ਸੀ ਕਿ ਗੁਰੂ ਘਰ ਅੰਦਰ ਕੋਈ ਵੀ ਧਾਰਮਿਕ ਰਸਮ ਗੁਰੂ ਘਰ ਦੇ ਗ੍ਰੰਥੀ ਵਲੋਂ ਹੀ ਜਾਂ ਉਸ ਦੀ ਪ੍ਰਵਾਨਗੀ ਨਾਲ ਹੋ ਸਕਦੀ ਹੈ।

10. ਪਿਛਲੇ ਕੁਝ ਸਮੇਂ ਤੋਂ ਭਾਈ ਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਹਮਾਇਤੀ ਭਾਈਪ੍ਰਸਤਾਂ ਵਲੋਂ ਪ੍ਰਬੰਧਕਾਂ ਦੀ ਲਿਖਤੀ ਮਨਜ਼ੂਰੀ ਲਏ ਬਿਨਾ ਕਦੀ ਦਰਬਾਰ ਹਾਲ ਵਿਚ ਅਤੇ ਕਦੀ ਦਰਬਾਰ ਹਾਲ ਤੋਂ ਬਾਹਰ ਗੁਰੂ ਦਰਬਾਰ ਦੇ ਬਰਾਬਰ ਜਬਰੀ ਕੀਰਤਨ ਦੀਵਾਨ ਸਜਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਮਤਾ ਵੀ ਪਿਛਲੇ ਪ੍ਰਬੰਧਕਾਂ ਵਲੋਂ ਹੀ ਪਾਸ ਕੀਤਾ ਗਿਆ ਸੀ ਅਤੇ ਲਾਗੂ ਵੀ ਕੀਤਾ ਗਿਆ ਸੀ ਕਿ ਗੁਰੂ ਘਰ ਅੰਦਰ ਕੋਈ ਵੀ ਪ੍ਰੋਗਰਾਮ ਪ੍ਰਬੰਧਕਾਂ ਦੀ ਲਿਖਤੀ ਮਨਜ਼ੂਰੀ ਬਿਨਾ ਨਹੀਂ ਹੋ ਸਕਦਾ। ਅਸੀਂ ਸਮਝਦੇ ਹਾਂ ਕਿ ਅਜਿਹਾ ਜਰੂਰੀ ਵੀ ਹੈ। ਨਹੀਂ ਤਾਂ ਕੋਈ ਵੀ, ਜਿਨ੍ਹਾਂ ਵਿਚ ਗੁਰਮਤਿ ਵਿਰੋਧੀ ਲੋਕ ਵੀ ਸ਼ਾਮਲ ਹੋ ਸਕਦੇ ਹਨ, ਗੁਰੂ ਘਰ ਦੀ ਹਦੂਦ ਅੰਦਰ ਆਪਣੇ ਪ੍ਰੋਗਰਾਮ ਕਰਨ ਲੱਗ ਪਵੇਗਾ। ਸਾਧ ਸੰਗਤ ਜੀ ਜ਼ਰਾ ਸੋਚੋ ਕੱਲ ਨੂੰ ਕੋਈ ਭਨਿਆਰੇ ਵਾਲੇ ਸਾਧ ਦਾ ਚੇਲਾ, ਕੋਈ ਨਕਲੀ ਨਿਰੰਕਾਰੀ, ਕੋਈ ਸੱਚੇ ਸੌਦੇ ਵਾਲਾ ਜਾਂ ਕਿਸੇ ਨੂਰਮਹਿਲੀਏ ਸਾਧ ਦਾ ਚੇਲਾ ਗੁਰੂ ਘਰ ਕੋਈ ਪ੍ਰੋਗਰਾਮ ਕਰਨ ਲੱਗ ਪਵੇ ਤਾਂ ਕੀ ਸਥਿਤੀ ਹੋਵੇਗੀ?

11. ਇਕ ਹਫਤਾ ਪਹਿਲਾਂ ਭਾਈ ਮਹਿੰਦਰ ਸਿੰਘ ਅਤੇ ਉਨ੍ਹਾਂ ਦੇ ਹਮਾਇਤੀਆਂ ਨੇ ਗੁਰੂ ਘਰ ਦੇ ਕਾਰੀਡੋਰ ਵਿਚ ਹੀ ਗੁਰੂ ਦਰਬਾਰ ਦੇ ਬਰਾਬਰ ਆਪਣਾ ਦੀਵਾਨ ਲਾਉਣ ਦੀ ਕੋਸ਼ਿਸ਼ ਕੀਤੀ। ਸਾਧ ਸੰਗਤ ਜੀ ਗੁਰੂ ਦਾ ਦੀਵਾਨ ਗੁਰੂ ਦੇ ਦਰਬਾਰ ਵਿਚ ਲੱਗਦਾ ਹੈ। ਗੁਰੂ ਘਰ ਅੰਦਰ ਗੁਰੂ ਹੀ ਸਭ ਤੋਂ ਵੱਡਾ ਹੈ। ਗੁਰੂ ਦਰਬਾਰ ਤੋਂ ਬਾਹਰ ਦੀਵਾਨ ਲਾਉਣਾ ਮਹੰਤੀ ਕਾਰਵਾਈ ਹੈ ਅਤੇ ਅਸੀਂ ਅਜਿਹੀ ਮਹੰਤਗਿਰੀ ਕਦੇ ਵੀ ਨਹੀਂ ਚੱਲਣ ਦਿਆਂਗੇ। ਜ਼ਰਾ ਇਹ ਵੀ ਸੋਚੋ ਭਾਈ ਮਹਿੰਦਰ ਸਿੰਘ ਦੇ ਦੁਆਲੇ ਕੌਣ ਲੋਕ ਹਨ? ਇਹ ਉਹੀ ਲੋਕ ਹਨ ਜਿਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਸਜੇ ਹੋਏ ਗੁਰੂ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਬਾਣੀ ਪੜ੍ਹ ਰਹੇ ਗ੍ਰੰਥੀ ਸਿੰਘ ਨੂੰ ਕਿਹਾ ਸੀ, ‘ਇਹ ਕੀ ਬਕਵਾਸ ਲਾਈ ਐ। ਤੈਨੂੰ ਗੁਰਮਤਿ ਦਾ ਕੁਝ ਨਹੀਂ ਪਤਾ।’ ਇਹ ਉਹੀ ਲੋਕ ਹਨ ਜਿਨ੍ਹਾਂ ਨੇ ਪਾਤਸ਼ਾਹਾਂ ਦੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਵਿਚ ਬਾਹਾਂ ਉਲਾਰ ਉਲਾਰ ਕੇ ਖੜਦੁੱਲ ਮਚਾਇਆ ਸੀ। ਕੀ ਕਾਰਨ ਹੈ ਕਿ ਇਹ ਭਾਈ-ਭਗਤ ਗੁਰੂ ਦਰਬਾਰ ਦੀ ਥਾਂ ਗੁਰੂ ਦਰਬਾਰ ਦੇ ਬਰਾਬਰ ਭਾਈ ਦਰਬਾਰ ਲਾ ਰਹੇ ਹਨ? ਭਾਈ ਭਗਤਾਂ ਅੱਗੇ ਦੋਵੇਂ ਹੱਥ ਜੋੜ ਕੇ ਬੇਨਤੀ ਹੈ ਕਿ ਆਪ ਜੀ ਗੁਰੂ ਘਰ ਵਿਚ ਖਲਜਗਣ ਨਾ ਪਾਉ ਜੀ।

12. ਪਿਛਲੇ ਕੁਝ ਸਮੇਂ ਤੋਂ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਕੁਝ ਲੋਕ ਕੈਮਰਿਆਂ ਨਾਲ ਲੈਸ ਹੋ ਕੇ ਗੁਰਦੁਆਰਾ ਸਾਹਿਬ ਆਉਂਦੇ ਹਨ ਅਤੇ ਇਨ੍ਹਾਂ ਕੈਮਰਿਆਂ ਨੂੰ ਹਥਿਆਰਾਂ ਵਜੋਂ ਵਰਤਣ ਦੀ ਕੋਸ਼ਿਸ਼ ਹੋ ਰਹੀ ਹੈ। ਗੁਰਦੁਆਰਾ ਪ੍ਰਬੰਧਕ ਕੈਮਰਿਆਂ ਦੀ ਅਜਿਹੀ ਦੁਰਵਰਤੋਂ ਦੀ ਇਜਾਜ਼ਤ ਨਹੀਂ ਦੇ ਸਕਦੇ। ਜੇ ਕੋਈ ਅਜਿਹਾ ਕਰੇਗਾ ਤਾਂ ਉਹ ਉਸ ਲਈ ਖੁਦ ਜ਼ਿੰਮੇਵਾਰ ਹੋਵੇਗਾ।

13. ਭਾਈ-ਭਗਤੀ ਦਾ ਆਲਮ ਇਹ ਹੈ ਕਿ ਕਈ ਲੋਕ ਗੁਰੂ ਦਰਬਾਰ ਮੱਥਾ ਤਾਂ ਟੇਕਦੇ ਹਨ ਪਰ ਬਿਨਾ ਕਿਸੇ ਮਾਇਕ ਭੇਟਾ ਤੋਂ। ਇਹ ਉਹੀ ਲੋਕ ਹਨ ਜਿਨ੍ਹਾਂ ਨੇ ਭਾਈ ਮਹਿੰਦਰ ਸਿੰਘ ਨੂੰ ਸੇਵਾਮੁਕਤ ਕੀਤੇ ਜਾਣ ਤੋਂ ਬਾਅਦ ਕੀਤੇ ਗਏ ਰੋਸ ਵਿਖਾਵੇ ਵਿਚ ਇਹ ਸੱਦਾ ਦਿੱਤਾ ਸੀ ਕਿ ਜਦੋਂ ਤੱਕ ਭਾਈ ਮਹਿੰਦਰ ਸਿੰਘ ਨੂੰ ਵਾਪਸ ਨਹੀਂ ਲਿਆ ਜਾਂਦਾ ਗੁਰੂ ਘਰ ਕੋਈ ਮਾਇਆ ਭੇਟਾ ਨਾ ਦਿੱਤੀ ਜਾਵੇ। ਵਾਹਿਗੁਰੂ ਜਾਣਦਾ ਹੈ ਕਿ ਗੁਰੂ ਘਰ ਇਹ ਲੋਕ ਗੁਰੂ ਦੇ ਲੜ ਲੱਗਣ ਆਉਂਦੇ ਹਨ ਜਾਂ ਫਿਰ ਕਿਸੇ ਭਾਈ ਜਾਂ ਮਹੰਤ ਦੇ। ਕਹਿਣ ਦੀ ਲੋੜ ਨਹੀਂ ਕਿ ਸਿੱਖੀ ਵਿਚ ਮਸੰਦਪੁਣਾ ਇਥੋਂ ਹੀ ਸ਼ੁਰੂ ਹੁੰਦਾ ਹੈ। ਅਸੀਂ ਗੁਰੂ ਘਰ ਦੀ ਮਰਿਆਦਾ ਨੂੰ ਪ੍ਰਣਾਏ ਹੋਏ ਹਾਂ। ਕਿਸੇ ਮਸੰਦ ਦੀ ਮੰਜੀ ਲਾਉਣ ਜਾਂ ਕਿਸੇ ਡੇਰੇਵਾਦੀ ਸਾਧ ਦੀ ਮਰਿਆਦਾ ਇਸ ਗੁਰੂਘਰ ਵਿਚ ਚੱਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਅਸੀਂ ਸਮੂਹ ਸੰਗਤ ਨੂੰ ਗੁਰੂ ਨਾਲ ਜੁੜਨ ਦਾ ਸੱਦਾ ਦਿੰਦੇ ਹਾਂ।

**ਜਾਰੀ ਕਰਤਾ:ਸਿੱਖ ਰਿਲੀਜੀਅਸ ਸੁਸਾਇਟੀ ਬੋਰਡ**

Advt.

# ਪੰਜਾਬ ਟਾਈਮਜ਼

ਸਨਿਚਰਵਾਰ, 19 ਸਤੰਬਰ, 2009


*ਵਿਉਂਤਬੰਦੀ ਤੋਂ ਬਿਨਾ ਨਿਸ਼ਾਨਾ ਮਹਿਜ਼ ਖਾਹਿਸ਼ ਹੈ-ਐਂਟੋਨੀਓ ਡੀ ਸੇਂਟ*

## ਸੰਪਾਦਕੀ

## *ਅਕਾਲੀ-ਭਾਜਪਾ ਦੇ ਚਿੰਤਨ ਚਲਿੱਤਰ*

ਭਾਜਪਾ ਵਾਂਗ ਹੀ ਅਕਾਲੀ ਦਲ (ਬ) ਵਾਲੇ ਲੰਘੀ 11, 12 ਤੇ 13 ਸਤੰਬਰ ਨੂੰ ਸ਼ਿਮਲਾ ਵਿਚ ਪੰਜਾਬ ਦੀਆਂ ਸਮਸਿਆਵਾਂ ਬਾਰੇ ਚਿੰਤਨ ਕਰਨ ਲਈ ਇਕ ਵਿਆਪਕ ਸਮਾਗਮ ਕਰਕੇ ਹਟੇ ਹਨ। ਮਹਿੰਗੇ ਹੋਟਲਾਂ ਵਿਚ ਕੀਤਾ ਗਿਆ ਇਹ ਚਿੰਤਨ ਖਰਚ ਦਾ ਘਰ ਸਾਬਤ ਹੋਇਆ ਹੈ। ਚਿੰਤਨ ਬੈਠਕ ਵਿਚ ਹਿੱਸਾ ਲੈਣ ਵਾਲੇ ਹਰ ਅਕਾਲੀ ਮੰਤਰੀ ਜਾਂ ਵਿਧਾਇਕ ਦੀ ਰਿਹਾਇਸ਼ ਲਈ ਹੀ ਰੋਜ਼ਾਨਾ 30 ਹਜ਼ਾਰ ਰੁਪਏ ਖਰਚ ਕੀਤੇ ਗਏ। ਉਹ ਵੀ ਉਸ ਸਮੇਂ ਜਦੋਂ ਰਾਜ ਦੀ ਆਰਥਿਕਤਾ ਟੁੱਟ ਰਹੀ ਹੈ। ਨਾ ਪੰਜਾਬ ਦੀ ਖੇਤੀ ਪੈਰਾਂ ਸਿਰ ਆ ਰਹੀ ਹੈ ਅਤੇ ਨਾ ਹੀ ਰਾਜ ਦਾ ਸਨਅਤੀ ਸੈਕਟਰ। ਮੁੰਡੇ ਵਿਹਲੇ ਤੁਰੇ ਫਿਰਦੇ ਹਨ ਅਤੇ ਵਿਹਲੀਆਂ ਕੁੜੀਆਂ ਤੇ ਘਰੇਲੂ ਔਰਤਾਂ ਵੇਸ਼ਵਾਗਮਨੀ ਦੇ ਅੱਡਿਆਂ 'ਤੇ ਜਾਣ ਲਈ ਮਜਬੂਰ ਹੋ ਰਹੀਆਂ ਹਨ। ਇਸ ਸਮੁੱਚੀ ਹਾਲਤ ਵਿਚ ਅਕਾਲੀਆਂ ਵਲੋਂ ਕੀਤੇ ਗਏ ਇਸ ਕਥਿਤ ਚਿੰਤਨ ਸਮਾਗਮ ਨੂੰ ਸਮਝਿਆ ਜਾ ਸਕਦਾ ਹੈ।

ਤਿੰਨ ਦਿਨ ਚੱਲ ਚਿੰਤਨ ਬੈਠਕ ਵਿਚ ਅਕਾਲੀ ਮੰਤਰੀਆਂ, ਸੰਸਦ ਮੈਂਬਰਾਂ, ਪਾਰਲੀਮਾਨੀ ਸਕੱਤਰਾਂ, ਵਿਧਾਇਕਾਂ, ਸੰਸਦੀ ਅਤੇ ਵਿਧਾਨ ਸਭਾ ਹਲਕਿਆਂ ਦੇ ਇੰਚਾਰਜਾਂ ਨੇ ਹਿੱਸਾ ਲਿਆ। ਸਮਾਗਮ ਦਾ ਉਦਘਾਟਨੀ ਭਾਸ਼ਨ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਤਾ। ਮਗਰੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਸੰਬੋਧਨ ਕੀਤਾ। ਇਥੇ ਸਾਬਕਾ ਕੇਂਦਰੀ ਮੰਤਰੀ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਸਾਬਕਾ ਮੰਤਰੀ ਗੁਰਦੇਵ ਸਿੰਘ ਬਾਦਲ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ,ਜਥੇਦਾਰ ਤੋਤਾ ਸਿੰਘ, ਗੋਬਿੰਦ ਸਿੰਘ ਕਾਂਝਲਾ, ਵਿਰਸਾ ਸਿੰਘ ਵਲਟੋਹਾ, ਸੋਹਣ ਸਿੰਘ ਠੰਡਲ ਅਤੇ ਮਨਪ੍ਰੀਤ ਬਾਦਲ ਆਦਿ ਆਗੂ ਮੌਜੂਦ ਸਨ।

ਸਮਾਗਮਾਂ ਵਿਚ ਤਕਰੀਬਨ ਸਾਰੇ ਮੰਤਰੀਆਂ ਅਤੇ ਸੰਸਦ ਮੈਂਬਰਾਂ ਨੇ ਸੰਬੋਧਨ ਕੀਤਾ। ਇਸ ਦੌਰਾਨ ਰਾਜ ਦੀਆਂ ਸਮੱਸਿਆਵਾਂ ਉਪਰ ਵੀ ਚਰਚਾ ਹੋਈ। ਰਾਜ ਦੀਆਂ ਸਮੱਸਿਆਵਾਂ ਦੀ ਗੱਲ ਕਰਦਿਆਂ ਅਕਾਲੀ ਦਲ ਨੇ ਸਿਰਫ ਰਾਜ ਵਿਚੋਂ ਬਿਜਲੀ ਅਤੇ ਪਾਣੀ ਦੀ ਚੋਰੀ ਅਤੇ ਇਸ ਤੋਂ ਇਲਾਵਾ ਕਰ ਦੀ ਚੋਰੀ ਬੰਦ ਕਰਵਾਉਣ ਜਿਹੀਆਂ ਗੱਲਾਂ ਕੀਤੀਆਂ। ਇਵੇਂ ਆਟਾ-ਦਾਲ ਸਕੀਮ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਅਤੇ ਸਰਕਾਰ ਦੀ ਕਾਰਗੁਜਾਰੀ ਨੂੰ ਸ਼ਿੱਦਤ ਨਾਲ ਲੋਕਾਂ ਤੱਕ ਪਹੁੰਚਾਉਣ ਆਦਿ ਦੀ ਗੱਲ ਵੀ ਕਹੀ ਗਈ। ਇਸ ਤੋਂ ਇਲਾਵਾ ਇਕ ਪਰਫਾਰਮਾ ਵੰਡ ਕੇ ਅਕਾਲੀ ਦਲ ਨੇ ਆਪਣੇ ਵਿਧਾਇਕਾਂ ਅਤੇ ਮੰਤਰੀਆਂ ਤੋਂ ਪਾਰਟੀ ਦੀ ਹਾਂਮੁਖੀ ਜਾਂ ਨਾਂਹ ਮੁਖੀ ਕਾਰਗੁਜਾਰੀ ਬਾਰੇ ਵਿਚਾਰ ਵੀ ਮੰਗੇ। ਇਵੇਂ ਪੰਜਾਬ ਦੀ ਆਰਥਿਕਤਾ ਨੂੰ ਦਰੁਸਤ ਕਰਨ ਦੀਆਂ ਕੁੱਝ ਗੱਲਾਂ ਵੀ ਇਸ ਸਮਾਗਮ ਵਿਚ ਹੋਈਆਂ ਹਨ। ਇਸਦੇ ਬਾਵਜੂਦ ਵੀ ਜਿਨ੍ਹਾਂ ਸਮੱਸਿਆਵਾਂ ਨਾਲ ਪੰਜਾਬ ਪਿਛਲੇ ਕਈ ਸਾਲਾਂ ਤੋਂ ਜੂਝ ਰਿਹਾ ਹੈ, ਉਨ੍ਹਾਂ ਨੂੰ ਹਲ ਕਰਨ ਦਾ ਇਸ ਸਮਾਗਮ ਵਿਚ ਬਹੁਤਾ ਚਰਚਾ ਵੇਖਣ ਨੂੰ ਨਹੀਂ ਮਿਲਿਆ। ਪੰਜਾਬ ਦੀ ਖੇਤੀ ਆਰਥਿਕਤਾ, ਲੋਕਾਂ ਦੀ ਸਿਹਤ, ਪਾਣੀਆਂ ਅਤੇ ਹਵਾ ਦੇ ਪ੍ਰਦੂਸ਼ਣ ਵਿਚ ਲਗਾਤਾਰ ਹੋ ਰਿਹਾ ਵਾਧਾ ਅਤੇ ਰਾਜ ਦੇ ਡਿਗ ਰਹੇ ਵਿਦਿਅਕ ਮਿਆਰ ਸਬੰਧੀ ਸਮਾਗਮ ਵਿਚ ਬਹੁਤੀ ਗਹਿਰੀ ਚਿੰਤਾ ਨਹੀਂ ਪ੍ਰਗਟ ਨਹੀਂ ਕੀਤੀ ਗਈ। ਇਨ੍ਹਾਂ ਸਮੱਸਿਆਵਾਂ ਨੂੰ ਹਲ ਕਰਨ ਲਈ ਅਕਾਲੀ-ਭਾਜਪਾ ਸਰਕਾਰ ਆਉਣ ਵਾਲੇ ਸਮੇਂ ਵਿਚ ਕਿਸ ਕਿਸਮ ਦੀ ਪਹੁੰਚ ਅਪਨਾਏਗੀ ਅਤੇ ਸਮੱਸਿਆਵਾਂ ਦੇ ਹੱਲ ਲਈ ਬਣਾਈਆਂ ਜਾਣ ਵਾਲੀਆਂ ਯੋਜਨਾਵਾਂ ਲਈ ਫੰਡ ਕਿੱਥੋਂ ਆਉਣਗੇ ਅਤੇ ਹੇਠਲੇ ਪੱਧਰ 'ਤੇ ਇਨਾਂ ਦੀ ਦੁਰਵਰਤੋਂ ਕਿਸ ਢੰਗ ਨਾਲ ਰੋਕੀ ਜਾਵੇਗੀ, ਅਜਿਹੀਆਂ ਸਮੱਸਿਆਵਾਂ ਉੱਪਰ ਚਰਚਾ ਕਰਨ ਦੀ ਅਸਲ 'ਚ ਅਕਾਲੀਆਂ ਨੂੰ ਲੋੜ ਸੀ ਪਰ ਇਨ੍ਹਾਂ ਸਮੱਸਿਆਵਾਂ ਉਪਰ ਚਰਚਾ ਤਦ ਹੀ ਹੋ ਸਕਦੀ ਹੈ ਜੇ ਕਿਸੇ ਸਿਆਸੀ ਧਿਰ ਨੂੰ ਸਮੱਸਿਆਵਾਂ ਵਿਚ ਘਿਰੇ ਲੋਕਾਂ ਦੀ ਚਿੰਤਾ ਹੋਵੇ। ਭਾਜਪਾ ਦੀ ਨਕਲ ਵਿਚ ਅਕਾਲੀਆਂ ਵਲੋਂ ਕੀਤਾ ਗਿਆ ਇਹ ਚਿੰਤਨ ਸਮਾਗਮ ਅਸਲ ਵਿਚ ਸ਼ਿਮਲੇ ਦੀਆਂ ਠੰਢੀਆਂ ਹਵਾਵਾਂ ਦੇ ਬੁੱਲੇ ਲੁੱਟਣ ਤਕ ਹੀ ਸੀਮਤ ਵਿਖਾਈ ਦਿੰਦਾ ਹੈ।

ਪੰਜਾਬ ਦੇ ਆਮ ਲੋਕਾਂ ਦੀਆਂ ਉਕਤ ਸਮੱਸਿਆਵਾਂ ਤੋਂ ਇਲਾਵਾ ਇਤਿਹਾਸ ਵਿਚ ਪੰਜਾਬ ਬਾਰੇ ਅਕਾਲੀਆਂ ਦੀਆਂ ਕੁਝ ਰੈਡੀਕਲ ਰਾਜਨੀਤਕ ਪੁਜ਼ੀਸ਼ਨਾਂ ਵੀ ਰਹੀਆਂ ਹਨ ਜਿਨ੍ਹਾਂ ਵਿਚ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਵਾਉਣਾ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਵਾਉਣੇ, ਪੰਜਾਬੀ ਭਾਸ਼ਾ ਨੂੰ ਸਰਕਾਰੀ ਤੌਰ 'ਤੇ ਸੰਪੂਰਨ ਰੂਪ ਵਿਚ ਲਾਗੂ ਕਰਨਾ, ਪੰਜਾਬ ਦੇ ਬਿਜਲੀ ਪਾਣੀਆਂ ਦੇ ਸੋਮਿਆਂ ਦੀ ਰਾਖੀ ਕਰਨੀ ਆਦਿ ਸ਼ਾਮਿਲ ਹਨ। ਸ਼ਿਮਲੇ ਵਿਚ ਹੋਈ ਅਕਾਲੀ ਬੈਠਕ ਨੇ ਚੰਡੀਗੜ੍ਹ ਨੂੰ ਪੰਜਾਬ ਵਿਚ ਸ਼ਾਮਲ ਕਰਨ ਦਾ ਇਕ ਰਸਮੀ ਬਿਆਨ ਦੇਣ ਤੋਂ ਇਲਾਵਾ ਉਪਰੋਕਤ ਸਾਰੀਆਂ ਸਮੱਸਿਆਵਾਂ ਅਤੇ ਮੁੱਦੇ ਆਪਣੇ ਚਿੰਤਨ ਵਿਚੋਂ ਬਾਹਰ ਕਰ ਦਿੱਤੇ ਹਨ, ਇਨ੍ਹਾਂ 'ਤੇ ਚਰਚਾ ਛੇੜਨ ਦੀ ਖੇਚਲ ਵੀ ਨਹੀਂ ਕੀਤੀ ਗਈ। ਅਕਾਲੀ ਦਲ (ਬ) ਅਸਲ ਵਿਚ ਹੁਣ ਰਾਜਸੱਤਾ ਦਾ ਆਨੰਦ ਲੈਣ ਵਿਚ ਰੁਝਾ ਹੋਇਆ ਹੈ ਅਤੇ ਪੰਜਾਬ ਦੇ ਆਮ ਲੋਕ ਉਸਦੇ ਚੇਤੇ ਅਤੇ ਚਿੰਤਨ ਵਿਚੋਂ ਵਿਸਰ ਰਹੇ ਹਨ। ਇਸ ਹਕੀਕਤ ਨੂੰ ਅਕਾਲੀ ਦਲ (ਬ) ਅਤੇ ਉਸਦੇ ਆਗੂ ਜਿੰਨੀ ਜਲਦੀ ਸਮਝ ਲੈਣਗੇ ਉਨੇ ਹੀ ਫਾਇਦੇ ਵਿਚ ਰਹਿਣਗੇ। ਪੰਜਾਬ ਵਿਚ ਅਕਾਲੀ-ਭਾਜਪਾ ਅਤੇ ਕਾਂਗਰਸ ਸਿਰਫ ਇਸ ਕਰਕੇ ਕਾਇਮ ਰਹਿ ਰਹੇ ਹਨ ਕਿਉਂਕਿ ਇਥੋਂ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਕਰਨ ਵਾਲੀ ਰਾਜਨੀਤਕ ਧਿਰ ਦ੍ਰਿਸ਼ ਉਪਰ ਨਹੀਂ ਹੈ। ਅਜਿਹੀ ਕੋਈ ਸਿਆਸੀ ਧਿਰ ਜ਼ੋਰ ਨਾਲ ਉਭਰੇ ਤਾਂ ਇਹ ਦੋਵੇਂ ਪਾਰਟੀਆਂ ਅਪ੍ਰਸੰਗਿਕ ਹੋ ਸਕਦੀਆਂ ਹਨ। ਉਂਜ ਕਾਂਗਰਸ ਪਾਰਟੀ ਦੇ ਸਕੱਤਰ ਰਾਹੁਲ ਗਾਂਧੀ ਵਲੋਂ ਆਉਂਦੇ ਦਿਨਾਂ ਵਿਚ ਪੰਜਾਬ ਤੋਂ ਆਮ ਵਿਅਕਤੀ ਦੇ ਹੱਕ ਵਿਚ ਇਕ ਲਹਿਰ ਸ਼ੁਰੂ ਕਰਨ ਦੀ ਯੋਜਨਾ ਐਲਾਨੀ ਗਈ ਹੈ। ਇਸ ਸਬੰਧ ਵਿਚ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਰਵਨੀਤ ਸਿੰਘ ਬਿੱਟੂ ਨੇ ਕਈ ਕੁਝ ਕਿਹਾ ਹੈ। ਕਾਂਗਰਸ ਪਾਰਟੀ ਨੇ ਆਜ਼ਾਦੀ ਤੋਂ ਬਾਅਦ, ਜਦੋਂ ਦੀ ਸੱਤਾ ਸਾਂਭੀ ਹੈ, ਉਦੋਂ ਤੋਂ ਹੀ ਇਹ ਪਾਰਟੀ ਗਰੀਬੀ ਦੂਰ ਕਰਨ ਦੇ ਨਾਅਰੇ ਦਿੰਦੀ ਆਈ ਹੈ ਪਰ ਦੇਸ਼ 'ਚ ਗਰੀਬੀ ਵਧਦੀ ਹੀ ਚਲੀ ਗਈ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਦੀ ਵਿਸ਼ਵਾਸਯੋਗਤਾ ਦਾ ਸੰਕਟ ਸਰਬਵਿਆਪਕ ਹੈ। ਅਕਾਲੀ ਵੀ ਲੋਕਾਂ ਦੀ ਵਿਸ਼ਵਾਸਯੋਗਤਾ ਗੁਆ ਰਹੇ ਹਨ। ਫਿਰ ਵੀ ਲੋਕ ਇਨ੍ਹਾਂ ਨੂੰ ਚੁਣਨ ਲਈ ਮਜਬੂਰ ਹਨ। ਇਸ ਸਾਰੇ ਕੁਝ ਦੇ ਬਾਵਜੂਦ ਅਕਾਲੀਆਂ ਅਤੇ ਕਾਂਗਰਸੀਆਂ ਸਮੇਤ ਜਿਸ ਵੀ ਪਾਰਟੀ ਨੇ ਭਵਿੱਖ ਦੀ ਸੱਤਾ ਵਿਚ ਸਮਰਥ ਹੋਣਾ ਹੈ ਉਸਨੂੰ ਆਮ ਲੋਕਾਂ ਨਾਲ ਆਪਣਾ ਰਾਬਤਾ ਗਹਿਰਾ ਕਰਨਾ ਪਵੇਗਾ। ਇਸ ਪਾਸੇ ਵਲ ਰਾਹੁਲ ਦਾ ਕਦਮ ਅਕਾਲੀਆਂ ਨਾਲੋਂ ਵਧੇਰੇ ਸਾਰਥਕ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਤਾ ਸ਼ਿਮਲੇ ਦਾ?

*ਵਧਦਾ ਪੁੱਤ ਦਾ ਦੇਖ ਕੇ ਬੋਲਬਾਲਾ,*
*ਚਿਹਰੇ ਬਾਪ ਦੇ ਆਉਂਦੀਆਂ ਨੂਰੀਆਂ ਜੀ।*
*ਢੋਂਗ ਸਿੱਖੀ ਦਾ ਸੈਕੂਲਰ ਬਣੇ ਓਦਾਂ,*
*ਰਹਿ ਗਏ ਵੱਟਦੇ ਖਾਲਸੇ ਘੂਰੀਆਂ ਜੀ।*
*ਬੀ.ਜੇ.ਪੀ. ਤਾਂ ਜਿੰਦ-ਪ੍ਰਾਣ ਸਾਡੀ,*
*ਉਹਦੇ ਨਾਲੋਂ ਕਿਉਂ ਰੱਖੀਏ ਦੂਰੀਆਂ ਜੀ।*
*ਸੂਟਡ-ਬੂਟਡ ਬਣਾਇਆ ਏ ਪੰਥ ਤਾਈਂ,*
*ਲਾਹ ਕੇ ਮੋਢਿਆਂ ਉਪਰੋਂ ਭੂਰੀਆਂ ਜੀ।*
*ਸਿੱਖ ਹਿੱਤਾਂ ਲਈ ਲੜਨ ਦੀ ਗੱਲ ਛੱਡੋ,*
*ਖਾਈਏ ਹੋਟਲਾਂ ਵਿਚ ਹੁਣ ਚੂਰੀਆਂ ਜੀ।*
*ਭੁੱਲ ਚੁੱਕਾ ਏ ਮਤਾ ਅਨੰਦਪੁਰ ਦਾ,*
*'ਸ਼ਿਮਲਾ ਮਤਾ' ਹੁਣ ਪਾਇਗਾ ਪੂਰੀਆਂ ਜੀ!*

# ਪਤਾ ਨਹੀਂ ਲੱਗਾ ਇਹ ਟਾਵਰ ਕਿੱਦਾਂ ਡਿੱਗੇ

***ਸਭ ਤੋਂ ਪਹਿਲਾਂ ਇਮਾਰਤਾਂ ਦੇ ਮਾਲਕ ਲਾਰੀ ਸਿਲਵਰਸਟੀਨ ਤੋਂ ਪੁੱਛਣਾ ਚਾਹੀਦਾ ਹੈ ਕਿ ਭਾਈ ਕੀ ਇਹ ਕਾਰਾ ਤੂੰ ਆਪ ਕੀਤਾ ਹੈ, ਇੰਸ਼ੋਰੈਂਸ ਦੀ ਵਧੀ ਹੋਈ ਰਕਮ ਲੈਣ ਲਈ? ਦੋਹਰੀ ਕਮਾਈ ਲੈਣ ਪਿੱਛੋਂ ਹੁਣ ਇਮਾਰਤਾਂ ਨਵੇਂ ਸਿਰਿਓਂ ਬਣ ਰਹੀਆਂ ਹਨ। ਭਾਈ ਟਾਵਰ ਨੰਬਰ 7 ਕਿਵੇਂ ਡਿੱਗ ਗਿਆ ਜਦੋਂ ਕਿ ਉਸ ਨਾਲ ਤਾਂ ਹਵਾਈ ਜਹਾਜ਼ ਵਰਗੀ ਕੋਈ ਚੀਜ਼ ਟਕਰਾਈ ਹੀ ਨਹੀਂ। ਪੁੱਛਣਾ ਚਾਹੀਦਾ ਹੈ ਕਿ ਬੁਸ਼ ਦੇ ਛੋਟੇ ਭਰਾ ਕੋਲੋਂ ਜਿਹੜਾ ਉਨ੍ਹਾਂ ਇਮਾਰਤਾਂ ਦਾ ਸੁਰੱਖਿਆ ਅਫਸਰ ਸੀ। ਇਹ ਵੱਖਰੀ ਗੱਲ ਹੈ ਕਿ ਉਸ ਦਾ ਠੇਕਾ 11 ਸਤੰਬਰ ਤੋਂ ਇਕ ਸ਼ਾਮ ਪਹਿਲਾਂ ਖਤਮ ਹੋ ਗਿਆ ਸੀ। ਵੇਖਣਾ ਇਹ ਹੈ ਕਿ ਦੋ ਮਹੀਨੇ ਇਮਾਰਤਾਂ ਦੇ ਅੰਦਰ ਕੀ ਖਤਰਨਾਕ ਕਾਰਾ ਹੁੰਦਾ ਰਿਹਾ? ਲਾਰੀ ਸਿਲਵਰਸਟੀਨ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਤੇਰੀ ਕੰਪਨੀ 'ਕੰਟਰੋਲਡ ਡੈਮੋਲੀਸ਼ਨ' ਦਾ ਤਾਂ ਕੰਮ ਹੀ ਉਚੀਆਂ ਇਮਾਰਤਾਂ ਨੂੰ ਡੇਗਣਾ ਹੈ। ਤੇਰੀਆਂ ਇਮਾਰਤਾਂ ਨੂੰ ਇੰਜ ਡੇਗਣ ਦੀ ਹਿੰਮਤ ਕਿਸੇ ਹੋਰ ਨੇ ਕਿਵੇਂ ਕਰ ਲਈ?***

**-ਡਾ. ਦਲਜੀਤ ਸਿੰਘ**

ਆਲਮੀ ਵਪਾਰ ਕੇਂਦਰ ਦੇ 110 ਮੰਜ਼ਿਲਾ ਜੌੜੇ ਮੀਨਾਰ (ਟਾਵਰ ਨੰ. 1 ਅਤੇ 2) 1970 ਅਤੇ 1971 ਵਿਚ ਪੂਰੇ ਕੀਤੇ ਗਏ ਸਨ। ਦੋ ਸਾਲ ਵਾਸਤੇ ਉਚਾਈ ਵਿਚ ਇਨ੍ਹਾਂ ਟਾਵਰਾਂ ਦਾ ਵਿਸ਼ਵ ਰਿਕਾਰਡ ਰਿਹਾ। ਇਨ੍ਹਾਂ ਦੇ ਨਾਲ ਪੰਜ ਹੋਰ ਘੱਟ ਉਚਾਈ ਵਾਲੇ ਮੀਨਾਰ ਬਣਾਏ ਗਏ। ਇਨ੍ਹਾਂ ਵਿਚੋਂ ਟਾਵਰ ਨੰਬਰ 7, ਪੰਜਾਹ ਮੰਜ਼ਿਲਾ ਸੀ ਅਤੇ 9/11 ਵਾਲੇ ਦਿਨ (ਭਾਵ 11 ਸਤੰਬਰ, 2001) ਨਾਲ ਸਬੰਧਤ ਹੋਣ ਕਾਰਨ ਇਸ ਦੀ ਮਹੱਤਤਾ ਵਧੇਰੇ ਹੈ। ਸੱਤੇ ਹੀ ਟਾਵਰ ਸਰਕਾਰੀ ਮਲਕੀਅਤ ਸਨ।

ਗਿਆਰਾਂ ਸਤੰਬਰ ਦੀ ਦੁਰਘਟਨਾ ਤੋਂ ਕੇਵਲ ਦੋ ਮਹੀਨੇ ਪਹਿਲਾਂ ਸਰਕਾਰ ਨੇ ਇਹ ਸਮੂਹ ਟਾਵਰ ਲਾਰੀਸਿਲਵਰਸਟੀਨ ਨਾਂ ਦੇ ਵਿਅਕਤੀ ਨੂੰ ਸਵਾ ਤਿੰਨ ਬਿਲੀਅਨ ਡਾਲਰਾਂ ਵਿਚ ਵੇਚ ਦਿੱਤੇ। ਇਮਾਰਤਾਂ ਦਾ ਘੇਰਾ 16 ਏਕੜਾਂ ਵਿਚ ਖਿਲਰਿਆ ਹੋਇਆ ਸੀ। ਹਰ ਟਾਵਰ ਦੀ ਚੌੜਾਈ ਅਤੇ ਲੰਬਾਈ ਇਕੋ ਜਿਹੀ 207 ਫੁੱਟ ਸੀ, ਇਸ ਦੇ ਮੁਕਾਬਲੇ ਫੁੱਟਬਾਲ ਦਾ ਮੈਦਾਨ 300 ਫੁੱਟ ਲੰਮਾ ਅਤੇ 180 ਫੁੱਟ ਚੌੜਾ ਹੁੰਦਾ ਹੈ। ਫੁੱਟਬਾਲ ਦਾ ਮੈਦਾਨ 54 ਹਜ਼ਾਰ ਵਰਗ ਫੁੱਟ ਦੇ ਮੁਕਾਬਲੇ 'ਤੇ ਹਰ ਟਾਵਰ ਦਾ ਜ਼ਮੀਨੀ ਰਕਬਾ 43 ਹਜ਼ਾਰ ਮੁਰੱਬਾ ਫੁੱਟ ਸੀ। ਮੋਟੇ ਤੌਰ 'ਤੇ ਲਗਪਗ ਇਕ ਫੁੱਟਬਾਲ ਦੇ ਮੈਦਾਨ ਜਿੱਡੀ ਚੌਰਸ ਇਮਾਰਤ ਜਿਹੜੀ 110 ਮੰਜ਼ਿਲਾਂ ਦੇ ਨਾਲ 1368 ਫੁੱਟ 'ਤੇ ਅਸਮਾਨ ਨਾਲ ਗੱਲਾਂ ਕਰਦੀ ਸੀ। ਟਾਵਰ 'ਇਕ' ਦੇ ਉਪਰ ਇਕ 400 ਫੁੱਟ ਉਚਾ ਐਂਟੀਨਾ ਵੀ ਸੀ। ਟਾਵਰ ਦੇ ਅੰਦਰ ਤੇਜ਼ ਗਤੀ ਵਾਲੀਆਂ 95 ਲਿਫਟਾਂ ਸਨ। ਸਭ ਜਾਣਦੇ ਹਨ ਕਿ ਹਰ ਲਿਫਟ ਦੇ ਦੁਆਲੇ ਕੰਧਾਂ ਦੀ ਕਿੰਨੀ ਪਕਿਆਈ ਕੀਤੀ ਜਾਂਦੀ ਹੈ। ਸਟੀਲ ਅਤੇ ਕੰਕਰੀਟ ਦੇ ਨਾਲ। ਇਮਾਰਤ ਦੇ ਬਾਹਰਵਾਰ ਐਲੂਮੀਨੀਅਮ ਰਲੀ ਧਾਤੂ ਦੀਆਂ ਬੇਅੰਤ ਲੰਮੀਆਂ ਪੱਟੀਆਂ ਖੂਬਸੂਰਤੀ ਲਈ ਲੱਗੀਆਂ ਹੋਈਆਂ ਸਨ। ਅੰਦਰਲੀ ਬਨਾਵਟ ਬਾਰੇ ਬਹੁਤਾ ਕੀ ਕਹਿਣਾ ਹੈ। ਉਸ ਜ਼ਮਾਨੇ ਦੀ ਉਚਤਮ ਤਕਨੀਕ ਨਾਲ ਬਣੀਆਂ। ਜੌੜੇ ਟਾਵਰਾਂ ਦੀ ਬਨਾਵਟ ਵਿਚ 400,000 ਟਨ ਸਪੈਸ਼ਲ ਸਟੀਲ ਅਤੇ 800,000 ਟਨ ਕੰਕਰੀਟ ਵਰਤਿਆ ਗਿਆ ਸੀ। ਇਮਾਰਤਾਂ ਬਣਦਿਆਂ ਚਾਰ ਸਾਲ ਲੱਗੇ ਸਨ। ਕੋਈ ਜਨਸਾਧਾਰਨ ਇਸ ਇਮਾਰਤ ਦੇ ਅੰਦਰ ਨਹੀਂ ਸੀ ਵੜ ਸਕਦਾ। ਪੂਰੇ ਸੁਰੱਖਿਆ ਘੇਰੇ ਵਿਚੋਂ ਲੰਘ ਕੇ ਕੇਵਲ 107ਵੀਂ ਮੰਜ਼ਿਲ 'ਤੇ ਨਜ਼ਾਰਾ ਵੇਖਣ ਲਈ ਜਾਇਆ ਜਾ ਸਕਦਾ ਸੀ। ਉਥੇ ਖਲੋ ਕਿ ਕਿਸੇ ਸਾਫ ਦਿਨ 50 ਕਿਲੋਮੀਟਰ ਤਕ ਵੇਖਿਆ ਜਾ ਸਕਦਾ ਸੀ। ਉਥੇ ਹੀ ਇਕ ਰੈਸਟੋਰੈਂਟ ਵੀ ਸੀ।

ਕੋਈ 25 ਸਾਲ ਪਹਿਲਾਂ ਮੈਂ ਇਨ੍ਹਾਂ ਟਾਵਰਾਂ ਦੇ ਕੋਲੋਂ ਲੰਘਿਆ ਸਾਂ। ਮੇਰੇ ਸਾਥੀਆਂ ਨੇ ਕਿਹਾ ਚਲੋ ਉਪਰ ਚੱਲੀਏ, ਪਰ ਮੈਂ ਹਾਮੀ ਨਹੀਂ ਭਰੀ। ਏਡੀ ਵੱਡੀ ਇਮਾਰਤ ਨੂੰ ਵੇਖਕੇ ਆਦਮੀ ਦੰਗ ਤਾਂ ਰਹਿ ਹੀ ਜਾਂਦਾ ਹੈ। ਇਕ ਇਮਾਰਤ 6 ਕਰੋੜ ਕਿਊਬਿਕ ਫੁੱਟ ਦੀ ਸੀ। ਇਮਾਰਤ ਦੀ ਤਾਕਤ ਦਾ ਅੰਦਾਜ਼ਾ ਲਗਾਉ ਕਿ ਉਸ ਵੇਲੇ ਲੱਗੇ ਹੋਏ ਗਾਡਰ ਡੇਢ ਫੁੱਟ ਮੋਟੇ ਸਨ ਅਤੇ ਜਿਨ੍ਹਾਂ ਦੀਆਂ ਆਪਣੀਆਂ ਪੱਤੀਆਂ ਚਾਰ-ਚਾਰ ਇੰਚ ਮੋਟੀਆਂ ਸਨ। ਵਾਰੇ-ਵਾਰੇ ਜਾਈਏ ਵਿਗਿਆਨ ਤੇ ਟੈਕਨਾਲੋਜੀ ਦੇ ਜਿਸ ਰਾਹੀਂ ਇਹ ਮਹਾਨ ਇਮਾਰਤਾਂ ਹੋਂਦ ਵਿਚ ਆਈਆਂ। ਇਸ ਤੋਂ ਪਿੱਛੋਂ ਮੁੜ ਵਾਰੇ-ਵਾਰੇ ਜਾਈਏ ਇਕ ਜਹਾਜ਼ ਦੇ, ਜਿਸ ਬਾਰੇ ਸਾਨੂੰ ਦੱਸਿਆ ਗਿਆ ਹੈ ਕਿ ਇਹ ਬੋਇੰਗ 767 ਸੀ, ਜਿਸਨੇ ਪਿੱਛੇ ਦੱਸੇ ਟਾਵਰ ਦੇ ਨਾਲ 'ਲੋਹਾ' ਲਿਆ ਜਾਂ ਟੱਕਰ ਮਾਰੀ। ਇਹ ਖੂਬਸੂਰਤ ਜਹਾਜ਼ ਐਲੂਮੀਨੀਅਮ ਰਲੀ ਧਾਤੂ ਤੋਂ ਬਣਦਾ ਹੈ। ਇਹ ਜਹਾਜ਼ 200 ਫੁੱਟ ਲੰਮਾ ਹੁੰਦਾ ਹੈ ਅਤੇ ਇਸ ਦੇ ਪਰਾਂ ਦਾ ਖਿਲਾਰ 170 ਫੁੱਟ ਹੁੰਦਾ ਹੈ। ਇਸ ਦਾ ਬਾਲਣ ਇਸ ਦੇ ਪਰਾਂ ਵਿਚ ਹੁੰਦਾ ਹੈ। ਹਰ ਇਕ ਪਰ ਵਿਚ 30-30 ਟਨ ਪੂਰਾ ਭਰਿਆ ਜਹਾਜ਼ 5000 ਮੀਲ ਦੀ ਉਡਾਰੀ ਮਾਰ ਸਕਦਾ ਹੈ। ਕੁਲ ਬਾਲਣ ਹੋਇਆ 60 ਟਨ। ਭਰੇ ਹੋਏ ਜਹਾਜ਼ ਦਾ ਕੁੱਲ ਭਾਰ 204 ਟਨ ਸੀ। ਟੱਕਰ ਹੋਈ 150 ਟਨ ਦੇ ਜਹਾਜ਼ ਦੀ ਅਤੇ ਉਸ ਦੇ ਸਾਹਮਣੇ ਸੀ 6 ਲੱਖ ਟਨ ਦੀ ਸਟੀਲ ਅਤੇ ਕੰਕਰੀਟ ਦੀ ਚੱਟਾਨ। ਭਾਰ ਦੇ ਵਿਚ ਅੰਤਰ ਹੋਇਆ 4000 ਗੁਣਾਂ। ਯਾਨਿ ਇਕ ਟਨ ਮੁੱਕਾ 450 ਮੀਲ ਦੀ ਰਫਤਾਰ 'ਤੇ 4000 ਟਨ ਦੀ ਚੱਟਾਨ ਨੂੰ ਜਾ ਟਕਰਾਇਆ। ਚੱਟਾਨ ਨੂੰ ਰਤਾ ਜਿਹਾ ਝਟਕਾ ਲੱਗਿਆ ਪਰ ਉਹ ਅਹਿਲ ਰਹੀ। ਗੱਲ ਤਾਂ ਬਣੀ ਨਹੀਂ। ਇਮਾਰਤ ਨੂੰ ਤਾਂ ਡਿੱਗਣਾ ਚਾਹੀਦਾ ਹੈ ਜਿਸ ਤਰ੍ਹਾਂ ਉਹ ਗਿਆਰਾਂ ਸਤੰਬਰ ਨੂੰ ਡਿੱਗੀ ਸੀ। ਇਮਾਰਤ ਡੇਗਣ ਲਈ ਅਸੀਂ ਹੁਣ ਦੂਜੀ ਸ਼ਕਤੀ ਵਰਤੋਂ ਵਿਚ ਲਿਆਉਂਦੇ ਹਾਂ, ਉਹ ਹੈ ਜਹਾਜ਼ ਦਾ ਬਾਲਣ। ਬਾਲਣ ਮਿੱਟੀ ਦੇ ਤੇਲ ਦੀ ਵੰਨਗੀ ਹੈ। ਉਹੀ ਤੇਲ ਜਿਸ ਨੂੰ ਸਟੋਵ ਵਿਚ ਬਾਲ ਕੇ ਉਸ ਦੀ ਤੇਜ਼ ਅੱਗ 'ਤੇ ਭਾਂਡੇ ਰੱਖ ਕੇ ਦਾਲ, ਫੁਲਕਾ ਬਣਦਾ ਹੈ। ਅਜੇ ਤਕ ਕਿਸੇ ਨੇ ਰਸੋਈ ਦੇ ਭਾਂਡੇ ਜਾਂ ਤਵੇ ਨੂੰ ਸਟੋਵ ਦੀ ਗਰਮੀ ਨਾਲ ਪੰਘਰਦਿਆਂ ਵੇਖਿਆ ਹੈ? ਪੰਘਰਨ ਦੀ ਤਾਂ ਗੱਲ ਛੱਡੋ, ਭਾਂਡੇ ਗਰਮੀ ਦੇ ਨਾਲ ਲਾਲ ਵੀ ਨਹੀਂ ਹੋਏ। ਬੜੇ ਬੇਸ਼ਰਮ ਹਨ ਇਹ ਭਾਂਡੇ। ਹੁਣ ਵੇਖੀਏ ਸਟੋਵ ਦੀ ਅੱਗ ਦਾ ਕੰਕਰੀਟ 'ਤੇ ਕੀ ਅਸਰ ਹੁੰਦਾ ਹੈ। ਕੰਕਰੀਟ ਪੰਘਰ ਨਹੀਂ ਸਕਦਾ, ਪਰ ਜੇ ਬਹੁਤ ਜ਼ੋਰਦਾਰ ਪੱਧਰ 'ਤੇ ਗਰਮ ਕੀਤਾ ਜਾਵੇ ਤਾਂ ਭੁਰ ਸਕਦਾ ਹੈ। ਭੁਰਦਾ ਇਸ ਲਈ ਹੈ ਕਿਉਂਕਿ ਇਸ ਦੇ ਅੰਦਰ ਜੋ ਮਾਮੂਲੀ ਮਾਤਰਾ ਵਿਚ ਪਾਣੀ ਹੁੰਦਾ ਹੈ, ਉਹ ਉਬਲ ਕੇ ਭਾਫ ਬਣ ਜਾਂਦੀ ਹੈ, ਜਿਸ ਦੇ ਜ਼ੋਰ ਹੇਠ ਕੰਕਰੀਟ ਦੇ ਕਿਣਕੇ ਖਿੰਡ ਕੇ ਭੁਰ ਜਾਂਦੇ ਹਨ। ਕੰਕਰੀਟ ਸਟੀਲ ਵਰਗਾ ਢੀਠ ਨਹੀਂ ਪਰ ਇਸ ਨੂੰ ਭੋਰਨ ਲਈ ਅੰਤਾਂ ਦੀ ਗਰਮੀ ਚਾਹੀਦੀ ਹੈ।

ਇਕ ਪਾਸੇ 6 ਕਰੋੜ ਕਿਊਬਿਕ ਫੁੱਟ ਦੀ ਸਟੀਲ ਕੰਕਰੀਟ ਦੀ ਇਮਾਰਤ ਅਤੇ ਉਸ ਦੇ ਮੁਕਾਬਲੇ 'ਤੇ ਮਿੱਟੀ ਦੇ ਤੇਲ ਦੇ ਭਰੇ 4 ਟੈਂਕਰ। ਉਹੀ ਟੈਂਕਰ, ਜੋ ਅਸੀਂ ਨਿੱਤ ਸੜਕਾਂ 'ਤੇ ਵੇਖਦੇ ਹਾਂ। ਏਸ ਬਾਲਣ ਦੇ ਨਾਲ ਜਿਵੇਂ ਇਹ ਖਿੱਲਰ ਗਿਆ ਦੱਸਿਆ ਜਾਂਦਾ ਹੈ, ਇਮਾਰਤ ਦਾ ਇਕ ਗਰਾਮ ਲੋਹਾ ਵੀ ਨਹੀਂ ਸੀ ਪੰਘਰ ਸਕਦਾ। ਕਿਸੇ ਥਾਂ ਕੰਕਰੀਟ ਭਾਵੇਂ ਰਤਾ-ਮਾਸਾ ਭੁਰ ਜਾਂਦਾ ਹੈ। ਮੈਂ ਤਾਂ ਇਥੋਂ ਤਕ ਕਹਿਣ ਨੂੰ ਤਿਆਰ ਹਾਂ ਕਿ ਜੇ ਇਸ ਇਮਾਰਤ ਨੂੰ ਅੰਦਰੋਂ ਬਾਹਰੋਂ ਇਸ ਬਾਲਣ ਨਾਲ ਭਰ ਕੇ ਵੀ ਅੱਗ ਲਗਾਈ ਜਾਂਦੀ ਤਾਂ ਵੀ ਇਸ ਦਾ ਢਾਂਚਾ ਸਹੀ ਸਲਾਮਤ ਆਪਣੀ ਥਾਂ ਉਪਰ ਖੜ੍ਹਾ ਰਹਿੰਦਾ। ਇਹ ਗੱਲ ਏਨੇ ਵਿਸ਼ਵਾਸ ਨਾਲ ਕਿਵੇਂ ਕਹੀ ਜਾ ਸਕਦੀ ਹੈ? ਬਾਲਣ ਤੋਂ ਉਪਜੀ ਗਰਮੀ, ਸਟੀਲ ਲਾਲ ਕਰਨ ਜਾਂ ਪੰਘਾਰਨ ਦੀ ਲੋੜੀਂਦੀ ਡਿਗਰੀ ਤੋਂ ਬਹੁਤ ਹੀ ਘੱਟ ਹੈ। ਤੁਸੀਂ ਇਕ ਚਮਚੇ ਨੂੰ ਸਾਰਾ ਦਿਨ ਸਟੋਵ ਦੀ ਪੂਰੀ ਗਰਮੀ 'ਤੇ ਰੱਖ ਦਿਓ, ਅਖੀਰ 'ਤੇ ਚਮਚਾ ਸਾਬਤ-ਸਬੂਤ ਮਿਲੇਗਾ। ਜਦਕਿ ਸਟੋਵ ਵਿਚੋਂ ਤੇਲ ਮੁੱਕ ਚੁੱਕਿਆ ਹੋਵੇਗਾ।

ਅਜੀਬ ਸਥਿਤੀ ਹੈ-ਜਹਾਜ਼ ਇਮਾਰਤ ਦੇ ਨਾਲ ਟਕਰਾਇਆ, ਇਮਾਰਤ ਰਤਾ ਕੁ ਝਟਕੀ, ਪਰ ਆਪਣੀ ਥਾਂ 'ਤੇ ਖੜੀ ਰਹੀ। ਸੱਠ ਟਨ ਬਾਲਣ ਸਟੀਲ ਅਤੇ ਕੰਕਰੀਟ ਦਾ ਕੁਝ ਵਿਗਾੜ ਨਹੀਂ ਸਕਦਾ ਪਰ ਜੋ ਵੇਖਣ ਵਿਚ ਆਇਆ ਉਹ ਇਹ ਸੀ ਕਿ ਕੁੱਲ ਇਮਾਰਤ 10 ਸਕਿੰਟਾਂ ਤੋਂ ਘੱਟ ਸਮੇਂ ਦੇ ਅੰਦਰ ਆਪਣੇ ਹੀ ਕਦਮਾਂ ਵਿਚ ਢਹਿ-ਢੇਰੀ ਹੋ ਗਈ। ਚਾਰ ਸੌ ਫੁੱਟ ਉੱਚਾ ਸਟੀਲ ਦਾ ਐਂਟੀਨਾ ਭਾਫ ਬਣ ਕੇ ਲੋਪ ਹੋ ਗਿਆ। ਪੰਘਰੇ ਹੋਏ ਸਟੀਲ ਦੇ ਛੱਪੜ ਲੱਗ ਗਏ ਜਿਨ੍ਹਾਂ ਨੂੰ ਠੰਢੇ ਹੁੰਦਿਆਂ ਦੋ ਮਹੀਨੇ ਲੱਗ ਗਏ। ਕੁਝ ਕੰਕਰੀਟ ਨਿਰਾ ਭੁਰਿਆ ਹੀ ਨਹੀਂ ਸਗੋਂ ਕੰਕਰੀਟ ਦਾ ਇਕ-ਇਕ ਕਣ ਪਤਲੀ ਧੂੜ ਬਣ ਕੇ ਭਿਆਨਕ ਭੜਾਕਿਆਂ ਦੇ ਨਾਲ ਸਾਰੇ ਨਿਊਯਾਰਕ ਵਲ ਖਿੱਲਰ ਗਿਆ।

ਇਹ ਗੁੱਥੀ ਕਿਵੇਂ ਸੁਲਝੇ? ਸਭ ਤੋਂ ਪਹਿਲਾਂ ਇਮਾਰਤਾਂ ਦੇ ਮਾਲਕ ਲਾਰੀ ਸਿਲਵਰਸਟੀਨ ਤੋਂ ਪੁੱਛਣਾ ਚਾਹੀਦਾ ਹੈ ਕਿ ਭਾਈ ਕੀ ਇਹ ਕਾਰਾ ਤੂੰ ਆਪ ਕੀਤਾ ਹੈ, ਇੰਸ਼ੋਰੈਂਸ ਦੀ ਵਧੀ ਹੋਈ ਰਕਮ ਲੈਣ ਲਈ? ਦੋਹਰੀ ਕਮਾਈ ਲੈਣ ਪਿੱਛੋਂ ਹੁਣ ਇਮਾਰਤਾਂ ਨਵੇਂ ਸਿਰਿਓਂ ਬਣ ਰਹੀਆਂ ਹਨ। ਭਾਈ, ਟਾਵਰ ਨੰਬਰ 7 ਕਿਵੇਂ ਡਿੱਗ ਗਿਆ ਜਦੋਂ ਕਿ ਉਸਨੂੰ ਹਵਾਈ ਜਹਾਜ਼ ਵਰਗੀ ਕੋਈ ਚੀਜ਼ ਟਕਰਾਈ ਹੀ ਨਹੀਂ। ਇਸ ਪਿਛੋਂ ਪੁੱਛਣਾ ਚਾਹੀਦਾ ਹੈ ਕਿ ਬੁਸ਼ ਦੇ ਛੋਟੇ ਭਰਾ ਕੋਲੋਂ ਜਿਹੜਾ ਉਨ੍ਹਾਂ ਇਮਾਰਤਾਂ ਦਾ ਸੁਰੱਖਿਆ ਅਫਸਰ ਸੀ। ਇਹ ਵੱਖਰੀ ਗੱਲ ਹੈ ਕਿ ਉਸ ਦਾ ਠੇਕਾ 11 ਸਤੰਬਰ ਤੋਂ ਇਕ ਸ਼ਾਮ ਪਹਿਲਾਂ ਖਤਮ ਹੋ ਗਿਆ ਸੀ। ਵੇਖਣਾ ਇਹ ਹੈ ਕਿ ਦੋ ਮਹੀਨੇ ਇਮਾਰਤਾਂ ਦੇ ਅੰਦਰ ਕੀ ਖਤਰਨਾਕ ਕਾਰਾ ਹੁੰਦਾ ਰਿਹਾ? ਲਾਰੀ ਸਿਲਵਰਸਟੀਨ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਤੇਰੀ ਕੰਪਨੀ 'ਕੰਟਰੋਲਡ ਡੈਮੋਲੀਸ਼ਨ' ਦਾ ਤਾਂ ਕੰਮ ਹੀ ਉਚੀਆਂ ਇਮਾਰਤਾਂ ਨੂੰ ਡੇਗਣਾ ਹੈ। ਤੇਰੀਆਂ ਇਮਾਰਤਾਂ ਨੂੰ ਇੰਜ ਡੇਗਣ ਦੀ ਹਿੰਮਤ ਕਿਸੇ ਹੋਰ ਨੇ ਕਿਵੇਂ ਕਰ ਲਈ? ਸਰਕਾਰ ਨੂੰ ਪੁੱਛਣਾ ਚਾਹੀਦਾ ਹੈ ਕਿ ਸੀ.ਆਈ.ਏ. ਤੋਂ ਪੁੱਛੇ ਬਈ 'ਜਹਾਜ਼' ਵੱਜਣ ਅਤੇ ਇਮਾਰਤਾਂ ਦੀ ਯੋਜਨਾਬੱਧ ਤਬਾਹੀ ਦਾ ਅਜਿਹਾ ਖੂਬਸੂਰਤ ਤਾਲਮੇਲ ਕਿਵੇਂ ਕੀਤਾ ਗਿਆ।

ਸਭ ਤੋਂ ਰੌਚਕ ਗੱਲ ਇਹ ਹੈ ਕਿ 9/11 ਦੇ 'ਹਾਦਸੇ' ਦੀ ਛਾਣਬੀਣ ਕਰਨ ਵਾਲੇ ਕਮਿਸ਼ਨ ਨੇ ਕਈ ਸਾਲ ਖੋਜ ਕਰਨ ਪਿੱਛੋਂ ਇਹ ਨਤੀਜਾ ਕੱਢਿਆ ਹੈ ਕਿ ਪਤਾ ਨਹੀਂ ਇਹ ਟਾਵਰ ਕਿਵੇਂ ਡਿੱਗ ਗਏ!'

# ਰਾਜਾਸ਼ਾਹੀ ਤਰਜ਼ ਵਾਲੇ ਪਰਜਾਤੰਤਰ



**-ਚੇਤਨ ਭਗਤ**

ਹਾਲ ਹੀ ਵਿਚ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਹੋਈ ਮੌਤ ਅਸਲ ਵਿਚ ਬਹੁਤ ਦੁਖਦ ਘਟਨਾ ਹੈ। ਉਸਦਾ ਪਰਿਵਾਰ, ਦੋਸਤ ਅਤੇ ਸ਼ੁਭਚਿੰਤਕ ਸੰਭਵ ਤੌਰ 'ਤੇ ਹਾਲੇ ਵੀ ਇਸ ਭੁਲਾਏ ਨਾ ਜਾ ਸਕਣ ਵਾਲੇ ਦੁੱਖ ਤੋਂ ਉਭਰ ਨਹੀਂ ਸਕੇ ਹੋਣਗੇ। ਇਕ ਨੇਤਾ ਦੀ ਹਾਨੀ ਅਸਲ ਵਿਚ ਸੰਪੂਰਣ ਰਾਸ਼ਟਰ ਦੀ ਹਾਨੀ ਹੈ। ਪਰ ਜੋ ਗੱਲ ਸਭ ਤੋਂ ਜਿਆਦਾ ਹੈਰਾਨ ਕਰਨ ਵਾਲੀ ਹੈ, ਉਹ ਹੈ ਵਾਈ.ਐਸ.ਆਰ. ਦੀ ਮੌਤ ਦੇ ਤੁਰੰਤ ਬਾਅਦ ਉਤਰਾਧਿਕਾਰੀ ਨੂੰ ਲੈ ਕੇ ਹੋਈ ਨਾਟਕਬਾਜ਼ੀ। ਭਾਰਤੀਆਂ ਨੂੰ ਇਸ 'ਤੇ ਬਿਲਕੁਲ ਵੀ ਹੈਰਾਨੀ ਨਹੀਂ ਹੋਵੇਗੀ ਕਿ ਮੁੱਖ ਮੰਤਰੀ ਦੀ ਮੌਤ ਤੋਂ ਬਾਅਦ ਮੁੱਖ ਮੰਤਰੀ ਅਹੁਦੇ ਲਈ ਜੋ ਸਭ ਤੋਂ ਪਹਿਲੀ ਵਸੀਅਤ ਸੀ, ਉਹ ਉਸਦੇ ਪੁੱਤਰ ਦੀ ਸੀ।

ਅਸੀਂ ਲੋਕਾਂ ਨੇ ਬਾਲੀਵੁੱਡ ਦੇ ਸੁਪਰਸਟਾਰਾਂ ਅਤੇ ਰਾਜਨੀਤਕਾਂ ਦੇ ਇਸ ਵੰਸ਼ਵਾਦ ਨੂੰ ਸਵੀਕਾਰ ਕਰ ਲਿਆ ਹੈ ਕਿ ਉਨ੍ਹਾਂ ਦੇ ਬਾਅਦ ਉਨ੍ਹਾਂ ਦੀਆਂ ਸੰਤਾਨਾਂ ਉਤਰਾਧਿਕਾਰੀ ਹੋਣਗੀਆਂ। ਇਸ ਬਾਰੇ ਮੇਰੀ ਕੋਈ ਰਾਏ ਨਹੀਂ ਹੈ ਕਿ ਮੁੱਖ ਮੰਤਰੀ ਪਦ ਦੇ ਲਈ ਕੌਣ ਯੋਗ ਉਮੀਦਵਾਰ ਹੈ ਅਤੇ ਨਾ ਹੀ ਮੈਂ ਆਂਧਰਾ ਪ੍ਰਦੇਸ਼ ਦੀ ਰਾਜਨੀਤੀ ਦਾ ਕੋਈ ਵਿਸ਼ੇਸ਼ਗ ਹਾਂ। ਮੈਂ ਇਸ ਆਮ ਧਾਰਨਾ ਨਾਲ ਜ਼ਿਆਦਾ ਸਹਿਮਤ ਹਾਂ ਕਿ ਕਿਵੇਂ ਸਾਡੇ ਦੇਸ਼ ਵਿਚ ਸਭ ਤੋਂ ਜ਼ਿਆਦਾ ਮਹੱਤਵਪੂਰਣ ਕੰਮ ਯੋਗਤਾ ਦੇ ਆਧਾਰ 'ਤੇ ਨਹੀਂ, ਬਲਕਿ ਵੰਸ਼ਵਾਦ ਦੇ ਆਧਾਰ 'ਤੇ ਦਿੱਤੇ ਜਾਂਦੇ ਹਨ।

ਸਾਡੇ ਕੋਲ ਇਸਦੀ ਕੋਈ ਮਸ਼ੀਨਰੀ ਅਤੇ ਕੋਈ ਪ੍ਰਬੰਧ ਹੀ ਨਹੀਂ ਹੈ ਕਿ ਦੇਸ਼ ਦੇ ਸਭ ਤੋਂ ਵੱਧ ਜ਼ਿੰਮੇਵਾਰੀ ਦੇ ਕੰਮ ਸਭ ਤੋਂ ਜ਼ਿਆਦਾ ਯੋਗ ਅਤੇ ਜ਼ਿੰਮੇਵਾਰ ਵਿਅਕਤੀ ਨੂੰ ਦਿੱਤੇ ਜਾ ਸਕਣ। ਆਖਿਰ ਅਸੀਂ ਇਸ ਤਰ੍ਹਾਂ ਕਿਉਂ ਹਾਂ? ਸਾਨੂੰ ਇਹ ਕਿਉਂ ਲਗਦਾ ਹੈ ਕਿ ਇਕ ਰਾਜਨੇਤਾ ਦਾ ਬੇਟਾ ਹੀ ਅਗਲਾ ਰਾਜਨੇਤਾ ਹੋਵੇਗਾ? ਮੈਨੂੰ ਲਗਦਾ ਹੈ ਕਿ ਇਸਦੇ ਪਿੱਛੇ ਤਿੰਨ ਮੁੱਖ ਕਾਰਨ ਹਨ;

ਸਭ ਤੋਂ ਪਹਿਲਾ ਹੈ ਭਾਵੁਕਤਾ ਦੇ ਆਧਾਰ ਤੇ ਫੈਸਲੇ ਕਰਨੇ। ਇਹ ਘਸਿਆ-ਪਿਟਿਆ ਮਿਹਣਾ ਦੇਣ ਲਈ ਮੁਆਫ ਕਰਨਾ, ਪਰ ਭਾਰਤੀ ਅਸਲ 'ਚ ਭਾਵੁਕ ਲੋਕ ਹਨ। ਸਾਡੀਆਂ ਫਿਲਮਾਂ ਅਤੇ ਟੀ.ਵੀ. ਦੇ ਪ੍ਰੋਗਰਾਮਾਂ ਵਿਚ ਜੋ ਕੁਝ ਦਿਖਾਇਆ ਜਾਂਦਾ ਹੈ, ਉਹ ਇਸ ਗੱਲ ਦਾ ਸਬੂਤ ਹੈ। ਜਦੋਂ ਕਿਸੇ ਲੋਕ ਪ੍ਰਤੀਨਿਧੀ ਨੂੰ ਚੁਣਨ ਦਾ ਸਵਾਲ ਉਠ ਪੈਂਦਾ ਹੈ ਤਾਂ ਫੈਸਲਾ ਕਦੇ ਵੀ ਪੂਰੀ ਤਰ੍ਹਾਂ ਵਿਵੇਕ ਪੂਰਨ ਨਹੀਂ ਹੁੰਦਾ। ਅਸੀਂ ਅਮਿਤਾਭ ਬੱਚਨ ਦੇ ਦੀਵਾਨੇ ਹਾਂ। ਇਸ ਲਈ ਅਸੀਂ ਜੂਨੀਅਰ ਬੱਚਨ ਨੂੰ ਵੀ ਮੌਕਾ ਦਿੰਦੇ ਹਾਂ। ਜੇਕਰ ਇਹ ਕਿਸੇ ਸਿਤਾਰੇ ਨੂੰ ਚੁਣਨ ਦੀ ਗੱਲ ਹੋਵੇ, ਜਿਸਨੂੰ ਤੁਸੀਂ ਪਰਦੇ 'ਤੇ ਦੇਖਣਾ ਚਾਹੁੰਦੇ ਹੋ ਤਾਂ ਤੁਹਾਡੇ ਭਾਵਨਾਤਮਕ ਫੈਸਲੇ ਨਾਲ ਕੋਈ ਫਰਕ ਨਹੀਂ ਪੈਂਦਾ। ਪਰ ਜੇਕਰ ਉਸ ਅਹੁਦੇ ਦੇ ਲਈ ਭਾਵਨਾਪੂਰਵਕ ਆਧਾਰ ਤੇ ਫੈਸਲਾ ਕੀਤਾ ਜਾਵੇ, ਜਿਸਦਾ ਕੰਮ ਇਸ ਦੇਸ਼ ਨੂੰ ਚਲਾਉਣਾ ਹੈ ਤਾਂ ਇਸਦੇ ਜ਼ਬਰਦਸਤ ਨਤੀਜੇ ਹੋ ਸਕਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਵਰਗੀ ਮੁੱਖ ਮੰਤਰੀ ਦਾ ਪਰਿਵਾਰ ਗਹਿਰੇ ਸ਼ੋਕ ਵਿਚ ਹੈ, ਪਰ ਸਿਰਫ ਇਸੇ ਕਾਰਨ ਨਾਲ ਰਾਜ ਦੀ ਵਾਗਡੋਰ ਉਸ ਦੇ ਪਰਿਵਾਰ ਨੂੰ ਸੌਂਪ ਦੇਣਾ ਕੋਈ ਉੱਤਮ ਵਿਚਾਰ ਨਹੀਂ ਹੈ। ਮੱਤ ਦਾਤਾਵਾਂ ਦੀ ਰਾਜਨੀਤਕ ਚੋਣ ਬਹੁਤ ਸਹਿਨਸ਼ੀਲਤਾ ਨਾਲ ਹੋਣੀ ਚਾਹੀਦੀ ਅਤੇ ਸਾਨੂੰ ਇਹ ਜਾਣਨ ਸਮਝਣ ਦੇ ਲਈ ਵਕਤ ਦੀ ਦਰਕਾਰ ਹੁੰਦੀ ਹੈ ਕਿ ਵਿਵੇਕ ਦੇ ਆਧਾਰ 'ਤੇ ਸਹੀ ਚੋਣ ਕਿਵੇਂ ਕੀਤੀ ਜਾਵੇ। ਮੈਂ ਇਹ ਨਹੀਂ ਕਹਿ ਰਿਹਾ ਕਿ ਕਿਸੇ ਵੰਸ਼ ਨਾਲ ਸਬੰਧ ਰੱਖਣ ਵਾਲੇ ਸਾਰੇ ਲੋਕ ਚੰਗਾ ਕੰਮ ਕਰਨ ਦੇ ਸਮਰਥ ਨਹੀਂ ਹੋਣਗੇ। ਰਾਹੁਲ ਗਾਂਧੀ ਨੇ ਕਾਂਗਰਸ ਨੂੰ ਪੁਨਰਜੀਵਿਤ ਕੀਤਾ ਹੈ। ਉਹ ਚੰਗੇ ਵਕਤਾ ਹਨ, ਆਪਣੀ ਸਹਿਨਸ਼ੀਲਤਾ ਬਣਾ ਕੇ ਰੱਖਦੇ ਹਨ ਅਤੇ ਵੱਡਾ ਅਹੁਦਾ ਪਾਉਣ ਲਈ ਉਤਾਵਲੇ ਨਹੀਂ ਹੁੰਦੇ। ਅਸਲ 'ਚ ਇਸੇ ਕਾਰਨ ਕਰਕੇ ਰਾਹੁਲ ਗਾਂਧੀ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ, ਪਰ ਇਸ ਕਾਰਨ ਤੋਂ ਨਹੀਂ ਕਿ ਉਹ ਤੁਹਾਨੂੰ ਆਪਣੇ ਪਿਤਾ ਦੀ ਯਾਦ ਦਿਵਾਉਂਦੇ ਹਨ। ਠੀਕ ਉਸੇ ਤਰ੍ਹਾਂ ਅਗਰ ਉਸਦੀ ਕੁਝ ਆਰਥਿਕ ਨੀਤੀਆਂ ਦੇਸ਼ ਦੀ ਅਰਥਵਿਵਸਥਾ ਨੂੰ ਹਾਨੀ ਪਹੁੰਚਾਉਂਦੀ ਹੈ ਤਾਂ ਤੁਸੀਂ ਆਪਣਾ ਵੋਟ ਵਾਪਸ ਲੈਣ ਦਾ ਵੀ ਵਿਚਾਰ ਕਰ ਸਕਦੇ ਹੋ। ਤੁਹਾਡਾ ਵੋਟ ਤੁਹਾਡੇ ਦੇਸ਼ ਦੇ ਲਈ ਇਕ ਮਹੱਤਵਪੂਰਣ ਚੋਣ ਹੈ, ਨਾ ਕਿ ਤੁਹਾਡੇ ਪਿਆਰ ਦੀ ਅਭਿਵਿਅਕਤੀ ਹੈ।

ਦੂਜਾ ਨੁਕਤਾ ਇਹ ਹੈ ਕਿ ਸਾਡੇ ਕੋਲ ਰਾਜਨੀਤਕ ਪ੍ਰਤਿਭਾਵਾਂ ਨੂੰ ਨਿਖਾਰਣ ਲਈ ਸੰਸਥਾਵਾਂ ਦਾ ਅਭਾਵ ਹੈ। ਅਸੀਂ ਵੱਡੇ-ਵੱਡੇ ਇੰਜੀਨੀਅਰ ਅਤੇ ਡਾਕਟਰ ਬਣਾਉਂਦੇ ਹਾਂ, ਪਰ ਕਲਾ ਵਿਸ਼ਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੇ। ਕੁਝ ਮੁੱਠੀ ਭਰ ਕਾਲਜ ਹੀ ਚੰਗੇ ਹਨ। ਜ਼ਿਆਦਾਤਰ ਤਾਂ ਬੁਰੀ ਤਰ੍ਹਾਂ ਗਿਰਦੇ ਢਹਿੰਦੇ ਚੱਲ ਰਹੇ ਹਨ। ਸਾਡੇ ਇਥੇ ਅਮਰੀਕਾ ਦੀ ਜਾਰਜਟਾਊਨ ਯੂਨੀਵਰਸਿਟੀ ਜਿਹੀ ਕੋਈ ਸੰਸਥਾ ਨਹੀਂ ਹੈ, ਜਿੱਥੇ ਅਸਲ ਵਿਚ ਵਿਦਿਆਰਥੀਆਂ ਨੂੰ ਰਾਜਨੀਤਕ ਕੈਰੀਅਰ ਦੇ ਲਈ ਤਿਆਰ ਕੀਤਾ ਜਾਂਦਾ ਹੈ। ਸਾਡੇ ਇਥੇ ਰਾਜਨੀਤ ਵਿਗਿਆਨ ਦਾ ਕੋਰਸ ਹੁੰਦਾ ਹੈ, ਪਰ ਉਸਦਾ ਸਿਲੇਬਸ ਇਤਿਹਾਸਕ ਅਤੇ ਪੁਰਾਤਨਪੰਥੀ ਜ਼ਿਆਦਾ ਹੁੰਦਾ ਹੈ। ਉਸ ਵਿਚ ਸਭ ਪੁਰਾਣੀਆਂ ਪਈਆਂ ਚੀਜ਼ਾਂ ਹੁੰਦੀਆਂ ਹਨ।

ਮੈਂ ਰਾਜਨੀਤਕ ਵਿਗਿਆਨ ਦੇ ਕੁਝ ਇਹੋ ਜਿਹੇ ਵਿਦਿਆਰਥੀਆਂ ਨਾਲ ਮਿਲਿਆ ਹਾਂ, ਜੋ ਭਾਰਤ ਦੀ ਵਰਤਮਾਨ ਰਾਜਨੀਤਕ ਹਾਲਾਤ ਦੇ ਬਾਰੇ ਗੰਭੀਰ ਆਂਤਰਿਕ ਦ੍ਰਿਸ਼ਟੀ ਦੇ ਸਕਦੇ ਹਨ ਅਤੇ ਦਸਦੇ ਹਨ ਕਿ ਵਰਤਮਾਨ ਹਾਲਾਤ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ। ਸਿਖਿਆ ਦੇ ਇਲਾਵਾ ਰਾਜਨੀਤਕ ਪਾਰਟੀਆਂ ਦੇ ਕੋਲ ਵੀ ਇਹੋ ਜਿਹਾ ਕੋਈ ਪ੍ਰਵੇਸ਼ ਸਿਲੇਬਸ ਨਹੀਂ ਹੁੰਦਾ, ਜਿਸਦੇ ਤਹਿਤ ਯੋਗ ਪ੍ਰਤਿਭਾਸ਼ਾਲੀ ਨੌਜਵਾਨ ਭਾਰਤੀਆਂ ਨੂੰ ਚੁਣਿਆ ਜਾ ਸਕੇ। ਉਨ੍ਹਾਂ ਦੇ ਲਈ ਕੋਈ ਟ੍ਰੇਨਿੰਗ ਪ੍ਰੋਗਰਾਮ ਅਤੇ ਯੋਗਤਾ ਜਾ ਪ੍ਰਤਿਭਾ ਦੇ ਆਧਾਰ ਤੇ ਉਨ੍ਹਾਂ ਦਾ ਮੁਲਾਂਕਣ ਕਰਨ ਦਾ ਕੋਈ ਤਰੀਕਾ ਨਹੀਂ ਹੁੰਦਾ, ਤਾਂ ਕਿ ਇਸ ਗੱਲ ਨੂੰ ਪੱਕਾ ਕੀਤਾ ਜਾ ਸਕੇ ਕਿ ਬਿਹਤਰ ਪ੍ਰਤਿਭਾਵਾਂ ਨੂੰ ਅਪਣੀ ਚਮਕ ਬਿਖੇਰਨ ਦਾ ਮੌਕਾ ਮਿਲੇ। ਇਸਦੇ ਅਭਾਵ ਵਿਚ ਪਾਰਟੀ ਨੂੰ ਚਲਾਉਣ ਅਤੇ ਕੁਝ ਕਰ ਦਿਖਾਉਣ ਦੇ ਲਈ ਰਾਜਨੀਤਕ ਪਾਰਟੀਆਂ ਕੁਝ ਗਿਣੇ-ਚੁਣੇ ਕ੍ਰਿਸ਼ਮਈ ਵਿਅਕਤੀਆਂ 'ਤੇ ਹੀ ਨਿਰਭਰ ਹੁੰਦੇ ਹਨ ਅਤੇ ਉਨ੍ਹਾਂ ਦੀ ਅਚਾਨਕ ਗੈਰਮੌਜੂਦਗੀ ਤੋਂ ਖਿਲਾਅ ਪੈਦਾ ਹੋ ਜਾਂਦਾ ਹੈ। ਉਸ ਖਿਲਾਅ ਨੂੰ ਭਰਨ ਦੇ ਲਈ ਉਨ੍ਹਾਂ ਦੇ ਕਲੋਨ ਦੀ ਜ਼ਰੂਰਤ ਹੁੰਦੀ ਹੈ, ਇਹੋ ਜਿਹੇ ਬਿਹਤਰੀਨ ਨੇਤਾ ਦੀ, ਜੋ ਰਾਜ ਦਾ ਸੰਚਾਲਨ ਕਰ ਸਕੇ।

ਰਾਜਨੀਤਕ ਚੇਤਨਾ ਦਾ ਅਭਾਵ ਤੀਜਾ ਮਹੱਤਵਯੋਗ ਨੁਕਤਾ ਹੈ ਜੋ ਵਿਚਾਰਨ ਵਾਲਾ ਹੈ। ਸਕੂਲ ਵਿਚ ਅਸੀਂ ਲੋਕਤੰਤਰ ਦੀ ਬਹੁਤ ਸਰਲੀਕ੍ਰਿਤ ਪਰਿਭਾਸ਼ਾ ਪੜ੍ਹਦੇ ਹਾਂ (ਜਨਤਾ ਦੇ ਦੁਆਰਾ, ਜਨਤਾ ਦੇ ਲਈ), ਜਦਕਿ ਲੱਖਾਂ ਭਾਰਤੀ ਖਾਸ ਤੌਰ 'ਤੇ ਜੋ ਸਮਾਜ ਦੇ ਆਰਥਿਕ ਰੂਪ ਵਿਚ ਪਛੜੇ ਵਰਗਾਂ ਨਾਲ ਸਬੰਧ ਰਖਦੇ ਹਨ, ਉਹ ਹਾਲੇ ਵੀ ਲੋਕਤੰਤਰ ਦੀ ਤਾਕਤ ਨੂੰ ਨਹੀਂ ਸਮਝਦੇ। ਭਾਰਤ ਦੇ ਇਤਿਹਾਸ ਵਿਚ ਲੋਕਤੰਤਰ ਬਹੁਤ ਨੇੜਲੀ ਘਟਨਾ ਹੈ, ਇਸ ਲਈ ਇਥੇ ਕਿਸੇ ਇਕ ਸ਼ਾਸਨ ਦੇ ਸਥਾਪਨ ਨੂੰ ਹਿਲਾਉਣਾ ਬਹੁਤ ਮੁਸ਼ਕਿਲ ਹੈ।

ਸਦੀਆਂ ਵਿਚ ਜਾਤੀ ਵਿਵਸਥਾ ਨੇ ਜਿਵੇਂ ਸਾਡੇ ਦਿਮਾਗ ਨੂੰ ਢਾਲ ਦਿੱਤਾ ਹੈ, ਉਸ ਵਿਚ ਇਸ ਵਿਚਾਰ ਨੂੰ ਗ੍ਰਹਿਣ ਕਰਨਾ ਹੀ ਮੁਸ਼ਕਿਲ ਹੈ ਕਿ ਜੋ ਵੀ ਪ੍ਰਤਿਭਾਸ਼ਾਲੀ ਹੈ, ਉਹ ਅੱਗੇ ਵਧ ਸਕਦਾ ਹੈ ਅਤੇ ਸਮਾਜ ਦੇ ਉਚਤਮ ਸਤੱਰ ਤੱਕ ਪਹੁੰਚ ਸਕਦਾ ਹੈ। ਇਸ ਸਮੁੱਚੇ ਦ੍ਰਿਸ਼ ਵਿਚ ਸਾਡੇ ਰਾਜਨੇਤਾ ਰਾਜੇ ਹੁੰਦੇ ਹਨ। ਜ਼ਾਹਿਰ ਹੈ ਕਿ ਉਨ੍ਹਾਂ ਦੇ ਛੋਟੇ ਰਾਜ ਕੁਮਾਰ ਇਸ ਸ਼੍ਰੇਣੀ ਵਿਚ ਅਗਲੇ ਉਮੀਦਵਾਰ ਹੋਣਗੇ। ਵਕਤ ਦੇ ਨਾਲ-ਨਾਲ ਮੂਲ ਬਦਲਦੇ ਹਨ, ਪਰ ਸਾਨੂੰ ਇਸਨੂੰ ਹੋਰ ਤੇਜ਼ੀ ਦੇ ਨਾਲ ਬਦਲਣ ਦੀ ਜ਼ਰੂਰਤ ਹੈ। ਅਗਰ ਅਸੀਂ ਉਤੇ ਲਿਖੀਆਂ ਗਈਆਂ ਗੱਲਾਂ ਵਲ ਧਿਆਨ ਦੇਈਏ ਤਾਂ ਅਸੀਂ ਇਕ ਸ਼ਕਤੀਸ਼ਾਲੀ ਰਾਜਨੀਤਕ ਵਿਵਸਥਾ ਕਾਇਮ ਕਰਨ ਦੀ ਦਿਸ਼ਾ ਵਿਚ ਸ਼ੁਰੂਆਤ ਕਰ ਸਕਦੇ ਹਾਂ। ਇਹੋ ਜਿਹੀ ਵਿਵਸਥਾ, ਜਿਸ ਵਿਚ ਯੋਗਤਾ ਵਾਲੇ ਨੇਤਾਵਾਂ ਨੂੰ ਚੁਣਿਆ ਜਾਵੇ ਅਤੇ ਜੋ ਭਾਰਤ ਨੂੰ ਅੱਗੇ ਲੈ ਕੇ ਜਾ ਸਕਣ। ਛੋਟੇ ਰਾਜ ਕੁਮਾਰਾਂ ਨੂੰ ਬਾਲੀਵੁੱਡ ਤੋਂ ਸਿੱਖਣਾ ਚਾਹੀਦਾ। ਹੋ ਸਕਦਾ ਹੈ ਕਿ ਤੁਹਾਡੇ ਵੰਸ਼ ਨੇ ਤੁਹਾਨੂੰ ਇਕ ਮੌਕਾ ਦਿੱਤਾ ਹੈ, ਪਰ ਫਿਰ ਵੀ ਤੁਹਾਨੂੰ ਆਪਣਾ ਚੰਗਾ ਕੰਮ ਕਰਕੇ ਦਿਖਾਉਣ ਦੀ ਜ਼ਰੂਰਤ ਹੈ। ਅਗਰ ਤੁਹਾਡੇ ਖਾਤੇ ਵਿਚ ਵੀ ਫਲਾਪ ਹੀ ਫਲਾਪ ਹੈ ਤਾਂ ਵੀ ਪਾਪਾ ਦਾ ਨਾਮ ਤੁਹਾਡੀ ਕੁਝ ਮਦਦ ਕਰ ਸਕਦਾ ਹੈ। ਹੋ ਸਕਦਾ ਹੈ ਕਿਸੇ ਨੇ ਤੁਹਾਨੂੰ ਰਾਜ ਕੁਮਾਰ ਬਣਾ ਦਿੱਤਾ ਹੋਵੇ, ਪਰ ਉਥੇ ਬਣੇ ਰਹਿਣ ਅਤੇ ਸੱਚਮੁਚ ਦਾ ਹੀਰੋ ਬਣਨ ਦੇ ਲਈ ਤੁਹਾਨੂੰ ਲੀਡਰ ਬਣਨਾ ਪਵੇਗਾ। ਤੁਹਾਡੇ ਉਪਰ ਲਾਈਟ ਅਤੇ ਕੈਮਰਾ ਲੱਗਿਆ ਹੋਇਆ ਹੈ। ਹੁਣ ਦੇਖਣਾ ਹੈ ਕਿ ਕੀ ਤੁਸੀਂ ਐਕਸ਼ਨ ਕਰ ਸਕਦੇ ਹੋ।

# ਥੋੜ੍ਹੇ ਵਿਚ ਕਹਿਣ ਦੀ ਕਲਾ ਦੇ ਮਾਹਿਰ

**ਪ੍ਰੀਤਿਸ਼ ਨੰਦੀ**

ਮੈਨੂੰ ਯਾਦ ਹੈ, ਕਈ ਸਾਲ ਪਹਿਲਾਂ ਇਕ ਵਾਰ ਰਾਜੀਵ ਗਾਂਧੀ ਨੇ ਕੁਝ ਸਹਿਜਤਾ ਨਾਲ ਮੈਨੂੰ ਇਕ ਨੋਟ ਬਣਾਉਣ ਦੇ ਲਈ ਕਿਹਾ ਸੀ ਕਿ ਮੀਡੀਆ ਦੀ ਆਜ਼ਾਦੀ ਦੀ ਰੱਖਿਆ ਕਿਵੇਂ ਕੀਤੀ ਜਾ ਸਕਦੀ ਹੈ ਅਤੇ ਪੱਤਰਕਾਰਾਂ ਵਿਚ ਇਕ ਕਿਸਮ ਦੀ ਜ਼ਿੰਮੇਵਾਰੀ ਕਿਵੇਂ ਪੈਦਾ ਕੀਤੀ ਜਾ ਸਕਦੀ ਹੈ। ਮੈਨੂੰ ਯਾਦ ਨਹੀਂ ਕਿ ਮੈਂ ਕੀ ਲਿਖਿਆ ਸੀ ਅਤੇ ਉਹ ਮੈਂ ਉਨ੍ਹਾਂ ਨੂੰ ਕਦੇ ਭੇਜਿਆ ਵੀ ਜਾਂ ਨਹੀਂ, ਪਰ ਉਨ੍ਹਾਂ ਦੀਆਂ ਕਹੀਆਂ ਗੱਲਾਂ ਵਿਚ ਸਭ ਤੋਂ ਮਹੱਤਵਪੂਰਣ ਗੱਲ ਮੈਨੂੰ ਅੱਜ ਵੀ ਸਪਸ਼ਟ ਯਾਦ ਹੈ, 'ਜਿੰਨੇ ਮਰਜ਼ੀ ਹਵਾਲੇ ਦੇਵੋ, ਪਰ ਇਕ ਪੰਨੇ ਵਿਚ ਨਿਪਟਾ ਦੇਵੋ।' ਉਸ ਵਕਤ ਮੈਂ ਇਕ ਪੱਤਰਕਾਰ ਸੀ ਅਤੇ ਮੈਨੂੰ ਸ਼ੰਕਾ ਹੋਈ ਕਿ ਰਾਜੀਵ ਗਾਂਧੀ ਜ਼ਿਆਦਾ ਧਿਆਨਆਕਰਸ਼ਣ ਚਾਹੁੰਦੇ ਸਨ। ਇਕ ਤਜ਼ਰਬੇਕਾਰ ਅਤੇ ਸਮਝਦਾਰ ਆਦਮੀ ਦੇ ਤੌਰ 'ਤੇ ਅੱਜ ਮੈਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਉਹ ਅਸਲ ਵਿਚ ਕਿੰਨੇ ਭਵਿਖ-ਦ੍ਰਸ਼ਟਾ ਅਤੇ ਆਪਣੇ ਵਕਤ ਤੋਂ ਕਿੰਨੇ ਅੱਗੇ ਸਨ।

ਰਾਜੀਵ ਗਾਂਧੀ ਦੀ ਸਲਾਹ ਮੇਰੇ ਨਾਲ ਰਹੀ। ਇਸ ਸਤੰਭ ਵਿਚ ਮੈਂ ਆਪਣੇ ਵਿਚਾਰਾਂ ਦੇ ਥੋੜੇ ਵਿਸਥਾਰ ਅਤੇ ਗਹਿਰਾਈ ਵਿਚ ਜਾਣ ਦੀ ਕੋਸ਼ਿਸ਼ ਕਰਦਾ ਹਾਂ, ਪਰ ਇਸਦੇ ਇਲਾਵਾ ਮੈਂ ਜੋ ਕੁਝ ਵੀ ਲਿਖਦਾ ਹਾਂ, ਉਹ ਬਹੁਤ ਸੰਖੇਪ, ਠੋਸ ਅਤੇ ਮੁੱਖ ਮੁੱਦੇ 'ਤੇ ਹੀ ਆਧਾਰਤ ਹੁੰਦਾ ਹੈ। ਸੰਪਰਕ ਦੇ ਲਈ ਜਿਸ ਮਾਧਿਅਮ ਨੂੰ ਮੈਂ ਸਭ ਤੋਂ ਜ਼ਿਆਦਾ ਮਹੱਤਵ ਦਿੰਦਾ ਹਾਂ, ਉਹ ਹੈ ਐਸ.ਐਮ.ਐਸ.। ਕਿਉਂਕਿ ਮੈਂ ਆਪਣਾ ਫੋਨ ਨੰਬਰ ਬਾਹਰ ਕਿਸੇ ਨੂੰ ਨਹੀਂ ਦਿੰਦਾ, ਇਸ ਲਈ ਜ਼ਿਆਦਾਤਰ ਲੋਕ ਮੈਨੂੰ ਈਮੇਲ ਕਰਦੇ ਹਨ। ਜੇਕਰ ਨਿੰਜੀ ਮੇਲ ਹੈ ਤਾਂ ਸਿੱਧੇ ਮੈਨੂੰ ਭੇਜਦੇ ਹਨ, ਵਰਨਾ ਪ੍ਰੀਤਿਸ਼ ਨੰਦੀ ਕਮਿਊਨੀਕੇਸ਼ਨਸ਼ ਵਿਚ ਮਾਰੀਆ ਦੇ ਮਾਰਫਤ ਮੇਲ ਮੇਰੇ ਤੱਕ ਆਉਂਦੀ ਹੈ। ਲੰਬੀ-ਲੰਬੀ ਈ ਮੇਲ ਹਮੇਸ਼ਾ ਹੀ ਬਿਨਾ ਪੜ੍ਹੇ ਹੀ ਇਕੱਠੀ ਹੁੰਦੀ ਰਹਿੰਦੀ ਹੈ। ਛੋਟੀ ਈ ਮੇਲ ਫਟਾ-ਫਟ ਪੜ੍ਹੀ ਜਾਂਦੀ ਹੈ ਅਤੇ ਉਨ੍ਹਾਂ 'ਤੇ ਕਾਰਵਾਈ ਹੁੰਦੀ ਹੈ। ਜਦੋਂ ਮੇਰਾ ਦੁਨੀਆਂ ਨਾਲ ਗੱਲ ਕਰਨ ਦਾ ਮਨ ਬਣਦਾ ਹੈ ਤਾਂ ਮੈਂ ਟਵਿਟਰ 'ਤੇ ਚਲਿਆ ਜਾਂਦਾ ਹਾਂ, ਜਿਥੇ ਸਾਰੇ ਸੰਦੇਸ਼ 140 ਕਰੈਕਟਰ ਦੇ ਅੰਦਰ ਹੀ ਭੇਜਣੇ ਹੁੰਦੇ ਹਨ। ਅੱਖਰ ਨਹੀਂ, ਕਰੈਕਟਰ। ਉਸ ਵਿਚ ਸ਼ਬਦਾਂ ਦੇ ਵਿਚ ਦੇ ਵਿਰਾਮ ਚਿੰਨ੍ਹ ਅਤੇ ਖਾਲੀ ਥਾਂ ਵੀ ਸ਼ਾਮਿਲ ਹੁੰਦੇ ਹਨ। ਕੀ ਇਹ ਕੁਝ ਹਾਸਾ-ਠੱਠਾ ਜਿਹਾ ਨਹੀਂ ਲੱਗਦਾ?

ਕੋਸ਼ਿਸ਼ ਕਰਕੇ ਦੇਖੋ। ਲੋਕ ਬਿਨਾ ਕੋਈ ਮਿਹਨਤ ਕੀਤੇ ਸਭ ਤੋਂ ਜ਼ਿਆਦਾ ਜਟਿਲ, ਉਲਝੇ ਹੋਏ ਵਿਚਾਰ ਇਨ੍ਹਾਂ 140 ਕਰੈਕਟਰਾਂ ਰਾਹੀਂ ਦੁਜਿਆਂ ਤੱਕ ਪਹੁੰਚਾਉਂਦੇ ਰਹਿੰਦੇ ਹਨ। ਇਸਦੇ ਲਈ ਤੁਹਾਨੂੰ ਸਿਰਫ ਅਤੇ ਸਿਰਫ ਸੰਪਰਕ ਕਲਾ ਦਾ ਉਸਤਾਦ ਹੋਣ ਦੀ ਜ਼ਰੂਰਤ ਹੈ।

ਐਸ.ਐਮ.ਐਸ. ਦੀ ਤਰ੍ਹਾਂ ਟਵਿਟਰ ਤੇ ਵੀ ਲੋਕ ਬੇਸਿਰ-ਪੈਰ ਦੀਆਂ ਗੱਲਾਂ ਨਾਲ ਬਹੁਤ ਚਿੜ੍ਹਦੇ ਹਨ। ਉਥੇ ਕਿਸੇ ਦੇ ਕੋਲ ਇਹੋ ਜਿਹਾ ਸੰਦੇਸ਼ ਪੜ੍ਹਨ ਦਾ ਟਾਈਮ ਨਹੀਂ ਹੁੰਦਾ, ਜੋ ਆਪਣੇ ਆਪ ਵਿਚ ਪੂਰਾ ਨਾ ਹੋਵੇ। ਹਾਲੇ ਟੀਨ ਅਵਸਥਾ ਤੱਕ ਵੀ ਨਾ ਪਹੁੰਚੇ ਬੱਚੇ ਅਤੇ ਸੇਵਾਨਿਰਵਤ ਹੋ ਚੁੱਕੇ ਬੁੱਢਿਆਂ ਦੇ ਲਈ ਵੀ ਟਵਿਟਰ ਬੜੇ ਕੰਮ ਦਾ ਹੈ। ਖੁਦ ਨੂੰ ਭੱਦਰ ਦਿਖਾਉਣ ਵਾਲੇ ਮੂਰਖ ਗੰਵਾਰ, ਜੋ ਸੋਚਦੇ ਹਨ ਕਿ ਟਵਿਟਰ ਵਕਤ ਦੀ ਬਰਬਾਦੀ ਹੈ, ਉਨ੍ਹਾਂ ਦੇ ਲਈ ਵੀ ਇਹ ਬਹੁਤ ਕੰਮ ਦੀ ਚੀਜ਼ ਹੈ।

ਜ਼ਰੂਰਤ ਤੋਂ ਜ਼ਿਆਦਾ ਸ਼ਬਦਾਂ ਦਾ ਇਸਤੇਮਾਲ ਅੱਜ ਦੇ ਵਕਤ ਵਿਚ ਬਹੁਤ ਘਟੀਆ ਸਮਝਿਆ ਜਾਂਦਾ ਹੈ। ਮੈਨੂੰ ਲਗਦਾ ਹੈ ਕਿ ਮੁਖ ਰੂਪ ਨਾਲ ਇਸਦੀ ਵਜ੍ਹਾ ਹੈ-ਸਾਡੇ ਦਿਖਾਵੇਬਾਜ਼ ਅਤੇ ਨਿਰਾਰਥਕ ਬੋਲਦੇ ਰਹਿਣ ਵਾਲੇ ਬੜਬੋਲੇ ਨੇਤਾ, ਬਕ-ਬਕ ਕਰਨ ਵਾਲੇ ਚੈਟ ਸ਼ੋ ਦੇ ਗਾਲੜੀ ਮੇਜ਼ਬਾਨ, ਅੰਡਬਰਪੂਰਣ ਵਡੇ-ਵਡੇ ਸ਼ਬਦਾਂ ਦਾ ਇਸਤੇਮਾਲ ਕਰਨ ਵਾਲੇ ਪੱਤਰਕਾਰ, ਕਦੇ ਨਾ ਚੁਪ ਹੋਣ ਵਾਲੇ ਅਕਾਦਮਿਕ, ਆਪਣੇ ਵਿਵੇਕਹੀਣ ਸ਼ਬਦਾਂ ਨਾਲ ਉਕਤਾਹਟ ਪੈਦਾ ਕਰਨ ਵਾਲੇ ਬਲਾਗਰ,ਵਾਚਾਲ ਗੁਰੂ ਅਤੇ ਚਪਰ-ਚਪਰ ਕਰਨ ਵਾਲੀਆਂ ਸੈਲਿਬ੍ਰਿਟੀ, ਜਿਨ੍ਹਾਂ ਦੇ ਕੋਲ ਆਪਣੀ ਸ਼ੋਹਰਤ ਭਰੀ ਅਕਾਊ, ਥਕਾਵਟ ਭਰੀ ਜ਼ਿੰਦਗੀ ਦੇ ਬਾਰੇ ਵਿਚ ਬਕ-ਬਕ ਕਰਨ ਦੇ ਸਿਵਾ ਹੋਰ ਕੁਝ ਨਹੀਂ ਹੁੰਦਾ। ਉਨ੍ਹਾਂ ਦੇ ਪ੍ਰਤੀ ਸਾਡੀ ਤੀਬਰ ਅਤੇ ਗਹਿਰੀ ਚਿੜ੍ਹ ਦੀ ਵਜ੍ਹਾ ਨਾਲ ਹੀ ਹੁੰਦਾ ਹੈ।

ਇਸ ਡਰ ਨਾਲ ਕਿ ਕਿਤੇ ਉਨ੍ਹਾਂ ਨੂੰ ਸੁਣਨਾ ਨਾ ਪੈ ਜਾਵੇ ਅਸੀਂ ਆਪਣੇ ਕੰਨਾਂ ਵਿਚ ਹੈਡ ਫੋਨ ਲਗਾ ਕੇ 'ਬਲੈਕ ਆਈਡ ਪੀਸ' ਸੁਣਨਾ ਜ਼ਿਆਦਾ ਪਸੰਦ ਕਰਦੇ ਹਾਂ। ਸ਼ਬਦਾਂ ਦਾ ਆਤੰਕ ਭਾਰੀ ਹੁੰਦਾ ਹੈ। ਗਨੀਮਤ ਇਹ ਹੈ ਕਿ ਆਦਮੀ ਜੋ ਵਿਗਾੜਦਾ ਹੈ, ਟੈਕਨਾਲੋਜੀ ਉਸਨੂੰ ਸੰਵਾਰ ਦਿੰਦੀ ਹੈ।




ਇਸ ਲਈ ਬਹੁਤ ਚੁਪਚਾਪ, ਲਗਭਗ ਅਦਿਖ ਰੂਪ ਨਾਲ ਅਸੀਂ ਵਿਵੇਕ ਵਲ ਆ ਰਹੇ ਹਾਂ ਅਤੇ ਸਿੱਧੇ, ਛੋਟੇ ਤਰੀਕੇ ਨਾਲ ਆਪਣੀ ਗੱਲ ਕਹਿਣ ਦੀ ਕਲਾ ਸਿੱਖ ਰਹੇ ਹਾਂ। ਵਧ-ਚੜ੍ਹ ਕੇ ਗੱਲ ਕਰਨ ਦੇ ਦਿਖਾਵਟੀ ਵਕਤ ਵਿਚ ਸੰਖੇਪਤਾ ਮਰ ਗਈ। ਕਵਿਤਾ ਨਰਕ ਵਿਚ ਚਲੀ ਗਈ। ਚੁੱਪ ਨੂੰ ਮੂਰਖਤਾ ਦੇ ਤਲ ਮੰਨ ਲਿਆ ਗਿਆ ਹੈ। ਲੋਕਾਂ ਦੀ ਤਾਰੀਫ ਇਸ ਲਈ ਨਹੀਂ ਹੁੰਦੀ ਕਿ ਉਨ੍ਹਾਂ ਨੇ ਕੀ ਕਿਹਾ, ਬਲਕਿ ਇਸ ਲਈ ਹੁੰਦੀ ਕਿ ਉਨ੍ਹਾਂ ਨੇ ਕਿੰਨਾ ਲੰਬਾ ਅਤੇ ਕਿੰਨੀ ਵਾਰ ਕਿਹਾ। ਇੰਡੋਨੇਸ਼ੀਆ ਦੇ ਪ੍ਰਧਾਨ ਮੰਤਰੀ ਬੰਗ ਸੁਕਰਣੋ ਬਾਰੇ ਕਿਹਾ ਜਾਂਦਾ ਹੈ ਕਿ ਕਿਸੇ ਚੋਣ ਪ੍ਰਚਾਰ ਦੇ ਦੌਰਾਨ ਉਨ੍ਹਾਂ ਨੇ ਇਕ ਹੀ ਭਾਸ਼ਣ ਇਕ ਹੀ ਅੰਦਾਜ਼ ਵਿਚ 342 ਵਾਰ ਦਿੱਤਾ। ਖਰੁਸ਼ਚੇਵ ਯੂ ਐਨ ਵਿਚ ਲਗਭਗ ਤਿੰਨ ਘੰਟੇ ਤੱਕ ਬੋਲੇ ਅਤੇ ਉਸ ਨਾਲ ਵੀ ਸੰਤੁਸ਼ਟ ਨਹੀਂ ਹੋਏ।

ਸਾਡੇ ਕ੍ਰਿਸ਼ਨਾ ਮੈਨਨ ਵੀ ਘੱਟ ਨਹੀਂ ਹਨ। ਉਹ ਸੁਰਖਿਆ ਪ੍ਰੀਸ਼ਦ ਵਿਚ ਕਸ਼ਮੀਰ 'ਤੇ ਅੱਠ ਘੰਟੇ ਲਗਾਤਾਰ ਬੋਲਦੇ ਰਹੇ ਅਤੇ ਫਿਰ ਵੀ ਸਾਡੇ ਪੱਖ ਦਾ ਮਾਹੌਲ ਨਹੀਂ ਬਣਾ ਸਕੇ।


ਉਹ ਹੁਣ ਤੱਕ ਬੋਲਦੇ ਰਹੇ, ਜਦ ਤਕ ਕਿ ਅਕਾਰਦੀ ਸੋਬੋਲੇਵ ਹੌਲੀ ਦੇਣੇ ਖੜੇ ਨਹੀਂ ਹੋਏ ਅਤੇ ਉਨ੍ਹਾਂ ਨੇ ਸੋਵੀਅਤ ਸੰਘ ਦੇ 79ਵੇਂ ਵੀਟੋ ਦਾ ਇਸਤੇਮਾਲ ਕਰਦੇ ਹੋਏ ਦ੍ਰਿੜਤਾ ਨਾਲ ਕਿਹਾ, 'ਨਾ' ਅਤੇ ਇਸ ਤਰ੍ਹਾਂ ਕਸ਼ਮੀਰ ਮਸਲੇ 'ਤੇ ਸੰਯੁਕਤ ਰਾਸ਼ਟਰ ਦੇ ਦਖਲ ਦੇਣ ਉਤੇ ਵੀ ਫੁੱਲ ਸਟਾਪ ਲਗਾ ਦਿੱਤਾ ਪਰ ਇਸ ਮਾਮਲੇ ਵਿਚ ਕੋਈ ਵੀ ਫੀਦਲ ਕਾਸਤਰੋ ਦਾ ਮੁਕਾਬਲਾ ਨਹੀਂ ਕਰ ਸਕਦਾ, ਜਿਨ੍ਹਾਂ ਨੇ 33 ਘੰਟੇ ਲਗਾਤਾਰ ਭਾਸ਼ਣ ਦੇ ਕੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਇਹ ਭਾਸ਼ਣ ਗਿਨੀਜ ਬੁਕ ਵਿਚ ਵੀ ਦਰਜ ਹੈ। ਉਨ੍ਹਾਂ ਦੇ ਭਾਸ਼ਣ ਦੌਰਾਨ ਪੁਲਿਸ ਨੇ ਸੁਣਨ ਵਾਲਿਆਂ ਨੂੰ ਜਾਣ ਵੀ ਨਹੀਂ ਦਿੱਤਾ।

ਇਦਾਂ ਨਹੀਂ ਹੈ ਕਿ ਸਿਰਫ ਰਾਜਨੀਤੀ ਹੀ ਇੰਨੀ ਸ਼ਾਬਦਿਕ ਹੋ ਗਈ ਹੈ। ਉਸਦੇ ਠੀਕ ਉਲਟ ਜ਼ਰਾ ਬਿਜਨਸ ਨੂੰ ਹੀ ਦੇਖ ਲਵੋ। ਅੱਠ ਸਾਲ ਪਹਿਲਾਂ ਫਿਲਮ ਬਣਾਉਣ ਤੋਂ ਪਹਿਲਾਂ ਅਸੀਂ ਇਕ ਪੰਨੇ ਦੀ ਲਿਖਤ ਕਰਦੇ ਸੀ ਅਤੇ ਉਸ ਤੇ ਸ਼ਾਇਦ ਹੀ ਕਦੇ ਕੋਈ ਵਿਵਾਦ ਹੁੰਦਾ ਸੀ। ਹੁਣ 120 ਪੰਨਿਆ ਦਾ ਅਨੁਬੰਧ ਕੀਤਾ ਜਾਂਦਾ ਹੈ। ਆਲਸੀ ਅਤੇ ਕਾਨੂੰਨੀ ਭਾਸ਼ਾ ਦੀ ਠੋਸ, ਸੰਖੇਪਤ ਅੰਗਰੇਜ਼ੀ ਨੇ ਥਾਂ ਲੈ ਲਈ ਹੈ। ਅਸੀਂ ਜੋ ਨਹੀਂ ਦੇਖ ਸਕਦੇ ਉਹ ਇਹ ਹੈ ਕਿ ਅਕਸਰ ਭਾਸ਼ਾ ਦਾ ਅਡੰਬਰ ਇਰਾਦਿਆਂ ਦੀ ਦੁਸ਼ਟਤਾ ਨੂੰ ਛਿਪਾਉਣ ਦਾ ਹਥਿਆਰ ਹੁੰਦਾ ਹੈ। ਲੱਖਾਂ ਸ਼ਬਦਾਂ ਦੇ ਅੰਦਰ ਕੋਈ ਇਹੋ ਜਿਹੇ ਚੋਰ ਫੰਦੇ ਹੋ ਸਕਦੇ ਹਨ, ਜੋ ਨਜ਼ਰਾਂ ਤੋਂ ਰਹਿ ਜਾਣ।

ਦਾਅ-ਪੇਚਾਂ ਦੀ ਭਾਸ਼ਾ ਜੋ ਲੁਕੋ ਦਿੰਦੀ ਹੈ, ਪਿਆਰ ਉਸਨੂੰ ਦਿਖਾ ਦਿੰਦਾ ਹੈ। ਮੇਰੇ ਲਈ ਸਭ ਤੋਂ ਜ਼ਿਆਦਾ ਡਰਾਉਣੇ ਤੇ ਲੰਬੇ, ਤਕਲੀਫਦੇਹ ਪ੍ਰੇਮ ਪੱਤਰ ਰਹੇ, ਜੋ ਟੁੱਟੇ ਹੋਏ ਦਿਲ ਨਾਲ ਲਿਖ ਕੇ ਭੇਜੇ ਗਏ। ਸ਼ੁਕਰ ਹੈ ਕਿ ਹੁਣ ਇਹੋ ਜਿਹੇ ਖਤ ਆਉਣੇ ਹੌਲੀ ਹੌਲੀ ਘੱਟ ਹੁੰਦੇ ਜਾ ਰਹੇ ਹਨ। ਇਸਦੀ ਕੀ ਵਜ੍ਹਾ ਹੋ ਸਕਦੀ ਹੈ? ਕੁਝ ਤਾਂ ਮੇਰੀ ਉਮਰ ਦੇ ਕਾਰਨ ਅਤੇ ਕੁਝ ਸ਼ਾਇਦ ਇਸ ਲਈ ਕਿਉਂਕਿ ਲੋਕ ਜਾਣਦੇ ਹਨ ਕਿ ਮੈਂ ਲੁਭਾਊ ਸ਼ਬਦਾਂ ਦੇ ਪ੍ਰਤੀ ਜ਼ਰਾ ਵੀ ਸਹਿਨਸ਼ੀਲ ਨਹੀਂ ਹਾਂ। ਮੇਰਾ ਹਮੇਸ਼ਾ ਤੋਂ ਹੀ ਇਹ ਵਿਸ਼ਵਾਸ ਰਿਹਾ ਹੈ ਕਿ ਇਕ ਸਿੱਧਾ-ਸਾਧਾ, ਤਰੀਕੇ ਨਾਲ ਦਿੱਤਾ ਗਿਆ ਚੁੰਮਣ ਹਜ਼ਾਰਾਂ ਥੱਕੇ ਹੋਏ ਸ਼ਬਦਾਂ ਤੋਂ ਕਿਤੇ ਜ਼ਿਆਦਾ ਮੁੱਲਵਾਨ ਹੈ। ਕੀ ਮੈਂ ਸ਼ਬਦਾਂ ਦੀ ਥੋੜ੍ਹਾ ਵੀ ਕਮੀ ਮਹਿਸੂਸ ਕਰਦਾ ਹਾਂ? ਹਾਂ ਕਦੇ-ਕਦੇ। ਪਰ ਕਿਉਂਕਿ ਇਹੋ ਜਿਹੇ ਦਿਨ ਬਹੁਤ ਘੱਟ ਹੁੰਦੇ ਹਨ, ਇਸ ਲਈ ਮੈਂ ਦਰੁਸਤ ਹਾਂ। ਸ਼ਬਦਾਂ ਦੇ ਹਮਲੇ ਨਾਲ ਮੈਨੂੰ ਡਰ ਲਗਦਾ ਹੈ। ਸ਼ਬਦਾਂ ਦੀ ਕੰਜੂਸੀ ਮੇਰਾ ਸੁਭਾਅ ਨਹੀਂ ਹੈ। ਮੈਂ ਸਿੱਧੀ ਸਰਲ ਅਤੇ ਇਸ਼ਾਰਿਆਂ ਵਿਚ ਕਹੀ ਗਈ ਗੱਲ ਦਾ ਸਨਮਾਨ ਕਰਦਾ ਹਾਂ। ਕਲਪਨਾ ਦੀ ਖੇਡ ਮੈਨੂੰ ਪਸੰਦ ਹੈ। ਮੈਨੂੰ ਲਗਦਾ ਹੈ ਕਿ ਇਹ ਸਦੀ ਕਲਪਨਾ ਦੀ ਸਦੀ ਹੋਣ ਵਾਲੀ ਹੈ। ਇਸ ਲਈ ਮੇਰੀ ਪਸੰਦ ਬਿਲਕੁਲ ਸਾਫ ਹੈ। ਯੁੱਧ ਅਤੇ ਸ਼ਾਂਤੀ ਤੋਂ ਬਿਹਤਰ ਟਵਿਟਰ। ਜੇਮਸ ਮਹਾਂਭਾਰਤ ਤੋਂ ਬਿਹਤਰ ਗੀਤਾ।

# ਮੇਰਾ ਦੇਸ ਮਹਾਨ-ਪੈਰ ਪੈਰ 'ਤੇ ਚੰਦਰ ਭਾਨ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

***ਸਿਆਸਤਦਾਨਾਂ ਵਲੋਂ ਧੂੜ 'ਚ ਟੱਟੂ ਭਜਾਉਣੇ ਤਾਂ ਇੱਕ ਆਮ ਜਿਹੀ ਗੱਲ ਹੈ। ਪ੍ਰੰਤੂ ਹੈਰਤ ਉਦੋਂ ਹੁੰਦੀ ਹੈ ਜਦੋਂ ਧਾਰਮਿਕ ਆਗੂ, ਉਹ ਵੀ ਸਰਵ-ਉੱਚ ਪਦਵੀਆਂ ਵਾਲੇ, ਇਹ 'ਸ਼ੁਗਲ' ਕਰਨ ਲੱਗ ਪੈਣ! ਪਿਛਲੇ ਵਰ੍ਹੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਮਾਣਯੋਗ ਵੇਦਾਂਤੀ ਜੀ ਨੂੰ ਅਹੁਦੇ ਤੋਂ ਸੇਵਾ-ਮੁਕਤ ਕਰਨ ਵਾਲੇ, ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨੇ ਆਖਿਆ ਸੀ ਕਿ ਵੇਦਾਂਤੀ ਜੀ ਦੀ 'ਸਿਹਤ ਖਰਾਬ' ਹੋਣ ਕਾਰਨ ਅਜਿਹਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜੀ ਨੇ ਵੀ ਪ੍ਰੈੱਸ ਨੂੰ ਇਹੀ ਦੱਸਿਆ। ਪਰ ਮੋੜਵਾਂ ਉੱਤਰ ਦਿੰਦਿਆਂ ਵੇਦਾਂਤੀ ਜੀ ਨੇ ਦੋਸ਼ ਲਾਇਆ ਕਿ ਮੈਨੂੰ ਜਬਰੀ ਘਰੇ ਤੋਰਿਆ ਗਿਆ ਹੈ। ਕਈ ਮਹੀਨੇ ਦੋਵੇਂ ਧਿਰਾਂ ਆਪਣੇ ਆਪ ਨੂੰ 'ਸੱਚਾ' ਸਾਬਤ ਕਰੀ ਗਈਆਂ। ਇੱਕ ਕੰਢੇ ਗੱਲ ਹਾਲੇ ਤੱਕ ਨਹੀਂ ਲੱਗੀ...***

ਸਿਰਫ਼ ਦੋ ਗਧਿਆਂ ਉੱਪਰ ਲੋਕਾਂ ਦਾ ਮਾਲ ਅਸਬਾਬ ਲੱਦ ਕੇ, ਇੱਧਰ ਉੱਧਰ ਪਹੁੰਚਾਉਣ ਵਾਲਾ ਇਕ ਗਰੀਬੜਾ ਮਜ਼ਦੂਰ, ਕੁਝ ਹੀ ਦਿਨਾਂ ਵਿਚ ਲੱਖ-ਪਤੀ ਬਣ ਗਿਆ। ਜਿਸ ਨੂੰ ਕਦੇ ਅਗਲੇ ਡੰਗ ਦੀ ਰੋਟੀ ਦਾ ਫਿਕਰ ਲੱਗਾ ਰਹਿੰਦਾ ਸੀ, ਹੁਣ ਉਸਦੀ ਕੋਠੀ ਵਿਚੋਂ ਤਰ੍ਹਾਂ-ਤਰ੍ਹਾਂ ਦੇ ਪਕਵਾਨ ਪੱਕਣ ਦੀ ਸੁਗੰਧੀ ਫੈਲਣ ਲੱਗ ਪਈ। ਸਾਰਾ-ਸਾਰਾ ਦਿਨ ਗਧਿਆਂ ਪਿਛੇ ਖੁੱਚਾਂ ਭਨਾਉਣ ਵਾਲਾ, ਹੁਣ ਅਰਬੀ ਘੋੜਿਆਂ 'ਤੇ ਸਵਾਰੀ ਕਰ ਰਿਹਾ ਨਜ਼ਰ ਆਉਂਦਾ। ਜਿਹਦੇ ਡੌਲੇ ਨੂੰ ਥਾਂ ਥਾਂ ਤੋਂ ਲਗਾਰ ਲੱਗੇ ਹੁੰਦੇ ਸਨ, ਉਹ ਹੁਣ ਸੁਨਹਿਰੀ ਪੱਟੀ ਵਾਲੇ ਰੇਸ਼ਮੀ ਕੱਪੜੇ ਪਹਿਨਣ ਲੱਗ ਪਿਆ। ਉਹਦੇ 'ਤੇ ਅੱਖ ਦੇ ਫੋਰੇ 'ਚ ਆਈ ਅਮੀਰੀ ਬਾਰੇ ਇਲਾਕੇ ਵਿਚ ਘਰੋ ਘਰੀ ਚੁਰ-ਚੁਰਾ ਹੋਣ ਲੱਗੀ। ਕਈ ਤਰ੍ਹਾਂ ਦੀਆਂ ਦੰਦ-ਕਥਾਵਾਂ ਤੁਰ ਪਈਆਂ। ਕਈ ਮਨਚਲੇ ਉਸਨੂੰ ਪੁੱਛ ਵੀ ਲੈਂਦੇ ਕਿ ਕੀ ਕਰਾਮਾਤ ਹੋ ਗਈ ਹੈ? ਪਰ ਅੱਗਿਉਂ ਉਹ ਮਿੰਨ੍ਹਾ ਮਿੰਨ੍ਹਾ ਮੁਸਕਰਾਉਂਦਾ ਜ਼ਰੂਰ ਰਹਿੰਦਾ। ਲੇਕਿਨ ਆਪਣੀ ਅਚਾਨਕ ਆਈ ਅਮੀਰੀ ਬਾਬਤ ਕੋਈ ਭੇਤ ਨਾ ਖੋਲ੍ਹਦਾ। ਕੱਖੋਂ ਲੱਖ ਬਣੇ ਇਸ 'ਮਜ਼ਦੂਰ' ਦੀ ਸ਼ਾਨੋ-ਸ਼ੌਕਤ ਦੀਆਂ ਕਹਾਣੀਆਂ ਜਦ ਕੁੱਝ ਮੱਠੀਆਂ ਹੋਈਆਂ, ਤਾਂ ਇਸ ਨੇ ਆਪਣੇ ਇਕ ਜਿਗਰੀ ਯਾਰ ਕੋਲ ਹਕੀਕਤ ਉਗਲ ਦਿੱਤੀ।

ਚੰਦਰ ਭਾਨ ਨਾਂ ਦਾ ਇਹ ਮਜ਼ਦੂਰ ਆਪਣੇ ਦੋਹਾਂ ਗਧਿਆਂ ਉਪਰ ਕੁਝ ਸਮਾਨ ਲੱਦ ਕੇ ਕਿਸੇ ਦੂਰ-ਦੁਰਾਡੇ ਸ਼ਹਿਰ ਪਹੁੰਚਾਣ ਜਾ ਰਿਹਾ ਸੀ। ਤੁਰੇ ਜਾਂਦਿਆਂ ਰਸਤੇ 'ਚ ਸ਼ਾਮ ਪੈ ਗਈ। ਅੱਗੇ ਜੰਗਲੀ ਇਲਾਕਾ ਆ ਗਿਆ। ਇਹ ਦੁਚਿੱਤੀ 'ਚ ਪਿਆ ਹੋਇਆ ਸੀ ਕਿ ਇਕੱਲਾ ਹੀ ਜੰਗਲ ਪਾਰ ਕਰੇ ਜਾਂ ਨਾ। ਇਸੇ ਸਮੇਂ ਕਿਸੇ ਹੋਰ ਰਸਤਿਉਂ ਉੱਥੇ ਸ਼ਾਹੀ ਖਜ਼ਾਨਾ ਲੈ ਕੇ ਜਾ ਰਹੀਆਂ ਖੱਚਰਾਂ ਦਾ ਕਾਫਲਾ ਪਹੁੰਚ ਗਿਆ। ਕਾਫਲੇ ਨਾਲ ਤੁਰੇ ਜਾ ਰਹੇ ਕਰਮਚਾਰੀਆਂ ਪਾਸੋਂ ਇਜਾਜ਼ਤ ਲੈ ਕੇ, ਇਸਨੇ ਆਪਣੇ ਦੋਵੇਂ ਗਧੇ ਤੁਰੀਆਂ ਜਾ ਰਹੀਆਂ ਖੱਚਰਾਂ 'ਚ ਵਾੜ ਦਿੱਤੇ। ਰਵਾਂ ਰਵੀਂ ਕਾਫਲਾ ਤੁਰਦਾ ਗਿਆ।

ਸੂਰਜ ਅਸਤ ਹੋਣ 'ਤੇ ਪਹੁੰਚਿਆ ਹੋਣ ਕਰਕੇ ਘੁਸ-ਮੁਸਾ ਜਿਹਾ ਵੀ ਹੋ ਗਿਆ। ਰਸਤਾ ਕੱਚਾ ਸੀ ਜਿਸ ਕਰਕੇ ਧੂੜ ਵੀ ਬਹੁਤ ਮਚੀ ਹੋਈ ਸੀ। ਮੋਹਰਾਂ ਦੀਆਂ ਖੁਰਜੀਆਂ ਨਾਲ ਲੱਦੀਆਂ ਹੋਈਆਂ ਖੱਚਰਾਂ ਦੇ ਕਾਫਲੇ ਨਾਲ ਗਧੇ ਰਲਾਇਆਂ ਨੂੰ ਹਾਲੇ ਥੋੜ੍ਹਾ ਟਾਈਮ ਹੀ ਹੋਇਆ ਸੀ ਕਿ ਚੰਦਰ ਨੂੰ ਅਚਨਚੇਤ ਇਕ 'ਫੁਰਨਾ' ਫੁਰਿਆ। ਜਿਸ 'ਤੇ ਅਮਲ ਕਰਦਿਆਂ ਉਸਨੇ ਦੇਰ ਨਾ ਲਾਈ। ਉਡੀ ਹੋਈ ਧੂੜ ਵਿਚ ਹੱਥ ਨੂੰ ਹੱਥ ਵੀ ਮੁਸ਼ਕਲ ਨਾਲ ਦਿਖਾਈ ਦਿੰਦਾ ਸੀ। ਕਿਸੇ ਜੰਗਲੀ ਜਾਨਵਰ ਦੇ ਸੰਭਾਵੀ ਹਮਲੇ ਦੇ ਡਰ ਕਾਰਨ ਸ਼ਾਹੀ ਕਰਮਚਾਰੀ ਵੀ ਖੱਚਰਾਂ ਦੇ ਆਲੇ-ਦੁਆਲੇ ਅੱਗੜ-ਪਿੱਛੜ ਹੋ ਕੇ ਚੱਲ ਰਹੇ ਸਨ।

ਮੌਕਾ ਤਾੜ ਕੇ ਚੰਦਰ ਭਾਨ ਨੇ ਆਪਣੇ ਦੋਵੇਂ ਗਧਿਆਂ ਦੀ ਬਜਾਏ ਮੋਹਰਾਂ ਨਾਲ ਲੱਦੀਆਂ ਹੋਈਆਂ ਦੋ ਖੱਚਰਾਂ ਨੂੰ ਕੰਨੋਂ ਫੜ ਕੇ ਪਿੱਛੇ ਵੱਲ ਮੋੜ ਲਿਆ। ਵਾਹੋ-ਦਾਹੀ ਮੰਜ਼ਲਾਂ ਮੁਕਾਉਂਦਾ ਹੋਇਆ ਉਹ ਰਾਤੋ-ਰਾਤ ਆਪਣੇ ਪਿੰਡ ਪਹੁੰਚ ਗਿਆ। ਬੱਸ ਫਿਰ ਕੀ ਸੀ, 'ਆਈ ਬਸੰਤ-ਪਾਲਾ ਉਡੰਤ' ਵਾਂਗ ਇਹਦੇ ਘਰ ਲੱਛਮੀ ਆਈ ਤੇ ਸਭ ਦਲਿੱਦਰ ਦੂਰ!

ਰੱਬ ਜਾਣੇ ਯਾ ਲੋਕ-ਯਾਨ ਦੇ ਮਾਹਰ ਜਾਣਨ ਕਿ 'ਧੂੜ' 'ਚ ਆਪਣਾ ਟੱਟੂ ਭਜਾਉਣ' ਵਾਲੇ ਅਖਾਣ ਦਾ ਜਨਮ, ਉਕਤ ਚੰਦਰ ਭਾਨ ਵਾਲੀ ਕਹਾਣੀ ਦੇ ਪੇਟੋਂ ਹੋਇਆ ਹੋਊ ਕਿ ਨਹੀਂ, ਪਰੰਤੂ ਚੰਦਰ ਭਾਨ ਦੀ ਇਕ ਪਲ ਦੀ ਕਾਰਸਤਾਨੀ ਨੇ ਭਵਿੱਖ ਵਿਚ ਧੂੜ 'ਚ ਟੱਟੂ ਭਜਾਉਣ ਵਾਲਿਆਂ ਲਈ ਰਾਹ ਖੋਲ੍ਹ ਦਿੱਤਾ। ਇਸ ਸਾਖੀ ਨੇ ਇਹ ਵੀ ਸਿੱਧ ਕਰ ਦਿੱਤਾ ਕਿ ਬੱਸ ਥੋੜ੍ਹੀ ਜਿੰਨੀ ਚੁਸਤੀ ਦੀ ਲੋੜ ਪਿਆ ਕਰੇਗੀ, ਟੱਟੂ ਭਜਾਉਣ ਵਾਲੇ ਸਦਾ ਫਾਇਦਾ ਹੀ ਉਠਾਇਆ ਕਰਨਗੇ। ਬਿਨਾ ਹਿੰਗ ਜਾਂ ਫਟਕੜੀ ਦੀ ਵਰਤੋਂ ਕਰਨ ਤੋਂ, ਉਨ੍ਹਾਂ ਨੂੰ ਰੰਗ ਚੋਖਾ ਹੀ ਪ੍ਰਾਪਤ ਹੋ ਜਾਇਆ ਕਰੇਗਾ।

ਇਹ ਚੰਦਰ ਭਾਨ ਤਾਂ ਪੁਰਾਣੇ ਜ਼ਮਾਨੇ ਦਾ ਹੋਣ ਕਰਕੇ ਭਲ-ਮਾਣਸੀ ਹੀ ਵਰਤ ਗਿਆ। ਸਾਰੀ ਅਸਲੀਅਤ ਜਲਦੀ ਹੀ ਜਾਹਰ ਕਰ ਦਿੱਤੀ। ਸਾਡੇ ਦੇਸ਼ ਦੇ ਚੰਦਰ ਭਾਨ ਤਾਂ ਇੰਨੇ ਸ਼ਾਤਰ ਦਿਮਾਗ ਨੇ ਕਿ ਸੀ.ਬੀ.ਆਈ. ਭਾਵੇਂ ਅੱਡੀਆਂ ਤੱਕ ਜ਼ੋਰ ਲਾ ਲਏ, ਪਰ ਉਨ੍ਹਾਂ ਦੀ ਅਮੀਰੀ ਦੇ ਕਾਰਨਾਂ ਦੀ ਥਾਹ ਨਹੀਂ ਪਾ ਸਕਦੀ। ਕਮਿਸ਼ਨ ਬੈਠੀ ਜਾਣ, ਇੰਕੁਆਰੀਆਂ ਹੋਈ ਜਾਣ ਜਾਂ ਜੁਡਿਸ਼ਲ ਜਾਂਚ ਹੋਈ ਜਾਵੇ, ਮਜਾਲ ਹੈ ਕਿ ਕਿਤਿਉਂ ਸੁਰਾਗ ਮਿਲ ਜਾਏ! ਸਿੱਟੇ ਵਜੋਂ ਧੂੜ 'ਚ ਟੱਟੂ ਭਜਾ ਕੇ ਮਨ ਭਾਉਂਦੇ ਟੀਚੇ ਸਰ ਕਰਨ ਦੀ ਪ੍ਰੰਪਰਾ ਜ਼ੋਰ-ਸ਼ੋਰ ਨਾਲ ਵਧਦੀ ਫੁਲਦੀ ਜਾ ਰਹੀ ਹੈ। ਚੰਦਰ ਭਾਨ ਵੀ ਦੂਣ ਸਵਾਏ ਹੋਈ ਜਾ ਰਹੇ ਨੇ।

ਦੇਖਦਿਆਂ-ਦੇਖਦਿਆਂ ਇਹ ਕੌਤਕੀ ਵਰਤਾਰਾ ਇਤਨਾ ਵਿਕਸਤ ਅਤੇ ਬਹੁ-ਭਾਂਤੀ ਹੋ ਚੁੱਕਾ ਹੈ ਕਿ ਹੁਣ ਇਹ ਜ਼ਰੂਰੀ ਨਹੀਂ ਕਿ ਮਿੱਟੀ ਘੱਟੇ ਦੀ ਧੂੜ ਵਿੱਚ ਹੀ ਇਹ ਕਲਾ ਵਰਤਾਈ ਜਾ ਸਕਦੀ ਹੈ। ਸੰਸਾਰੀਕਰਨ ਦੇ ਜ਼ਮਾਨੇ ਵਿਚ ਧੂੜਾਂ ਦੀਆਂ ਕਿਸਮਾਂ ਵੀ ਅਨੇਕਾਂ ਤਰ੍ਹਾਂ ਦੀਆਂ ਹੋਂਦ ਵਿਚ ਆ ਚੁੱਕੀਆਂ ਹਨ। ਕਿਤੇ ਅੰਧ ਵਿਸ਼ਵਾਸਾਂ ਦੀ ਧੂੜ, ਕਿਤੇ ਨਾਜਾਇਜ਼ ਰਿਸ਼ਤਿਆਂ ਦੀ ਅੰਨ੍ਹੀ ਧੂੜ, ਕਿਤੇ ਮੀਡੀਏ ਦੀ ਗਰਦ, ਕਿਤੇ ਰਾਜਸੀ ਜਾਂ ਸਿਆਸੀ ਭੁੱਖਾਂ ਦੀ ਧੂੜ, ਕਿਤੇ ਵਿਦੇਸ਼ ਲਿਜਾਣ ਦੇ ਲਾਰਿਆਂ ਦੀ ਧੂੜ, ਕਿਤੇ ਸਰੀਰਕ ਭੁੱਖਾਂ ਦੀ ਧੂੜ ਅਤੇ ਕਿਤੇ ਅਮੀਰੀ ਦੀ ਹੋੜ ਵਾਲੀ ਧੂੜ ਵਗੈਰਾ ਵਗੈਰਾ। ਇਨ੍ਹਾਂ ਦੇ ਨਾਲ ਨਾਲ ਇੱਕ ਬਹੁਤ ਹੀ ਮੱਕਾਰੀ ਭਰੀ ਮਹੀਨ ਧੂੜ ਵੀ ਵਜੂਦ 'ਚ ਆ ਚੁੱਕੀ ਹੈ। ਜੋ ਕਿ ਔਲੇ ਜਿੱਡੀਆਂ ਮੋਟੀਆਂ-ਮੋਟੀਆਂ ਅੱਖਾਂ ਵਾਲਿਆਂ ਦੇ ਵੀ ਬੜੀ ਸ਼ਾਇਸਤਗੀ ਨਾਲ ਝੁੱਕੀ ਜਾ ਸਕਦੀ ਹੈ। ਚੰਗਿਆਂ ਭਲਿਆਂ ਦੇ 'ਅੱਖੀਂ ਘੱਟਾ' ਪਾਉਣ ਵਾਲੇ, ਇਸੇ ਧੂੜ ਦੀ ਵਰਤੋਂ ਕਰਦੇ ਹਨ। ਅੱਖੀਂ ਘੱਟਾ ਪੁਆ ਚੁੱਕੇ ਕਿਸੇ ਸ਼ਿਕਾਰ ਨੂੰ ਉਦੋਂ ਮਾਲੂਮ ਹੁੰਦਾ ਹੈ ਜਦੋਂ ਅਗਲੇ ਦਾ ਧੂੜ 'ਚ ਟੱਟੂ ਭੱਜਦਾ ਭੱਜਦਾ ਕਿਤੇ ਦਾ ਕਿਤੇ ਪਹੁੰਚ ਗਿਆ ਹੁੰਦਾ ਹੈ।

ਐਤਕੀਂ ਪੰਜਾਬ ਵਿਚ ਪਈ ਗਰਮੀ ਨੇ ਵੀ ਲੋਕਾਂ ਦੀ 'ਅਲੀ-ਅਲੀ' ਕਰਵਾ ਦਿੱਤੀ ਤੇ ਬਿਜਲੀ ਨੇ ਵੀ। ਬਿਜਲੀ ਦੇ ਕੱਟਾਂ ਬਾਰੇ ਕਿਸੇ ਮਸਖਰੇ ਨੇ ਲਤੀਫਾ ਘੜ ਦਿੱਤਾ। ਅਖੇ ਪੰਜਾਬ ਵਾਸੀਆਂ ਨੂੰ ਹਰ ਅੱਧੇ-ਪੌਣੇ ਘੰਟੇ ਬਾਅਦ 'ਖੁਸ਼ਖਬਰੀ' ਮਿਲ ਜਾਂਦੀ ਹੈ। ਬਿਜਲੀ ਗੁੱਲ ਹੋਣ ਤੋਂ ਬਾਅਦ ਜਦੋਂ ਦੁਬਾਰਾ ਆਉਂਦੀ ਹੈ ਤਾਂ ਗਰਮੀ ਦੇ ਸਤਾਏ ਲੋਕ ਕਿਲਕਾਰੀਆਂ ਮਾਰਦੇ ਨੇ- 'ਓ ਆ ਗਈ-ਬਈ ਆ ਗਈ!'

ਪਰ ਉੱਧਰ ਪੰਜਾਬ ਦੇ ਹੁਕਮਰਾਨ ਪਿਉ-ਪੁੱਤਰ ਦੇ ਬਿਆਨ ਸੁਣੋ-ਪਿਉ ਆਖਦਾ ਹੈ ਕਿ ਬਿਜਲੀ ਦੀ ਮਾੜੀ ਹਾਲਤ ਲਈ ਪਿਛਲੀ ਸਰਕਾਰ ਜ਼ਿੰਮੇਵਾਰ ਹੈ। ਉਸਨੇ ਭਵਿੱਖ-ਮੁਖੀ ਯੋਜਨਾਵਾਂ ਉਲੀਕਣ ਦੀ ਥਾਂ, ਬਦਲਾਖੋਰੀ 'ਚ ਸਮਾਂ ਲੰਘਾਇਆ। ਉਪ ਮੁੱਖ-ਮੰਤਰੀ ਪੁੱਤਰ ਜੀ ਨੇ ਬਿਆਨ ਦਾਗਿਆ ਅਖੇ ਆਉਂਦੇ ਕੁਝ ਵਰ੍ਹਿਆਂ ਵਿਚ ਪੰਜਾਬ ਕੋਲ ਇੰਨੀ ਵਾਫਰ ਬਿਜਲੀ ਹੋ ਜਾਏਗੀ ਕਿ ਅਸੀਂ ਦੂਜੇ ਸੂਬਿਆਂ ਨੂੰ ਵਾਧੂ ਬਿਜਲੀ ਵੇਚ ਸਕਾਂਗੇ!

ਇੱਕ ਪਾਸੇ ਵਾਤਾਵਰਣ ਦੇ ਵਿਗਾੜ ਸਦਕਾ ਕੜਿੱਲ ਕੱਢਦੀ ਗਰਮੀ, ਦੂਜੇ ਪਾਸੇ ਚੰਦਰ ਭਾਨਾਂ ਦੇ ਧੂੜ 'ਚ ਟੱਟੂ ਭਜਾਉਣ ਵਰਗੇ ਬਿਆਨ! ਕੁਰਲਾਹਟ ਮਚੀ ਹੋਈ ਹੈ ਹੁਣ, ਤੇ ਵਾਧੂ ਬਿਜਲੀ ਹੋਏਗੀ ਅਗਲੇ ਸਾਲਾਂ ਵਿਚ!! ਪੰਜਾਬ ਵਾਸੀ ਭਰਾ ਇਹੀ ਗੁਣ-ਗੁਣਾਉਂਦੇ ਹੋਣਗੇ-

ਬਚ ਕੇ ਹਮ ਕਿਧਰ ਜਾਏਂ<br>
ਇਸ ਸਿਆਸੀ ਜੰਗਲ ਮੇਂ?<br>
ਇੱਕ ਤਰਫ ਦਰਿੰਦਾ ਹੈ,<br>
ਇੱਕ ਤਰਫ ਸ਼ਿਕਾਰੀ ਹੈ!

ਇਨ੍ਹਾਂ ਦੋਹਾਂ ਸਤਿਕਾਰਯੋਗ ਹਸਤੀਆਂ 'ਚੋਂ ਕੌਣ ਝੂਠ ਬੋਲਦਾ ਰਿਹਾ ਤੇ ਕੌਣ ਸੱਚ? ਇਸ ਵਾਦ-ਵਿਵਾਦ ਦੀ ਧੂੜ ਵਿਚ ਹਾਲੇ ਕੋਈ ਸੱਚ ਨਿਤਰਿਆ ਨਹੀਂ ਸੀ ਕਿ ਹੁਣ ਪ੍ਰਧਾਨ ਸ਼੍ਰੋਮਣੀ ਕਮੇਟੀ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 'ਸ਼ਬਦ-ਪ੍ਰਵਾਣਿਤ ਟੀਕੇ' ਵਾਲੇ ਪ੍ਰਾਜੈਕਟ ਦਾ ਚੇਅਰਮੈਨ, ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜੀ ਨੂੰ ਥਾਪ ਦਿੱਤਾ ਹੈ। ਅਖ਼ਬਾਰੀ ਜਾਣਕਾਰੀ ਮੁਤਾਬਿਕ ਵੇਦਾਂਤੀ ਜੀ ਨੇ 'ਹੁੱਬ ਕੇ' ਚੇਅਰਮੈਨੀ ਪ੍ਰਵਾਨ ਕਰ ਲਈ। ਹੈ ਨਾ ਗਜ਼ਬ ਦੀ ਗੱਲ।

ਭਾਈ ਵੇਦਾਂਤੀ ਜੀ ਨੇ ਇਕ ਵਾਰ ਵੀ ਮੱਕੜ ਜੀ ਨੂੰ ਨਹੀਂ ਪੁੱਛਿਆ ਕਿ ਭਲੇ ਮਾਣਸਾ। ਕੁਝ ਮਹੀਨੇ ਪਹਿਲਾਂ ਤਾਂ ਮੇਰੀ ਸਿਹਤ ਇੰਨੀ 'ਵਿਗੜ ਚੁੱਕੀ' ਸੀ ਕਿ ਮੈਂ ਅਕਾਲ ਤਖਤ ਸਾਹਿਬ ਦੀ ਸੇਵਾ ਦੇ ਕਾਬਲ ਵੀ ਨਹੀਂ ਸਾਂ ਰਿਹਾ। ਹੁਣ ਏਡੇ ਵੱਡੇ ਪ੍ਰਾਜੈਕਟ ਦੀ ਚੇਅਰਮੈਨੀ ਸਾਂਭਣ ਲਈ ਕੀ ਮੈਂ 'ਤਾਕਤਵਰ' ਹੋ ਗਿਆ ਹਾਂ? 'ਉਥੇ ਸੱਚੇ ਹੀ ਸੱਚ ਨਿਬੜੇ ਚੁਣ ਵੱਖ ਕਢੇ ਜਜਮਾਲਿਆ॥' ਜੈਸੀਆਂ ਪਾਵਨ ਤੁਕਾਂ ਦੇ ਅਰਥ ਜਾਨਣ ਵਾਲੇ ਅਤੇ ਦੂਜਿਆਂ ਨੂੰ 'ਧਰਮ ਉਪਦੇਸ਼' ਦੇਣ ਵਾਲੇ ਵੀ, ਝੂਠ ਦੀ ਧੂੜ ਵਿਚ 'ਚੰਦਰ ਭਾਨ' ਬਣ ਜਾਂਦੇ ਨੇ।

ਸੋਨ-ਚਿੜੀ ਦੇ ਬੋਟਾਂ 'ਤੇ<br>
ਅੱਜ ਮੁੜ ਮੁੜ ਬਿਜਲੀ ਕੜਕ ਰਹੀ,<br>
ਉਪਰੋਂ ਨਿਸ ਦਿਨ ਨ੍ਹੇਰ ਮਚਾਉਂਦੇ<br>
ਇਸ ਦੇ ਚੰਦਰ-ਭਾਨ ਮਿਲੇ।

#

# ਪੰਜਾਬੀ ਸੂਬੇ ਦਾ ਜਲੂਸ

ਜਸਬੀਰ ਢੰਡ



ਮਾਸਟਰ ਤਾਰਾ ਸਿੰਘ

***'ਕੀ ਹੋ ਗਿਆ।' ਬਾਪ ਨੇ ਮੇਰਾ ਖਹਿੜਾ ਛੱਡ ਕੇ ਨਾਲ ਦੇ ਦੁਕਾਨਦਾਰ ਨੂੰ ਪੁਛਿਆ। 'ਪੰਜਾਬੀ ਸੂਬੇ ਦਾ ਜਲੂਸ ਆ ਗਿਆ। ਮਾਸਟਰ ਤਾਰਾ ਸਿੰਘ ਆਪ ਆਇਐ ਅੱਜ...ਬੰਦ ਕਰ ਦੇ ਦੁਕਾਨ ਛੇਤੀ ਦੇਣੇ'!'' ਬਾਪ ਨੂੰ ਵੀ ਜਿਵੇਂ ਹੱਥੀਂ ਥੜ੍ਹੇ ਪੈ ਗਏ ਸਨ।***

ਚਾਰ ਨੰਬਰ ਗਲੀ ਵਿਚ ਮੋਤੀ ਰਾਮ ਸਾਬਣ ਵਾਲੇ ਦੇ ਮਕਾਨ ਵਿਚ ਕਿਰਾਏ 'ਤੇ ਰਹਿੰਦੇ ਸਾਂ ਉਦੋਂ। ਦੁਕਾਨ ਰੇਲਵੇ ਰੋਡ ਤੋਂ ਉਰੇ ਮੇਨ ਬਾਜ਼ਾਰ ਵਿਚ ਸੀ। ਤੀਸਰੀ ਵਿਚ ਪੜ੍ਹਦਾ ਸਾਂ ਉਦੋਂ ਮੈਂ ਤੇ ਭਾਪਾ (ਵੱਡਾ ਭਰਾ) ਛੇਵੀਂ ਵਿਚ।

ਛੁੱਟੀ ਵਾਲੇ ਦਿਨ ਦੁਪਹਿਰ ਦੀ ਰੋਟੀ ਦੁਕਾਨ 'ਤੇ ਫੜਾ ਕੇ ਆਉਣ ਦੀ ਡਿਊਟੀ ਸਾਡੀ ਦੋਹਾਂ ਦੀ ਲਗਦੀ। ਕਦੀ ਮੇਰੀ, ਕਦੀ ਭਾਪੇ ਦੀ। ਦੁਕਾਨ 'ਤੇ ਜੇ ਉਸ ਸਮੇਂ ਕੋਈ ਗਾਹਕ ਨਾ ਹੁੰਦਾ ਤਾਂ ਬਾਪ ਪੜ੍ਹਾਉਣ ਲਈ ਸਾਨੂੰ ਬਿਠਾ ਲੈਂਦਾ ਬੰਨ੍ਹ ਕੇ। ਇਕ ਪੱਥਰ ਦੀ ਸਲੇਟ 'ਤੇ ਬੱਤੀ ਦੁਕਾਨ 'ਤੇ ਹੀ ਰੱਖੀ ਹੋਈ ਸੀ। ਬੱਸ ਫੇਰ ਸਾਡੀ ਸ਼ਾਮਤ ਆ ਜਾਂਦੀ। ਆਮ ਤੌਰ 'ਤੇ ਉਹ ਸਾਨੂੰ ਹਿਸਾਬ ਹੀ ਕਰਾਉਂਦਾ। ਬਾਪ ਸਾਡਾ 1933 ਦਾ ਮੈਟ੍ਰਿਕੁਲੇਟ ਸੀ। ਉਹਦੇ ਨਾਲ ਦੇ ਤਹਿਸੀਲਦਾਰ ਲੱਗੇ ਹੋਏ ਸਨ ਪਰ ਹਾਲਾਤ ਨੂੰ ਸਾਡੇ ਬਾਪ ਨੂੰ ਅਜਿਹਾ ਕਲੋਟਾ ਘੇਰਿਆ ਕਿ ਉਹ ਦੁਕਾਨ ਜੋਗਾ ਹੀ ਰਹਿ ਗਿਆ ਸੀ। ਮਾੜੀ ਜਿਹੀ ਗਲਤੀ ਸਾਥੋਂ ਹੋਈ ਨ੍ਹੀਂ ਤੇ ਉਸ ਦਾ ਪਾਰਾ ਚੜ੍ਹਿਆ ਨ੍ਹੀਂ। ਬੱਸ ਫੇਰ ਸਾਨੂੰ ਜਿਹੜਾ ਕੁਝ ਆਉਂਦਾ, ਉਹ ਵੀ ਡਰ ਦੇ ਮਾਰੇ ਭੁੱਲ ਜਾਂਦਾ। ਉਂਜ ਪੜ੍ਹਾਈ ਵਿਚ ਅਸੀਂ ਹੁਸ਼ਿਆਰ ਬੱਚਿਆਂ ਵਿਚੋਂ ਸਾਂ।

ਉਸ ਦਿਨ ਕੋਈ ਲੋਕਲ ਛੁੱਟੀ ਸੀ ਸ਼ਾਇਦ। ਮੈਂ ਜਦੋਂ ਰੋਟੀ ਲੈ ਕੇ ਗਿਆ ਤਾਂ ਬਾਪ ਦੇ ਅੜਿੱਕੇ ਆ ਗਿਆ। 'ਵੀਹ ਤਕ ਪਹਾੜੇ ਯਾਦ ਕਰ ਲੈ, ਮੈਂ ਸੁਣ ਕੇ ਜਾਣ ਦੇਊਂ ਅੱਜ।' ਬਾਪ ਨੇ ਸ਼ਾਹੀ ਫਰਮਾਨ ਸੁਣਾ ਦਿੱਤਾ ਤੇ ਮੇਰੇ ਔਧੇ ਕੁ ਹੋਸ਼ ਤਾਂ ਉਦੋਂ ਹੀ ਉਡ ਗਏ। ਬਾਕੀ ਪਹਾੜੇ ਤਾਂ ਸਾਰੇ ਯਾਦ ਹੋ ਜਾਂਦੇ ਪਰ ਸਤਰਾਂ ਤੇ ਉਨੀ ਦੇ ਪਹਾੜੇ ਰੱਟਾ ਲਾਉਣ ਦੇ ਬਾਵਜੂਦ ਭੁੱਲ ਜਾਂਦੇ। ਬਾਪ ਨਾਲ ਨਾਲ ਗਾਹਕ ਵੀ ਤੋਰੀ ਜਾਂਦਾ। ਜਦੋਂ ਕੋਈ ਗਾਹਕ ਆ ਜਾਂਦਾ ਤਾਂ ਮੈਨੂੰ ਵੀ ਸੁਖ ਦਾ ਸਾਹ ਆ ਜਾਂਦਾ। ਉਸ ਦਿਨ ਸਤਾਰਾਂ ਦੇ ਪਹਾੜੇ 'ਤੇ ਆ ਕੇ ਗੱਡੀ ਅੜ ਗਈ ਸੀ। ਸੁਣਾਉਂਦਿਆਂ-ਸੁਣਾਉਂਦਿਆਂ 'ਸਤਾਰਾਂ ਸਾਤਾ...ਸਤਾਰਾਂ ਸਾਤਾ 'ਤੇ ਜਿਵੇਂ ਟੇਪ ਦੀ ਰੀਲ ਅੜ ਗਈ ਸੀ ਤੇ 'ਫਾਅੜ' ਕਰਦਾ ਥੱਪੜ ਜਦੋਂ ਮੇਰੀ ਗੱਲ੍ਹ 'ਤੇ ਪਿਆ ਤਾਂ ਪਜਾਮੇ ਵਿਚ ਹੀ ਪਿਸ਼ਾਬ ਨਿਕਲ ਗਿਆ ਸੀ ਮੇਰਾ।

ਗੱਲ੍ਹ ਲਾਲ ਹੋ ਗਈ ਸੀ ਤੇ ਕੰਨਾਂ ਵਿਚ ਸਾਂ-ਸਾਂ ਹੋਣ ਲੱਗ ਪਈ ਸੀ। ਅੱਖਾਂ ਮੂਹਰੇ ਭੰਬੂ-ਤਾਰੇ ਜਿਹੇ ਨੱਚਣ ਲਗ ਪਏ ਸਨ। ਬਾਪ ਪੂਰਾ ਹਰਖਿਆ ਹੋਇਆ ਸੀ ਤੇ ਮੇਰੇ ਹਟਕੋਰੇ ਬੰਦ ਨਹੀਂ ਹੋ ਰਹੇ ਸਨ।

ਉਦੋਂ ਨਿਆਣ-ਮੱਤ ਸੀ। ਕੁਝ ਸਮਝ ਨਹੀਂ ਆਉਂਦੀ ਸੀ ਕਿ ਬਾਪ ਹਰ ਵੇਲੇ ਏਨਾ ਕਿਉਂ ਖਿਝਿਆ ਰਹਿੰਦਾ ਹੈ। ਵੱਡੇ ਹੋਣ 'ਤੇ ਜਦੋਂ ਆਪ ਨੂੰ ਕਬੀਲਦਾਰੀ ਦੇ ਝੰਜਟਾਂ ਵਿਚੋਂ ਦੀ ਲੰਘਣਾ ਪਿਆ ਤਾਂ ਸਮਝ ਆਈ ਕਿ ਬਾਪ ਕਿੰਨਾ ਔਖਾ ਸੀ ਉਨ੍ਹੀਂ ਦਿਨੀਂ। ਸਾਰਾ ਪਰਿਵਾਰ ਘੋਰ ਸੰਕਟ ਦੀ ਅਵਸਥਾ ਵਿਚੋਂ ਦੀ ਲੰਘ ਰਿਹਾ ਸੀ। ਜਦੋਂ ਬਾਬਾ ਤੇ ਤਾਇਆ ਜਿਉਂਦੇ ਸਨ ਤਾਂ ਦੋ ਦੁਕਾਨਾਂ ਸਨ ਗਹਿ-ਗੱਡ ਚਲਦੀਆਂ ਮੋਗੇ ਦੇ ਮੇਨ ਬਾਜ਼ਾਰ ਵਿਚ। ਇਕ ਬਜਾਜੀ ਦੀ, ਇਕ ਕਰਿਆਨੇ ਦੀ। ਸੰਤਾਲੀ ਦੇ ਹੱਲੇ-ਗੁੱਲੇ ਵੇਲੇ ਜਦੋਂ ਗੱਡੀਆਂ ਵੱਢੇ-ਟੁੱਕੇ ਬੰਦਿਆਂ ਦੀਆਂ ਲਾਸ਼ਾਂ ਦੀਆਂ ਭਰਕੇ ਆਉਂਦੀਆਂ, ਤਾਇਆ ਸਾਰਾ ਕੁਝ ਅੱਖੀਂ ਵੇਖਣ ਲਈ ਰੇਲਵੇ ਸਟੇਸ਼ਨ 'ਤੇ ਚਲਾ ਜਾਂਦਾ। ਸ਼ਹਿਰ ਵਿਚ ਹੈਜ਼ਾ ਫੈਲ ਗਿਆ ਸੀ ਤੇ ਤਾਇਆ ਇਕ ਰਾਤ ਇਸ ਕੁਲਹਿਣੀ ਬਿਮਾਰੀ ਦਾ ਸ਼ਿਕਾਰ ਹੋ ਕੇ ਰਾਤੋ-ਰਾਤ ਹੀ ਪੂਰਾ ਹੋ ਗਿਆ ਸੀ। ਤਾਏ ਦੇ ਔਲਾਦ ਕੋਈ ਨਹੀਂ ਸੀ। ਤਾਈ, ਭੋਗ ਤੋਂ ਅਗਲੇ ਦਿਨ ਹੀ ਸਾਰਾ ਗਹਿਣਾ-ਗੱਟਾ ਤੇ ਨਕਦੀ, ਕੱਪੜੇ ਜੋ ਵੀ ਹੱਥ ਲੱਗਿਆ, ਲੈ ਕੇ ਪੇਕੀਂ ਜਾ ਬੈਠੀ ਤੇ ਮੁੜ ਨਹੀਂ ਆਈ ਸੀ। ਸਾਲ ਬਾਅਦ ਬਾਬਾ ਵੀ ਚੱਲ ਵਸਿਆ। ਬਜਾਜੀ ਵਾਲੀ ਦੁਕਾਨ ਬੰਦ ਹੋ ਗਈ। ਬਾਪ ਇਕੱਲਾ ਰਹਿ ਗਿਆ। ਉਪਰੋਂ ਪਹਿਲਾਂ ਦ੍ਰੋਪਤੀ ਭੂਆ ਸਹੁਰਿਆਂ ਦੇ ਹੱਥੋਂ ਤੰਗ ਹੋ ਕੇ ਮਰੀ, ਫੇਰ ਪ੍ਰਸਿੰਨੀ ਭੂਆ ਨੂੰ ਟੀ.ਬੀ. ਦਾ ਇਲਾਜ ਉਨ੍ਹੀਂ ਦਿਨੀਂ ਅੱਜ-ਕੱਲ ਵਾਂਗ ਸੌਖਾ ਨਹੀਂ ਸੀ। ਭੂਆ ਨੂੰ ਪਹਾੜੀ ਸੈਨੀਟੋਰੀਅਮਾਂ ਤੇ ਰੱਖ ਕੇ ਇਲਾਜ ਕਰਾਉਣਾ ਪੈਂਦਾ ਸੀ। ਉਸ ਦੀ ਇਸ ਚੰਦਰੀ ਬਿਮਾਰੀ ਨੇ ਘਰ ਦੀ ਆਰਥਕਤਾ ਨੂੰ ਭੁੰਜੇ ਲਾਹ ਦਿੱਤਾ ਸੀ। ਇਹੀ ਦਿਨ ਸਨ ਜਦੋਂ ਦਾਦੀ ਅੰਨ੍ਹੀ ਹੋ ਗਈ ਸੀ। ਬਾਪ ਹਰ ਪਾਸਿਓਂ ਇਕੱਲਾ ਘਿਰ ਗਿਆ ਸੀ। ਨੌਂ ਜੀਆਂ ਵਾਲੇ ਟੱਬਰ ਦਾ ਢਿੱਡ ਭਰਨ ਲਈ ਉਹ ਸਾਰਾ ਦਿਨ ਖਪਦਾ ਰਹਿੰਦਾ। ਉਹ ਚਾਹੁੰਦਾ ਸੀ ਕਿ ਬੱਚੇ-ਪੜ੍ਹ ਲਿਖ ਜਾਣ ਤੇ ਵੱਡੇ ਹੋ ਕੇ ਉਸ ਦਾ ਸਹਾਰਾ ਬਣਨ। ਉਹ ਵਿੱਤੋਂ ਵੱਧ ਜ਼ੋਰ ਲਾਉਂਦਾ...ਕਿੰਨਾ ਕੁਝ ਸੀ ਛੁਪਿਆ ਹੋਇਆ ਉਸ ਦੇ ਖਿਝਣ ਪਿੱਛੇ...।

ਮੈਂ ਸ਼ੁਰੂ ਤੋਂ ਹੀ ਬਹੁਤ ਸੰਵੇਦਨਸ਼ੀਲ ਸਾਂ। ਹੱਦ ਦਰਜੇ ਦਾ ਡਰੂ...! ਸਹਿਮੀ ਹੋਈ ਜ਼ਖ਼ਮੀ ਘੁੱਗੀ ਵਰਗਾ...'ਉਇ ਬੋਲ ਵੀ ਅੱਗੇ! ਕੀ ਮੌਤ ਪੈ ਗਈ ਹੁਣ...ਸਤਾਰਾਂ ਸਾਤਾ?...ਪਰ ਮੇਰੇ ਅੱਗੇ ਤਾਂ ਜਿਵੇਂ ਸਾਰੀ ਦੁਨੀਆਂ ਹਨੇਰ-ਗੁਬਾਰ ਬਣੀ ਖਲੋਤੀ ਸੀ। ਅੱਖਾਂ ਵਿਚੋਂ, ਨੱਕ ਵਿਚੋਂ ਪਰਲ-ਪਰਲ ਪਾਣੀ ਵਗੀ ਜਾ ਰਿਹਾ ਸੀ। ਅੰਦਰੇ-ਅੰਦਰ ਰੱਬ ਅੱਗੇ ਅਰਦਾਸਾਂ ਕਰ ਰਿਹਾ ਸਾਂ, ਕੋਈ ਆਣ ਕੇ ਖਹਿੜਾ ਛੁਡਾ ਦੇਵੇ ਮੇਰਾ।

ਤੇ ਉਸ ਦਿਨ ਰੱਬ ਨੇ ਜਿਵੇਂ ਸੱਚਮੁੱਚ ਸੁਣ ਲਈ ਸੀ ਮੇਰੀ। ਅਚਾਨਕ ਬਾਜ਼ਾਰ ਵਿਚ ਰੌਲਾ ਪੈ ਗਿਆ ਸੀ। ਉੱਚੀ-ਉੱਚੀ ਨਾਅਰਿਆਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗੀਆਂ। ਜਲੂਸ... ਜਲੂਸ...! ਜ਼ਿੰਦਾਬਾਦ! ਮੁਰਦਾਬਾਦ! ਦੇ ਨਾਅਰੇ ਸੁਣਾਈ ਦੇਣ ਲੱਗੇ। ਦੁਕਾਨਦਾਰ ਛੇਤੀ-ਛੇਤੀ ਆਪਣਾ ਸਾਮਾਨ ਸਾਂਭਣ ਲੱਗੇ ਤੇ ਬਾਜ਼ਾਰ ਬੰਦ ਹੋਣ ਲੱਗਾ।

'ਕੀ ਹੋ ਗਿਆ..' ਬਾਪ ਨੇ ਮੇਰਾ ਖਹਿੜਾ ਛੱਡ ਕੇ ਨਾਲ ਦੇ ਦੁਕਾਨਦਾਰ ਨੂੰ ਪੁਛਿਆ।

'ਪੰਜਾਬੀ ਸੂਬੇ ਦਾ ਜਲੂਸ ਆ ਗਿਆ। ਮਾਸਟਰ ਤਾਰਾ ਸਿੰਘ ਆਪ ਆਇਐ ਅੱਜ...ਬੰਦ ਕਰ ਦੇ ਦੁਕਾਨ ਛੇਤੀ ਦੇਣੇ'!'' ਬਾਪ ਨੂੰ ਵੀ ਜਿਵੇਂ ਹੱਥੀਂ ਥੜ੍ਹੇ ਪੈ ਗਏ ਸਨ।

'ਤੂੰ ਅਏਂ ਕਰ, ਭੱਜ ਲੈ ਘਰ ਨੂੰ...ਖੜ੍ਹੀਂ ਨਾ ਕਿਤੇ ਰਾਹ 'ਚ। ਮੈਂ ਆਉਨਾਂ ਦੁਕਾਨ ਬੰਦ ਕਰ ਕੇ।'' ਮੈਂ ਤਾਂ ਅੱਡੀਆਂ ਨੂੰ ਥੁੱਕ ਲਾ ਲਿਆ ਉਸੇ ਵੇਲੇ। ਪਰ ਪਰਤਾਪ ਰੋਡ ਕੋਲ ਆ ਕੇ ਮੈਂ ਪਿੱਛੇ ਮੁੜ ਕੇ ਵੇਖਿਆ। ਬਾਪ ਦਾ ਭੈਅ ਹੁਣ ਮਨ ਵਿਚੋਂ ਦੂਰ ਹੋ ਗਿਆ ਸੀ ਤੇ ਬਾਲ ਮਨ ਵਿਚ ਜਲੂਸ ਵੇਖਣ ਦੀ ਜਗਿਆਸਾ ਅਧੀਨ ਮੈਂ ਇਕ ਬੰਦ ਦੁਕਾਨ ਦੇ ਉੱਚੇ ਥੜ੍ਹੇ 'ਤੇ ਖੜ੍ਹ ਕੇ ਵੇਖਣ ਲੱਗ ਪਿਆ। ਬਹੁਤ ਹੀ ਵੱਡਾ ਜਲੂਸ ਸੀ ਜਿਸਦਾ ਸਿਰਾ ਦਿਖਾਈ ਨਹੀਂ ਦਿੰਦਾ ਸੀ। ਮਾਸਟਰ ਤਾਰਾ ਸਿੰਘ ਹਾਰਾਂ ਨਾਲ ਲੱਦਿਆ ਹਾਥੀ ਉਤੇ ਬੈਠਾ ਹੋਇਆ ਸੀ। ਨੀਲੀਆਂ-ਪੀਲੀਆਂ ਪੱਗਾਂ ਦਾ ਜਿਵੇਂ ਹੜ੍ਹ ਆਇਆ ਹੋਇਆ ਸੀ। ਨਾਅਰਿਆਂ ਨਾਲ ਆਕਾਸ਼ ਗੂੰਜ ਰਿਹਾ ਸੀ। ਪੰਜਾਬੀ ਸੂਬਾ ਲੈ ਕੇ ਰਹਾਂਗੇ...ਮਾਸਟਰ ਤਾਰਾ ਸਿੰਘ ਜ਼ਿੰਦਾਬਾਦ! ਵਿਚ-ਵਿਚ ਨੰਗੀਆਂ ਤਲਵਾਰਾਂ ਲਹਿਰਾ ਰਹੀਆਂ ਸਨ। 'ਲੈ ਕੇ ਰਹਾਂਗੇ ਖਾਲਿਸਤਾਨ! ਧੋਤੀ-ਟੋਪੀ ਜਮਨਾ ਪਾਰ! ਕਾਂਗਰਸ ਸਰਕਾਰ ਮੁਰਦਾਬਾਦ!!'' ਮੈਨੂੰ ਜਾਪਿਆ ਵਕਤ ਜਿਵੇਂ ਠਹਿਰ ਗਿਆ ਹੋਵੇ!

ਜਲੂਸ ਪਰਤਾਪ ਰੋਡ ਵਾਲੀ ਸੜਕ ਮੁੜ ਗਿਆ ਸੀ ਤੇ ਮੈਂ ਸਿਵਲ ਹਸਪਤਾਲ ਵਿਚ ਦੀ ਲੰਘ ਸਹੀ ਸਲਾਮਤ ਘਰ ਪਹੁੰਚ ਗਿਆ ਸਾਂ। ਬਾਪ ਅਜੇ ਵੀ ਨਹੀਂ ਆਇਆ ਸੀ। ਅੱਜ ਬਾਪ ਗੁਜ਼ਰੇ ਨੂੰ ਜਿਵੇਂ ਮੁੱਦਤਾਂ ਬੀਤ ਗਈਆਂ ਹਨ।

ਵੱਡਾ ਹੋ ਕੇ ਜਦੋਂ ਮੈਂ ਅਧਿਆਪਕ ਬਣਿਆ। ਕੋਈ ਬੱਚਾ ਕੁਝ ਸੁਣਾਉਂਦਾ...ਸੁਣਾਉਂਦਾ ਅਟਕ ਜਾਂਦਾ, ਮੇਰੇ ਦਿਮਾਗ ਨੂੰ ਗੁੱਸਾ ਚੜ੍ਹਨ ਲਗਦਾ ਤਾਂ ਅਚਾਨਕ ਉਹ ਦਿਨ ਮੈਨੂੰ ਯਾਦ ਆ ਜਾਂਦਾ ਤਾਂ ਮੈਨੂੰ ਜਾਪਦਾ ਕਿ ਉਹ ਬੱਚਾ ਤਾਂ ਮੈਂ ਹੀ ਹਾਂ। ਮੈਂ ਆਪਣੇ ਗੁੱਸੇ ਨੂੰ ਕਾਬੂ ਕਰ ਕੇ ਬੱਚੇ ਨੂੰ ਇਕ ਵਾਰ ਭੁੱਲਿਆ ਹੋਇਆ ਸ਼ਬਦ ਵਾਕ ਜਾਂ ਸੁਆਲ ਦੱਸ ਦਿੰਦਾ ਤੇ ਫਿਰ ਦੁਬਾਰਾ ਠੰਢੇ ਦਿਮਾਗ ਨਾਲ ਸੁਣਦਾ ਤਾਂ ਬੱਚਾ ਬੜੀ ਅਸਾਨੀ ਨਾਲ ਸੁਣਾ ਦਿੰਦਾ।

ਮੈਂ ਸਮਝਦਾ ਹਾਂ ਕਿ ਸਿਖਾਉਣ ਲੱਗਿਆਂ ਅਧਿਆਪਕ ਦਾ ਆਪਣਾ ਦਿਮਾਗ ਜ਼ਰੂਰ ਠੰਢਾ ਹੋਣਾ ਚਾਹੀਦਾ ਹੈ ਤੇ ਦੂਜੀ ਗੱਲ ਪੰਜਾਬੀ ਸੂਬੇ ਦੇ ਉਸ ਜਲੂਸ ਬਾਰੇ। ਭਾਸ਼ਾ ਦੇ ਆਧਾਰ 'ਤੇ 1 ਨਵੰਬਰ, 1966 ਨੂੰ ਨਵਾਂ ਪੰਜਾਬ ਹੋਂਦ ਵਿਚ ਆ ਗਿਆ। ਲੱਖਾਂ ਲੋਕਾਂ ਦੀਆਂ ਕੁਰਬਾਨੀਆਂ ਤੇ ਜੱਦੋ-ਜਹਿਦ ਦੇ ਬਾਵਜੂਦ ਭਾਸ਼ਾ ਦੇ ਆਧਾਰ 'ਤੇ ਹੋਂਦ ਵਿਚ ਆਏ ਇਸ ਪੰਜਾਬ ਵਿਚ ਅੱਜ ਵੀ ਲੇਖਕ ਸਾਹਿਤਕਾਰ ਹਰ ਸਾਲ ਚੰਡੀਗੜ੍ਹ ਦੇ ਕਿਸੇ ਕੋਨੇ ਵਿਚ ਪੰਜਾਬ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਦਫਤਰਾਂ ਵਿਚ ਪੰਜਾਬੀ ਲਾਗੂ ਕਰਨ ਲਈ ਧਰਨੇ ਮਾਰਦੇ ਵੇਖੇ ਜਾ ਸਕਦੇ ਹਨ।

# ਹਾਲਾਤਾਂ 'ਚ ਘਿਰਿਆ ਮੁਸ਼ੱਰਫ ਮਾਰਨ ਲਗਾ ਅੱਲ ਦੀਆਂ ਪਟੱਲ

**ਇਸਲਾਮਾਬਾਦ :** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪ੍ਰਵੇਜ਼ ਮੁਸ਼ੱਰਫ ਨੇ ਕਿਹਾ ਹੈ ਕਿ ਉਸ ਦੇ ਕਾਰਜਕਾਲ ਦੌਰਾਨ ਦਹਿਸ਼ਤਗਰਦੀ ਵਿਰੁਧ ਲੜਾਈ ਲਈ ਪਾਕਿਸਤਾਨ ਨੂੰ ਅਮਰੀਕਾ ਵਲੋਂ ਦਿੱਤੀ ਗਈ ਮਦਦ ਦੀ ਵਰਤੋਂ ਭਾਰਤ ਵਿਰੁਧ ਫ਼ੌਜ ਨੂੰ ਮਜ਼ਬੂਤ ਕਰਨ 'ਚ ਕੀਤੀ ਗਈ ਸੀ। ਇਹ ਪਹਿਲੀ ਵਾਰ ਹੈ ਕਿ ਕਿਸੇ ਚੋਟੀ ਦੇ ਪਾਕਿਸਤਾਨੀ ਆਗੂ ਨੇ ਅਜਿਹਾ ਇਕਬਾਲ ਕੀਤਾ ਹੈ। ਮੁਸ਼ੱਰਫ ਨੇ ਮੰਨਿਆ ਕਿ ਉਸ ਨੇ ਫ਼ੌਜੀ ਮਦਦ ਦੀ ਵਰਤੋਂ ਬਾਰੇ ਨਿਯਮਾਂ ਦੀ ਉਲੰਘਣਾ ਕੀਤੀ ਸੀ, ਪਰ ਇਹ ਕਹਿੰਦਿਆਂ ਆਪਣੀ ਇਸ ਕਾਰਵਾਈ ਨੂੰ ਉਸ ਨੇ ਜਾਇਜ਼ ਵੀ ਠਹਿਰਾਇਆ ਕਿ ਉਸ ਨੇ ਅਜਿਹਾ ਪਾਕਿਸਤਾਨ ਦੇ ਹਿੱਤ ਲਈ ਹੀ ਕੀਤਾ ਸੀ।

ਇੱਕ ਟੀ ਵੀ ਚੈਨਲ ਨਾਲ ਇੰਟਰਵਿਊ ਦੌਰਾਨ ਮੁਸ਼ੱਰਫ ਨੇ ਕਿਹਾ ਕਿ ਉਸ ਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੈ ਕਿ ਉਸ ਦੇ ਇਸ ਇੰਕਸ਼ਾਫ ਨਾਲ ਅਮਰੀਕਾ ਗੁੱਸੇ ਹੋ ਜਾਵੇਗਾ ਜਾਂ ਨਹੀਂ। ਸਾਬਕਾ ਫ਼ੌਜੀ ਸ਼ਾਸਕ ਨੇ ਕਿਹਾ ਕਿ ਉਹ ਪਾਕਿਸਤਾਨ ਦੇ ਹਿੱਤਾਂ 'ਤੇ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਸੀ। ਵਰਨਣਯੋਗ ਹੈ ਕਿ ਮੁਸ਼ੱਰਫ ਨੂੰ ਮਹਾਦੋਸ਼ ਤੋਂ ਬਚਣ ਲਈ ਬੀਤੇ ਸਾਲ ਅਗਸਤ ਮਹੀਨੇ 'ਚ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ।

ਇਹ ਗੱਲ ਵੀ ਵਰਨਣਯੋਗ ਹੈ ਕਿ ਭਾਰਤ ਅਤੇ ਅਮਰੀਕਾ ਦੇ ਬਹੁਤ ਸਾਰੇ ਪ੍ਰਭਾਵਸ਼ਾਲੀ ਸੰਸਦ ਮੈਂਬਰ ਇਹ ਗੱਲ ਲਗਾਤਾਰ ਕਹਿੰਦੇ ਆ ਰਹੇ ਹਨ ਕਿ ਪਾਕਿਸਤਾਨ ਨੇ ਅਮਰੀਕਾ ਵਲੋਂ ਅੱਤਵਾਦੀਆਂ ਨਾਲ ਸਿੱਝਣ ਲਈ ਦਿੱਤੇ ਗਏ ਫੰਡਾਂ ਦੀ ਵਰਤੋਂ ਭਾਰਤ ਵਿਰੁਧ ਫ਼ੌਜ ਨੂੰ ਮਜ਼ਬੂਤ ਕਰਨ ਲਈ ਵਰਤੀ ਹੈ, ਪਰ ਪਾਕਿਸਤਾਨ ਅਜਿਹੇ ਦੋਸ਼ਾਂ ਦਾ ਖੰਡਨ ਕਰਦਾ ਆ ਰਿਹਾ ਹੈ।

ਮੁਸ਼ੱਰਫ ਨੇ ਕਿਹਾ ਕਿ ਜੇ ਉਸ ਨੇ 9/11 ਹਮਲਿਆਂ ਤੋਂ ਬਾਅਦ ਦਹਿਸ਼ਤਗਰਦੀ ਵਿਰੁਧ ਜੰਗ 'ਚ ਅਮਰੀਕਾ ਦੀ ਮਦਦ ਨਾ ਕੀਤੀ ਹੁੰਦੀ, ਅਮਰੀਕੀ ਫ਼ੌਜਾਂ ਪਾਕਿਸਤਾਨ ਦੇ ਪ੍ਰਮਾਣੂ ਸੰਸਥਾਵਾਂ 'ਤੇ ਕਾਬਜ ਹੋ ਜਾਣੀਆਂ ਸਨ। ਉਸ ਨੇ ਕਿਹਾ ਕਿ ਇਹ ਵੀ ਸੰਭਵ ਸੀ ਕਿ ਅਮਰੀਕਾ ਤੇ ਭਾਰਤ ਮਿਲ ਕੇ ਪਾਕਿਸਤਾਨ 'ਤੇ ਹਮਲਾ ਕਰ ਦਿੰਦੇ। ਸਾਬਕਾ ਫ਼ੌਜੀ ਤਾਨਾਸ਼ਾਹ ਨੇ ਕਿਹਾ ਕਿ ਪਾਕਿਸਤਾਨ ਦਾ ਪ੍ਰਮਾਣੂ ਪ੍ਰੋਗਰਾਮ ਉਸ ਦੇ ਕਾਰਜਕਾਲ ਦੌਰਾਨ ਇੰਨਾ ਵਿਕਸਤ ਹੋ ਚੁੱਕਾ ਸੀ ਕਿ ਵਿਗਿਆਨੀਆਂ ਨੇ ਨਾ ਕੇਵਲ ਯੂਰੇਨੀਅਮ ਨੂੰ ਭਰਪੂਰ ਬਣਾਉਣਾ ਸ਼ੁਰੂ ਕਰ ਦਿੱਤਾ ਸੀ, ਸਗੋਂ ਪਲੂਟੋਨੀਅਮ ਅਧਾਰਤ ਬੰਬ ਵੀ ਵਿਕਸਤ ਕਰ ਲਏ ਸਨ। ਪ੍ਰਮਾਣੂ ਵਿਗਿਆਨੀ ਏ ਕਿਊ ਖ਼ਾਨ ਵਲੋਂ ਕੀਤੇ ਗਏ ਇਸ ਦਾਅਵੇ ਬਾਰੇ ਕਿ ਉਸ ਨੂੰ ਪ੍ਰਮਾਣੂ ਸਮਗਲਿੰਗ ਦਾ ਧੰਦਾ ਚਲਾਉਣ ਦੇ ਦੋਸ਼ ਮੰਨਣ ਲਈ ਮਜਬੂਰ ਕੀਤਾ ਗਿਆ ਸੀ, ਮੁਸ਼ੱਰਫ ਨੇ ਕਿਹਾ ਕਿ ਖਾਨ ਨੇ ਬਹੁਤ ਕੁਝ ਕੀਤਾ ਹੈ, ਪਰ ਉਹ ਇਹ ਕਹਿ ਕੇ ਝੂਠ ਬੋਲ ਰਿਹਾ ਹੈ ਕਿ ਉਸ ਨੂੰ ਦੇਸ਼ ਅੱਗੇ ਮੁਆਫ਼ੀ ਮੰਗਣ ਲਈ ਮਜਬੂਰ ਕੀਤਾ ਗਿਆ ਸੀ।



ਇੱਕ ਸਵਾਲ ਦੇ ਜਵਾਬ 'ਚ ਮੁਸ਼ੱਰਫ ਨੇ ਕਿਹਾ ਕਿ ਜੇ ਉਸ ਖ਼ਿਲਾਫ਼ ਦੇਸ਼ ਧ੍ਰੋਹ ਅਤੇ ਬਲੋਚ ਰਾਸ਼ਟਰਵਾਦੀ ਆਗੂ ਨਵਾਬ ਅਕਬਰ ਬੁਗਤੀ ਦੀ ਹੱਤਿਆ ਦੇ ਦੋਸ਼ 'ਚ ਮੁਕੱਦਮਾ ਚਲਾਇਆ ਜਾਂਦਾ ਹੈ, ਤਾਂ ਇਸ ਸੂਰਤ ਵਿਚ ਉਸ ਨੂੰ ਦੇਸ਼ ਦੇ ਚੀਫ਼ ਜਸਟਿਸ ਇਫਤਿਖਾਰ ਐੱਮ ਚੌਧਰੀ ਤੋਂ ਇਨਸਾਫ਼ ਮਿਲਣ ਦੀ ਉਮੀਦ ਹੈ। ਮੁਸ਼ੱਰਫ ਨੇ ਸਾਲ 2007 ਵਿਚ ਐਮਰਜੈਂਸੀ ਲਾਗੂ ਕਰ ਦਿੱਤੀ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਹਾਲ ਹੀ ਵਿਚ ਗ਼ੈਰ-ਸੰਵਿਧਾਨਕ ਕਰਾਰ ਦੇ ਦਿੱਤਾ ਹੈ, ਜਿਸ ਤੋਂ ਬਾਅਦ ਉਸ ਖ਼ਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਦੀਆਂ ਸੰਭਾਵਨਾਵਾਂ ਵਧ ਗਈਆਂ ਹਨ।

ਉਸ ਨੇ ਕਿਹਾ ਕਿ ਸਾਊਦੀ ਬਾਦਸ਼ਾਹ ਅਬਦੁੱਲਾ ਬਿਨ ਅਬਦੁੱਲਾ ਅਜ਼ੀਜ਼ ਨੇ ਉਸ ਨੂੰ ਭਰੋਸਾ ਦਿੱਤਾ ਹੈ ਕਿ ਨਵਾਜ਼ ਸ਼ਰੀਫ ਉਸ ਖ਼ਿਲਾਫ਼ ਦੇਸ਼ ਧ੍ਰੋਹ ਦਾ ਮੁਕੱਦਮਾ ਚਲਾਉਣ ਲਈ ਜ਼ੋਰ ਨਹੀਂ ਦੇਣਗੇ, ਪਰ ਜੇ ਇਹ ਮੁਕੱਦਮਾ ਚਲਾਇਆ ਜਾਂਦਾ ਹੈ, ਤਾਂ ਉਨ੍ਹਾਂ ਸਾਰੇ ਜੱਜਾਂ ਖ਼ਿਲਾਫ਼ ਵੀ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ, ਜਿਨ੍ਹਾਂ ਉਸ ਦੇ ਫ਼ੈਸਲੇ ਦਾ ਸਮੱਰਥਨ ਕੀਤਾ ਸੀ। ਮੁਸ਼ੱਰਫ ਨੇ 3 ਨਵੰਬਰ, 2007 ਨੂੰ ਚੌਧਰੀ ਸਮੇਤ ਸੁਪਰੀਮ ਕੋਰਟ ਦੇ 60 ਜੱਜਾਂ ਨੂੰ ਬਰਖ਼ਾਸਤ ਕਰਕੇ ਐਮਰਜੈਂਸੀ ਲਾਗੂ ਕਰ ਦਿੱਤੀ ਸੀ। ਵਰਨਣਯੋਗ ਹੈ ਕਿ ਬਲੋਚਿਸਤਾਨ ਹਾਈ ਕੋਰਟ ਨੇ ਸ਼ੁੱਕਰਵਾਰ ਨੂੰ ਮੁਸ਼ੱਰਫ ਅਤੇ ਉਸ ਦੇ ਸਹਾਇਕਾਂ ਨੂੰ ਬੁਗਤੀ ਦੇ ਕਤਲ ਦੇ ਸਿਲਸਿਲੇ 'ਚ ਅਦਾਲਤ ਵਿਚ ਪੇਸ਼ ਹੋਣ ਲਈ ਨੋਟਿਸ ਜਾਰੀ ਕੀਤੇ ਹਨ।

ਇਸੇ ਦੌਰਾਨ ਪਾਕਿਸਤਾਨ ਦੇ ਸਾਬਕਾ ਸਦਰ ਪਰਵੇਜ਼ ਮੁਸ਼ੱਰਫ ਦੀ ਸੁਰੱਖਿਆ ਹਟਾਏ ਜਾਣ ਦੀ ਮੰਗ ਸਬੰਧੀ ਉਠ ਰਹੀਆਂ ਆਵਾਜ਼ਾਂ ਦੌਰਾਨ ਬਰਤਾਨੀਆ ਦੇ ਇਕ ਮੁੱਖ ਅਖਬਾਰ ਨੇ ਲਿਖਿਆ ਹੈ ਕਿ ਬਰਤਾਨਵੀ ਸਰਕਾਰ ਨੂੰ ਸ੍ਰੀ ਮੁਸ਼ੱਰਫ ਦੀ ਸਲਾਮਤੀ ਲਈ ਰੋਜ਼ਾਨਾ 25 ਹਜ਼ਾਰ ਪੌਂਡ ਖਰਚਣੇ ਪੈ ਰਹੇ ਹਨ। ਬਰਤਾਨਵੀ ਅਖਬਾਰ 'ਟਾਈਮਜ਼' ਨੇ ਲਿਖਿਆ ਹੈ ਕਿ ਮੈਟਰੋਪਾਲੀਟਨ ਪੁਲੀਸ ਸਪੈਸ਼ਲਿਸਟ ਪ੍ਰੋਟੈਕਸ਼ਨ ਯੂਨਿਟ ਜਿਸ ਨੂੰ ਐਸ.ਓ.ਆਈ.ਵਜੋਂ ਜਾਣਿਆ ਜਾਂਦਾ ਹੈ, ਨੇ ਸ੍ਰੀ ਮੁਸ਼ੱਰਫ ਦੀ 24 ਘੰਟੇ ਸੁਰੱਖਿਆ ਲਈ ਘੱਟੋ-ਘੱਟ ਦਸ ਮਰਦਾਂ ਅਤੇ ਔਰਤਾਂ ਦੀ ਟੀਮ ਤਾਇਨਾਤ ਕੀਤੀ ਹੋਈ ਹੈ। ਸ੍ਰੀ ਮੁਸ਼ੱਰਫ ਪੱਛਮੀ ਲੰਡਨ ਵਿਚ ਤਿੰਨ ਬੈੱਡਰੂਮਾਂ ਦੇ ਇਕ ਫਲੈਟ ਵਿਚ ਰਹਿੰਦੇ ਹਨ।

ਇਹ ਪਿਛਲੇ ਕਰੀਬ ਚਾਰ ਮਹੀਨਿਆਂ ਤੋਂ ਇਸ ਫਲੈਟ ਵਿਚ ਰਹਿ ਰਹੇ ਹਨ ਅਤੇ ਖਾਣਾ ਉਹ ਆਮ ਕਰਕੇ ਡੋਰਸ਼ੈਸਟਰ ਹੋਟਲ ਵਿਚ ਖਾਂਦੇ ਹਨ ਜਿਹੜਾ ਕਿ ਵਧੀਆ ਹੋਟਲਾਂ ਵਿਚ ਸ਼ੁਮਾਰ ਹੁੰਦਾ ਹੈ। ਉਨ੍ਹਾਂ ਦੀ ਸੁਰੱਖਿਆ ਲਈ ਤਾਇਨਾਤ ਪਾਕਿਸਤਾਨ ਦੇ ਰਿਟਾਇਰਡ ਕਮਾਂਡੋਆਂ ਦੀ ਇਕ ਛੋਟੀ ਜਿਹੀ ਟੀਮ ਦਾ ਖਰਚਾ ਉਹ ਖੁਦ ਅਦਾ ਕਰਦੇ ਹਨ ਜਦੋਂਕਿ ਬਰਤਾਨੀਆ ਵਲੋਂ ਉਨ੍ਹਾਂ ਨੂੰ ਹੋਰ ਸੁਰੱਖਿਆ ਦੇਣ ਦਾ ਫੈਸਲਾ ਰਾਇਲ ਅਤੇ ਵੀ.ਆਈ.ਪੀ. ਐਗਜ਼ੈਕਟਿਵ ਕਮੇਟੀ ਦੀ ਗ੍ਰਹਿ ਮੰਤਰਾਲੇ ਦੇ ਦਫਤਰ ਵਿਚ ਹੋਈ ਇਕ ਮੀਟਿੰਗ ਦੌਰਾਨ ਲਿਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਸਕਾਟਲੈਂਡ ਯਾਰਡ ਪੁਲੀਸ ਇਸ ਗੱਲ ਨੂੰ ਲੈ ਕੇ ਫਿਕਰਮੰਦ ਹੈ ਕਿ ਸ੍ਰੀ ਮੁਸ਼ੱਰਫ ਉਤੇ ਕਿਸੇ ਜਨਤਕ ਥਾਂ ਉਤੇ ਕੋਈ ਹਮਲਾ ਹੋ ਜਾਂਦਾ ਹੈ ਤਾਂ ਇਸ ਨਾਲ ਆਮ ਬੇਕਸੂਰ ਸ਼ਹਿਰੀਆਂ ਦੇ ਜਾਨ-ਮਾਲ ਦਾ ਨੁਕਸਾਨ ਵੀ ਹੋ ਸਕਦਾ ਹੈ।

ਪਾਕਿਸਤਾਨ ਮੂਲ ਦੇ ਬਰਤਾਨਵੀ ਲਾਰਡ ਨਜ਼ੀਰ ਅਹਿਮਦ ਨੇ ਗ੍ਰਹਿ ਮੰਤਰੀ ਐਲਨ ਜੌਹਨਸਨ ਨੂੰ ਇਕ ਚਿੱਠੀ ਲਿਖ ਕੇ ਸ੍ਰੀ ਮੁਸ਼ੱਰਫ ਦੀ ਸੁਰਖਿਆ ਲਈ ਜਨਤਕ ਪੈਸਾ ਵਰਤੇ ਜਾਣ ਦਾ ਵਿਰੋਧ ਕੀਤਾ ਹੈ। ਉਨ੍ਹਾਂ ਨੇ ਇਸ ਸਬੰਧੀ ਸੰਸਦ ਵਿਚ ਇਕ ਸਵਾਲ ਵੀ ਪੁੱਛਿਆ ਹੈ। ਉਨ੍ਹਾਂ ਕਿਹਾ, ''ਮੇਰਾ ਖਿਆਲ ਕਿ ਸਰਕਾਰ ਨੂੰ ਸ੍ਰੀ ਮੁਸ਼ੱਰਫ ਨੂੰ ਸੁਰੱਖਿਆ ਦੇਣ ਦੇ ਫੈਸਲੇ ਉਤੇ ਮੁੜ ਗੌਰ ਕਰਨੀ ਚਾਹੀਦੀ ਹੈ। ਸ੍ਰੀ ਮੁਸ਼ੱਰਫ ਆਸਾਨੀ ਨਾਲ ਨਿਜੀ ਸੁਰੱਖਿਆ ਗਾਰਡਾਂ ਦਾ ਖਰਚਾ ਝੱਲ ਸਕਦੇ ਹਨ।''

## ਨਵੰਬਰ 1984 ਦੇ ਸਿੱਖ-ਕਤਲੇਆਮ ਦੇ ਪੀੜਤਾਂ ਲਈ 715 ਕਰੋੜ ਦਾ ਪੈਕੇਜ

**ਨਵੀਂ ਦਿੱਲੀ :** ਸਰਕਾਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਦੇ ਮੁੜ-ਵਸੇਬੇ ਲਈ ਇਕ ਪੈਕੇਜ ਦਾ ਐਲਾਨ ਕੀਤਾ ਹੈ।

ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਕੈਬਨਿਟ ਦੀ ਮੀਟਿੰਗ ਵਿਚ 714.76 ਕਰੋੜ ਰੁਪਏ ਦਾ ਪੈਕੇਜ ਦੇਣ ਲਈ ਪ੍ਰਵਾਨਗੀ ਦਿੱਤੀ ਗਈ ਹੈ। ਇਸ ਤਹਿਤ ਉਨ੍ਹਾਂ ਰਾਜਾਂ ਤੇ ਕੇਂਦਰ ਸ਼ਾਸਿਤ ਇਕਾਈਆਂ ਦੇ ਦੰਗਾ ਪੀੜਤਾਂ ਨੂੰ ਵੀ ਰਾਹਤ ਦਿੱਤੀ ਜਾਵੇਗੀ, ਜਿਨ੍ਹਾਂ ਨੂੰ ਹੁਣ ਤੱਕ ਮਦਦ ਨਹੀਂ ਮਿਲੀ ਸੀ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਪਾਰਲੀਮੈਂਟ ਵਿਚ ਦੰਗਾ ਪੀੜਤਾਂ ਦੇ ਮੁੜ-ਵਸੇਬੇ ਦਾ ਭਰੋਸਾ ਦੁਆਇਆ ਹੈ।

ਸੂਚਨਾ ਤੇ ਪ੍ਰਸਾਰਣ ਮੰਤਰੀ ਅੰਬਿਕਾ ਸੋਨੀ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਪੈਕੇਜ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਛੱਤੀਸਗੜ੍ਹ, ਹਰਿਆਣਾ, ਬਿਹਾਰ, ਝਾਰਖੰਡ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉੜੀਸਾ, ਉਤਰਾਖੰਡ, ਪੰਜਾਬ ਅਤੇ ਦਿੱਲੀ ਦੇ ਦੰਗਾ ਪੀੜਤਾਂ ਦੀ ਮਦਦ ਲਈ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਪੈਕੇਜ ਦਾ ਮੁੱਖ ਮਨੋਰਥ 1984 ਦੇ ਦੰਗਿਆਂ ਦੀ ਜਾਂਚ ਲਈ ਜਸਟਿਸ ਨਾਨਾਵਤੀ ਕਮਿਸ਼ਨ ਦੀ ਰਿਪੋਰਟ 'ਤੇ ਪਾਰਲੀਮੈਂਟ ਦੇ ਦੋਵੇਂ ਸਦਨਾਂ ਵਿਚ ਸਰਕਾਰ ਵਲੋਂ ਦਿੱਤੇ ਭਰੋਸਿਆਂ ਦੀ ਪੂਰਤੀ ਕਰਨਾ ਹੈ। ਕੈਬਨਿਟ ਦੇ ਫੈਸਲੇ ਨੂੰ ਲਾਗੂ ਕਰਾਉਣ ਲਈ ਸੂਬਾਈ ਸਰਕਾਰਾਂ ਅਤੇ ਕੇਂਦਰ ਸ਼ਾਸਿਤ ਇਕਾਈਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਜਾਣਗੀਆਂ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

PUNJAB AUTO WERKS

Akal Transport Corp

1930 W. Hubbard St., Chicago, IL

For Excellent Auto Body Work, Taxi Cab Leasing, 24 Hours Towing, Complete Auto Repair of Domestic & Foreign Cars

ਅਮਰੀਕਨ ਅਤੇ ਇੰਪੋਰਟਡ ਕਾਰਾਂ ਦੀ ਰਿਪੇਅਰ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਬ ਭਾਅ ਉਤੇ ਕਰਦੇ ਹਾਂ



ਟੈਕਸੀ ਕੈਬ ਵੀ ਲੀਜ਼ 'ਤੇ ਦਿੰਦੇ ਹਾਂ

Call

Gurcharn Singh Jhaj

Jaidev Singh Bhattal

Sukhraj Singh Takhar

Tel. 312-243-3344, 312-243-2255

Fax: 312-243-2277

# ਸ਼ਿਕਾਗੋ ਕਬੱਡੀ ਕੱਪ ਮੁਕਾਬਲੇ 'ਚ ਸ਼ੇਰੇ ਪੰਜਾਬ ਕਲੱਬ ਦੀ ਰਹੀ ਬੱਲੇ ਬੱਲੇ

**ਪੰਜਾਬ ਟਾਈਮਜ਼ ਬਿਊਰੋ**

**ਸ਼ਿਕਾਗੋ:** ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪਰਚਮ ਥੱਲੇ 6 ਸਤੰਬਰ ਨੂੰ ਕਰਵਾਏ ਗਏ ਸ਼ਿਕਾਗੋ ਕਬੱਡੀ ਕੱਪ ਮੁਕਾਬਲਿਆਂ ਵਿਚ ਚੋਟੀ ਦੇ ਕਬੱਡੀ ਖਿਡਾਰੀਆਂ ਨਾਲ ਸ਼ਿੰਗਾਰੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਦੀ ਝੰਡੀ ਰਹੀ, ਦੂਜੇ ਥਾਂ ਆਈ ਮਾਡੈਸਟੋ-ਸੈਨ ਹੋਜ਼ੇ




ਸਪੋਰਟਸ ਕਲੱਬ ਕੈਲੀਫੋਰਨੀਆ ਦੀ ਟੀਮ। ਇਸ ਟੀਮ ਦੇ ਧਾਵੀਆਂ ਬਲਜੀਤ, ਦੀਪੇ ਤੇ ਫੌਜੀ ਨੇ ਆਪਣੇ ਵਿਤੋਂ ਬਾਹਰ ਹੋ ਕੇ ਧਾਵੇ ਬੋਲੇ ਪਰ ਸ਼ੇਰੇ ਪੰਜਾਬ ਦੇ ਜਾਫੀਆਂ-ਸਿਆਹ ਮੂਲ ਦੇ ਲੈਰੀ ਤੇ ਡੌਂਟੇ ਅਤੇ ਕਾਲੇ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿੱਤੀ। ਭਾਰੀ ਜੁੱਸੇ ਦੇ ਵਿੱਕੀ ਨੂੰ ਬਹੁਤੀ ਮਿਹਨਤ ਕਰਨ ਦੀ ਤਾਂ ਲੋੜ ਹੀ ਨਹੀਂ ਪਈ। ਉਧਰ ਇਸ ਟੀਮ ਦੇ ਰੇਡਰ ਬਲਜਿੰਦਰ ਨੀਲੋਂ, ਰਣਜੀਤ, ਦੁੱਲਾ ਅਤੇ ਸੰਨੀ ਕੰਦੋਲਾ ਹਨੇਰੀ ਵਾਂਗ ਜਾਂਦੇ ਅਤੇ ਨਾਨ ਸਟਾਪ ਗੱਡੀ ਵਾਂਗ ਪੁਆਇੰਟ ਲੈ ਮੁੜ ਪਾਣਿਆਂ 'ਤੇ ਪਰਤ ਆਉਂਦੇ। ਮਾਡੈਸਟੋ-ਸੈਨ ਹੋਜ਼ੇ ਦੀ ਟੀਮ ਦੇ ਮੈਨੇਜਰ ਜਸਵਿੰਦਰ ਸੋਹਲ ਨੇ ਆਪਣੇ ਪੱਠਿਆਂ ਨੂੰ ਹੱਲਾ ਸ਼ੇਰੀ ਵੀ ਬਥੇਰੀ ਦਿੱਤੀ ਪਰ ਸ਼ੇਰੇ ਪੰਜਾਬ ਦੀ ਟੀਮ ਭਾਰੂ ਹੀ ਰਹੀ। ਲੈਰੀ ਨੇ ਇਸ ਮੈਚ ਵਿਚ ਪੰਜ ਸ਼ਾਨਦਾਰ ਜੱਫੇ ਲਾਏ। ਮੈਚ ਨੂੰ ਦਰਸ਼ਕਾਂ ਨੇ ਇਕ ਤਰ੍ਹਾਂ ਸਾਹ ਰੋਕ ਕੇ ਵੇਖਿਆ। ਮੈਚ 20 ਦੇ ਮੁਕਾਬਲੇ 34 ਅੰਕਾਂ ਨਾਲ ਸ਼ੇਰੇ ਪੰਜਾਬ ਦੀ ਸ਼ਕਤੀਸ਼ਾਲੀ ਟੀਮ ਦੇ ਹੱਥ ਰਿਹਾ।

ਕਬੱਡੀ ਦਾ ਪਹਿਲਾ ਇਨਾਮ ਗੁਰਜੇਪਾਲ ਸਿੰਘ ਭੱਟੀ ਦੀ ਯਾਦ ਵਿਚ ਸ. ਹਰਕਿਸ਼ਨ ਸਿੰਘ ਭੱਟੀ ਵਲੋਂ ਦਿੱਤਾ ਗਿਆ ਸੀ ਜਦੋਂਕਿ ਦੂਜਾ ਇਨਾਮ ਇਲੀਨਾਏ ਦੇ ਵਾਕੀਗਨ ਸ਼ਹਿਰ ਵਿਚ ਰਹਿੰਦੇ ਗਿੱਲ ਭਰਾਵਾਂ ਜਸਵਿੰਦਰ ਗਿੱਲ ਅਤੇ ਨਾਜਰ ਸਿੰਘ ਗਿੱਲ (ਪਿੰਡ ਗਿੱਲ ਲੁਧਿਆਣਾ) ਵਲੋਂ ਦਿੱਤਾ ਗਿਆ ਸੀ।

ਦੋ ਸਾਲ ਪਹਿਲਾਂ ਹੀ ਬਣੇ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਕਰਵਾਏ ਗਏ ਇਸ ਦੂਜੇ ਕਬੱਡੀ ਮੁਕਾਬਲਿਆਂ ਵਿਚ ਮਿਡਵੈਸਟ ਅਤੇ ਕੈਲੀਫੋਰਨੀਆ ਦੇ ਕਬੱਡੀ ਖਿਡਾਰੀਆਂ ਨਾਲ ਸ਼ਿੰਗਾਰੀਆਂ ਚਾਰ ਵੱਡੀਆਂ ਟੀਮਾਂ ਨੇ ਹਿੱਸਾ ਲਿਆ ਜਿਨ੍ਹਾਂ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ, ਮਾਡੈਸਟੋ-ਸੈਨ ਹੋਜ਼ੇ ਸਪੋਰਟਸ ਕਲੱਬ ਕੈਲੀਫੋਰਨੀਆ, ਬੇ-ਏਰੀਆ ਸਪੋਰਟਸ ਕਲੱਬ ਕੈਲੀਫੋਰਨੀਆ ਅਤੇ ਮੀਰੀ ਪੀਰੀ ਸਪੋਰਟਸ ਕਲੱਬ ਇੰਡੀਅਨਐਪੋਲਿਸ ਦੀਆਂ ਟੀਮਾਂ ਸ਼ਾਮਲ ਹਨ। ਇਸ ਤੋਂ ਇਲਾਵਾ ਮਿਸ਼ੀਗਨ ਅਤੇ ਇੰਡੀਅਨਐਪੋਲਿਸ ਦੀਆਂ ਅੰਡਰ-21 ਟੀਮਾਂ ਵਿਚਾਲੇ ਵੀ ਮੁਕਾਬਲੇ ਹੋਏ। ਖੇਡ ਮੇਲੇ ਦੇ ਮੁੱਖ ਮਹਿਮਾਨ 1964 ਦੇ ਹਾਕੀ ਓਲੰਪਿਕ ਜੇਤੂ ਸ੍ਰੀ ਚਰਨਜੀਤ ਸਿੰਘ ਸਨ ਜਿਨ੍ਹਾਂ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਸਖ਼ਤ ਡਿਸਿਪਲਨ ਅਤੇ ਖੇਡ ਭਾਵਨਾ ਦੇ ਪਾਬੰਦ ਰਹਿਣ ਦੀ ਨਸੀਹਤ ਕੀਤੀ।

ਖੇਡ ਮੇਲੇ ਦਾ ਅਨੰਦ ਨਾ ਸਿਰਫ ਸ਼ਿਕਾਗੋ ਅਤੇ ਆਸ ਪਾਸ ਦੇ ਸ਼ਹਿਰਾਂ ਹੀ ਬਲਕਿ ਵਿਸਕਾਨਸਿਨ, ਮਿਸ਼ੀਗਨ, ਇੰਡੀਆਨਾ, ਓਹਾਇਓ ਅਤੇ ਮਿਜ਼ੌਰੀ ਜਿਹੇ ਦੂਰ-ਦੁਰਾਡੇ ਇਲਾਕਿਆਂ ਤੋਂ ਆਏ ਦਰਸ਼ਕਾਂ ਨੇ ਵੀ ਮਾਣਿਆ। ਮੇਲੇ ਦੌਰਾਨ ਸਭਿਆਚਾਰਕ ਪ੍ਰੋਗਰਾਮ ਦਾ ਵੀ ਪ੍ਰਬੰਧ ਸੀ ਪਰ ਸਹੀ ਅਰਥਾਂ ਵਿਚ ਦਰਸ਼ਕਾਂ ਨੇ ਅਨੰਦ ਕਬੱਡੀ ਮੁਕਾਬਲਿਆਂ ਦਾ ਹੀ ਮਾਣਿਆ। ਇਸ ਦਾ ਸਬੂਤ ਇਸ ਗੱਲ ਨੂੰ ਮੰਨਿਆ ਜਾ ਸਕਦਾ ਹੈ ਕਿ ਜਦੋਂ ਤੱਕ ਕਬੱਡੀ ਮੁਕਾਬਲੇ ਚੱਲ ਰਹੇ ਸਨ, ਦਰਸ਼ਕ ਆ ਤਾਂ ਰਹੇ ਸਨ ਪਰ ਖੇਡ ਮੈਦਾਨ ਛੱਡ ਕੇ ਜਾ ਕੋਈ ਨਹੀਂ ਸੀ ਰਿਹਾ ਪਰ ਜਿਉਂ ਹੀ ਫਾਈਨਲ ਮੈਚ ਖਤਮ ਹੋਇਆ ਮੇਲਾ ਖਿੰਡਣਾ ਸ਼ੁਰੂ ਹੋ ਗਿਆ ਸੀ ਹਾਲਾਂਕਿ ਲੋਕ ਗਾਇਕ ਭੁਪਿੰਦਰ ਬੱਬਲ ਅਤੇ ਸੁਖਵੰਤ ਸੁੱਖੀ ਨੇ ਆਪਣੀ ਤਰਫੋਂ ਵਾਹਵਾ ਰੰਗ ਬੰਨੀ ਰੱਖਿਆ।

ਖੇਡ ਮੇਲੇ ਦਾ ਅਰੰਭ ਮੇਲੇ ਦੇ ਸੁੱਖ ਸੁਖੀਲੀ ਨੇਪਰੇ ਚੜ੍ਹਨ ਲਈ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਨਾਲ ਹੋਇਆ। ਪਹਿਲਾ ਕਬੱਡੀ ਮੈਚ ਮਾਡੈਸਟੋ-ਸੈਨ ਹੋਜ਼ੇ ਕਲੱਬ ਅਤੇ ਬੇ-ਏਰੀਆ ਸਪੋਰਟਸ ਕਲੱਬ ਵਿਚਾਲੇ ਹੋਇਆ। ਬੇ-ਏਰੀਏ ਦੇ ਰੇਡਰਾਂ ਸਾਬੀ ਅਤੇ ਅੰਕਿਤ ਨੇ ਕਈ ਚੰਗੀਆਂ ਰੇਡਾਂ ਪਾਈਆਂ ਪਰ ਸੈਨ ਹੋਜ਼ੇ-ਮਾਡੈਸਟੋ ਕਲੱਬ ਦੇ ਖਿਡਾਰੀ ਭਾਰੂ ਰਹੇ। ਮੈਚ ਉਂਜ ਭਾਵੇਂ ਫਸਵਾਂ ਰਿਹਾ ਪਰ ਜਿੱਤ ਸਾਢੇ ਅਠੱਤੀ ਦੇ ਮੁਕਾਬਲੇ ਚਾਲੀ ਅੰਕਾਂ ਨਾਲ ਮਾਡੈਸਟੋ-ਸੈਨ ਹੋਜ਼ੇ ਕਲੱਬ ਦੀ ਰਹੀ। ਤੀਰਥ ਗਾਖਲ ਜਿਹੇ ਸਟਾਪਰਾਂ ਅਤੇ ਜੋਨੀ ਜਿਹੇ ਰੇਡਰਾਂ ਦੀ ਗੈਰ ਹਾਜ਼ਰੀ ਵਿਚ ਟੀਮ ਵਿਚ ਉਹ ਜਾਨ ਨਹੀਂ ਸੀ।




ਹੁਣ ਨਹੀਂ ਡਾਹ ਦਿੰਦਾ ਬਈ...

ਦੂਜੇ ਮੈਚ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਨੇ ਮੀਰੀ ਪੀਰੀ ਸਪੋਰਟਸ ਕਲੱਬ ਨੂੰ ਇਕ ਅਸਾਵੇਂ ਮੁਕਾਬਲੇ ਵਿਚ 24 ਦੇ ਮੁਕਾਬਲੇ 46 ਅੰਕਾਂ ਨਾਲ ਹਰਾ ਕੇ ਜਿੱਤ ਹਾਸਲ ਕੀਤੀ। ਮੰਨੇ ਲੱਛਰ ਨੇ ਇਸ ਮੈਚ ਵਿਚ ਕਈ ਵਧੀਆ ਜੱਫੇ ਲਾਏ ਜਦੋਂਕਿ ਰੇਡਰ ਹਨੀ ਖੰਘੂੜਾ ਵੀ ਘੱਟ ਨਹੀਂ ਰਿਹਾ। ਮੀਰੀ ਪੀਰੀ ਕਲੱਬ ਦੇ ਹਰਪ੍ਰੀਤ, ਹਰਜੀਤ ਚੰਗੇ ਰੇਡਰ ਸਨ ਜਦੋਂਕਿ ਅਜੇ ਪਾਲ, ਧੰਨਾ, ਗੋਪੀ ਅਤੇ ਲਵੀ ਕੰਦੋਲਾ ਸਟਾਪਰ।

ਸੈਮੀਫਾਈਨਲ ਮੁਕਾਬਲਿਆਂ ਵਿਚ ਪਹਿਲਾ ਮੁਕਾਬਲਾ ਮਾਡੈਸਟੋ-ਸੈਨ ਹੋਜ਼ੇ ਅਤੇ ਮੀਰੀ ਪੀਰੀ ਕਲੱਬ ਵਿਚਾਲੇ ਸੀ। ਮੁਕਾਬਲਾ ਸਖ਼ਤ ਰਿਹਾ ਫਿਰ ਵੀ ਮਾਡੈਸਟੋ-ਸੈਨ ਹੋਜ਼ੇ ਦੀ ਟੀਮ 35 ਦੇ ਮੁਕਾਬਲੇ 38 ਅੰਕਾਂ ਨਾਲ ਜੇਤੂ ਰਹੀ। ਦੂਜੇ ਸੈਮੀਫਾਈਨਲ ਮੁਕਾਬਲੇ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਸ਼ਕਤੀਸ਼ਾਲੀ ਟੀਮ ਅੱਗੇ ਬੇ-ਏਰੀਆ ਸਪੋਰਟਸ ਕਲੱਬ ਦੀ ਟੀਮ ਬਹੁਤਾ ਟਿਕ ਨਾ ਸਕੀ ਅਤੇ ਇਹ ਮੈਚ ਸ਼ੇਰੇ ਪੰਜਾਬ ਕਲੱਬ ਨੇ 29 ਦੇ ਮੁਕਾਬਲੇ 41 ਅੰਕਾਂ ਨਾਲ ਸਹਿਜੇ ਹੀ ਜਿੱਤ ਲਿਆ।

ਇਨ੍ਹਾਂ ਮੁਕਾਬਲਿਆਂ ਤੋਂ ਇਲਾਵਾ ਅੰਡਰ-21 ਦੇ ਇਕ ਦਿਲਚਸਪ ਮੁਕਾਬਲੇ ਵਿਚ ਇੰਡੀਅਨਐਪੋਲਿਸ ਦੇ ਛਲਾਰੂਆਂ ਦੀ ਟੀਮ ਨੂੰ 21 ਦੇ ਮੁਕਾਬਲੇ 25 ਅੰਕਾਂ ਨਾਲ ਹਰਾ ਕੇ ਮਿਸ਼ੀਗਨ ਜੇਤੂ ਰਿਹਾ। ਅੰਡਰ-21 ਦੇ ਇਕ ਹੋਰ ਮੁਕਾਬਲੇ ਵਿਚ ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੀ ਟੀਮ ਨੂੰ 21 ਦੇ ਮੁਕਾਬਲੇ ਸਾਢੇ ਬਾਈ ਅੰਕਾਂ ਨਾਲ ਹਰਾ ਕੇ ਮਿਸ਼ੀਗਨ ਨੇ ਆਪਣੀ ਸਰਦਾਰੀ ਕਾਇਮ ਰੱਖੀ।

ਇਸ ਕਬੱਡੀ ਟੂਰਨਾਮੈਂਟ ਦਾ ਬੈਸਟ ਸਟਾਪਰ ਦਾ ਖਿਤਾਬ ਕਾਲੇ ਮੂਲ ਦਾ ਲੈਰੀ ਲੈ ਗਿਆ ਜੋ ਕਿ ਆਮ ਕਰਕੇ ਲੱਛਰ ਭਰਾਵਾਂ ਦੀ ਸ਼ੇਰੇ ਪੰਜਾਬ ਸਪੋਰਟਸ ਕਲੱਬ, ਲਾਸ ਬੈਨੋਸ (ਕੈਲੀਫੋਰਨੀਆ) ਲਈ ਖੇਡਦਾ ਹੈ। ਇਹ ਲੈਰੀ ਇਸ ਤੋਂ ਪਹਿਲਾਂ ਵੀ ਸ਼ਿਕਾਗੋ ਵਿਚ ਆਪਣੀ ਖੇਡ ਦੇ ਜੌਹਰ ਵਿਖਾ ਚੁੱਕਾ ਹੈ। ਸੰਨ 2002 ਵਿਚ



ਅਸੀਂ ਵੀ ਕਬੱਡੀ ਖੇਡਾਂਗੇ ਬਈ...

ਇਸ ਨੇ ਸ਼ਾਮਬਰਗ ਦੇ ਫਲਾਇਰਜ਼ ਸਟੇਡੀਅਮ ਵਿਚ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਵਲੋਂ ਕਰਵਾਏ ਗਏ ਮੁਕਾਬਲੇ ਵਿਚ ਦਰਸ਼ਕਾਂ ਦਾ ਮਨ ਮੋਹਿਆ ਸੀ। ਬੈਸਟ ਰੇਡਰ ਦੁੱਲੇ ਨੂੰ ਐਲਾਨਿਆ ਗਿਆ। ਦੁੱਲਾ ਵੀ ਸ਼ੇਰੇ ਪੰਜਾਬ ਸਪੋਰਟਸ ਕਲੱਬ ਦਾ ਹੀ ਮਾਣਮੱਤਾ ਰੇਡਰ ਹੈ।



ਚੱਕ ਲਿਆ ਵਾਹਿਗੁਰੂ ਕਹਿ ਕੇ

ਮੈਚ ਦੀ ਕੁਮੈਂਟਰੀ ਟੋਰਾਂਟੋ ਤੋਂ ਆਏ ਸੁਖਚੈਨ ਸਿੰਘ ਬਰਾੜ ਨੇ ਕੀਤੀ ਅਤੇ ਮਲਵਈ ਲਹਿਜੇ ਵਿਚ ਓਤਪੋਤ ਆਪਣੀਆਂ ਟਿੱਪਣੀਆਂ ਨਾਲ ਦਰਸ਼ਕਾਂ ਦਾ ਦਿਲ ਲਾਈ ਰੱਖਿਆ। ਜਦੋਂ ਕੋਈ ਰੇਡਰ ਅੱਗੇ ਨੂੰ ਨੀਵਾਂ ਹੋ ਕੇ ਰੇਡ ਪਾਉਂਦਾ ਤਾਂ ਸੁਖਚੈਨ ਕਹਿੰਦਾ ਵੇਖ ਸੰਨੀ ਕੰਦੋਲਾ ਕਿਵੇਂ ਨੀਵੇਂ ਲੱਕ ਹੋਈ ਜਾਂਦਾ ਜਿਵੇਂ ਬੌਰਨ ਖੇਤ ਵਿਚੋਂ ਖਰਬੂਜੇ ਲੱਭਦੀ ਹੁੰਦੀ ਹੈ। ਜੇ ਕੋਈ ਖਿਡਾਰੀ ਲੱਤਾਂ ਫੜਨ ਪੈਂਦਾ ਤਾਂ ਸੁਖਚੈਨ ਬਰਾੜ ਆਖਦਾ, ਆਹ ਤਾਂ ਅਏਂ ਪੈ ਗਿਆ ਜਿਵੇਂ ਵੱਡੀ ਭੂਆ ਨੂੰ ਮੱਥਾ ਟੇਕਣਾ ਹੋਵੇ। ਇਕ ਖਿਡਾਰੀ ਨੂੰ ਦੋ ਜਣੇ ਫੜਨ ਪੈ ਜਾਂਦੇ ਤਾਂ ਕਹਿੰਦਾ, ਲਓ ਸਾਰਾ ਟੱਬਰ ਈ ਪੈ ਗਿਆ! ਕਰਤੀ ਸੱਤ ਇਕਵੰਜਾ!! ਜਦੋਂ ਇਕ ਮੈਚ ਵਿਚ ਬੇ-ਏਰੀਆ ਸਪੋਰਟਸ ਕਲੱਬ ਦੇ ਰੇਡਰ ਸਾਬੀ ਨੂੰ ਸ਼ੇਰੇ ਪੰਜਾਬ ਦਾ ਸਟਾਪਰ ਲੈਰੀ ਐਨ ਪਾਣਿਆਂ ਕੋਲੋਂ ਚੁੱਕ ਕੇ ਪਿਛੇ ਲੈ ਗਿਆ ਤਾਂ ਇਕ ਦਰਸ਼ਕ ਨੇ ਟਿੱਪਣੀ ਕੀਤੀ, 'ਲੈ ਬਈ ਲੈ ਗਿਆ ਬਾਹਮਣੀ ਗਲਾਸ ਵਰਗੀ ਆਖ ਕੇ।'

ਪਰ ਕਦੇ ਕਦੇ ਉਹ ਹਲਕੇ ਪੱਧਰ ਦੀਆਂ ਟਿੱਪਣੀਆਂ 'ਤੇ ਵੀ ਆ ਜਾਂਦਾ ਜਿਨ੍ਹਾਂ ਬਾਰੇ ਇਕ ਦਰਸ਼ਕ ਦਾ ਕਹਿਣਾ ਸੀ ਕਿ ਇਸ (ਸੁਖਚੈਨ) ਉਤੇ ਟਰੱਕਾਂ ਵਾਲਿਆਂ ਦਾ ਗਲਬਾ ਹੈ ਫਿਰ ਵੀ ਸੁਖਚੈਨ ਬਰਾੜ ਦਾ ਬਹੁਤਾ ਧਿਆਨ ਮੈਚ ਦੀ ਕੁਮੈਂਟਰੀ ਵੱਲ ਹੁੰਦਾ ਨਾ ਕਿ ਲੋਕਾਂ ਦੇ ਨਾਂ ਲੈ ਲੈ ਉਨ੍ਹਾਂ ਦੀ ਜੇਬ ਵਿਚੋਂ ਡਾਲਰ ਕਢਾਉਣ ਵੱਲ। ਇਹ ਗੱਲ ਵੱਖਰੀ ਹੈ ਕਿ ਡਾਲਰਾਂ ਦੀ ਕਮੀ ਉਸ ਨੂੰ ਵੀ ਨਹੀਂ ਸੀ। ਹਾਂ, ਉਸ ਦੀ ਕੁਮੈਂਟਰੀ ਲਈ ਸਪਾਂਸਰਾਂ ਦਾ ਮਾਣ ਸਨਮਾਨ ਕਰਨ ਲਈ ਪਰਮਿੰਦਰ ਵਾਲੀਆ ਵਲੋਂ ਵਾਰ ਵਾਰ ਮਾਈਕ ਖੋਹ ਲਿਆ ਜਾਣਾ ਜ਼ਰੂਰ ਇਕ ਕਸਾਰੇ ਵਾਲੀ ਗੱਲ ਰਹੀ।

ਕਬੱਡੀ ਤੋਂ ਇਲਾਵਾ ਇਸ ਮੇਲੇ ਵਿਚ ਵਾਲੀਬਾਲ ਦੇ ਮੈਚ ਵੀ ਦਿਲਚਸਪੀ ਤੋਂ ਖਾਲੀ ਨਹੀਂ ਸਨ। ਵਾਲੀਬਾਲ ਖੇਡਣ ਲਈ ਮੀਰੀ-ਪੀਰੀ ਕਲੱਬ ਇੰਡੀਅਨਐਪੋਲਿਸ ਤੋਂ ਇਲਾਵਾ ਕੈਨੋਸ਼ਾ, ਸੇਂਟ ਲੂਈਸ, ਇਲੀਨਾਏ ਸਿੱਖ ਸੈਂਟਰ ਬੋਲਿੰਗਬਰੁਕ, ਸ਼ਿਕਾਗੋ ਸ਼ੇਰ ਅਤੇ ਮਿਸ਼ੀਗਨ ਦੀਆਂ ਟੀਮਾਂ ਪਹੁੰਚੀਆਂ ਹੋਈਆਂ ਸਨ। ਇਨ੍ਹਾਂ ਮੈਚਾਂ ਵਿਚ ਪਹਿਲੇ ਥਾਂ 'ਤੇ ਮੀਰੀ-ਪੀਰੀ ਕਲੱਬ ਇੰਡੀਅਨਐਪੋਲਿਸ ਦੀ ਟੀਮ ਰਹੀ ਜਦੋਂਕਿ ਦੂਜੇ ਥਾਂ ਉਤੇ ਇਲੀਨਾਏ ਸਿੱਖ ਸੈਂਟਰ ਬੋਲਿੰਗਬਰੁਕ



ਦੂਜੇ ਨੰਬਰ 'ਤੇ ਰਹੀ ਮਾਡੈਸਟੋ-ਸੈਨ ਹੋਜ਼ੇ ਦੀ ਟੀਮ ਆਪਣੇ ਮੈਨੇਜਰ ਜਸਵਿੰਦਰ ਸੋਹਲ ਨਾਲ ਟਰਾਫੀ ਲੈਂਦੇ ਹੋਏ



ਇਹ ਹੈ ਰੋਪੜੀ ਜਿੰਦਾ

ਦੀ ਟੀਮ ਰਹੀ। ਵਾਲੀਬਾਲ ਦੇ ਮੈਚਾਂ ਦੇ ਇਨਾਮ ਪਲੇਨਫੀਲਡ ਦੇ ਸ. ਬਿਕਰਮਜੀਤ ਸਿੰਘ ਸਿੱਧੂ ਨੇ ਦਿੱਤੇ।

ਮੈਚਾਂ ਵਿਚ ਰੈਫਰੀ ਦੀ ਜ਼ਿੰਮੇਵਾਰੀ ਸਤਵੰਤ ਸਿੰਘ ਨਿੱਝਰ, ਲਹਿੰਬਰ ਸਿੰਘ ਕਾਲਾ, ਅਮਰਦੀਪ ਸੰਘਾ ਤੇ ਗੁਰਮੀਤ ਬਾਠ ਨੇ ਨਿਭਾਈ। ਸਕੋਰ ਦਰਜ ਕਰਨ ਦਾ ਕੰਮ ਰਘਵਿੰਦਰ ਸਿੰਘ ਮਾਹਲ ਨੇ ਕੀਤਾ।

ਮੇਲੇ ਵਿਚ ਦਰਸ਼ਕਾਂ ਦੀ ਹਾਜ਼ਰੀ ਭਰਵੀਂ ਸੀ ਅਤੇ ਸਭ ਤੋਂ ਵੱਡੀ ਗੱਲ ਇਹ ਸੀ ਕਿ ਉਹ ਟਿਕ ਕੇ ਬੈਠੇ ਹੋਏ ਸਨ। ਬੀਬੀਆਂ ਵੀ ਕਾਫੀ ਵੱਡੀ ਗਿਣਤੀ ਵਿਚ ਸਨ।

ਕਰਾਊਨ ਪੁਆਇੰਟ, ਇੰਡੀਆਨਾ ਤੋਂ ਰਾਜਿੰਦਰ ਸਿੰਘ ਬੈਂਸ ਅਤੇ ਮਨਦੀਪ ਸਿੰਘ ਭੂਰਾ ਆਪਣਾ ਪੂਰਾ ਲਾਮਲਸ਼ਕਰ ਲੈ ਕੇ ਕਬੱਡੀ ਮੇਲੇ ਦੀ ਰੌਣਕ ਵਧਾਉਣ ਪਹੁੰਚੇ ਹੋਏ ਸਨ। ਮਿਲਵਾਕੀ ਤੋਂ ਸਤਵੰਤ ਸਿੰਘ ਕਾਲੇਕਾ ਆਪਣੇ ਸਾਥੀਆਂ ਸਮੇਤ ਮੁੱਖ ਮਹਿਮਾਨ ਸ੍ਰੀ ਚਰਨਜੀਤ ਸਿੰਘ ਨਾਲ ਗੁਫਤਗੂ ਕਰ ਰਹੇ ਸਨ। ਮਿਲਵਾਕੀ ਤੋਂ ਹੀ ਕਬੱਡੀ ਪ੍ਰੇਮੀ ਬੇਅੰਤ ਸਿੰਘ ਬੋਪਾਰਾਏ ਵੀ ਪਹੁੰਚੇ ਹੋਏ ਸਨ। ਸਿਨਸਿਨੈਟੀ, ਓਹਾਇਓ ਜਿਹੇ ਦੂਰ-ਦੁਰਾਡੇ ਸ਼ਹਿਰ ਤੋਂ ਗੁਰਿੰਦਰ ਸਿੰਘ ਢਿੱਲੋਂ ਅਤੇ ਅਮਨਦੀਪ ਧਾਰਨੀ ਮੇਲੇ ਵਿਚ ਸ਼ਰੀਕ ਸਨ। ਢਿੱਲੋਂ ਅਤੇ ਧਾਰਨੀ ਅਜੇ ਦੋ ਹਫਤੇ ਪਹਿਲਾਂ ਹੀ ਸਿਨਸਿਨੈਟੀ ਵਿਚ ਆਪਣੇ ਕਲੱਬ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਨਾਲ ਖੇਡ ਮੇਲਾ ਕਰਵਾ ਕੇ ਹਟੇ ਹਨ। ਮਿਸ਼ੀਗਨ ਤੋਂ ਲਾਲੀ-ਪਾਲੀ ਧਾਲੀਵਾਲ, ਕਬੱਡੀ ਖਿਡਾਰੀ ਤੀਰਥ ਸਿੰਘ, ਮਨਜੀਤ ਸਿੰਘ ਨੰਨਣ, ਖੇਡ ਲੇਖਕ ਦਲਬਾਰਾ ਸਿੰਘ ਮਾਂਗਟ ਵੀ ਕਬੱਡੀ ਦਾ ਅਨੰਦ ਮਾਣ ਰਹੇ ਸਨ। ਸ਼ਿਕਾਗੋ ਤੋਂ ਗੁਰਦੁਆਰਾ ਪੈਲਾਟਾਈਨ ਵਿਚਲੇ ਹੁੰਦਲ ਧੜੇ ਦੇ ਸਾਰੇ ਮੋਹਤਬਰ ਪਹੁੰਚੇ ਹੋਏ ਸਨ। ਸਿੱਖ ਰਿਲੀਜੀਅਸ ਸੁਸਾਇਟੀ ਦੀ ਸੰਵਿਧਾਨ ਅਮਲ ਕਮੇਟੀ ਦੇ ਮੈਂਬਰ ਹਰਵਿੰਦਰਪਾਲ ਸਿੰਘ ਲੈਲ ਵੀ ਆਪਣੇ ਲੰਮੇ ਕੱਦ ਕਰਕੇ ਦੂਰੋਂ ਹੀ ਪਛਾਣੇ ਜਾ ਰਹੇ ਸਨ।



ਸੁਖਵੰਤ ਸੁੱਖੀ

ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੀ ਐਡਵਾਈਜ਼ਰੀ ਕਮੇਟੀ ਦੇ ਚੇਅਰਮੈਨ ਡਾ. ਮੁਖਤਿਆਰ ਸਿੰਘ ਨੰਦਰਾ ਸਰਜਰੀ ਹੋਣ ਕਾਰਨ ਪਹੁੰਚ ਨਾ ਸਕੇ।

ਇਸ ਕਬੱਡੀ ਮੇਲੇ ਨੂੰ ਕਾਮਯਾਬ ਕਰਨ ਵਿਚ ਚੇਅਰਮੈਨ ਗੁਰਬਚਨ ਸਿੰਘ ਪੱਪੂ ਅਤੇ ਪ੍ਰਧਾਨ ਜਿੰਦੀ ਖੰਘੂੜਾ ਦੀ ਅਗਵਾਈ ਹੇਠ ਬੋਰਡ ਮੈਂਬਰਾਂ ਪਰਮਿੰਦਰ ਵਾਲੀਆ, ਅਮਰਦੇਵ ਬਦੇਸ਼ਾ, ਬਲਬੀਰ ਸਿੰਘ ਬੈਦਵਾਣ, ਦੀਪਾ ਬਦੇਸ਼ਾ, ਸਤਨਾਮ ਸਿੰਘ ਮਿਨਹਾਸ, ਜਸਵਿੰਦਰ ਸਿੰਘ ਜੱਸੀ, ਜਿੰਦਰ ਸਿੰਘ ਬੈਨੀਪਾਲ, ਹਰਦੀਪ ਸਿੰਘ ਗਿੱਲ, ਸੁਖਵਿੰਦਰ ਸਿੰਘ ਮੰਡੇਰ, ਰਾਜਿੰਦਰ ਸਿੰਘ ਵਿਰਕ, ਜੋਧ ਸਿੰਘ ਸਿੱਧੂ, ਰਵਿੰਦਰ ਸਿੰਘ ਖਹਿਰਾ, ਲਾਲੀ ਨਿੱਝਰ, ਰਛਪਾਲ ਸਿੰਘ ਖੰਘੂੜਾ, ਪ੍ਰਿਤਪਾਲ ਸਿੰਘ ਅਤੇ ਬੱਬੀ ਬਾਠ ਨੇ ਸਖ਼ਤ ਮਿਹਨਤ ਕੀਤੀ।

## ਮੇਲੇ ਦੇ ਰੰਗ

ਮੇਲੇ ਵਿਚ ਆਏ ਦਰਸ਼ਕਾਂ ਦੇ ਖਾਣ ਪੀਣ ਦਾ ਖੁੱਲ੍ਹਾ ਪ੍ਰਬੰਧ ਸੀ ਅਤੇ ਮੂੰਹ ਮਿੱਠਾ ਕਰਨ ਲਈ ਜਲੇਬੀਆਂ। ਦਰਸ਼ਕਾਂ ਦੇ ਬੈਠਣ ਲਈ ਕੁਰਸੀਆਂ ਦਾ ਵੀ ਚੋਖਾ ਬੰਦੋਬਸਤ ਕੀਤਾ ਗਿਆ ਸੀ ਜਿਸ ਕਰਕੇ ਕਿਸੇ ਨੂੰ ਆਪਣੀ ਕੁਰਸੀ ਖੁਸਣ ਦਾ ਡਰ ਨਹੀਂ ਸੀ ਫਿਰ ਵੀ ਦਰਸ਼ਕ ਫਸਵੇਂ ਮੈਚਾਂ ਕਰਕੇ ਟਿਕ ਕੇ ਬੈਠੇ ਰਹੇ।



ਬਲਬੀਰ ਸਿੰਘ

***

ਪਿਛਲੇ ਸਮੇਂ ਵਿਚ ਸ਼ਿਕਾਗੋ ਵਿਚ ਹੋਏ ਕੁਝ ਪੰਜਾਬੀ ਮੇਲਿਆਂ ਸਮੇਂ ਸ਼ਿਕਾਗੋ ਦੇ ਦਰਸ਼ਕਾਂ ਦੀ ਘੱਟ ਹਾਜ਼ਰੀ ਬਾਰੇ ਪੰਜਾਬ ਟਾਈਮਜ਼ ਵਿਚ ਕੀਤੀ ਗਈ ਇਕ ਟਿੱਪਣੀ ਦਾ ਉਚੇਚਾ ਜ਼ਿਕਰ ਕਰਦਿਆਂ ਕਲੱਬ ਦੇ ਇਕ ਨੁਮਾਇੰਦੇ ਪਰਮਿੰਦਰ ਵਾਲੀਆ ਨੇ ਸਟੇਜ ਤੋਂ ਆਖਿਆ, 'ਅੱਜ ਦੇ ਮੇਲੇ ਵਿਚ ਸ਼ਿਕਾਗੋ ਵਾਸੀਆਂ ਦੀ ਭਰਪੂਰ ਹਾਜ਼ਰੀ ਨੂੰ ਵੇਖ ਕੇ ਜਾਪਦਾ ਹੈ ਕਿ ਤੁਸੀਂ ਸਾਰੇ ਪੰਜਾਬ ਟਾਈਮਜ਼ ਦੀ ਇਹ ਟਿੱਪਣੀ ਜ਼ਰੂਰ ਪੜ੍ਹੀ ਹੈ।' ਤੇ ਫਿਰ ਉਸ ਟਿੱਪਣੀ ਪੜ੍ਹ ਕੇ ਵੀ ਸੁਣਾ ਦਿੱਤੀ। ਜ਼ਿਕਰਯੋਗ ਹੈ ਕਿ ਪੰਜਾਬ ਟਾਈਮਜ਼ ਦੀ ਇਸ ਵਿਅੰਗਆਤਮਕ ਟਿੱਪਣੀ ਵਿਚ ਕਿਹਾ ਗਿਆ ਸੀ ਕਿ ਜੇ ਮੇਲਿਆਂ ਵਿਚ ਖਾਣ-ਪੀਣ ਮੁਫਤ ਹੋਵੇ ਅਤੇ ਕੋਈ ਟਿਕਟ ਵੀ ਨਾ ਹੋਵੇ ਤਾਂ ਵੀ ਜੇ ਸਥਾਨਕ ਲੋਕ ਨਹੀਂ ਆਉਂਦੇ ਤਾਂ ਸ਼ਾਇਦ ਅਗਲੀ ਵਾਰ ਪ੍ਰਬੰਧਕਾਂ ਨੂੰ ਇਹ ਵਾਅਦਾ ਕਰਨਾ ਪਵੇ ਕਿ ਆਇਆਂ ਨੂੰ ਵੀਹ-ਵੀਹ ਡਾਲਰ ਵੀ ਦਿੱਤੇ ਜਾਣਗੇ।



ਹੁਣ ਆ ਗਈ ਲੱਤ ਕਾਬੂ, ਹੁਣ ਨਹੀਂ ਜਾਣ ਦਿੰਦਾ

***

ਕਬੱਡੀ ਖਿਡਾਰੀਆਂ ਦੀ ਇਸ ਗੱਲੋਂ ਟੌਹਰ ਰਹੀ ਕਿ ਇਕ ਲਿਮੋਜ਼ੀਨ ਲਗਾਤਾਰ ਉਨ੍ਹਾਂ ਨੂੰ ਹੋਟਲ ਤੋਂ ਗਰਾਊਂਡ ਤੱਕ ਲਿਆਉਂਦੀ ਤੇ ਲਿਜਾਂਦੀ ਰਹੀ। ਲਿਮੋਜ਼ੀਨ ਦੇ ਮਾਲਕ ਗੁਰਬਚਨ ਸਿੰਘ (ਬੈਸਟ ਚੁਆਇਸ) ਨੇ ਵੀ ਖਿਡਾਰੀਆਂ ਨਾਲ ਵਾਹਵਾ ਰਾਬਤਾ ਬਣਾਈ ਰੱਖਿਆ।

***

ਪੰਜਾਬੀ ਮੇਲਿਆਂ ਵਿਚ ਅਕਸਰ ਦਾਰੂ-ਸਿੱਕੇ ਦਾ ਪੂਰਾ ਬੋਲਬਾਲਾ ਰਹਿੰਦਾ ਹੈ ਅਤੇ ਕਈ ਵਾਰ ਤਾਂ ਦਰਸ਼ਕ ਕਬੱਡੀ ਨੂੰ ਭੁੱਲ ਭੁਲਾ ਕੇ ਮੋਟਰ ਕਾਰ ਸੇਵਾ ਯਾਨਿ ਦਾਰੂ-ਸੇਵਾ ਵਿਚ ਹੀ ਮਗਨ ਹੋ ਜਾਂਦੇ ਹਨ ਖਾਸ ਕਰਕੇ ਜੇ ਕਬੱਡੀ ਮੈਚ ਓਡੇ ਦਿਲਚਸਪ ਨਾ ਹੋਣ ਪਰ ਇਸ ਮੇਲੇ ਵਿਚ ਮੋਟਰ ਕਾਰ ਸੇਵਾ ਬਹੁਤ ਹੀ ਘੱਟ ਹੋਈ। ਕਈ ਮਹਿਮਾਨ-ਨਿਵਾਜ਼ਾਂ ਨੂੰ ਇਹ ਸ਼ਿਕਾਇਤ ਕਰਦੇ ਵੀ ਸੁਣਿਆ ਗਿਆ, 'ਯਾਰ ਮੈਂ ਦੋਸਤਾਂ ਦੀ ਸੇਵਾ ਲਈ ਦਾਰੂ ਸਿੱਕੇ ਦਾ ਪੂਰਾ ਬੰਦੋਬਸਤ ਕਰਕੇ ਆਇਆ ਸੀ। ਕੋਈ ਉਠ ਕੇ ਜਾਣ ਨੂੰ ਤਿਆਰ ਹੀ ਨਹੀਂ ਸੀ, ਜੇ ਕੋਈ ਜਾਂਦਾ ਵੀ ਸੀ ਤਾਂ ਇਕ ਹਾੜਾ ਲਾ ਭੱਜ ਕੇ ਪਰਤ ਆਉਂਦਾ। ਮੈਂ ਦੋ ਘੜੇ ਲਿਆਇਆ ਸੀ ਇਕ ਸਬੂਤਾ ਹੀ ਬਚ ਗਿਆ।'

***

ਮੇਲੇ ਵਿਚ ਕਿਸੇ ਤਰ੍ਹਾਂ ਦਾ ਕੋਈ ਬੋਲਬੁਲਾਰਾ ਨਹੀਂ ਹੋਇਆ। ਖਿਡਾਰੀ ਅਤੇ ਪ੍ਰਬੰਧਕ ਦੋਵੇਂ ਹੀ ਪੂਰੇ ਡਿਸਿਪਲਨ ਵਿਚ ਰਹੇ। ਅਕਸਰ ਤੱਤੇ-ਠੰਡੇ ਹੋ ਜਾਣ ਲਈ ਮਸ਼ਹੂਰ ਲੱਛਰ ਭਰਾ ਵੀ ਕਿਤੇ ਕੁਸਕੇ ਤੱਕ ਨਾ। ਜਦੋਂ ਲੋਕ ਗਾਇਕ ਭੁਪਿੰਦਰ ਬੱਬਲ ਅਤੇ ਸੁਖਵੰਤ ਸੁੱਖੀ ਗਾ ਰਹੇ ਸਨ ਤਾਂ ਉਦੋਂ ਵੀ ਕਿਸੇ ਨੇ ਚੀਕ-ਬੁਲਬੁਲੀ ਤੱਕ ਨਾ ਮਾਰੀ। ਇਹ ਸਭ ਸ਼ਾਇਦ ਖੁਦ ਪ੍ਰਬੰਧਕਾਂ ਵਲੋਂ ਵਿਖਾਏ ਗਏ ਸਖ਼ਤ ਡਿਸਿਪਲਨ ਕਰਕੇ ਸੀ।

***

ਦੇਰ ਸ਼ਾਮ ਜਦੋਂ ਮੇਲਾ ਵਿਛੜ ਰਿਹਾ ਸੀ ਤਾਂ ਕੁਝ ਮੇਲੀ ਸੜਕ 'ਤੇ ਹੀ ਚਾਹ ਵਾਲੇ ਫੋਮ ਦੇ ਕੱਪਾਂ ਵਿਚ ਹਾੜਾ ਫੜੀ ਖੜ੍ਹੇ ਸਨ। ਇਨ੍ਹਾਂ ਵਿਚ ਬੇ-ਏਰੀਆ ਸਪੋਰਟਸ ਕਲੱਬ ਵਾਲੇ ਬਲਜੀਤ ਤੇ ਬਲਜੋਗ ਸੰਧੂ ਵੀ ਸ਼ਾਮਲ ਸਨ। ਕੋਲ ਹੀ ਪੁਲਿਸ ਵਾਲੇ ਵੀ ਆਪਣੇ ਪੂਰੇ ਲਾਮਲਸ਼ਕਰ ਸਮੇਤ ਤੁਰੇ ਫਿਰਦੇ ਸਨ। ਕਿਸੇ ਨੇ ਟੋਕਿਆ ਨਹੀਂ। ਸ਼ਾਇਦ ਸੋਚਦੇ ਹੋਣਗੇ ਇੱਡੇ ਅਸੀਲ ਦਰਸ਼ਕਾਂ ਨੂੰ ਭਲਾ ਕੀ ਕਹਿਣਾ ਹੋਇਆ। ਉਂਜ ਪੰਜ ਹਫਤੇ ਪਹਿਲਾਂ ਇਸੇ ਹੀ ਮੈਦਾਨ ਵਿਚ ਹੋਏ ਇਕ ਪੰਜਾਬੀ ਮੇਲੇ ਸਮੇਂ ਹੋਈ ਨਿੱਕੀ ਜਿਹੀ ਗੜਬੜ ਕਰਕੇ ਪੁਲਿਸ ਵਾਲੇ ਪੂਰੀਆਂ ਤਿਆਰੀਆਂ ਕਰਕੇ ਪਹੁੰਚੇ ਹੋਏ ਸਨ।



ਭੁਪਿੰਦਰ ਬੱਬਲ ਆਪਣੀ ਗਾਇਕੀ ਦਾ ਸਿੱਕਾ ਮਨਵਾਉਂਦੇ ਹੋਏ







ਆਹ ਜਾਂਦਾ ਈ ਬਈ ਸਿੰਘ ਸਰਦਾਰ

***

ਕਬੱਡੀ ਪ੍ਰੇਮੀਆਂ ਨੇ ਆਪਣੇ ਸੁਭਾ ਅਨੁਸਾਰ ਚੰਗੀ ਕਬੱਡੀ ਤੋਂ ਚੰਗੇ ਡਾਲਰ ਵਾਰੇ। ਵਾਕੀਗਨ ਵਾਲੇ ਗਿੱਲ ਭਰਾਵਾਂ ਨੇ ਦੂਜਾ ਇਨਾਮ ਤਾਂ ਦਿੱਤਾ ਹੀ, ਨਾਲ ਹੀ ਚੰਗੇ ਸਟਾਪਾਂ ਅਤੇ ਰੇਡਾਂ 'ਤੇ ਵੀ ਖੁੱਲ੍ਹ ਕੇ ਡਾਲਰ ਦਿੱਤੇ। ਟੀਮਾਂ ਦੀ ਝੋਲੀ ਵੀ ਉਨ੍ਹਾਂ ਡਾਲਰ ਪਾਏ। ਇਸ ਮਾਮਲੇ 'ਚ ਮੁੱਖ ਮਹਿਮਾਨ ਹਾਕੀ ਓਲੰਪੀਅਨ ਚਰਨਜੀਤ ਸਿੰਘ ਵੀ ਪਿਛੇ ਨਾ ਰਹੇ ਅਤੇ ਉਨ੍ਹਾਂ ਸੌ ਸੌ ਡਾਲਰਾਂ ਦੇ ਨੋਟ ਖਿਡਾਰੀਆਂ ਦੀ ਝੋਲੀ ਪਾਏ।

***

ਸ਼ਾਇਦ ਪਿਛਲੇ ਸਾਲ ਦੇ ਤਜ਼ਰਬੇ ਤੋਂ ਸਬਕ ਸਿੱਖਦਿਆਂ ਪ੍ਰਬੰਧਕਾਂ ਨੇ ਇਸ ਵਾਰ ਸਫਾਈ ਦਾ ਉਚੇਚਾ ਖਿਆਲ ਰੱਖਿਆ। ਸਫਾਈ ਲਈ ਉਚੇਚੇ ਲਿਆਂਦੇ ਵਰਕਰ ਦਰਸ਼ਕਾਂ ਦੇ ਖਿਲਾਰੇ ਨੂੰ ਨਾਲ ਦੀ ਨਾਲ ਹੀ ਸਾਂਭੀ ਜਾ ਰਹੇ ਸਨ। ਪਿਛਲੇ ਸਾਲ ਸਫਾਈ ਦਾ ਪੂਰਾ ਪ੍ਰਬੰਧ ਨਾ ਹੋਣ ਕਾਰਨ ਮੇਲੇ ਵਾਲੀ ਥਾਂ ਵੱਡਾ ਖਿਲਾਰਾ ਪਿਆ ਸੀ।





(ਹੋਰ ਤਸਵੀਰਾਂ ਅਗਲੇ ਸਫੇ 'ਤੇ)

# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦਾ ਕਬੱਡੀ ਕੱਪ ਟੂਰਨਾਮੈਂਟ

## ਤਸਵੀਰਾਂ ਦੀ ਜ਼ੁਬਾਨੀ

## ਸਾਡੇ ਸਪਾਂਸਰ

### ਪਲਾਟੀਨਮ ਸਪਾਂਸਰ

**(ਕਰਾਊਨ ਪੁਆਇੰਟ, ਇੰਡੀਆਨਾ)**

ਸ਼ਮਸ਼ੇਰ ਸਿੰਘ ਬੋਪਾਰਾਏ, ਵਿਰਕ ਬ੍ਰਦਰਜ਼-ਕੇ. ਵਿਰਕ, ਰਾਜਿੰਦਰ ਸਿੰਘ ਬੈਂਸ, ਜਸਪਾਲ ਸਿੰਘ ਜੱਸੀ, ਗੁਰਿੰਦਰ ਸਿੰਘ ਗਿੱਲ, ਮਨਦੀਪ ਸਿੰਘ ਭੂਰਾ, ਸੁਰਜੀਤ ਸਿੰਘ ਗਿਲਜੀਆਂ, ਗੁਰਨਾਮ ਸਿੰਘ ਸਿੱਧੂ, ਸੁਰਜੀਤ ਸਿੰਘ ਗਰੇਵਾਲ, ਕੁਲਦੀਪ ਸਿੰਘ ਟਾਂਡਾ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਮਨਜੀਤ ਸਿੰਘ ਕਹਿਲ, ਮੱਖਣ ਸਿੰਘ ਗਿੱਲ, ਲਖਵੀਰ ਸਿੰਘ ਚੀਮਾ, ਵਰਿੰਦਰ ਸਿੰਘ ਨਾਗਰਾ, ਹਰਨਿੰਦਰ ਸਿੰਘ ਨਿੰਦੀ, ਨਿਧਾਨ ਸਿੰਘ, ਮੇਜਰ ਸਿੰਘ ਢਿੱਲੋਂ, ਰਤਨਦੀਪ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਬਸਰਾ, ਪਾਲੀ ਗਰੇਵਾਲ, ਅਮਰੀਕ ਸਿੰਘ ਬਸਰਾ, ਜਸਵੀਰ ਸਿੰਘ ਹੋਠੀ, ਰਣਜੀਤ ਸਿੰਘ ਰੈਂਡੀ, ਜਸਪਾਲ ਸਿੰਘ ਮੁਲਤਾਨੀ, ਰਣਜੀਤ ਸਿੰਘ ਕਾਹਲੋਂ (ਤੰਦੂਰ), ਇਕਬਾਲ ਸਿੰਘ ਮਿਆਣੀ, ਬਲਵਿੰਦਰ ਸਿੰਘ ਪਿੰਦਾ, ਟੇਸਟ ਆਫ ਇੰਡੀਆ (ਜੱਸੀ), ਜਸਪਾਲ ਸਿੰਘ-ਪ੍ਰਧਾਨ, ਸੁਰਿੰਦਰ ਸਿੰਘ ਪਾਲੀਆ, ਪੀ.ਏ.ਵਾਈ.ਸੀ. ਆਫ ਇੰਡੀਆਨਾ, ਗੁਰਪ੍ਰੀਤ ਸਿੰਘ ਬੌਬੀ, ਸੁਰਿੰਦਰਪਾਲ ਸਿੰਘ, ਬਲਰਾਜ ਸਿੰਘ

### ਗਰੈਂਡ ਸਪਾਂਸਰ

**ਮਿਲਵਾਕੀ:** ਸਤਵੰਤ ਸਿੰਘ ਕਾਲੇਕਾ, ਕੈਪਟਨ ਕਮਲਜੀਤ ਸਿੰਘ ਬਾਜਵਾ, ਬੇਅੰਤ ਸਿੰਘ ਬੋਪਾਰਾਏ, ਪਰਮਿੰਦਰ ਸਿੰਘ ਗੋਲਡੀ, ਬਿਕਰਮਜੀਤ ਸਿੰਘ ਸੇਖੋਂ, ਇੰਦਰਜੀਤ ਸਿੰਘ ਢਿੱਲੋਂ, ਹਰਿੰਦਰ ਸਿੰਘ ਧਾਲੀਵਾਲ, ਜਗਜੀਤ ਸਿੰਘ ਸਿੱਧੂ, **(ਆਇਓਵਾ):** ਸੰਤੋਖ ਸਿੰਘ ਨਾਗਰਾ, ਪਰਵਿੰਦਰ ਸਿੰਘ ਗਰੇਵਾਲ, ਜਰਨੈਲ ਸਿੰਘ ਗਰੇਵਾਲ, **ਸ਼ਿਕਾਗੋ:** ਹਰਕਿਸ਼ਨ ਸਿੰਘ ਭੱਟੀ, ਡਾ. ਮੁਖਤਿਆਰ ਸਿੰਘ ਨੰਦਰਾ, ਲਾਲੀ ਤੇ ਪਾਲੀ ਭਰਾ, ਭੁਪਿੰਦਰ ਸਿੰਘ ਹੁੰਦਲ, ਬਿਕਰਮ ਸਿੰਘ ਸਿੱਧੂ, ਗੁਲਜ਼ਾਰ ਸਿੰਘ ਮੁਲਤਾਨੀ, ਮੇਜਰ ਸਿੰਘ ਮੱਲ੍ਹੀ, ਸੰਨੀ ਗਿੱਲ (ਮੈਰਾਥਨ), ਹਰਵਿੰਦਰ ਸਿੰਘ ਕੰਗ, ਨਰਿੰਦਰ ਸਿੰਘ ਮੁੰਦਰ, ਚਰਨ ਸਿੰਘ ਐਂਡ ਪੁਸ਼ਪਿੰਦਰ ਪੁਨੀਆ (ਦੀਵਾਨ ਤੇ ਕਲਾਰਕ ਆਟੋ ਰਿਪੇਅਰ), ਡਾ. ਪਾਲ ਬਦੇਸ਼ਾ ਤੇ ਪਰਿਵਾਰ, ਪਰਮਿੰਦਰ ਸਿੰਘ ਵਾਲੀਆ, ਸ਼ਿਕਾਗੋ ਟੈਕਸੀ ਪਾਰਟਸ ਇੰਕ, ਲਵ ਮਿਨਹਾਸ

### ਸਿਲਵਰ ਸਪਾਂਸਰ

ਹਰਜੀਤ ਸਿੰਘ, ਗੁਰਦੇਵ ਸਿੰਘ ਭੱਠਲ ਤੇ ਪਰਿਵਾਰ, ਮਾਨ ਭਰਾ, ਜਸਬੀਰ ਸਿੰਘ ਸੋਢੀ, ਗੁਰਦੇਵ ਸਿੰਘ, ਗਲੋਬ ਟੈਕਸੀ, ਸੁਰਿੰਦਰਪਾਲ ਸਿੰਘ ਭੱਟੀ, ਭਜਨ ਸਿੰਘ ਕਲਸੀ, ਕਿਰਪਾਲ ਸਿੰਘ ਭੰਗੂ, ਗੁਰਦੇਵ ਸਿੰਘ ਗਿੱਲ, ਕੁਲਵਿੰਦਰ ਸਿੰਘ, ਤਰਲੋਚਨ ਸਿੰਘ, ਗੁਰਦੇਵ ਸਿੰਘ ਕਿਨੋਸ਼ਾ, ਸੰਨੀ ਗਿੱਲ, ਸੰਨੀ ਕੁਲਾਰ, ਹਰਦਿਆਲ ਸਿੰਘ ਦਿਓਲ, ਗੁਰਦਿਆਲ ਸਿੰਘ ਬਸਰਾਨ, ਰਵਿੰਦਰ ਸਿੰਘ (ਆਰ.ਕੇ. ਕਾਰਪੈਟਸ), ਇੰਦਰ-ਪੰਜਾਬੀ ਢਾਬਾ, ਬਲੂ ਰਿਬਨ ਟੈਕਸੀ, ਦਰਸ਼ਨ ਸਿੰਘ, ਅਰਵਿੰਦ ਗਾਖਲ, ਬਲਦੇਵ ਸਿੰਘ ਬਾਗੜੀ, ਸਟਾਰ ਫੂਡ ਐਂਡ ਗਿਫਟ ਇੰਕ., ਹਰਵਿੰਦਰ ਸਿੰਘ ਸਿੱਧੂ, ਕਿਰਪਾਲ ਐਂਡ ਜਸਪਾਲ-ਬਾਜਵਾ ਬ੍ਰਦਰਜ਼, ਦਰਸ਼ਨ ਸਿੰਘ ਬਸਰਾਨ, ਹਰਲੀਨ ਐਂਟਰਪ੍ਰਾਈਜਿਜ਼, ਹਰਜਾਪ ਸੰਘਾ ਫਾਊਂਡੇਸ਼ਨ, ਗੁਰਦਿੱਤ ਸਿੰਘ ਸੈਣੀ, ਬਲਤੇਜ ਕਾਹਲੋਂ, ਲਖਬੀਰ ਸੰਧੂ, ਮਿੰਦਰ ਤੇ ਤਾਲੀ-ਭੱਠਲ, ਰੂਪ ਤੇ ਸੰਦੀਪ ਢਿੱਲੋਂ, ਲਖਬੀਰ ਸਿੰਘ ਚਾਹਲ, ਵਰਿੰਦਰ ਸਿੰਘ ਪਰਮਾਰ, ਨਿਲੇਸ਼ ਟੋਪੀਵਾਲਾ, ਮਲਕੀਤ ਸਿੰਘ ਮਾਈਕ, ਸ਼੍ਰੋਮਣੀ ਅਕਾਲੀ ਦਲ (ਅ) ਸ਼ਿਕਾਗੋ ਯੂਨਿਟ, ਸਟਾਰ ਆਟੋ, ਬਿੱਲਾ ਭਾਅ ਜੀ-ਰਸੀਨ, ਪੰਡਿਤ ਜੀ ਸਤੀਸ਼, ਅਲਮਦੀਨਾ ਆਟੋ ਵਰਕਸ, ਜਗਜੀਤ ਸਿੰਘ ਢੀਂਡਸਾ, ਮਲਿੰਦਰ ਸਿੰਘ ਮਿਨਹਾਸ, ਅੰਮ੍ਰਿਤਪਾਲ ਸਿੰਘ ਗਿੱਲ, ਹੌਬੀ ਗਰੇਵਾਲ, ਹਰਵੰਤ ਸਿੰਘ, ਸਰਬਜੀਤ ਸਿੰਘ ਤੇ ਬਲਹਾਰ ਸਿੰਘ, ਮਨਜੀਤ ਸਿੰਘ ਨੰਨਣ, ਮਨਜੀਤ ਸਿੰਘ, ਗੁਰਦੇਵ ਸਿੰਘ, ਸਤੀਸ਼ ਕੁਮਾਰ, ਲਖਬੀਰ ਸਿੰਘ ਚਾਹਲ, ਹਾਲਸਟੱਡ ਆਟੋ, ਇੰਦਰਜੀਤ ਸਿੰਘ ਮੱਕੜ




















Sponsored Page























Sponsored Page


# ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਕਬੱਡੀ ਕੱਪ ਟੂਰਨਾਮੈਂਟ ਤਸਵੀਰਾਂ ਦੀ ਜ਼ੁਬਾਨੀ



**Sponsored Page**

# ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਰਥ ਅਮਰੀਕਾ


ਸ. ਪ੍ਰਕਾਸ਼ ਸਿੰਘ ਬਾਦਲ
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)


ਸ. ਸੁਖਬੀਰ ਸਿੰਘ ਬਾਦਲ
(ਕਾਰਜਕਾਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ)


ਸ. ਸੁਰਜੀਤ ਸਿੰਘ ਰੱਖੜਾ
(ਪ੍ਰਧਾਨ ਐਨ.ਆਰ.ਆਈ. ਵਿੰਗ)


ਸ. ਮਨਜੀਤ ਸਿੰਘ ਦਸੂਹਾ
(ਪ੍ਰਧਾਨ, ਅਕਾਲੀ ਦਲ, ਅਮਰੀਕਾ)


ਸ. ਬਲਦੇਵ ਸਿੰਘ ਸੱਲਾਂ
ਫੋਨ:317-362-5843


ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ
ਫੋਨ:574-320-3242


ਸ. ਨਰਿੰਦਰ ਸਿੰਘ ਮੁੰਦਰ
ਫੋਨ:269-273-6500

ਸ. ਬਲਦੇਵ ਸਿੰਘ ਸੱਲਾਂ ਨੂੰ ਅਕਾਲੀ ਦਲ (ਬਾਦਲ) ਦੇ ਐਨ.ਆਰ.ਆਈ. ਵਿੰਗ ਅਮਰੀਕਾ ਦਾ ਮੀਤ ਪ੍ਰਧਾਨ ਅਤੇ ਸ. ਕਿਰਨਜੀਤ ਸਿੰਘ (ਕਿੱਟੂ) ਬਾਵਾ ਨੂੰ ਮਿਡਵੈਸਟ ਅਮਰੀਕਾ ਦਾ ਪ੍ਰਧਾਨ ਅਤੇ ਸ. ਨਰਿੰਦਰ ਸਿੰਘ ਮੁੰਦਰ ਨੂੰ ਜਨਰਲ ਸਕੱਤਰ ਨਿਯੁਕਤ ਹੋਣ 'ਤੇ

## ਸੁਭ ਕਾਮਨਾਵਾਂ!


ਸੁਖਦੇਵ ਸਿੰਘ ਖਾਲਸਾ
419 699 9055


ਜਰਨੈਲ ਸਿੰਘ ਮਿਆਣੀ
262-370-2428


ਸਤਪਾਲ ਸਿੰਘ
262-930-2523


ਜਸਵਿੰਦਰ ਸਿੰਘ ਭੰਦਾਸ
414-873-5525


ਪਰਮਿੰਦਰ ਸਿੰਘ ਗੋਲਡੀ
414 736 6580


ਹਰਜਿੰਦਰ ਸਿੰਘ ਜਿੰਦੀ
414 841 5649

## ਸਮੂਹ ਮੈਂਬਰ ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ
ਮਿਲਵਾਕੀ (ਵਿਸਕਾਨਸਿਨ)

# ਰਾਜਸੀ ਚੋਚਲਿਆਂ ਦਾ ਪੁਰਾਣਾ ਅੱਡਾ ਹੈ ਸ਼ਿਮਲਾ ਸ਼ਹਿਰ

**-ਜਤਿੰਦਰ ਸਿੰਘ ਪੰਨੂ**



ਪੰਜਾਬ ਦੇ ਹਾਕਮ ਗਠਜੋੜ ਦੀ ਪ੍ਰਮੁੱਖ ਪਾਰਟੀ ਵਲੋਂ ਪੰਜਾਬ ਦੀ ਰਾਜਨੀਤੀ ਬਾਰੇ ਪੰਜਾਬੋਂ ਬਾਹਰ ਸ਼ਿਮਲੇ ਜਾ ਕੇ ਚਿੰਤਨ ਕਰਨ ਨੇ ਕਈ ਲੋਕਾਂ ਨੂੰ ਟਿੱਪਣੀਆਂ ਕਰਨ ਦਾ ਮੌਕਾ ਦਿੱਤਾ ਹੈ। ਸ਼ਿਮਲਾ ਇੱਕ ਪਹਾੜੀ ਸੈਰਗਾਹ ਹੈ। ਰਾਜਸੀ ਚੋਂਚਲਿਆਂ ਦਾ ਪੁਰਾਣਾ ਅੱਡਾ ਵੀ ਇਹੋ ਹੈ। ਅੰਗਰੇਜ਼ਾਂ ਦੇ ਵਾਇਸਰਾਏ ਨੇ ਜਦੋਂ ਮਹਾਤਮਾ ਗਾਂਧੀ, ਮੁਹੰਮਦ ਅਲੀ ਜਿਨਾਹ ਜਾਂ ਕਿਸੇ ਹੋਰ ਵੱਡੇ ਲੀਡਰ ਨਾਲ ਗੁਫ਼ਤਗੂ ਕਰਨੀ ਹੁੰਦੀ ਤਾਂ ਉਹ ਵੀ ਬਹੁਤੀ ਵਾਰੀ ਓਥੇ ਹੀ ਬੁਲਾਉਂਦਾ ਹੁੰਦਾ ਸੀ। ਭਾਰਤੀ ਜਨਤਾ ਪਾਰਟੀ ਨੇ ਵੀ ਦੋ ਵਾਰੀ ਵੱਡੀਆਂ ਮੀਟਿੰਗਾਂ ਓਥੇ ਹੀ ਲਾਈਆਂ ਹਨ। ਇਹਨਾਂ ਸਾਰਿਆਂ ਦੀ ਵੇਖੋ-ਵੇਖੀ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੀ ਚਿੰਤਨ ਬੈਠਕ ਸ਼ਿਮਲੇ ਬੁਲਾ ਲਈ, ਪਰ ਇਹ ਗੱਲ ਅੱਖੋਂ ਉਹਲੇ ਕਰ ਦਿੱਤੀ ਕਿ ਓਥੇ ਮੀਟਿੰਗਾਂ ਕਰਨ ਵਾਲਿਆਂ ਵਿਚੋਂ ਸ਼ਿਮਲਾ ਕਿਸੇ ਲਈ ਵੀ ਕਦੇ ਸੁਲੱਖਣਾ ਨਹੀਂ ਰਿਹਾ। ਵਾਇਸਰਾਏ ਦੀਆਂ ਓਥੇ ਸੱਦ ਕੇ ਕੀਤੀਆਂ ਮੀਟਿੰਗਾਂ ਵੀ ਰਾਸ ਨਹੀਂ ਸਨ ਆ ਸਕੀਆਂ, ਭਾਜਪਾ ਵੀ ਪਹਾੜਾਂ 'ਚੋਂ ਨਵੇਂ ਪੁਆੜੇ ਪਾ ਕੇ ਹੀ ਮੁੜੀ ਸੀ।

ਦੇਸ਼ ਦੀ ਰਾਜਨੀਤੀ ਦੀਆਂ ਦੋ ਪ੍ਰਮੁੱਖ ਕੇਂਦਰੀ ਪਾਰਟੀਆਂ ਵਿਚੋਂ ਇੱਕ ਕਾਂਗਰਸ ਹੈ ਤੇ ਦੂਜੀ ਭਾਰਤੀ ਜਨਤਾ ਪਾਰਟੀ। ਕਾਂਗਰਸ ਦੀ ਨੀਂਹ ਇੱਕ ਵਿਦੇਸ਼ੀ ਨੇ ਰੱਖੀ ਸੀ, ਜਿਹੜਾ ਆਪਣੇ ਦੇਸ਼ ਦੇ 'ਮੀਟਿੰਗ ਕਲਚਰ' ਬਾਰੇ ਜਾਣਦਾ ਸੀ ਤੇ ਮੀਟਿੰਗਾਂ ਕੁਰਸੀਆਂ 'ਤੇ ਬੈਠ ਕੇ ਹੀ ਹੁੰਦੀਆਂ ਸਨ। ਜਦੋਂ ਮਹਾਤਮਾ ਗਾਂਧੀ ਨੇ ਪਹਿਲੀ ਵਾਰੀ ਇੱਕ ਸਮਾਗਮ ਵਿਚ ਆਪਣੀ ਅਹਿਮੀਅਤ ਵਿਖਾਈ, ਉਸ ਪਿੱਛੋਂ ਅਗਲਾ 1921 ਦਾ ਸਮਾਗਮ ਕਰਨ ਵੇਲੇ ਉਸ ਨੇ ਦੋ ਗੱਲਾਂ ਦੀ ਹਦਾਇਤ ਅਗਾਊਂ ਕਰ ਦਿੱਤੀ ਸੀ, ਇੱਕ ਇਹ ਕਿ ਹਰ ਡੈਲੀਗੇਟ ਖੱਦਰ ਦੇ ਕੱਪੜੇ ਪਾ ਕੇ ਆਵੇਗਾ ਤੇ ਦੂਜੀ ਇਹ ਕਿ ਸਮਾਗਮ ਦੇ ਪੰਡਾਲ ਵਿਚ ਸਭ ਨੂੰ ਕੁਰਸੀਆਂ ਦੀ ਬਜਾਏ ਦਰੀਆਂ ਉਤੇ ਬੈਠਣਾ ਹੋਵੇਗਾ। ਸਮਾਗਮ ਵਿਚ ਆਏ ਸਾਰੇ ਲੀਡਰਾਂ ਨੇ ਪਹਿਰਾਵੇ ਦੀ ਇਹ ਸ਼ਰਤ ਵੀ ਮੰਨੀ ਸੀ, ਸਿਰਫ਼ ਮੁਹੰਮਦ ਅਲੀ ਜਿਨਾਹ ਨੇ ਨਹੀਂ ਸੀ ਮੰਨੀ, ਜੋ ਕੋਟ-ਪੈਂਟ ਪਾ ਕੇ ਤੇ ਟਾਈ ਲਾ ਕੇ ਆਇਆ ਸੀ, ਪਰ ਕੁਰਸੀਆਂ ਨਾ ਹੋਣ ਕਰ ਕੇ ਬਹਿਣਾ ਉਸ ਨੂੰ ਵੀ ਜ਼ਮੀਨ 'ਤੇ ਪਿਆ ਸੀ। ਉਹ ਰੀਤ ਕਾਂਗਰਸ ਵਿਚ ਅਜ਼ਾਦੀ ਪਿੱਛੋਂ ਵੀ ਲੰਮਾ ਸਮਾਂ ਰਹੀ, ਪਰ ਇੱਕ ਸਮੇਂ ਉਸ ਤੋਂ ਪਾਸਾ ਵੱਟਿਆ ਜਾਣ ਲੱਗ ਪਿਆ ਸੀ। ਸੋਨੀਆ ਗਾਂਧੀ ਦੇ ਅਗਵਾਈ ਸੰਭਾਲਣ ਅਤੇ ਉਸ ਦੇ ਪੁੱਤਰ ਦੇ ਉਭਾਰ ਪਿੱਛੋਂ ਉਹ ਰੀਤ ਫਿਰ ਅੱਗੇ ਵਧੀ ਹੈ। ਰਾਹੁਲ ਗਾਂਧੀ ਕੁੜਤੇ-ਪਜਾਮੇ ਨਾਲ ਸਭ ਥਾਂ ਨਜ਼ਰ ਆਉਂਦਾ ਹੈ, ਜਦ ਕਿ ਭਾਰਤੀ ਸੱਭਿਆਚਾਰ ਦੀ ਅਲਮਬਰਦਾਰੀ ਦੇ ਦਾਅਵੇ ਕਰਨ ਵਾਲੇ ਭਾਜਪਾ ਲੀਡਰਾਂ ਦੀਆਂ ਮੀਟਿੰਗਾਂ ਹੁਣ ਪੰਜ-ਤਾਰਾ ਹੋਟਲਾਂ ਵਿਚ ਹੁੰਦੀਆਂ ਹਨ ਤੇ ਸਫ਼ਾਰੀ ਸੂਟਾਂ ਵਿਚ ਉਹ ਖੁਦ ਨਜ਼ਰ ਆਉਂਦੇ ਹਨ। ਐਨ ਇਹੋ ਮੋੜਾ ਪਿਛਲੇ ਸਮੇਂ ਵਿਚ ਅਕਾਲੀ ਦਲ ਦੇ ਆਗੂਆਂ ਨੇ ਕੱਟਿਆ ਹੈ ਤੇ ਉਹ ਪਾਰਟੀ ਨੂੰ ਪੰਜ-ਤਾਰਾ ਕਲਚਰ ਦਾ ਰੰਗ ਚੜ੍ਹਾਉਣ ਲੱਗੇ ਹਨ।

ਪਿਛਲੇ ਦਿਨਾਂ ਵਿਚ ਦਿੱਲੀ ਵਿਚੋਂ ਕੁਝ ਹੋਰ ਨਵੀਆਂ ਸੁਰਾਂ ਵੀ ਸੁਣਾਈ ਦਿੱਤੀਆਂ ਹਨ। ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨਾਲ ਸਲਾਹ ਕਰ ਕੇ ਖ਼ਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੇ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਅਤੇ ਵਿਦੇਸ਼ ਰਾਜ ਮੰਤਰੀ ਸ਼ਸ਼ੀ ਥਰੂਰ ਨੂੰ ਪੰਜ-ਤਾਰਾ ਹੋਟਲਾਂ ਵਿਚੋਂ ਡੰਡਾ-ਡੇਰਾ ਚੁੱਕਣ ਲਈ ਮਜਬੂਰ ਕਰ ਦਿੱਤਾ। ਉਸ ਦੇ ਮਗਰੇ-ਮਗਰ ਇਹ ਹਦਾਇਤ ਵੀ ਜਾਰੀ ਕਰ ਦਿੱਤੀ ਕਿ ਅੱਗੇ ਤੋਂ ਪੰਜ-ਤਾਰਾ ਹੋਟਲਾਂ ਵਿਚ ਪ੍ਰੈੱਸ ਕਾਨਫ਼ਰੰਸਾਂ ਜਾਂ ਹੋਰ ਸਮਾਗਮ ਵੀ ਨਹੀਂ ਕਰਨੇ ਤੇ ਹਵਾਈ ਸਫ਼ਰ ਵੇਲੇ ਵੀ ਬਿਜ਼ਨਸ ਕਲਾਸ ਦੀ ਬਜਾਏ ਇਕਾਨਮੀ ਕਲਾਸ ਵਿਚ ਹੀ ਜਾਣ ਦੀ ਕੋਸ਼ਿਸ਼ ਕਰਨੀ ਹੈ। ਵਿਦੇਸ਼ ਯਾਤਰਾ ਵੇਲੇ ਗੁਲਛੱਰੇ ਉਡਾਉਣ ਉਤੇ ਰੋਕ ਲਾਉਂਦਿਆਂ ਇਹ ਵੀ ਕਹਿ ਦਿੱਤਾ ਕਿ ਓਥੇ ਖਾਣ-ਪੀਣ ਦੇ ਭੱਤੇ ਵਜੋਂ ਸਿਰਫ਼ ਪੰਝੱਤਰ ਡਾਲਰ ਰੋਜ਼ ਦੇ ਮਿਲ ਸਕਣਗੇ, ਇਸ ਤੋਂ ਵੱਧ ਨਹੀਂ। ਇਹ ਹਦਾਇਤਾਂ ਖੁੱਲ੍ਹਾ ਹੱਥ ਰੱਖਣ ਦੇ ਆਦੀ ਹੋ ਚੁੱਕੇ ਕਾਂਗਰਸੀ ਲੀਡਰਾਂ ਦੇ ਸੰਘੋਂ ਨਹੀਂ ਉੱਤਰ ਰਹੀਆਂ। ਉਹ ਬੁੜ-ਬੁੜ ਕਰ ਰਹੇ ਹਨ, ਅੰਦਰੋ-ਅੰਦਰੀ ਤੜਫਦੇ ਵੀ ਹਨ, ਪਰ ਕਿਸੇ ਦੀ ਇਹ ਹਿੰਮਤ ਨਹੀਂ ਕਿ ਵਿਰੋਧ ਕਰ ਸਕੇ। ਆਪ ਸਿੱਧਾ ਵਿਰੋਧ ਕਰਨ ਦੀ ਬਜਾਏ ਉਹ ਕੇਂਦਰੀ ਸਰਕਾਰ ਵਿਚ ਭਾਈਵਾਲ ਦੂਜੀਆਂ ਪਾਰਟੀਆਂ ਦੇ ਮੰਤਰੀਆਂ ਨੂੰ ਉਕਸਾ ਰਹੇ ਹਨ, ਤਾਂ ਕਿ ਪੁਰਾਣੀ ਰੀਤ ਚੱਲਦੀ ਰਹਿ ਸਕੇ, ਪਰ ਗੱਲ ਉਨ੍ਹਾਂ ਦੀ ਬਣਦੀ ਨਹੀਂ ਜਾਪਦੀ।

ਦੂਜੇ ਪਾਸੇ ਭਾਜਪਾ ਕੀ ਕਰਦੀ ਹੈ, ਉਸ ਨੂੰ ਪਾਸੇ ਰੱਖ ਕੇ ਅਸੀਂ ਇਹ ਵੇਖੀਏ ਕਿ ਅਕਾਲੀ ਆਗੂ ਕੀ ਕਰਦੇ ਹਨ? ਪੰਜਾਬ ਦੇ ਖ਼ਜ਼ਾਨੇ ਦੀ ਮੰਦੀ ਹਾਲਤ ਹੈ। ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੁਹਾਈ ਦੇ ਰਿਹਾ ਹੈ। ਇਸ ਦੇ ਬਾਵਜੂਦ ਮੰਤਰੀਆਂ ਤੇ ਵਿਧਾਇਕਾਂ ਦੇ ਭੱਤੇ ਤੇ ਹੋਰ ਸਹੂਲਤਾਂ ਵਧਾਉਣ ਲਈ ਮਤੇ ਪਾਸ ਕੀਤੇ ਜਾ ਰਹੇ ਹਨ। ਮੰਤਰੀਆਂ ਨੂੰ ਕੈਮਰੀ ਕਾਰਾਂ ਚਾਹੀਦੀਆਂ ਹਨ, ਜੋ ਬਹੁਤ ਮਹਿੰਗੀਆਂ ਹਨ। ਜੇ ਉਨ੍ਹਾਂ ਨੂੰ ਚਾਹੀਦੀਆਂ ਹਨ ਤਾਂ ਵੱਡੇ ਰੁਤਬੇ ਵਾਲੇ ਅਧਿਕਾਰੀਆਂ ਨੂੰ ਵੀ ਚਾਹੀਦੀਆਂ ਹਨ। ਪੰਜਾਬ ਵਿਚ ਟ੍ਰੈਫ਼ਿਕ ਦਾ ਪ੍ਰਬੰਧ ਠੀਕ ਨਹੀਂ, ਤਜਵੀਜ਼ ਬਣਦੀ ਹੈ ਕਿ ਟ੍ਰੈਫ਼ਿਕ ਪ੍ਰਬੰਧ ਬਾਰੇ ਜਾਣਕਾਰੀ ਲੈਣ ਲਈ ਵਿਧਾਇਕਾਂ ਦਾ ਇੱਕ ਗਰੁੱਪ ਆਸਟਰੇਲੀਆ ਭੇਜਿਆ ਜਾਵੇਗਾ। ਖ਼ਜ਼ਾਨਾ ਮੰਤਰੀ ਕਹਿੰਦਾ ਹੈ ਕਿ ਓਥੇ ਜਾ ਕੇ ਪੈਸੇ ਬਰਬਾਦ ਕਰਨ ਦੀ ਲੋੜ ਨਹੀਂ, ਇਹ ਜਾਣਕਾਰੀ ਇੰਟਰਨੈਟ ਤੋਂ ਵੀ ਮਿਲ ਸਕਦੀ ਹੈ, ਪਰ ਉਸ ਦੀ ਗੱਲ ਨਾ ਮੰਨ ਕੇ ਆਸਟਰੇਲੀਆ ਦੀਆਂ ਸੈਰਾਂ ਉਲੀਕੀਆਂ ਜਾ ਰਹੀਆਂ ਹਨ। ਵਗਦੀ ਗੰਗਾ 'ਚੋਂ ਹੱਥ ਧੋਣ ਦਾ ਮੌਕਾ ਕੋਈ ਗੁਆਉਣਾ ਹੀ ਨਹੀਂ ਚਾਹੁੰਦਾ। ਕਾਰਾਂ ਅਤੇ ਪੰਜ-ਤਾਰਾ ਵਸੇਬੇ ਤਾਂ ਕਿਧਰੇ ਰਹੇ, ਗੱਡੀਆਂ ਉੱਤੇ ਵੀ ਆਈ ਪੀ ਰਜਿਸਟਰੇਸ਼ਨ ਨੰਬਰ ਦਾ ਚਸਕਾ ਵੀ ਨਹੀਂ ਛੱਡਦਾ। ਜੇ ਨੰਬਰ ਨਹੀਂ ਮਿਲ ਸਕੇ ਤਾਂ ਮਨ ਮਰਜ਼ੀ ਦਾ ਨੰਬਰ ਲਾ ਲਵੋ, ਉਹ ਭਾਵੇਂ ਪੰਜਾਬ ਦੇ ਕਿਸੇ ਖੇਤ ਵਿਚ ਵਗਦੇ ਟਰੈਕਟਰ ਨੂੰ ਹੀ ਅਲਾਟ ਹੋਇਆ ਹੋਵੇ। ਅਕਾਲੀ ਦਲ ਦੀ ਇੱਕ ਪ੍ਰਮੁੱਖ ਇਸਤਰੀ ਲੀਡਰ ਤੇ ਸਾਬਕਾ ਮੰਤਰੀ ਬੀਬੀ ਦੀਆਂ ਦੋ ਗੱਡੀਆਂ ਜਾਅਲੀ ਨੰਬਰ ਲਾ ਕੇ ਤੇ ਤੀਜੀ ਪੁਰਾਣਾ ਟੈਂਪਰੇਰੀ ਨੰਬਰ ਲਾ ਕੇ ਘੁੰਮੀ ਜਾਂਦੀ ਹੈ, ਉੱਪਰ ਬਗੈਰ ਮਨਜ਼ੂਰੀ ਤੋਂ ਲਾਲ ਬੱਤੀ ਵੀ ਲਾ ਰੱਖੀ ਹੈ, ਕੋਈ ਪੁੱਛਣ ਵਾਲਾ ਨਹੀਂ। ਇਸ 'ਅਕਾਲੀ ਕਲਚਰ' ਦਾ ਪੁਰਾਣੇ ਅਕਾਲੀ ਕਲਚਰ ਨਾਲ ਤਾਂ ਕੀ, ਕਾਂਗਰਸ ਦੇ ਕਲਚਰ ਨਾਲ ਵੀ ਕੋਈ ਮੁਕਾਬਲਾ ਨਹੀਂ। ਹਰ ਕੋਈ ਜਾਨਣਾ ਚਾਹੁੰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਇਸ 'ਹਿਰਦੇ ਪ੍ਰੀਵਰਤਨ' ਜਾਂ ਫਿਰ ਪੰਜਾਬੀ ਬੋਲੀ ਮੁਤਾਬਕ ਕਹੀਏ ਤਾਂ 'ਕੁੰਜ ਬਦਲੀ' ਦਾ ਕਾਰਨ ਕੀ ਹੈ? ਜਿਹੜੇ ਲੋਕ ਇਸ ਨੂੰ 'ਕਾਕਾ ਕਲਚਰ' ਕਹਿੰਦੇ ਹਨ, ਉਹ ਇੱਕ ਗੰਭੀਰ ਤਬਦੀਲੀ ਦੀ ਤਰਜ਼ ਨੂੰ ਬਹੁਤ ਹੀ ਹਲਕੇ ਢੰਗ ਨਾਲ ਬਿਆਨ ਕਰਨਾ ਚਾਹੁੰਦੇ ਹਨ। ਅਸਲੀਅਤ ਨੂੰ ਜਾਨਣ ਲਈ ਪੰਜਾਬ ਦੇ ਸਮਾਜਕ ਤੇ ਆਰਥਿਕ ਹਾਲਤ ਦੀ ਤਬਦੀਲੀ ਨੂੰ ਵੀ ਜਾਨਣਾ ਚਾਹੀਦਾ ਹੈ ਤੇ ਸਮੇਂ ਦੀਆਂ ਰਾਜਨੀਤਕ ਲੋੜਾਂ ਨੂੰ ਵੀ। ਇਹਨਾਂ ਦੋਵਾਂ ਗੱਲਾਂ ਨੇ ਅਕਾਲੀ ਦਲ ਨੂੰ ਜਿੱਥੇ ਲੈ ਆਂਦਾ ਹੈ, ਉਹ ਵੀ ਹਾਲੇ ਉਸ ਦਾ ਪੱਕਾ ਮੁਕਾਮ ਨਹੀਂ, ਰਸਤੇ 'ਚ ਪੈਂਦਾ ਇੱਕ ਚੌਰਾਹਾ ਹੀ ਹੈ।

ਪੰਜਾਬ ਬਦਲ ਰਿਹਾ ਹੈ। ਤਬਦੀਲੀ ਦੇ ਇਸ ਦੌਰ ਵਿਚ, ਖਾਸ ਕਰ ਕੇ ਹਰੇ ਇਨਕਲਾਬ ਦੀ 'ਕ੍ਰਿਪਾ' ਕਾਰਨ, ਪਿੰਡਾਂ ਵਿਚਲੇ ਅੜੇ-ਥੁੜੇ ਲੋਕ ਤਾਂ ਅੱਗੇ ਵਧਣ ਦੀ ਥਾਂ ਹੋਰ ਵੀ ਮਰਨ ਕੰਢੇ ਪਹੁੰਚ ਗਏ, ਪਰ ਸੌਖੇ ਗੁਜ਼ਾਰੇ ਵਾਲੇ ਪਰਵਾਰ ਤਰੱਕੀ ਕਰਦੇ ਪਿੰਡਾਂ ਦੀ ਜੂਹ ਛੱਡ ਕੇ ਕਸਬਿਆਂ ਤੇ ਸ਼ਹਿਰਾਂ ਵਿਚ ਆਪਣੀ ਹੋਂਦ ਵਿਖਾਉਣ ਲੱਗੇ ਹਨ। ਪੁਰਾਣੇ ਸਮੇਂ ਵਿਚ ਪਿੰਡਾਂ ਵਿਚ ਵੀ ਦੁਕਾਨਦਾਰੀ ਉਹ ਲੋਕ ਕਰਦੇ ਸਨ, ਜਿਨ੍ਹਾਂ ਦਾ ਕਦੇ ਕਿਸਾਨੀ ਨਾਲ ਕੋਈ ਵਾਸਤਾ ਹੀ ਨਹੀਂ ਰਿਹਾ ਤੇ ਹੁਣ ਛੋਟੇ ਕਸਬਿਆਂ ਤੋਂ ਵੱਡੇ ਸ਼ਹਿਰਾਂ ਤੱਕ ਇਸ ਕੰਮ ਵਿਚ ਕਿਸਾਨੀ ਪਿਛੋਕੜ ਵਾਲੇ ਲੋਕ ਵੀ ਦਿਖਾਈ ਦੇਣ ਲੱਗ ਪਏ ਹਨ। ਕਿਸਾਨੀ ਕਦੇ ਜੱਟ ਸਿੱਖਾਂ ਦਾ ਮੁੱਖ ਕਿੱਤਾ ਹੁੰਦਾ ਸੀ, ਫਿਰ ਜੱਟ ਟਰੱਕਾਂ ਤੇ ਬੱਸਾਂ ਤੋਂ ਹੁੰਦੇ ਕੋਲਡ-ਸਟੋਰਾਂ ਤੱਕ ਪਹੁੰਚੇ ਤੇ ਹੁਣ ਉਹ ਸ਼ਹਿਰਾਂ ਵਿਚ ਕੰਪਿਊਟਰਾਂ ਦਾ ਕਾਰੋਬਾਰ ਵੀ ਸੰਭਾਲ ਰਹੇ ਹਨ ਤੇ ਵੱਡੇ-ਵੱਡੇ ਸ਼ਾਪਿੰਗ ਮਾਲ ਵੀ ਬਣਾਉਣ ਤੇ ਚਲਾਉਣ ਲੱਗੇ ਹੋਏ ਹਨ।

ਅਕਾਲੀ ਦਲ ਦੀ ਮੁੱਖ ਤਾਕਤ ਗਿਣੇ ਜਾਂਦੇ ਇਹ ਲੋਕ ਕਦੇ ਪਿੰਡਾਂ ਤੱਕ ਹੀ ਸੀਮਤ ਸਨ ਤੇ ਸ਼ਹਿਰਾਂ-ਕਸਬਿਆਂ 'ਚ ਗੈਰ-ਸਿੱਖ ਬਹੁ-ਗਿਣਤੀ ਹੁੰਦੇ ਸਨ, ਪਰ ਹੁਣ ਕਸਬਿਆਂ ਅੰਦਰ ਉਨ੍ਹਾਂ ਦੀ ਬਹੁ-ਗਿਣਤੀ ਹੈ ਤੇ ਜਲੰਧਰ ਜਾਂ ਲੁਧਿਆਣੇ ਵਰਗੇ ਸ਼ਹਿਰਾਂ ਵਿਚ ਵੀ ਉਹ ਸੱਠ-ਚਾਲੀ ਦੇ ਹਿਸਾਬ ਨਾਲ ਅੱਧੋ-ਅੱਧੀ ਦੇ ਨੇੜੇ ਪਹੁੰਚ ਜਾਣ ਕਰ ਕੇ ਸ਼੍ਰੋਮਣੀ ਅਕਾਲੀ ਦਲ ਏਥੋਂ ਦੀਆਂ ਮਿਊਂਸਪਲ ਕਾਰਪੋਰੇਸ਼ਨਾਂ ਦੀ ਅਗਵਾਈ ਸੰਭਾਲਣ ਲਈ ਭਾਜਪਾ ਦੇ ਪੈਰ ਮਿੱਧਣ ਤੱਕ ਪਹੁੰਚ ਗਿਆ ਹੈ। ਵੱਡੇ ਸ਼ਹਿਰਾਂ ਦੇ ਨਾਲ ਲੱਗਦੇ ਪਿੰਡਾਂ ਵਿਚ ਹੀ ਨਹੀਂ, ਦੁਰਾਡੇ ਪਿੰਡਾਂ ਦੇ ਖਾਂਦੇ-ਪੀਂਦੇ ਕਿਸਾਨ ਪਰਵਾਰ ਵੀ ਹੁਣ ਆਰਕੀਟੈਕਟ ਤੋਂ ਨਕਸ਼ੇ ਬਣਵਾ ਕੇ ਆਧੁਨਿਕ ਨਮੂਨੇ ਦੇ 'ਪੈਲੇਸ' ਵਰਗੇ ਮਕਾਨ ਬਣਾਉਣ ਲੱਗ ਪਏ ਹਨ। ਇਹਨਾਂ ਖਾਂਦੇ-ਪੀਂਦੇ ਲੋਕਾਂ ਦਾ ਸਾਥ ਜੇ ਰਾਜਨੀਤੀ ਵਿਚ ਲੈਣਾ ਹੈ ਤਾਂ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਰਹਿ ਕੇ ਗੱਲ ਨਹੀਂ ਬਣਨੀ, ਇਸ ਬਾਰੇ ਪੱਛਮ ਦਾ ਪੜ੍ਹਿਆ ਹੋਇਆ ਸੁਖਬੀਰ ਸਿੰਘ ਬਾਦਲ ਸਭ ਤੋਂ ਵੱਧ ਸੁਚੇਤ ਹੋਣ ਕਰ ਕੇ ਪਾਰਟੀ ਦਾ ਮੋੜਾ ਜਾਣ-ਬੁੱਝ ਕੇ ਕੱਟਵਾ ਰਿਹਾ ਹੈ।

ਦੂਜਾ ਕਾਰਨ ਦੇਸ਼ ਦੀ ਆਰਥਿਕਤਾ ਤੇ ਰਾਜਨੀਤੀ ਦੇ ਜੋੜ ਨਾਲ ਜਾ ਜੁੜਦਾ ਹੈ। ਕੋਈ ਵਕਤ ਸੀ, ਜਦੋਂ ਅਕਾਲੀ ਦਲ ਵਿਚ ਵੱਡਾ ਲੀਡਰ ਬਣਨ ਲਈ 'ਐਨੇ ਮੁਰੱਬਿਆਂ ਦਾ ਮਾਲਕ' ਵਾਲੀ ਗੱਲ ਬੜਾ ਵਜ਼ਨ ਰੱਖਦੀ ਸੀ। ਹੁਣ ਇਹ ਧਾਰਨਾ ਪਿੱਛੇ ਛੁੱਟ ਗਈ ਹੈ। ਦੂਜੇ ਪਾਸੇ ਵੱਡੇ ਅਜਾਰੇਦਾਰ ਘਰਾਣੇ ਪਹਿਲਾਂ ਵਾਂਗ ਬਿਰਲਾ, ਟਾਟਾ, ਡਾਲਮੀਆ, ਸਿੰਘਾਨੀਆ ਤੱਕ ਸੀਮਤ ਨਾ ਰਹਿ ਕੇ ਬਹੁਤ ਸਾਰੇ ਨਵੇਂ ਨਾਂਅ ਉੱਭਰ ਆਏ ਹਨ। ਅੰਬਾਨੀ ਭਰਾਵਾਂ ਨੇ ਤਾਂ ਬਾਕੀ ਸਾਰਿਆਂ ਨੂੰ ਪਿੱਛੇ ਛੱਡਿਆ ਪਿਆ ਹੈ। ਇਹ ਘਰਾਣੇ ਸਰਕਾਰਾਂ ਦੇ ਬਣਨ-ਟੁੱਟਣ 'ਚ ਵੀ ਰੋਲ ਅਦਾ ਕਰਦੇ ਹਨ। ਚੋਣਾਂ ਦੀ ਰਾਜਨੀਤੀ ਵਿਚ ਇਹਨਾਂ ਦੇ ਦਿੱਤੇ ਚੰਦਿਆਂ ਦੀ ਵੱਡੀ ਅਹਿਮੀਅਤ ਮੰਨੀ ਜਾਂਦੀ ਹੈ। ਪਿਛਲੇ ਸਾਲ ਬੜਾ ਰੌਲਾ ਪਿਆ ਸੀ ਕਿ ਇੰਡੀਅਨ ਤੰਬਾਕੂ ਕੰਪਨੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਲੱਖਾਂ ਰੁਪਏ ਚੰਦਾ ਦਿੱਤਾ ਹੈ। ਮਾਸਟਰ ਤਾਰਾ ਸਿੰਘ ਜਾਂ ਸੰਤ ਫ਼ਤਹਿ ਸਿੰਘ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਜ਼ਮਾਨਾ ਹੁੰਦਾ ਤਾਂ ਤੰਬਾਕੂ ਦੇ ਵਿਰੋਧ ਵਾਲੇ ਸਿੱਖ ਪੰਥ ਦੇ ਨਾਂਅ ਉੱਤੇ ਰਾਜਨੀਤੀ ਕਰਨ ਵਾਲੇ ਅਕਾਲੀ ਦਲ ਨੇ ਇਸ ਕੰਪਨੀ ਤੋਂ ਚੰਦਾ ਨਹੀਂ ਸੀ ਲੈਣਾ, ਪਰ ਹੁਣ ਵਾਲੇ ਅਕਾਲੀ ਦਲ ਨੇ ਲੈ ਵੀ ਲਿਆ ਹੈ ਤੇ ਇਸ ਨੂੰ ਇਹ ਕਹਿ ਕੇ ਜਾਇਜ਼ ਵੀ ਠਹਿਰਾਇਆ ਹੈ ਕਿ ''ਸਭ ਪਾਰਟੀਆਂ ਲੈਂਦੀਆਂ ਹਨ, ਅਸੀਂ ਲੈ ਕੇ ਕੋਈ ਗੁਨਾਹ ਤਾਂ ਨਹੀਂ ਕਰ ਦਿੱਤਾ।'' ਜਿਹੜੇ ਕਾਰਪੋਰੇਟ ਘਰਾਣੇ ਹੁਣ ਰਾਜਨੀਤੀ ਅਤੇ ਆਰਥਿਕ ਖੇਤਰ ਨੂੰ ਸਾਂਝੀਆਂ ਤੰਦਾਂ ਵਿਚ ਲਪੇਟਣ ਲਈ ਨੋਟ ਖਰਚਣ ਨੂੰ ਤਿਆਰ ਹਨ, ਉਹਨਾਂ ਦੇ ਪ੍ਰਤੀਨਿਧ ਗੁਰਦੁਆਰਿਆਂ ਦੀਆਂ ਸਰਾਵਾਂ ਵਿਚ ਬੈਠੇ ਕਿਸੇ ਸੰਤ ਦੇ ਚਰਨ ਪਰਸਣ ਨਹੀਂ ਜਾਣਗੇ, ਪੰਜ-ਤਾਰਾ ਹੋਟਲਾਂ ਵਿਚ ਜਾਂਦੇ-ਆਉਂਦੇ ਅਤੇ ਸਮੇਂ ਦੀ ਨਜ਼ਾਕਤ ਨੂੰ ਯੂ ਪੀ ਦੇ ਅਮਰ ਸਿੰਘ ਵਾਂਗ ਸਮਝਦੇ ਲੀਡਰ ਨੂੰ ਲੱਭਣ ਦਾ ਯਤਨ ਕਰਨਗੇ। ਖੁਦ ਵੱਡਾ ਕਾਰੋਬਾਰੀਆ ਹੋਣ ਕਰ ਕੇ ਸੁਖਬੀਰ ਸਿੰਘ ਬਾਦਲ ਬੜੇ ਗਿਣੇ-ਮਿਥੇ ਢੰਗ ਨਾਲ ਨਵੇਂ ਯੁੱਗ ਦੀ ਲੋੜ ਮੁਤਾਬਕ ਪਾਰਟੀ ਨੂੰ ਉਸ ਯੁੱਗ ਵਿਚ ਪ੍ਰਵੇਸ਼ ਕਰਵਾ ਰਿਹਾ ਹੈ। ਮੁਸ਼ਕਲ ਅਕਾਲੀ ਦਲ ਦੀ ਸਭ ਤੋਂ ਪਹਿਲੀ ਇਹ ਹੈ ਕਿ ਇਸ ਤਬਦੀਲੀ ਦੌਰਾਨ ਪਾਰਟੀ ਦਾ ਮਜ਼ਬੂਤ ਅਧਾਰ ਅਖਵਾਉਣ ਵਾਲੇ 'ਟਕਸਾਲੀ' ਜਥੇਦਾਰ ਤੇ ਉਨ੍ਹਾਂ ਦੇ ਪਰਵਾਰ ਹੌਲੀ-ਹੌਲੀ ਪਿੱਛੇ ਪੈਂਦੇ ਜਾ ਰਹੇ ਹਨ ਤੇ ਮੰਡੀ ਦੇ ਕਮਿਸ਼ਨ ਏਜੰਟਾਂ ਵਰਗੇ ਲੋਕ ਪਾਰਟੀ ਲੀਡਰਸ਼ਿਪ ਦਾ ਅੰਗ ਬਣਦੇ ਜਾਂਦੇ ਹਨ। ਏਦਾਂ ਦੇ ਲੋਕ ਰਾਜਨੀਤੀ ਵਿਚ ਕਿਸੇ ਦੇ ਸਕੇ ਨਹੀਂ ਹੁੰਦੇ। ਅੱਜ ਉਹ ਬਾਦਲ ਪਰਵਾਰ ਨਾਲ ਹਨ, ਅਗਲੇ ਸਾਲੀਂ ਉਹ ਕੈਪਟਨ ਅਮਰਿੰਦਰ ਸਿੰਘ ਦੇ ਪਿੱਛੇ ਫਿਰਦੇ ਦਿਖਾਈ ਦੇ ਸਕਦੇ ਹਨ। ਉਹ ਕਿਸੇ ਪਾਰਟੀ ਨਾਲ ਨਹੀਂ, ਸਰਕਾਰ ਦੇ ਨਾਲ ਹੁੰਦੇ ਹਨ, ਤੇ ਸਰਕਾਰ ਦੇ ਨਾਲ ਹੀ ਰਹਿਣਗੇ।

ਦੂਜੀ ਮੁਸ਼ਕਲ ਅਕਾਲੀ ਦਲ ਦੀ ਇਹ ਹੈ ਕਿ ਉਹ ਅਜੇ ਤੱਕ ਇਹ ਨਿਖੇੜਾ ਨਹੀਂ ਕਰ ਸਕਿਆ ਕਿ ਉਸ ਨੇ ਪ੍ਰਤੀਨਿਧਤਾ ਕਿਸ ਦੀ ਕਰਨੀ ਹੈ? ਨਾਹਰਾ ਕਿਸਾਨੀ ਦੇ ਹਿੱਤਾਂ ਦਾ ਮਾਰਿਆ ਜਾਂਦਾ ਹੈ, ਅਮਲ ਵਿਚ ਹਿੱਤਾਂ ਦਾ ਖਿਆਲ ਵੱਡੇ ਕਾਰਪੋਰੇਟ ਘਰਾਣਿਆਂ ਦਾ ਰੱਖਣਾ ਪੈਂਦਾ ਹੈ। ਗੁਰਦੁਆਰਾ ਸੁਧਾਰ ਲਹਿਰ ਦੇ ਦਿਨਾਂ ਵਿਚ ਸਿੱਖੀ ਦੀ ਪਹਿਰੇਦਾਰੀ ਦੇ ਨਾਂਅ ਉਤੇ ਬਣੇ ਅਕਾਲੀ ਦਲ ਨੂੰ ਸਿੱਖੀ ਰਵਾਇਤਾਂ ਤੇ ਰਹਿਤਾਂ ਦੀ ਮੁਹਾਰਨੀ ਵੀ ਰਟਣੀ ਪੈਂਦੀ ਹੈ, ਪਰ ਵੋਟਾਂ ਦੀ ਗਿਣਤੀ-ਮਿਣਤੀ ਸਿੱਖੀ ਰਹੁ-ਰੀਤਾਂ ਤੋਂ ਉਲਟ ਚੱਲਦੇ ਮਹੰਤਾਂ ਵਰਗੇ ਮਨ-ਮਤੀਏ ਡੇਰਿਆਂ ਤੇ ਦੇਹਧਾਰੀ ਗੁਰੂਆਂ ਦੀ ਸਰਦਲ ਉਤੇ ਚੌਕੀ ਭਰਨ ਲਈ ਖਿੱਚ ਕੇ ਲੈ ਜਾਂਦੀ ਹੈ। ਹਰ ਮਾਮਲੇ ਵਿਚ ਉਨ੍ਹਾਂ ਦਾ ਹਾਲ 'ਅੱਧੀ ਤੇਰੀ ਮੈਂ ਮੁਲਾਹਜੇਦਾਰਾ, ਅੱਧੀ ਮੈਂ ਗਰੀਬ ਜੱਟ ਦੀ' ਵਾਲਾ ਹੈ। ਇਸ ਨਾਲ ਉਲਝਣਾਂ ਉਨ੍ਹਾਂ ਦੀਆਂ ਵਧ ਰਹੀਆਂ ਹਨ।

'ਹਾਜ਼ਰਾ-ਹਜ਼ੂਰ ਜਗਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਹਜ਼ੂਰੀ ਵਿਚ ਅਰਦਾਸੇ ਸੋਧ ਕੇ ਚੌਕੜੇ ਮਾਰਨ ਵਾਲੇ ਅਕਾਲੀ ਦਲ ਨੂੰ ਸ਼ਿਮਲੇ ਦੇ ਸੀਸਲ ਹੋਟਲ ਵਿਚ ਨਾਨ-ਵੈੱਜ ਬਰੇਕ-ਫ਼ਾਸਟ ਕਰ ਕੇ ਉਦਘਾਟਨ ਕਰਨ ਤੱਕ ਤਾਂ ਸੁਖਬੀਰ ਸਿੰਘ ਬਾਦਲ ਲੈ ਗਿਆ ਹੈ, ਦਲ ਵਾਲਿਆਂ ਦੀ ਮਾਨਸਿਕਤਾ ਦਾ ਪੱਧਰ ਏਡੀ ਛੇਤੀ ਨਹੀਂ ਬਦਲਣਾ। ਮਿਸਾਲ ਵਜੋਂ ਪੰਜਾਬ ਦੇ ਇੱਕ ਗੁਰਦੁਆਰੇ ਨੂੰ ਚੋਣ ਕਮਿਸ਼ਨ ਦੇ ਕਾਗਜ਼ਾਂ ਵਿਚ ਆਪਣੀ ਨਿੱਜੀ ਜਾਇਦਾਦ ਲਿਖਣ ਵਾਲਾ ਇੱਕ ਸੰਤ ਅਕਾਲੀ ਦਲ ਦੀ ਟਿਕਟ ਉਤੇ ਐਮ ਐਲ ਏ ਤਾਂ ਬਣ ਗਿਆ, ਪਰ ਉਹ ਵਿਧਾਨ ਸਭਾ ਦੇ ਹਾਲ ਵਿਚ ਵੀ ਕੁਰਸੀ ਉੱਤੇ ਲੱਤਾਂ ਲਮਕਦੀਆਂ ਰੱਖ ਕੇ ਬਹਿਣਾ ਨਹੀਂ ਸਿੱਖ ਸਕਿਆ, ਚੌਕੜਾ ਮਾਰ ਕੇ ਬੈਠਦਾ ਹੈ। ਸ਼ਿਮਲੇ ਵਿਚ ਮਹਿੰਗੇ ਪੰਜ-ਤਾਰਾ ਹੋਟਲ ਦੀ ਰਿਹਾਇਸ਼ ਛੱਡ ਕੇ ਇੱਕ ਅਕਾਲੀ ਵਿਧਾਇਕ ਕਿਸੇ ਸਰਕਾਰੀ ਰੈਸਟ ਹਾਊਸ ਵਲ ਇਸ ਕਰ ਕੇ ਤੁਰ ਗਿਆ ਕਿ ਹੋਟਲ ਦੇ ਬਿਜਲੀ ਦੇ ਬਟਨਾਂ ਤੋਂ ਲੈ ਕੇ ਗੁਸਲਖਾਨੇ ਦੀਆਂ ਟੂਟੀਆਂ ਤੱਕ ਉਸ ਦੀ ਸਮਝ ਵਿਚ ਹੀ ਕੁਝ ਨਹੀਂ ਸੀ ਆ ਰਿਹਾ। ਭਾਰਤੀ ਜਨਤਾ ਪਾਰਟੀ ਨੇ ਭਗਵੇਂ ਚੋਲਿਆਂ ਵਾਲੇ ਕੁਝ ਸਾਧਾਂ ਤੇ ਸਾਧਣੀਆਂ ਨੂੰ ਪਾਰਲੀਮੈਂਟ ਤੱਕ ਪੁਚਾਇਆ ਤਾਂ ਉਹ ਲੋਕਾਂ ਸਾਹਮਣੇ ਹੋਰ ਤੇ ਦਿੱਲੀ ਵਿਚ ਹੋਰ ਵਾਲੀ ਦੋਹਰੀ ਜ਼ਿੰਦਗੀ ਜਿਊਣੀ ਸਿੱਖ ਗਏ ਸਨ, ਪਰ ਜਿਨ੍ਹਾਂ ਨੂੰ ਅਕਾਲੀ ਦਲ ਨੇ ਇੱਕਦਮ ਪਹਾੜੀਂ ਚਾੜ੍ਹ ਦਿੱਤਾ ਹੈ, ਉਹ ਏਨੀ ਛੇਤੀ ਪੱਧਰ ਦੀਆਂ ਪੌੜੀਆਂ ਚੜ੍ਹਨ ਲਈ ਮਾਨਸਿਕ ਰੂਪ ਵਿਚ ਹੀ ਤਿਆਰ ਨਹੀਂ ਹੋ ਰਹੇ ਜਾਪਦੇ।

ਇਹੋ ਜਿਹੇ ਹਾਲਾਤ ਵਿਚ ਅਕਾਲੀ ਦਲ ਦੀ ਹਾਲਤ ਬੜੀ ਅਜੀਬ ਜਿਹੀ ਬਣਦੀ ਜਾ ਰਹੀ ਹੈ। ਉਸ ਦੇ ਕੁਝ ਆਗੂ ਇੱਕੀਵੀਂ ਸਦੀ ਦੇ ਸ਼ੁਰੂ ਵਿਚ ਹੀ ਬਾਈਵੀਂ ਸਦੀ ਦੀਆਂ ਗੱਲਾਂ ਕਰ ਰਹੇ ਹਨ, ਜਦ ਕਿ ਕੁਝ ਹੋਰ ਹਾਲੇ ਵੀਹਵੀਂ ਸਦੀ ਤਾਂ ਕੀ, ਮਹਾਰਾਜੇ ਰਣਜੀਤ ਸਿੰਘ ਤੇ ਅਕਾਲੀ ਫੂਲਾ ਸਿੰਘ ਵਾਲੇ ਪੜਾਅ ਉਤੇ ਅਟਕੇ ਖੜੇ ਹਨ। ਇੱਕ ਅਜੀਬ ਜਿਹੀ ਤਬਦੀਲੀ ਨਹੀਂ, ਅਲੋਕਾਰ ਜਿਹਾ ਤਜਰਬਾ ਕਰਨ ਲੱਗਾ ਹੈ ਅਕਾਲੀ ਦਲ, ਜਿਸ ਦੀ ਲੀਡਰਸ਼ਿਪ ਵੀ ਆਪਣੀ ਭੂਮਿਕਾ ਬਾਰੇ ਸਪੱਸ਼ਟ ਨਹੀਂ। ਉਦਘਾਟਨੀ ਭਾਸ਼ਣ ਵਿਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਾਰਾ ਸਮਾਂ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਹੀ ਗਿਣਾਈ ਗਿਆ, ਜਦ ਕਿ ਉਸ ਨੂੰ ਪਾਰਟੀ ਮਾਮਲਿਆਂ ਦੀ ਗੱਲ ਕਰਨੀ ਚਾਹੀਦੀ ਸੀ ਤੇ ਜਦੋਂ ਉੱਠੇ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ, ਉਨ੍ਹਾ ਇਹ ਕਹਿ ਕੇ ਹਾਸਾ ਪਾ ਦਿੱਤਾ ਕਿ ''ਸਰਕਾਰ ਦੀਆਂ ਗੱਲਾਂ ਤਾਂ ਪ੍ਰਧਾਨ ਜੀ ਨੇ ਕਰ ਦਿੱਤੀਆਂ ਹਨ, ਮੈਂ ਹੁਣ ਪਾਰਟੀ ਦੀਆਂ ਕੁਝ ਹੋਰ ਗੱਲਾਂ ਹੀ ਕਰ ਲੈਂਦਾ ਹਾਂ।'' ਇਹੋ ਜਿਹੇ ਹਾਲਾਤ ਵਿਚ ਅਕਾਲੀ ਦਲ ਦੇ ਚਲੰਤ ਤਜਰਬੇ 'ਚੋਂ ਜੋ ਵੀ ਨਿਕਲੇਗਾ, ਹੋਵੇਗਾ ਅਕਾਲੀ ਦਲ ਵਰਗਾ ਅਲੋਕਾਰ ਹੀ।

## ਰਾਹੁਲ-ਬਰਨਾਲਾ ਦੀ ਮੀਟਿੰਗ ਨਾਲ ਸ਼ਿਮਲਾ ਬੈਠੇ ਅਕਾਲੀਆਂ ਨੂੰ 'ਕੰਬਣੀ'

**ਲੁਧਿਆਣਾ:** ਪੰਜਾਬ 'ਚ ਰਾਜ ਕਰਦੀ ਅਕਾਲੀ ਸਰਕਾਰ ਤਾਂ ਅੱਜ ਕਲ ਪਹਾੜਾਂ 'ਚ ਚਿੰਤਨ ਮੰਥਨ ਕਰਨ 'ਚ ਲੱਗੀ ਹੋਈ ਹੈ ਪਰ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਰਾਹੁਲ ਗਾਂਧੀ ਨੇ ਮੌਕਾ ਤਾੜ ਕੇ ਤਾਮਿਲਨਾਡੂ ਦੇ ਗਵਰਨਰ ਤੇ ਪੰਜਾਬ ਦੇ ਸਾਬਕਾ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨਾਲ ਜੋ 30 ਮਿੰਟ ਤਕ ਗੱਲਬਾਤ ਕੀਤੀ ਹੈ, ਉਸ ਦੀ ਰਿਪੋਰਟ ਮੀਡੀਏ 'ਚ ਆਉਣ 'ਤੇ ਪਹਾੜਾਂ 'ਚ ਬੈਠੇ ਅਕਾਲੀ ਦਲ ਦੇ ਨੇਤਾਵਾਂ ਤੇ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ। ਪੰਜਾਬ ਦੀ ਅਕਾਲੀ ਸਰਕਾਰ ਵਲੋਂ ਸੂਬਾ ਖਾਲੀ ਛੱਡ ਕੇ ਪਹਾੜਾਂ 'ਚ ਜਾ ਕੇ ਚਿੰਤਨ ਮੰਥਨ ਕਰਨ 'ਤੇ ਸ਼ਾਇਦ ਸ਼ਨੀ ਭੌਂ ਸਮਝ ਕੇ ਰਾਹੁਲ ਗਾਂਧੀ ਨੇ ਕੋਈ ਪੰਜਾਬ ਲਈ ਐਸਾ ਦਾਅ ਪੇਚ ਜਾਂ ਘੁੰਡੀ ਲਾਉਣ ਲਈ ਸ. ਬਰਨਾਲਾ ਨਾਲ ਕੋਈ ਗੱਲ ਕੀਤੀ ਹੋਵੇ, ਜਿਸ ਨਾਲ ਪੰਜਾਬ 'ਚ ਭਾਜਪਾ ਦੀਆਂ ਫੌੜੀਆਂ 'ਤੇ ਰਾਜ ਕਰ ਰਹੇ ਅਕਾਲੀ ਦਲ ਨੂੰ ਦਿਨੇ ਤਾਰੇ ਦਿਖਾਏ ਜਾ ਸਕਣ।



ਸੁਰਜੀਤ ਸਿੰਘ ਬਰਨਾਲਾ

ਬਾਕੀ ਸ਼੍ਰੋਮਣੀ ਅਕਾਲੀ ਦਲ ਨੂੰ ਜੇਕਰ ਸਭ ਤੋਂ ਵੱਡਾ ਖਤਰਾ ਦਿਸ ਰਿਹਾ ਹੈ, ਉਹ ਬਰਨਾਲਾ ਧੜੇ ਤੋਂ ਹੈ। ਇਸੇ ਕਰਕੇ ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਸਾਰੇ ਜ਼ਿਲਿਆਂ ਦੇ ਸਾਬਕਾ ਮੰਤਰੀ ਵਿਧਾਇਕਾਂ ਨੂੰ ਸ਼ਿਮਲਾ ਆਉਣ ਤੋਂ ਰੋਕ ਕੇ ਕੇਵਲ ਸੰਗਰੂਰ ਤੇ ਬਰਨਾਲਾ ਜ਼ਿਲੇ ਦੇ ਹਾਰੇ ਤੇ ਜਿੱਤੇ ਹੋਏ ਅਕਾਲੀ ਨੇਤਾਵਾਂ ਨੂੰ ਸੱਦਿਆ ਹੈ, ਜਿਨ੍ਹਾਂ 'ਚ ਸੁਖਦੇਵ ਸਿੰਘ ਢੀਂਡਸਾ, ਗੋਬਿੰਦ ਸਿੰਘ ਕਾਂਝਲਾ, ਮਲਕੀਤ ਸਿੰਘ ਕੀਤੂ ਤੇ ਹੋਰ ਨੇਤਾ ਸ਼ਾਮਲ ਸਨ। ਬਰਨਾਲਾ ਨਾਲ ਰਾਹੁਲ ਦੀ ਹੋਈ ਮੀਟਿੰਗ ਸੰਬੰਧੀ ਜਦੋਂ ਸ. ਬਰਨਾਲਾ ਦੇ ਸਪੁੱਤਰ ਗਗਨਦੀਪ ਸਿੰਘ ਬਰਨਾਲਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੇ ਬਰਨਾਲਾ ਸਾਹਿਬ ਨਾਲ ਮੀਟਿੰਗ ਕੀਤੀ, ਜੋ ਸ਼ਿਸ਼ਟਾਚਾਰ ਤੌਰ 'ਤੇ ਦੇਖੀ ਜਾ ਸਕਦੀ ਹੈ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿਧਰੇ ਕਾਂਗਰਸ ਪੰਜਾਬ ਦੇ ਕਾਂਗਰਸੀ ਵਿਧਾਇਕਾਂ ਦੀ ਛਤਰ ਛਾਇਆ ਹੇਠ ਬਰਨਾਲਾ ਸਾਹਿਬ ਨੂੰ ਮੁੱਖ ਮੰਤਰੀ ਤਾਂ ਨਹੀਂ ਬਣਾ ਰਹੀ ਤਾਂ ਪਹਾੜਾਂ 'ਚ ਆਰਾਮ ਫਰਮਾ ਰਹੇ ਅਕਾਲੀਆਂ ਨੂੰ ਹੱਥਾਂ-ਪੈਰਾਂ ਦੀਆਂ ਪਾਉਂਦੇ ਹੋਏ ਸ. ਗਗਨਦੀਪ ਸਿੰਘ ਨੇ ਇਹ ਜ਼ਰੂਰ ਕਿਹਾ ਕਿ ਉਨ੍ਹਾਂ ਦੀ ਮਾਤਾ ਤੇ ਲੌਂਗੋਵਾਲ ਦਲ ਦੀ ਪ੍ਰਧਾਨ ਬੀਬੀ ਸੁਰਜੀਤ ਕੌਰ ਬਰਨਾਲਾ ਦੇ ਪ੍ਰਧਾਨ ਬਣਨ ਨਾਲ ਅਕਾਲੀਆਂ ਨੂੰ ਹੱਥਾਂ-ਪੈਰਾਂ ਦੀ ਜ਼ਰੂਰ ਪੈ ਗਈ ਹੈ। ਬਾਕੀ ਕੁਝ ਵੀ ਹੈ ਪਹਾੜੀਂ ਚੜ੍ਹੇ ਹੋਏ ਅਕਾਲੀ ਨੇਤਾਵਾਂ ਨੂੰ ਰਾਹੁਲ ਗਾਂਧੀ ਨੇ ਬਰਨਾਲਾ ਨਾਲ ਮੀਟਿੰਗ ਕਰਕੇ ਸ਼ਿਮਲਾ 'ਚ ਕੰਬਣੀ ਛੇੜ ਦਿੱਤੀ ਹੈ।

# ਬੇਗਾਨੀ ਸ਼ਾਦੀ ਮੇਂ

ਮੈਨੂੰ ਕਰੀਬੀ ਰਿਸ਼ਤੇਦਾਰੀ ਵਿਚ ਆਇਆ ਵਿਆਹ ਕਦੇ ਨਹੀਂ ਸੁਖਾਉਂਦਾ; ਜਿੰਨਾ ਨੇੜੇ ਦਾ ਸਾਕ, ਵਿਆਹ ਵਿਚ ਓਨੀ ਹੀ ਵਧੇਰੇ ਜ਼ਲਾਲਤ। ਨੇੜਤਾ ਵਿਚ ਵਿਆਹ ਖੁਸ਼ੀ ਦਾ ਸਬੱਬ ਨਹੀਂ ਬਲਕਿ ਹਉਮੈ ਦਾ ਗਹਿਗੱਚ ਭੇੜ ਹੁੰਦਾ ਹੈ। ਪੁੱਛ-ਪੁਛਾਈ, ਦੇਖ-ਦਿਖਾਈ, ਲੈਣ-ਦੇਣ, ਮੰਨ-ਮਨੌਤਾਂ ਆਦਿ ਅਣਗਿਣਤ ਮੌਕੇ ਹਨ ਜਦ ਮਨੁੱਖ ਦੇ ਹੋਛੇਪਣ, ਹੌਲੇਪਣ ਤੇ ਛੋਟੇਪਣ ਦਾ ਨਿਰਲੱਜ ਵਿਖਾਵਾ ਹੁੰਦਾ ਹੈ। ਵਿਆਹ ਵਿਚ ਵਖਾਦ ਆਇਆ ਹੀ ਰਹਿੰਦਾ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਵਿਆਹ ਦੋ ਰੂਹਾਂ ਦਾ ਮੇਲ ਹੁੰਦਾ ਹੈ, ਬਲਕਿ ਕਈ ਰੂਹਾਂ ਦਾ ਤੋੜ ਵਿਛੋੜਾ ਹੈ, ਇਸਦੇ ਕਈ ਪ੍ਰਤੱਖ ਪ੍ਰਮਾਣ ਹਨ। ਤਕੜੇ ਸਾਕ ਧਿੰਗੋਜ਼ੋਰੀ ਵਿਆਹ ਦੇ ਕਾਰਜ ਦਾ ਪੂਰਾ ਚਾਰਜ ਸੰਭਾਲ ਲੈਂਦੇ ਹਨ, ਵਿਚਾਰੇ ਕਮਜ਼ੋਰ ਖੂੰਜੇ ਲਗਦੇ ਲਗਦੇ ਲੱਖ ਤੋਂ ਕੱਖ ਹੋ ਜਾਂਦੇ ਹਨ।

ਸਾਡੀ ਸੁਣ ਲਓ:ਭਾਣਜੇ ਦੇ ਵਿਆਹ ਵਿਚ ਸਾਡੇ ਨਾਲ ਕੀ ਨਹੀਂ ਹੋਇਆ। ਵਿਆਹ 'ਚ ਕੰਮ ਸਾਰਾ ਮੈਂ ਕੀਤਾ, ਚੱਜ ਦਾ ਝੱਗਾ ਸਵਾਉਣ ਦਾ ਵੀ ਟਾਈਮ ਨਹੀਂ ਮਿਲਿਆ। ਕੀ ਲੱਭਾ ਮੈਨੂੰ? ਮਿਲਣੀ ਸਮੇਂ ਵੱਡੇ ਭਰਾ ਨੂੰ ਤਾਂ ਡੱਕਰੇ ਵਰਗੀ ਪਰ ਸਾਡੇ ਹਿੱਸੇ ਫਿਟਕੀ ਜਿਹੀ ਮੁੰਦੀ ਆਈ। ਫਿਰ ਜੋ ਦਿੱਤਾ ਲਿਆ, ਵਡੇ ਭਰਾ ਭਰਜਾਈ ਨੂੰ ਤਾਂ ਬੂਹਾ ਬੰਦ ਕਰਕੇ ਸਾਰਾ ਦਿਖਾਇਆ ਪਰ ਸਾਨੂੰ ਹਵਾ ਤੱਕ ਨਹੀਂ ਲੁਆਈ। ਮੈਂ ਰਹਿ ਗਿਆ ਘਰ ਵਾਲੀ ਦੇ ਸਾਰੀ ਉਮਰ ਦੇ ਤਾਹਨੇ-ਮਿਹਣੇ ਸੁਣਨ ਜੋਗਾ।

ਭਤੀਜੇ ਦੇ ਵਿਆਹ ਵਿਚ ਜੋ ਮੇਰਾ ਘਟਾਅ ਹੋਇਆ ਉਸ ਨਾਲ ਤਾਂ ਮੈਂ ਸੋਚੀਂ ਪੈ ਗਿਆ ਸ਼ਰਮ ਦੇ ਮਾਰੇ ਆਦਮੀ ਸੱਚਮੁਚ ਹੀ ਕਿਉਂ ਨਹੀਂ ਮਰ ਜਾਂਦਾ। ਵਿਆਹ ਵਿਚ ਸਾਰਾ ਭਰਜਾਈ ਦੇ ਪੇਕਿਆਂ ਦਾ ਰਾਜ। ਮੈਨੂੰ ਭਰਜਾਈ ਦੇ ਪੇਕਿਆਂ ਦੇ ਤਕੜੇ ਹੋਣ ਦੀ ਸ਼ੱਕ ਨਹੀਂ ਸੀ, ਐਵੇਂ ਨਾਨਕੀ ਸ਼ੱਕ ਬਾਰੇ ਪੁੱਛ ਬੈਠਾ, ਬੱਸ ਮੇਰਾ ਸਾਰਾ ਅੱਗਾ-ਪਿੱਛਾ ਨੌਲ ਦਿੱਤਾ, ਮੇਰੇ ਸਹੁਰਿਆਂ ਦੀ ਮਾਰੂ ਜ਼ਮੀਨ ਘੱਟੇ ਵਿਚ ਰੋਲ ਦਿੱਤੀ, ਉਨ੍ਹਾਂ ਵਲੋਂ ਲਿਆਂਦੇ ਤੇਰ ਤੇ ਜੋੜੇ-ਜਾਮੇ ਵੱਲ ਨੱਕ ਤਾਂ ਕੀ ਕਰਨਾ ਸੀ ਚਿਮਟਿਆਂ ਨਾਲ ਵੀ ਨਾ ਚੁੱਕਿਆ। ਭਰਾ ਨੇ ਕਿਹੜੀ ਅੱਖ ਨਾਲ ਅੱਖ ਮਿਲਾਈ, ਪੂਰੀ ਸ਼ਰੀਕੇਬਾਜ਼ੀ ਕੀਤੀ। ਆਪਾਂ ਵੀ ਅਨੰਦ ਕਾਰਜ ਵੇਲੇ ਸੌ ਦੇ ਨੋਟ ਨਾਲ ਹੱਥ ਵਾਰ ਕੇ ਮੁੱਠੀ 'ਚ ਨੋਟ ਘੁਟ ਲਿਆ ਤੇ ਖਿਸਕ ਆਏ।

ਮੈਨੂੰ ਨਹੀਂ ਸੀ ਪਤਾ ਸਹੁਰਿਆਂ ਵਿਚ ਵੀ ਮੇਰੀ ਸਾਖ ਪੂਰੀ ਤਰਾਂ ਡਿੱਗ ਚੁੱਕੀ ਹੈ ਤੇ ਛੋਟੇ ਸਾਂਢੂ ਨੇ ਪੂਰੀ ਤਰ੍ਹਾਂ ਪੈਰ ਜਮਾ ਲਏ ਹਨ। ਸਾਲੇ ਦੇ ਵਿਆਹ ਸਮੇਂ ਸਹੁਰੇ ਦੇ ਕੰਨ ਵਿਚ ਸਾਂਢੂ ਦੀਆਂ ਫੂਸੀਆਂ ਤੇ ਸੱਸ ਦੀਆਂ ਅੱਖਾਂ ਵਿਚ ਸਾਲੀ ਦੀਆਂ ਅੱਖਾਂ। ਮੇਰੀ ਵਹੁਟੀ ਨੂੰ ਹੱਟੀ ਤੇ ਤੋਰੀ ਰੱਖਿਆ ਮਹਿੰਦੀ ਲੈ ਆ, ਮੌਲੀ ਲੈ ਆ, ਸਲਵਾਰਾਂ 'ਚ ਨਾਲੇ ਪਾ ਦੇ। ਫਿਰ ਸਾਰੇ ਕੋਕੇ ਕੋਲੇ ਇਨ੍ਹਾਂ ਦੇ ਘੀਚਰ ਜਿਹੇ ਨਿਆਣਿਆਂ ਦੇ ਢਿਡ 'ਚ। ਰਿਸ਼ਤਾ ਮੇਰੀ ਮਾਂ ਦਾ ਮਾਮਾ ਲਿਆਇਆ ਤੇ ਸਾਰੀ ਪੁੱਛ ਪ੍ਰਤੀਤ ਘੋਗੜ ਜਿਹੀ ਸਾਲੀ ਤੇ ਸੀਂਢਲ ਜਿਹੇ ਸਾਂਢੂ ਦੀ। ਫਿਰ ਮੈਂ ਕਿਹੜੀ ਘੱਟ ਕੀਤੀ, ਹਲਵਾਈ ਨੂੰ ਸੱਦਣ ਦੇ ਬਹਾਨੇ ਬੱਸ ਅੱਡੇ ਭੱਜ ਆਇਆ ਤੇ ਪਿੰਡ ਆ ਗਿਆ। ਜਨਾਨੀ ਆਪਣੀ ਦੀ ਪੂਰੀ ਮਿਲੀ ਭੁਗਤ ਸੀ, ਖੇਖਣਹਾਰੀ ਨੇ ਆਪਣੀ ਕਲਾ ਦਾ ਪੂਰਾ ਜਾਦੂ ਚਲਾਇਆ। ਪਿੰਡ ਪਹੁੰਚਣ ਤੋਂ ਪਹਿਲਾਂ ਸਾਲਾ ਘਰ ਬੈਠਾ ਸੀ। ਪੈਰੀਂ ਹੱਥ ਲੁਆ ਕੇ ਗਿਆ ਤੇ ਤੋਲੇ ਦੀ ਮੁੰਦੀ ਲੈ ਕੇ ਨੰਦਾਂ ਦੇ ਖਤਮ ਹੁੰਦਿਆਂ ਹੀ ਉਡੰਤਰ ਹੋ ਗਿਆ।

ਵੱਡੀ ਸਾਲੀ ਦੇ ਮੁੰਡੇ ਦੇ ਵਿਆਹ ਤੇ ਤਾਂ ਮੈਂ ਗਿਆ ਹੀ ਨਹੀਂ; ਰੁੱਸ ਕੇ ਪੂਰਾ ਮਾਸੜਪੁਣਾ ਕੀਤਾ। ਵਿਆਹ ਤੇ ਦੋ ਆਨੇ ਦਾ ਕਾਟ ਜਿਹਾ ਪਾ ਦਿੱਤਾ। ਅੱਜ ਕੱਲ੍ਹ ਰਿਵਾਜ ਹੈ ਆਪ ਟੈਕਸੀ ਕਰਕੇ ਤੇ ਮਿਠਾਈ ਦਾ ਡੱਬਾ ਲੈ ਕੇ ਵਿਆਹ ਦਾ ਨਿਉਂਦਾ ਦੇਣ ਆਈਦਾ ਹੈ। ਚਲੋ ਕਿਸੇ ਦੇ ਹੱਥ ਹੀ ਭੇਜ ਦਿੰਦੇ ਡੱਬਾ। ਬੱਸ ਮਾਣ ਦੀ ਗੱਲ ਸੀ, ਅਸੀਂ ਕਿਹੜੇ ਮਿਠਾਈ ਦੇ ਭੁਖੇ ਸਾਂ, ਬਥੇਰੀ ਕਮਾਈ ਸੀ ਸਾਡੀ। ਮਿੱਠਾ ਭੱਤ ਤਾਂ ਮੈਂ ਖਾਂਦਾ ਵੀ ਨਹੀਂ, ਬੱਸ ਪੀਂਦਾ ਹੀ ਹਾਂ। ਸਾਂਢੂ ਆਪ ਆ ਜਾਂਦਾ, ਪੀਟਰ ਸਕੌਟ ਉਸ ਦੀਆਂ ਨਾਸਾਂ ਚੋਂ ਲੰਘਾ ਦੇਣੀ ਸੀ ਪਰ ਕਿਉਂ? ਸਾਡੀ ਕਮਾਈ ਉਸ ਤੋਂ ਕਿਥੇ ਦੇਖੀ ਜਾਂਦੀ ਹੈ। ਆਪਾਂ ਵੀ ਡਾਕ 'ਚ ਸੌ ਦਾ ਮੈਲਾ ਨੋਟ ਸ਼ਗਨ ਭੇਜ ਦਿੱਤਾ। ਮੈਨੂੰ ਪਤਾ ਘਰ ਵਾਲੀ ਅੰਦਰੋਂ ਪੂਰੀ ਤਰ੍ਹਾਂ ਹਿੱਲੀ ਪਈ ਸੀ ਪਰ ਪੇਕਿਆਂ ਦੀਆਂ ਕਸਰਾਂ ਵੇਲੇ ਘੋਗਲ ਕੰਨੀ ਬਣ ਜਾਂਦੀ ਹੈ। ਹੁੰਦੀ ਮੇਰੇ ਭਰਾ ਦੀ ਗੱਲ, ਮਸਾਲੇ ਲਾ ਲਾ ਕੇ ਗੱਲਾਂ ਬਣਾਉਣੀਆਂ ਸਨ।

ਇਹੋ ਜਿਹੇ ਜ਼ਲਾਲਤ ਭਰੇ ਮਨੋ-ਇਤਿਹਾਸ ਕਾਰਨ ਮੈਂ ਨਿਕਟਵਰਤੀਆਂ ਦੇ ਵਿਆਹ ਜਾਣ ਦਾ ਫਸਤਾ ਹੀ ਵਢ ਦਿੱਤਾ। ਘਰ ਵਾਲੀ ਜਿੱਧਰ ਮਰਜ਼ੀ ਆਪਣੀ ਲੁਹਾਈ ਜਾਵੇ। ਦੂਰ ਦੀ ਰਿਸ਼ਤੇਦਾਰੀ ਜਾਂ ਚਾਣਚਕ ਕਿਸੇ ਓਪਰੇ ਬੰਦੇ ਦੇ ਵਿਆਹ ਦਾ ਸੱਦਾ ਮੈਂ ਖਿੜੇ ਮੱਥੇ ਸਵੀਕਾਰ ਕਰਨ ਲੱਗਾ। ਐਧਰ ਆ ਕੇ ਤਾਂ ਮੈਂ ਇਸ ਫੈਸਲੇ ਨੂੰ ਪੂਰਾ ਅੰਜਾਮ ਦੇ ਦਿੱਤਾ। ਬੜਾ ਆਰਾਮ ਹੈ ਪਰਾਏ ਬੰਦੇ ਦੇ ਵਿਆਹ ਵਿਚ। ਕੋਈ ਬੇਲੋੜਾ ਚਾਅ ਨਹੀਂ, ਕੋਈ ਤਣਾਅ ਨਹੀਂ ਤੇ ਕੋਈ ਹਉਮੈ ਦਾ ਟਕਰਾਅ ਨਹੀਂ। ਗਿਆਰਾਂ ਤੋਂ ਗਿਆਰਾਂ ਸੌ ਤੱਕ ਜਿੰਨੇ ਮਰਜ਼ੀ ਪਾ ਦੇਵੋ, ਕੋਈ ਅੰਦੇਸ਼ਾ ਨਹੀਂ। ਚਾਹੇ ਨਾ ਵੀ ਪਾਵੋ, ਲੋਕ ਸਮਝਣਗੇ ਕੋਈ ਮਹਾਪੁਰਸ਼ ਹੈ। ਗੜੀ ਗੜਬੜ ਦੇ ਆਸਾਰ

***ਵਿਆਹ ਵਿਚ ਵਖਾਦ ਆਇਆ ਹੀ ਰਹਿੰਦਾ ਹੈ। ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਵਿਆਹ ਦੋ ਰੂਹਾਂ ਦਾ ਮੇਲ ਹੁੰਦਾ ਹੈ, ਬਲਕਿ ਕਈ ਰੂਹਾਂ ਦਾ ਤੋੜ ਵਿਛੋੜਾ ਹੈ, ਇਸਦੇ ਕਈ ਪ੍ਰਤੱਖ ਪ੍ਰਮਾਣ ਹਨ। ਤਕੜੇ ਸਾਕ ਧਿੰਗੋਜ਼ੋਰੀ ਵਿਆਹ ਦੇ ਕਾਰਜ ਦਾ ਪੂਰਾ ਚਾਰਜ ਸੰਭਾਲ ਲੈਂਦੇ ਹਨ, ਵਿਚਾਰੇ ਕਮਜ਼ੋਰ ਖੂੰਜੇ ਲਗਦੇ ਲਗਦੇ ਲੱਖ ਤੋਂ ਕੱਖ ਹੋ ਜਾਂਦੇ ਹਨ।***

ਦਿਸਣ, ਖਿਸਕ ਆਵੋ। ਤੁਹਾਡੀ ਵੁੱਕਤ ਗਿਣਤੀ ਪੂਰੀ ਕਰਨ ਜਿੰਨੀ ਹੀ ਹੈ।

ਕੈਲਮਜ਼ੂ ਗੈਸ ਸਟੇਸ਼ਨ ਵਾਲਾ ਆਪਣਾ ਮਿੱਤਰ ਚਰਨ ਸਿੰਘ ਆਪਣੇ ਸੱਦਿਆਂ 'ਚ ਹਮੇਸ਼ਾ ਮੈਨੂੰ ਨਾਲ ਜਾਣ ਲਈ ਕਹਿੰਦਾ। ਉਸਦੇ ਮਿੱਤਰ ਸਤਨਾਮ ਦਾ ਵਿਆਹ ਹੋਣਾ ਸੀ, ਮੈਨੂੰ ਵੀ ਚੱਲਣ ਲਈ ਆਖਣ ਲੱਗਾ। ਵਿਆਹ 'ਤੇ ਜਾਣ ਦੀ ਮੇਰੀ ਕਸਵੱਟੀ ਤੇ ਇਹ ਕੇਸ ਪੂਰਾ ਉਤਰਦਾ ਸੀ, ਮੈਂ ਰਾਜ਼ੀ ਹੋ ਗਿਆ। ਵਿਆਂਦੜ ਨਾਲ ਆਪਣਾ ਤਾਂ ਦੂਰ ਦਾ ਵੀ ਵਾਸਤਾ ਨਹੀਂ, ਆਪਾਂ ਤਾਂ ਚਿਕਨ ਦੀਆਂ ਚਾਰ ਟੰਗਾਂ ਤੋੜਨੀਆਂ ਹਨ ਤੇ ਸ਼ਿਵਾਜ਼ ਦੇ ਛੇ ਪੈਗ ਅੰਦਰ ਸੁੱਟਣੇ ਹਨ, ਹੋਰ ਜੋ ਮਿਲੇ ਲਾਹੇ ਦਾ।

ਤਿਆਰ-ਬਰ-ਤਿਆਰ ਹੋ ਕੇ ਜਦ ਮੈਂ ਚਰਨ ਸਿੰਘ ਦੇ ਘਰ ਪਹੁੰਚਾ ਤਾਂ ਉਹ ਕਹਿੰਦਾ, 'ਯਾਰ ਤੂੰ ਤਾਂ ਬੜਾ ਕੁੱਕੜ ਲੱਗ ਰਿਹਾਂ, ਚਮਕਾਂ ਮਾਰਦਾਂ, ਕਿਥੋਂ ਲੈਂਦਾ ਕਪੜੇ?' ਮੈਂ ਭੇਦ ਦੀ ਗੱਲ ਦੱਸੀ, "ਬੱਸ ਤਣਾਅ ਨਹੀਂ ਰੱਖਣਾ, ਕਪੜੇ ਗੜਵੇ ਵਾਂਗ ਫਿੱਟ ਆਉਂਦੇ ਹਨ। ਤੇਰੇ ਦੋਸਤ ਦਾ ਵਿਆਹ, ਆਪਾਂ ਕੀ ਲੈਣਾ ਦੇਣਾ। ਤੂੰ ਫਿਕਰਾਂ ਨਾਲ ਮੁਕਿਆ ਪਿਆਂ, ਤਾਂਹੀਂ ਤੇਰਾ ਕੋਟ ਢਿਡ ਤੋਂ ਵਾਰ ਵਾਰ ਸਲਿਪ ਮਾਰ ਰਿਹਾ ਹੈ ਤੇ ਬੂਟਾਂ ਦੇ ਤਸਮੇ ਢਿੱਲਮ-ਢਿੱਲ੍ਹੇ ਹਨ।" ਉਹ ਇਕੋ ਵੇਲੇ ਢਿਡ, ਕੋਟ ਤੇ ਬੂਟ ਕੰਨੀਂ ਝਾਕਦਾ ਡਿਗਣ ਲੱਗਾ ਸੀ ਕਿ ਮੈਂ ਫੜ ਲਿਆ।

ਮਿਸ਼ੀਗਨ ਲੇਕ 'ਤੇ ਵਸੇ ਸੁਹਾਵਣੇ ਸ਼ਹਿਰ ਮਸਕੀਗਨ ਦੇ ਇਕ ਗੈਸ ਸਟੇਸ਼ਨ ਦਾ ਮਾਲਕ ਸਤਨਾਮ ਸਿੰਘ ਕਿਸਮਤ ਦਾ ਧਨੀ ਨਿਕਲਿਆ। ਇੰਡੀਆ 'ਚ ਵਿਆਹਿਆ ਵਰਿਆ ਬਾਲ-ਬੱਚੇਦਾਰ। ਏਧਰ ਘਰ-ਬਾਰ ਦੀ ਮਾਲਕਣ ਤੇ ਚੋਖੀ ਮਾਲਦਾਰ ਅਧਖੜ ਛੜੀ ਗੋਰੀ ਸਤਨਾਮ ਦੇ ਗੇੜ ਵਿਚ ਆ ਗਈ। ਗੇੜ 'ਚ ਤਾਂ ਪਤਾ ਨਹੀਂ ਕੌਣ ਕੀਹਦੇ 'ਚ ਆਇਆ ਪਰ ਨੈਟ ਰਿਜ਼ਲਟ ਇਹ ਸੀ ਕਿ ਦੋਵਾਂ ਦਾ ਵਿਆਹ ਹੋ ਰਿਹਾ ਸੀ। ਵਿਆਹ ਕਾਹਨੂੰ, ਵਿਆਹ ਦੀ ਪਾਰਟੀ ਸੀ, ਇਕ ਛੋਟੇ ਹੋਟਲ ਵਿਚ। ਵਿਆਹ ਤਾਂ ਪਤਾ ਨਹੀਂ ਕੋਰਟ ਵਿਚ ਹੋ ਚੁੱਕਾ ਸੀ। ਦੇਸੀਆਂ ਦੀਆਂ ਸੌ ਰਮਜ਼ਾਂ ਹੁੰਦੀਆਂ ਵਿਆਹਾਂ 'ਚ, ਆਪਾਂ ਕੀ ਲੈਣਾ।

ਗੈਸ ਸਟੇਸ਼ਨਾਂ ਵਾਲਿਆਂ ਦੀ ਇਕ ਆਪਣੀ ਹੀ ਦੁਨੀਆਂ ਹੈ, ਇਹ ਸਾਰੇ ਇਕ ਦੂਸਰੇ ਨੂੰ ਜਾਣਦੇ ਹੁੰਦੇ ਹਨ। ਆਪਸ ਵਿਚ ਠੱਗੀਆਂ-ਠੋਰੀਆਂ, ਚੋਰ-ਮੋਰੀਆਂ ਤੇ ਹੇਰਾ-ਫੇਰੀਆਂ ਦੇ ਗੁਰ ਸਾਂਝੇ ਕਰਦੇ ਰਹਿੰਦੇ ਹਨ। ਯੂਬਾ ਸਿਟੀ ਵਾਲਾ ਹਰਮੋਹਨ ਬੈਟਲ ਕਰੀਕ ਦੇ ਸੁਖਪਾਲ ਟਾਂਡੇ ਦੀਆਂ ਅਗਲੀਆਂ, ਪਿਛਲੀਆਂ ਤੇ ਹੁਣ ਦੀਆਂ ਸਭ ਜਾਣਦਾ ਹੈ। ਦਾਰੂ ਪਿਆਲਾ ਕਰਦੇ ਸਮੇਂ ਇਹ ਝਟਾਪਟ ਐਕਸ਼ਨ ਦੇ ਕਾਇਲ ਹਨ। ਗਾਹਕ ਤਾਂ ਕਦੇ ਆਖਰੀ ਨਹੀਂ ਹੁੰਦਾ ਪਰ ਇਹ ਆਖਰੀ ਤੋਂ ਪਹਿਲਾ ਗਾਹਕ ਭੁਗਤਾ ਕੇ ਮਹਿਫਲ ਵਿਚ ਆ ਗੱਜਦੇ ਹਨ ਤੇ ਜਿਸ ਜਿਸ ਦੇ ਸਟੋਰ ਖੁਲ੍ਹਣ ਦਾ ਟੈਮ ਹੁੰਦਾ ਜਾਂਦਾ ਹੈ, ਓਹੋ ਓਹੋ ਮਲਕ ਦੇਣੀ ਤੁਰਦਾ ਬਣਦਾ ਹੈ।

ਅਸੀਂ ਸਿਧੇ ਹੀ ਸਤਨਾਮ ਸਿੰਘ ਦੇ ਗੈਸ ਸਟੇਸ਼ਨ 'ਤੇ ਸ਼ਾਮ ਦੇ ਪੰਜ ਕੁ ਵਜੇ ਪਹੁੰਚ ਗਏ। ਵਸਾਰ-ਰੰਗਾ ਮਾੜਕੂ ਜਿਹਾ ਸਤਨਾਮ ਕਊਂਟਰ 'ਤੇ ਉਲਝਿਆ ਖੜਾ ਸੀ ਤੇ ਅੱਗੇ ਗਾਹਕਾਂ ਦੀ ਲੰਮੀ ਲਾਈਨ ਲੱਗੀ ਹੋਈ ਸੀ। ਮੈਂ ਭਮੱਤਰ ਗਿਆ, ਇਸ ਸ਼ਖਸ ਦਾ ਵਿਆਹ ਹੋਣ ਲੱਗਾ ਹੈ ਤੇ ਇਹ ਅਜੇ ਗੱਲੇ 'ਤੇ ਬੈਠਾ ਹੈ। ਚਰਨ ਸਿੰਘ ਨੂੰ ਪੁਛਿਆ, 'ਏਹੀ ਬੰਦਾ ਹੈ ਜਿਸ ਦੇ ਵਿਆਹ ਤੇ ਤੂੰ ਮੈਨੂੰ ਲਿਆਇਆਂ?'

"ਕੋਈ ਸ਼ੱਕ ਹੈ?" ਕਹਿੰਦਿਆਂ ਚਰਨ ਸਿੰਘ ਮੁਸ਼ਕੜੀਆਂ 'ਚ ਹੱਸਿਆ ਜਿਸ ਨੂੰ ਸ਼ਾਬਦਿਕ ਭਾਸ਼ਾ 'ਚ ਇਸ ਤਰ੍ਹਾਂ ਉਲਥਾਇਆ ਜਾ ਸਕਦਾ ਹੈ, 'ਇਸ ਦੇਸ਼ ਵਿਚ ਜਿੰਨਾ ਚਿਰ ਵੱਟਤ ਹੋ ਸਕਦੀ ਹੈ ਕਰੀ ਜਾਓ, ਵਿਆਹ ਤਾਂ ਕੀ ਭਾਵੇਂ ਮੌਤ ਵੀ ਦੋ ਘੰਟਿਆਂ ਨੂੰ ਆਉਣ ਵਾਲੀ ਹੋਵੇ।'

ਪਰ ਚਰਨ ਸਿੰਘ ਸਮਝ ਗਿਆ ਕਿ ਉਸਨੇ ਇਕ ਗਲਤੀ ਕਰ ਲਈ ਹੈ, ਮੇਰਾ ਸਤਨਾਮ ਸਿੰਘ ਨਾਲ ਪਰਿਚੈ ਨਹੀਂ ਕਰਵਾਇਆ। ਸੋ ਛੇਤੀ ਦੇਣੀ ਉਸ ਨੇ ਗ਼ਲਤੀ ਸੁਧਾਰੀ। ਸਤਨਾਮ ਸਿੰਘ ਨੇ ਖਿੜੇ ਮੱਥੇ ਮੇਰਾ ਪਰਿਚੈ ਤੇ ਵਿਆਹ ਵਿਚ ਸ਼ਮੂਲੀਅਤ ਤਸਲੀਮ ਕਰ ਲਈ। ਉਸ ਨੂੰ ਮੇਜ਼ਬਾਨ ਹੋਣ ਦਾ ਫਰਜ਼ ਯਾਦ ਆਇਆ, 'ਜੇ ਚਾਹ ਪੀਣੀ ਹੈ ਤਾਂ ਮੈਂ ਘਰ ਦੀਆਂ ਡਾਇਰੈਕਸ਼ਨਾਂ ਦੇ ਦਿੰਨਾਂ, ਜੇ ਬੀਅਰ ਪੀਣੀ ਹੈ ਤਾਂ ਸਟੋਰ ਦੇ ਪਿਛਵਾੜੇ ਚਲੇ ਜਾਓ।" ਬੀਅਰ ਦਾ ਖਿਆਕੜਾ ਬਲਿਆ ਪਿਆ ਸੀ, ਚਾਹ ਕਿਸਨੇ ਫੂਕਣੀ ਸੀ। ਅਸੀਂ ਸਟੋਰ ਦੇ ਪਿਛਵਾੜੇ ਚਲੇ ਗਏ। ਉਥੇ ਸਾਡੇ ਵਰਗੇ ਹੋਰ ਅਤਿਥੀ ਬੀਅਰ ਪੀ ਰਹੇ ਸਨ। ਚਰਨ ਸਿੰਘ ਉਨ੍ਹਾਂ ਵਿਚੋਂ ਕਈਆਂ ਨੂੰ ਜਾਣਦਾ ਸੀ। ਉਹ ਮੇਰੀ ਪਸੰਦ ਦੀ ਬੀਅਰ ਕਾਰੋਨਾ ਲੈ ਆਇਆ ਤੇ ਅਸੀਂ ਸਾਰੇ ਚੀਅਰਜ਼ ਕਰਕੇ ਪੀਣ ਲੱਗ ਪਏ।

ਸਤਨਾਮ ਸਿੰਘ ਦੇ ਇਸ ਅਜਬ ਵਿਆਹ ਦੀਆਂ ਗੱਲਾਂ ਕਰਦਿਆਂ ਸੱਤ ਤੋਂ ਉਪਰ ਟਾਈਮ ਹੋ ਗਿਆ। ਸਤਨਾਮ ਸਟੋਰ ਬੰਦ ਕਰਕੇ ਸਾਨੂੰ ਹੋਟਲ ਲੈ ਆਇਆ। ਹੋਟਲ ਦੇ ਬਾਹਰ ਲੰਬੀ ਦਾਹੜੀ, ਉਨਾਬੀ ਪੱਗ, ਪੱਕੇ ਰੰਗ ਤੇ ਇਕਹਿਰੇ ਸਰੀਰ ਵਾਲਾ ਅਧਖੜ ਬੰਦਾ ਖੜਾ ਦਿਸਿਆ। ਇਹ ਜਗਤਾਰ ਸਿੰਘ ਸੀ ਜੋ ਸ਼ਿਕਾਗੋ ਤੋਂ ਆਇਆ ਸੀ ਤੇ ਮੇਰੇ ਵਰਗਾ ਬਿਨ ਬੁਲਾਇਆ ਮਹਿਮਾਨ ਸੀ। ਵੱਡੀ ਗੱਲ ਬੁਲਾਇਆ ਵੀ ਚਰਨ ਸਿੰਘ ਨੇ ਹੀ ਸੀ। ਸਤਨਾਮ ਸਿੰਘ ਨੂੰ ਕੀ ਫਰਕ ਸੀ, ਛੋਟੀ ਜਿਹੀ ਪਾਰਟੀ ਸੀ, ਥੋੜ੍ਹੀ ਰੌਣਕ ਵਧ ਜਾਵੇਗੀ। ਬਥੇਰੇ ਬੁਲਾਏ ਮਹਿਮਾਨ ਨਹੀਂ ਵੀ ਆਉਂਦੇ, ਉਨ੍ਹਾਂ ਦੀ ਖਾਲੀ ਜਗ੍ਹਾ ਮੈਂ ਤੇ ਜਗਤਾਰ ਸਿੰਘ ਪੁਰ ਕਰ ਦੇਵਾਂਗੇ ਪਰ ਚਰਨ ਸਿੰਘ ਦਾ ਇਹ ਬੰਦਾ ਪੁਰਾਣਾ ਯਾਰ ਸੀ, ਉਸਨੇ ਮੈਨੂੰ ਇਸ ਬਾਰੇ ਇਸ਼ਾਰੇ ਮਾਤਰ ਦੱਸਿਆ ਸੀ।

ਛੋਟੇ ਜਿਹੇ ਹਾਲ ਵਿਚ ਸਾਰਾ ਪ੍ਰੋਗਰਾਮ ਸੀ, ਮਸਾ ਪੰਜਾਹ ਬੰਦੇ ਹੀ ਹੋਣਗੇ। ਉਘੜ-ਦੁਘੜੇ



ਡੱਠੇ ਹੋਏ ਮੇਜ਼ ਜਿਵੇਂ ਢਾਬਾ ਹੁੰਦਾ, ਪਰੇ ਖਾਣਾ ਲੱਗਾ ਹੋਇਆ ਸੀ। ਆਉਂਦਿਆਂ ਹੀ ਲੋਕਾਂ ਨੇ ਬਾਰ ਦੁਆਲੇ ਝੁਰਮਟ ਪਾ ਕੇ ਚੱਕ ਲੈ ਚੱਕ ਲੈ ਕਰ ਦਿੱਤੀ। ਸਵਾ ਲੱਖ ਜਗਤਾਰ ਸਿੰਘ ਹੀ ਸੀ ਜੋ ਘਣੇਰੀ ਵਾਟ ਝਾਗ ਕੇ ਆਇਆ ਸੀ। ਬਾਕੀ ਸਾਰਾ ਲਾਣਾ ਤਾਂ ਲੋਕਲ ਜਾਂ ਲੋਕਲ ਜਿਹਾ ਹੀ ਸੀ। ਮੈਂ ਜਗਤਾਰ ਦੇ ਕੋਲ ਨੂੰ ਹੋਇਆ ਕਿ ਇਸ ਸੂਰਮੇ ਦੀ ਕੁਝ ਸਾਰ ਲਈ ਜਾਵੇ। ਉਹ ਗਟਾ ਗਟ ਪੀ ਰਿਹਾ ਸੀ। ਮੈਂ ਉਸ ਨੂੰ ਪੁਛਿਆ, "ਤੁਸੀਂ ਸ਼ਿਕਾਗੋ ਤੋਂ ਹੋ, ਕੀ ਕਰਦੇ ਹੋ?" ਓਕੜਛੋਹਾ ਬੈਠਾ ਉਹ ਥੋੜਾ ਚੌੜਾ ਹੋਇਆ ਤੇ ਬਣਾ ਸੁਆਰ ਕੇ ਬੋਲਿਆ, "ਬੈਂਗਣ ਬੀਜਿਆ ਨਹੀਂ, ਭੜਥਾ ਬਣਾ ਲਿਆ।" ਮੈਂ ਆਊਂ ਬਤਾਊਂ, ਇਹ ਕੀ ਜਵਾਬ ਹੋਇਆ। ਸ਼ਾਇਦ ਉਸ ਕੋਈ ਕਹਾਵਤ ਕਥੀ ਸੀ ਜੋ ਮੈਂ ਨਹੀਂ ਸੀ ਸਮਝਦਾ। ਜੇ ਨਹੀਂ ਤਾਂ ਇਸ ਵਿਚ ਕਹਾਵਤ ਦੇ ਲੱਛਣ ਜ਼ਰੂਰ ਸਨ, ਕਹਾਵਤ ਬਣਨ ਦੀ ਯੋਗਤਾ ਸੀ। ਮੇਰੀ ਉਸ ਪ੍ਰਤੀ ਦਿਲਚਸਪੀ ਵਧ ਗਈ, ਹਮ-ਚਿਪਕ ਹੋਣਾ ਵੀ ਇਸਦਾ ਇਕ ਕਾਰਨ ਸੀ। ਜਦ ਵੀ ਮੈਂ ਉਸਨੂੰ ਕੁਝ ਪੁਛਾਂ ਏਹੀ ਰਹੱਸਵਾਦੀ ਜਵਾਬ, "ਬੈਂਗਣ ਬੀਜਿਆ ਨਹੀਂ, ਭੜਥਾ ਬਣਾ ਲਿਆ।" ਹਾਰ ਕੇ ਮੈਂ ਚਰਨ ਸਿੰਘ ਨੂੰ ਇਸ ਉਕਤੀ ਦੇ ਭਾਵ-ਅਰਥ ਪੁੱਛੇ। ਉਸਨੇ ਕੁਝ ਗੁਣਨ ਗੁਣਨ ਕੀਤਾ। ਸ਼ੋਰ-ਸ਼ਰਾਬੇ ਤੇ ਘੁੰਮਦੇ ਸਿਰ ਕਾਰਨ ਸਿਰ 'ਚ ਕੁਝ ਵੜ ਨਹੀਂ ਸੀ ਰਿਹਾ। ਪੰਜ ਸੱਤ ਵਾਰੀ ਹੈਂ-ਹੈਂ ਤੇ ਗੁਣਨ-ਗੁਣਨ ਪਿਛੋਂ ਜੋ ਟੋਟਿਆਂ ਵਿਚ ਗ੍ਰਹਿਣ ਹੋਇਆ ਉਹ ਜੋੜਨ ਪਿਛੋਂ ਤੱਤਪਰਜ ਇਹ ਨਿਕਲਿਆ ਕਿ ਇਹ ਸ਼ਖਸ ਇਲਲੀਗਲ ਆਇਆ ਹੈ ਤੇ ਜੋ ਵੀ ਕੰਮ ਕਰਦਾ ਹੈ ਉਸ ਵਿਚ ਵਾਹਵਾ ਕਮਾਈ ਹੈ।

ਪਾਰਟੀ ਭਖ ਪਈ। ਬੱਕਰੇ ਬੁਲਾਏ ਜਾ ਰਹੇ ਸਨ, ਮਘੇ ਨਿਕਲ ਰਹੇ ਸਨ, ਬਘੀਆਂ ਮੋੜੀਆਂ ਜਾ ਰਹੀਆਂ ਸਨ ਤੇ ਚਿਕਨ ਦੀਆਂ ਟੰਗਾਂ ਮਰੋੜੀਆਂ ਜਾ ਰਹੀਆਂ ਸਨ। ਸਤਨਾਮ ਤੇ ਉਸਦੀ ਨਵੀਂ ਕੀਤੀ ਗੋਰੀ ਮਹਿਫਲ ਵਿਚ ਗੇੜੀ ਦੇ ਰਹੇ ਸਨ, ਖੁਸ਼ ਖੁਸ਼। ਕਈ ਲੋਕ ਉਸਦੀ ਪਤਨੀ ਨੂੰ ਫਲਾਇੰਗ ਕਿੱਸ ਦੇ ਰਹੇ ਸਨ, ਕੁਝ ਵਧੇਰੇ ਉਤਸ਼ਾਹੀ ਸਚਮੁੱਚ ਦੀ ਕਿੱਸ ਪਰ ਸਤਨਾਮ ਸਿੰਘ ਦੀ ਸਿਹਤ 'ਤੇ ਕੋਈ ਅਸਰ ਨਹੀਂ ਸੀ ਹੋ ਰਿਹਾ। ਜ਼ਰ, ਜ਼ੋਰੂ ਤੇ ਜ਼ਮੀਨ ਉਸ ਕੋਲ ਵਾਧੂ ਸਨ।

ਪਤਾ ਨਹੀਂ ਕਿਹੜੇ ਵੇਲੇ ਗਾਉਣਾ ਵਜਾਉਣਾ ਸ਼ੁਰੂ ਹੋ ਗਿਆ। ਕੁਝ ਲੋਕ ਅਖਾੜੇ ਵਿਚ ਆਉਂਦੇ ਪਰ ਮਾੜਾ ਮੋਟਾ ਲੱਕ ਹਿਲਾ ਕੇ ਤੇ ਉਂਗਲਾਂ ਉਪਰ ਨੂੰ ਉਠਾ ਕੇ ਬਾਰ ਵੱਲ ਹੁੰਦੇ ਹੋਏ ਟੇਬਲ 'ਤੇ ਲੁੜਕ ਜਾਂਦੇ। ਮੱਛੀ ਮਾਰਕੀਟ ਦਾ ਦ੍ਰਿਸ਼ ਬਣਦਾ ਜਾ ਰਿਹਾ ਸੀ। ਅਖੀਰ ਵਿਚ ਬੈਂਗਣ ਭੜਥੇ ਵਾਲੇ ਦਾ ਇਕ ਗੱਦਾਜ਼ ਤੇ ਖੂਬਸੂਰਤ ਗੋਰੀ ਨਾਲ ਨਾਚ ਕਰਦੇ ਹੋਣ ਦਾ ਟਿਕਾਊ ਸੀਨ ਦਿਸਿਆ। ਗੋਰੀ ਕੂਲ੍ਹੇ ਮਟਕਾਉਂਦੀ ਹਿੱਪ ਹੌਪ ਨੱਚੇ ਤੇ ਜਗਤਾਰ ਭੰਗੜੇ ਦੀਆਂ ਮੁਦਰਾਵਾਂ ਨਾਲ ਉਸ ਵੱਲ ਮੇਲ੍ਹਦਾ ਆਵੇ। ਦੋਨੋਂ ਹਰ ਅਗਲੇ ਗੇੜ ਵਿਚ ਇਕ ਦੂਜੇ ਦੇ ਹੋਰ ਨੇੜੇ ਹੁੰਦੇ ਜਾਣ। ਅਛੋਪਲੇ ਹਿੱਪ ਹੌਪ ਭੰਗੜੇ ਵਿਚ ਤੇ ਭੰਗੜਾ ਹਿਪ ਹੌਪ ਵਿਚ ਅਭੇਦ ਹੁੰਦਾ ਗਿਆ। ਨਵੀਂ ਨਾਚ-ਕ੍ਰੀੜਾ ਵਧੇਰੇ ਹੀ ਵਧੇਰੇ ਕਾਮੁਕ ਹੁੰਦੀ ਗਈ। ਵਜਦ ਵਿਚ ਨੱਚਦੀ ਆਉਂਦੀ ਗੋਰੀ ਨੇ ਆਪਣੀ ਸਕਰਟ ਹਵਾ ਵਿਚ ਲਹਿਰਾਉਣੀ ਸ਼ੁਰੂ ਕਰ ਦਿੱਤੀ ਤੇ ਜਗਤਾਰ ਸਿੰਘ ਉਸਦੇ ਜਿਸਮ ਦੇ ਹੋਰ ਨਿਕਟ, ਹੋਰ ਨਿਕਟ ਆਉਂਦਾ ਚਲਾ ਗਿਆ। ਉਸ ਨੇ ਹੱਥ ਕੁੜੀ ਨੂੰ ਕਲਾਵੇ ਵਿਚ ਲੈਣ ਲਈ ਅੱਗੇ ਕਰ ਦਿੱਤਾ। ਉਸਦੀ ਲੰਬੀ ਦਾਹੜੀ ਦੋ ਫਾਕਾਂ ਵਿਚ ਲਹਿਰਾ ਰਹੀ ਸੀ। ਸਾਰੇ ਲੋਕਾਂ ਦੀਆਂ ਅੱਖਾਂ ਉਘੜ ਆਈਆਂ, ਉਹ ਬਹਿ ਜਾ ਬਹਿ ਜਾ ਕਰ ਉਠੇ। ਇਹ ਸਾਰਾ ਜਲਵਾ ਇਕ ਪਾਸੇ ਟੇਬਲ 'ਤੇ ਬੈਠਾ ਇਕ ਹੋਰ ਬੰਦਾ ਦੇਖ ਦੇਖ ਕੇ ਜਲ ਭੁੱਜ ਰਿਹਾ ਸੀ। ਉਹ ਕਦੋਂ ਦਾ, ਹੁੰਦੇ ਨਾਚ ਵੱਲ ਕੌੜ ਕੌੜ ਝਾਕਦਾ, ਟੇਬਲ 'ਤੇ ਮੁੱਕੀਆਂ ਮਾਰਦਾ ਰਿਹਾ ਸੀ। ਜਦ ਨਾਚ ਦੀ ਗਰਮੀ ਚਰਮ ਸੀਮਾ 'ਤੇ ਪਹੁੰਚ ਗਈ ਤਾਂ ਉਸ ਬੰਦੇ ਤੋਂ ਰਿਹਾ ਨਾ ਗਿਆ। ਉਹ ਯਕਾਯਕ ਉਠਿਆ ਤੇ ਧੁਸ ਦੇ ਕੇ ਅਖਾੜੇ ਵੱਲ ਵਧਿਆ। ਜਾਂਦਿਆਂ ਹੀ ਉਸਨੇ ਜਗਤਾਰ ਸਿੰਘ ਦੇ ਤਾਅੜ ਕਰਦਾ ਥੱਪੜ ਠੋਕ ਦਿੱਤਾ। ਇਹ ਤਾਂ ਬਾਅਦ ਵਿਚ ਪਤਾ ਲੱਗਾ ਕਿ ਉਹ ਪੰਜਾਬੀ ਬੰਦਾ ਇਸ ਗੋਰੀ ਦਾ ਬੁਆਏ ਫ੍ਰਿੰਡ ਸੀ। ਜਗਤਾਰ ਸਿੰਘ ਘੁਮੇਟਣੀਆਂ ਖਾਂਦਾ ਫਰਸ਼ 'ਤੇ ਢਹਿ ਪਿਆ। ਰੋਹ 'ਚ ਆਏ ਬੰਦੇ ਨੇ ਚੌਫਾਲ ਡਿਗੇ ਪਏ ਜਗਤਾਰ ਸਿੰਘ ਤੇ ਹੋਰ ਹੂਰੇ ਮੁੱਕੇ ਜੜ੍ਹਦਿਆਂ ਉਸਦਾ ਪੂਰਾ ਭੜਥਾ ਬਣਾ ਦਿਤਾ। ਸ਼ਰਾਬ ਨਾਲ ਧੁੱਤ, ਖੂਨ ਨਾਲ ਲੱਥ ਪਥ ਤੇ ਸ਼ਿਕਾਗੋ ਦੀ ਵਾਟ ਤੇ ਨਾਚ ਦਾ ਥੱਕਾ ਟੁੱਟਾ ਜਗਤਾਰ ਫਰਸ਼ ਨਾਲ ਚਿਪਕਿਆ ਪਿਆ ਸੀ। ਹਾਲ ਵਿਚ ਹਫੜਾ-ਦਫੜੀ ਮਚ ਗਈ।

## ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958

ਮਿਉਜ਼ਿਕ ਬੰਦ ਹੋ ਗਿਆ। ਕੋਈ ਉਸਨੂੰ ਹਿਲਾਉਣ ਨਾ ਆਇਆ। ਮੈਂ ਤੇ ਚਰਨ ਸਿੰਘ ਨੇ ਉਸਨੂੰ ਚੁਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਪੈਂਥੜ ਦਾ ਨਪੈਂਥੜ।

ਹੋਟਲ ਵਾਲਿਆਂ ਪੁਲਿਸ ਨੂੰ ਫੋਨ ਖੜਕਾ ਦਿੱਤਾ ਤੇ ਪੰਜਾਂ ਮਿੰਟਾਂ ਵਿਚ ਚਊਂ ਚਊਂ ਕਰਦੀਆਂ ਪੁਲਿਸ ਦੀਆਂ ਦੋ ਗੱਡੀਆਂ ਆ ਗਈਆਂ। ਏਨੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਗਤਾਰ ਨੂੰ ਖੜਾ ਕਰ ਲਿਆ ਗਿਆ। ਉਹ ਪੱਗ ਦੇ ਮੰਢੇਰ ਮਾਰ ਰਿਹਾ ਸੀ ਕਿ ਪੁਲਸੀਏ ਅੰਦਰ ਆ ਵੜੇ। ਉਨ੍ਹਾਂ ਕਊਂਟਰ 'ਤੇ ਕੁਝ ਘੁਸਰ-ਮੁਸਰ ਕੀਤੀ। ਸਭ ਨੂੰ ਹੋਟਲ ਦੇ ਕਰਮਚਾਰੀ ਜਗਤਾਰ ਵੱਲ ਇਸ਼ਾਰਾ ਕਰਦੇ ਦਿਖਾਈ ਦਿੱਤੇ। ਇਕ ਪੁਲਿਸ ਅਫਸਰ ਨੇ ਸਭ ਨੂੰ ਸੰਬੋਧਤ ਹੁੰਦਿਆਂ ਪੁਛਿਆ, "ਇਹ ਕੌਣ ਹੈ, ਕਿਸ ਨੇ ਇਸਨੂੰ ਬੁਲਾਇਆ?" ਵਿਆਹ ਵਾਲਾ ਸਤਨਾਮ ਸਿੰਘ ਚੁੱਪ, ਚਰਨ ਸਿੰਘ ਨੇ ਮੂੰਹ ਹੋਰ ਪਾਸੇ ਕਰ ਲਿਆ, ਨਾਚ ਕਰਨ ਵਾਲੀ ਗੋਰੀ ਆਪਣੇ ਬੁਆਏ ਫਰੈਂਡ ਦੇ ਨਾਲ ਚੰਬੜ ਗਈ। ਮੈਂ ਖੁਦ ਡਰ ਗਿਆ, ਜੇ ਕੁਝ ਬੋਲ ਬੈਠਾ ਤਾਂ ਮੇਰੀ ਪੁਛ-ਗਿੱਛ ਹੋਵੇਗੀ, ਤੂੰ ਕਿਹੜੇ ਬਾਗ ਦੀ ਮੂਲੀ? ਜਗਤਾਰ ਸਿੰਘ ਤੋਂ ਪੁਛਿਆ ਗਿਆ ਕਿ ਉਹ ਕਿਥੋਂ ਆਇਆ? ਉਸਨੇ ਦੱਸਿਆ ਕਿ ਉਹ ਸ਼ਿਕਾਗੋ ਤੋਂ ਆਇਆ ਹੈ ਪਰ ਕਿਸ ਨੇ ਸੱਦਿਆ, ਉਸਨੇ ਨਾਂ ਨਹੀਂ ਲਿਆ ਸ਼ਾਇਦ ਕਿਸੇ ਨੂੰ ਉਲਝਾਉਣਾ ਨਾ ਚਾਹੁੰਦਾ ਹੋਵੇ। ਅਖੀਰ ਪੁਲਸੀਏ ਨੇ ਜਗਤਾਰ ਨੂੰ ਹੁਕਮ ਲਾਇਆ, "ਮੈਂ ਤੈਨੂੰ ਇਕ ਮਿੰਟ ਯਾਨਿ 60 ਸੈਕਿੰਡ ਦਿੰਦਾ ਹਾਂ, ਏਥੋਂ ਰਿੜਦਾ ਹੋ, ਜੇ ਮਿੰਟ ਦੇ ਵਿਚ ਵਿਚ ਤੂੰ ਨਹੀਂ ਭੱਜਿਆ ਤਾਂ ਤੂੰ ਜੇਲ੍ਹ ਵਿਚ ਹੋਵੇਂਗਾ।" ਇਹ ਕਹਿੰਦੇ ਹੋਏ ਉਹ ਘੜੀ ਵੱਲ ਦੇਖਣ ਲੱਗ ਪਿਆ ਤੇ ਹੁਕਮ ਦੀ ਤਾਮੀਲ ਉਡੀਕਣ ਲੱਗਾ। ਜਗਤਾਰ ਨੇ ਏਧਰ ਉਧਰ ਦੇਖਿਆ, ਕੋਈ ਉਸਦਾ ਹਮਦਰਦ ਨਹੀਂ ਸੀ। ਉਹ ਦੋ ਤਿੰਨ ਵਾਰ ਪੁਲਿਸ ਵੱਲ ਝਈਆਂ ਲੈ ਲੈ ਗਰਜਿਆ, 'ਯੂ ਵਾਈਟ ਮੈਨ, ਯੂ ਰੇਸਿਸਟ, ਯੂ ਫੱ...!' ਮੈਨੂੰ ਪੁਲਿਸ ਨੂੰ ਸ਼ਰ੍ਹੇਆਮ ਕੋਸ ਰਹੇ ਜਗਤਾਰ ਦੇ ਹੌਸਲੇ ਤੋਂ ਘਬਰਾਹਟ ਹੋਣ ਲੱਗੀ, ਸੋਚਿਆ ਹੋਰ ਫਸੇਗਾ। ਪਰ ਲਗਦਾ ਉਸ ਨੇ ਇਹ ਟਰਿੱਕ ਪਹਿਲਾਂ ਕਈ ਵਾਰੀ ਵੀ ਚਲਾਇਆ ਹੋਵੇਗਾ ਤੇ ਜ਼ਰੂਰ ਉਸਨੂੰ ਰਾਸ ਆਉਂਦਾ ਹੋਵੇਗਾ। ਪਰ ਇਸ ਵੇਲੇ ਪੁਲਿਸ 'ਤੇ ਕੋਈ ਅਸਰ ਨਹੀਂ ਹੋਇਆ। ਪੁਲਿਸ ਇਹੋ ਜਿਹੇ ਮੌਕਿਆਂ 'ਤੇ ਭੜਕਾਹਟ ਵਿਚ ਨਹੀਂ ਆਉਂਦੀ। ਓੜਕ ਜੱਕੋ ਤੱਕਾ ਕਰਦੇ ਉਸ ਨੇ ਚਾਬੀ ਚੁਕੀ ਤੇ ਕਾਰ ਸਟਾਰਟ ਕਰਕੇ ਸ਼ਿਕਾਗੋ ਵਾਲੀ ਸੜਕ 'ਤੇ ਪੈ ਗਿਆ। ਮੂੰਹ ਲਟਕਾਈ ਸਾਰੇ ਲੋਕ ਉਸ ਨੂੰ ਜਾਂਦੇ ਵੱਲ ਦੇਖ ਰਹੇ ਸਨ, ਜਿਵੇਂ ਕੁੜੀ ਨੂੰ ਤੋਰ ਰਹੇ ਹੋਣ। ਮੈਂ ਹੈਰਾਨ ਸਾਂ ਕਿ ਜਦ ਪੁਲਿਸ ਨੂੰ ਪਤਾ ਹੈ ਉਸਨੇ ਐਨੀ ਸ਼ਰਾਬ ਪੀਤੀ ਹੋਈ ਹੈ ਫਿਰ ਉਸ ਨੂੰ ਕਾਰ ਤੇ ਕਿਉਂ ਜਾਣ ਲਈ ਕਹਿ ਰਹੀ ਹੈ, ਉਹ ਵੀ ਐਡੀ ਦੂਰ। ਪੁਲਿਸ ਜ਼ਰੂਰ ਆਪਣੇ ਗਲੋਂ ਗਲਾਮਾਂ ਲਾਹੁਣਾ ਚਾਹੁੰਦੀ ਹੈ। ਫਿਰ ਇਕ ਪੁਲਿਸ ਅਫਸਰ ਨੇ ਸਾਰਿਆਂ ਨੂੰ ਫਟਾਫਟ ਤਿਤਰ-ਬਿੱਤਰ ਹੋ ਜਾਣ ਲਈ ਕਿਹਾ।

ਪਾਰਟੀ ਬਿਖਰ ਗਈ ਤੇ ਸਾਰੇ ਆਪੋ ਆਪਣੇ ਰਾਹ ਪੈ ਗਏ। ਮੈਂ ਤੇ ਚਰਨ ਸਿੰਘ ਦੋਵੇਂ ਬੁਧੂ ਵੀ ਲੌਟ ਕੇ ਕੈਲਮਜ਼ੂ ਵੱਲ ਚਲ ਪਏ। ਨਮੋਸ਼ੀ ਮਾਰਿਆਂ ਅਸੀਂ ਰਾਹ ਵਿਚ ਇਕ ਦੂਜੇ ਨਾਲ ਕੋਈ ਗੱਲ ਨਾ ਕੀਤੀ।

ਸਵੇਰੇ ਸਵੇਰੇ ਚਰਨ ਸਿੰਘ ਦਾ ਫੋਨ ਆਇਆ, 'ਰਾਤੀਂ ਜਗਤਾਰ ਰਾਹ ਵਿਚ ਕਿਤੇ ਡਰੰਕ ਡਰਾਈਵਿੰਗ ਕਰਕੇ ਫੜਿਆ ਗਿਆ ਹੈ, ਉਸਦੇ ਮੂੰਹ ਵਿਚੋਂ ਖੂਨ ਵਗ ਰਿਹਾ ਸੀ। ਪੁਲਿਸ ਨੂੰ ਕੋਈ ਸੀਰੀਅਸ ਵਾਰਦਾਤ ਹੋ ਗਈ ਲਗਦੀ ਹੈ। ਤਿਆਰ ਹੋ ਕੇ ਆ ਜਾ, ਉਸ ਨੂੰ ਛੁਡਾਉਣ ਜਾਣਾ ਹੈ।' ਮੈਨੂੰ ਬੇਗਾਨੀ ਸ਼ਾਦੀ ਵਿਚ ਪਧਾਰੇ ਜਗਤਾਰ ਦੇ ਹਸ਼ਰ 'ਤੇ ਅਫਸੋਸ ਹੋ ਰਿਹਾ ਸੀ ਤੇ ਸੋਚ ਰਿਹਾ ਸੀ ਮੇਰੀ ਹੈਸੀਅਤ ਵੀ ਜਗਤਾਰ ਵਾਲੀ ਹੀ ਸੀ। ਜੇ ਮੈਨੂੰ ਚੰਗੀ ਤਰਾਂ ਭੰਗੜਾ ਪਾਉਣਾ ਆਉਂਦਾ ਹੁੰਦਾ ਤਾਂ ਜ਼ਰੂਰ ਉਸਦੀ ਜਗ੍ਹਾ ਮੈਂ ਹੀ ਹੋਣਾ ਸੀ। ਪਤਾ ਨਹੀਂ ਕੁਦਰਤ ਨੇ ਅਜੇ ਮੈਨੂੰ ਪੂਰਵ ਚਿਤਾਵਨੀ ਦਿੱਤੀ ਹੈ। ਸ਼ੁਕਰ ਮਨਾਉਂਦਿਆਂ ਮੈਂ ਚਰਨ ਸਿੰਘ ਦੇ ਘਰ ਜਾਣ ਲਈ ਤਿਆਰ ਹੋਣ ਲੱਗਾ।

# ਹਨੇਰਿਆਂ ’ਚ ਗੁੰਮ ਗਿਆ ਚਾਨਣ ਵੰਡਦਾ ਡਾ. ਆਜ਼ਾਦ

**ਦਵਿੰਦਰ ਗੋਰਾਇਆ***

ਨੀ ਅੰਮੀਏ ਤੇਰੇ ਜਿਗਰ ਦਾ ਟੋਟਾ,
ਹਾਏ! ਮੇਰੀ ਰੱਖੜੀ ਦਾ ਗੋਟਾ
ਤੁਰ ਗਿਆ ਚੁੱਪ-ਚੁਪੀਤੇ ਨੀ
ਗੱਲ ਦਿਲ ਦੀ ਦੱਸੀ ਨਾ
ਨੀ ਅੱਜ ਵੱਗਣ ਹਵਾਵਾਂ ਤੱਤੀਆਂ
ਮੇਰੇ ਸਿਰ ਤੋਂ ਉੱਠ ਗਈ ਛਾਂ।

ਡਾ. ਨਿਮਰਲ ਆਜ਼ਾਦ ਪੰਜਾਬੀ ਯੂਨੀਵਰਸਿਟੀ ਵਿਚ ਇਕਨੌਮਿਕਸ ਦੇ ਪ੍ਰੋਫੈਸਰ ਸਨ। ਉਨ੍ਹਾਂ ਦਾ ਜਨਮ ਮੱਧ ਦਰਜੇ ਦੇ ਕਿਸਾਨ ਪਰਿਵਾਰ ‘ਚ ਹੋਇਆ। ਉਹ ਸਾਰੇ ਭੈਣ ਭਰਾਵਾਂ ਵਿਚੋਂ ਵੱਡੇ ਸਨ। ਬਚਪਨ ਤੋਂ ਹੀ ਹੁਸ਼ਿਆਰ-ਚੁਸਤ ਬੱਚਿਆਂ ਚੋਂ ਗਿਣਿਆਂ ਜਾਂਦਾ ਆਜਾਦ ਪਰਿਵਾਰ ਦਾ ਮੋਹਰੀ ਬਣ ਗਿਆ। ਡਾ. ਆਜਾਦ ਨੂੰ ਸਾਹਿਤਕ ਤੇ ਰਾਜਨੀਤਿਕ ਵਿਚਾਰਾਂ ਦੀ ਪੁੱਠ ਬਾਪ-ਦਾਦੇ ਦੀ ਦੇਣ ਹੈ। ਦਾਦਾ ਸੰਤ ਸਿੰਘ ਨੰਬਰਦਾਰ ਸੀ, ਸਰਕਾਰੇ-ਦਰਬਾਰੇ ਚੰਗੀ ਪੁੱਛ ਸੀ ਉਸਦੀ। ਬਾਬੇ ਤੋਂ ਬਾਅਦ ਤਾਇਆ ਬਾਵਾ ਸਿੰਘ ਨੰਬਰਦਾਰ ਇਕ ਪਹਿਚਾਣੀ ਜਾਂਦੀ ਸ਼ਖਸੀਅਤ ਸੀ। ਅੱਜ ਭਰਾ ਕਾਮਰੇਡ ਕੁਲਵੰਤ ਸਿੰਘ ਉਸ ਰੀਤ ਨੂੰ ਨਿਭਾ ਰਿਹਾ ਹੈ। ਪਿਤਾ ਸ. ਕਰਤਾਰ ਸਿੰਘ ਬਹੁਤ ਘੱਟ ਪੜ੍ਹੇ ਸਾਧਾਰਨ ਕਿਸਾਨ ਸਨ ਪਰ ਉਹ ਹਮੇਸ਼ਾ ਮੁੰਡਿਆਂ ਵਾਂਗ ਆਪਣੀਆਂ ਧੀਆਂ ਨੂੰ ਵੀ ਬਰਾਬਰ ਪੜ੍ਹਾਉਣ ‘ਚ ਯਕੀਨ ਰੱਖਦੇ ਤੇ ਕੋਸ਼ਿਸ਼ ਕਰਦੇ। ਉਹ ਬਾਬੇ ਨਾਨਕ ਦੀ ਨਗਰੀ ‘ਚੋਂ ਖੇਤੀ ਕਰਕੇ ਸੱਚੀਆਂ ਸੁਚੀਆਂ ਕਦਰਾਂ-ਕੀਮਤਾਂ ਦਾ ਖਜ਼ਾਨਾ ਬੱਚਿਆਂ ਨੂੰ ਸੌਂਪਣਾ ਚਾਹੁੰਦੇ ਸਨ। ਡਾ. ਆਜਾਦ ਉਨ੍ਹਾਂ ਦੀਆਂ ਆਸਾਂ ਤੇ ਪੂਰਾ ਉਤਰਿਆ। ਚੰਗੀ ਸੋਚ ਤੇ ਮਿਹਨਤ ਨਾਲ ਉਸ ਨੇ ਪਰਿਵਾਰ ਨੂੰ ਅੱਗੇ ਤੋਰਨ ਲਈ ਚਾਨਣ ਮੁਨਾਰੇ ਦਾ ਕੰਮ ਕੀਤਾ। ਪਿਤਾ ਕਰਤਾਰ ਸਿੰਘ ਸਾਹਿਤਕ ਰੁਚੀਆਂ ਦਾ ਮਾਲਕ ਸੀ। ਖੇਤਾਂ ‘ਚ ਹਲ ਚਲਾਉਂਦਿਆਂ ਹੀਰ-ਰਾਂਝਾ ਹੇਕ ਲਾ ਕੇ ਗਾਉਣਾ, ਰਾਤ ਨੂੰ ਦਿਆ ਸਿੰਘ ਦਾ ਜਿੰਦਗੀ ਬਿਲਾਸ ਪੜ੍ਹਨਾ ਉਨ੍ਹਾਂ ਦਾ ਸ਼ੌਕ ਸੀ। ਪਿਤਾ ਕਰਤਾਰ ਸਿੰਘ ਬਹੁਤ ਪੁਰਾਣੇ ਕਿੱਸੇ ਕਿਤਾਬਾਂ ਆਪਣੀ ਮੰਜੀ ਸਿਰਹਾਣੇ ਸੰਭਾਲਕੇ ਰੱਖਦੇ ਸਨ।

ਡਾ. ਆਜਾਦ ਦਾ ਪਿੰਡ ਭਾਰਤ-ਪਾਕਿ ਸਰਹੱਦ ਤੇ ਆਖਰੀ ਪਿੰਡ ਹੈ। ਕਰਤਾਰਪੁਰ ਪਿੰਡ ਤੋਂ ਕੁਝ ਮੀਲਾਂ ਦੀ ਦੂਰੀ ‘ਤੇ ਹੈ ਜਿੱਥੇ ਗੁਰੂ ਨਾਨਕ ਜੀ ਨੇ 14 ਸਾਲ ਖੇਤੀ ਕੀਤੀ ਤੇ ਇਸੇ ਧਰਤੀ ਤੇ ਪਿਤਾ ਜੀ ਨੇ ਮਿੱਟੀ ਨਾਲ ਮਿੱਟੀ ਹੋ ਕੇ ਸੱਚੀ ਸੁਚੀ ਕਿਰਤ ਕਰਕੇ ਵੱਡੇ ਪਰਿਵਾਰ ਨੂੰ ਪ੍ਰਵਾਨ ਚੜ੍ਹਾਇਆ ਸੀ। ਡਾ. ਆਜਾਦ ਦੀ ਮਾਂ ਪ੍ਰਕਾਸ਼ ਕੌਰ ਅਤਿ ਕੋਮਲ ਹਿਰਦੇ ਦੀ ਔਰਤ ਹੈ। ਉਹ ਸਹਿਜ ਸਲੀਕੇ ਤੇ ਅਪਣੱਤ ਦੀ ਜਿਉਂਦੀ ਜਾਗਦੀ ਤਸਵੀਰ ਹੈ। ਮਾਂ-ਪੁੱਤ ਦੀ ਬੜੀ ਜੰਮਦੀ ਸੀ। ਦੋਸਤਾਂ ਵਰਗਾ ਰਿਸ਼ਤਾ ਸੀ ਦੋਵਾਂ ਵਿਚ। ਮਾਂ ਦੀਆਂ ਹੌਲੀ-ਹੌਲੀ ਘੰਟਿਆਂਬੱਧੀ ਗੱਲਾਂ ਸੁਣਨੀਆਂ ਉਸਨੂੰ ਚੰਗੀਆਂ ਲੱਗਦੀਆਂ ਸਨ। ਡਾ. ਆਜਾਦ ਹਮੇਸ਼ਾ ਆਖਦਾ ਹੁੰਦਾ ਸੀ, “ਮੇਰੀ ਮਾਂ ਕਵਿਤਾ ਲਿਖਦੀ ਨਹੀਂ ਉਸ ਦੇ ਸਲੀਕੇ ਤੇ ਬੋਲਾਂ ‘ਚ ਕਵਿਤਾ ਜਨਮ ਲੈਂਦੀ ਹੈ। ਡਾ. ਆਜਾਦ ਮੇਰਾ ਗੁਰੂ ਮੇਰਾ ਵਿਦਿਆ ਦਾਤਾ ਸੀ। ਉਹ ਬੜਾ ਡੂੰਘਾ ਇਨਸਾਨ ਸੀ ਪਰ ਉਸ ਦੀ ਲਿਆਕਤ ਨੂੰ ਉਸ ਕਸੱਵਟੀ ਤੇ ਪਰਖਿਆ ਨਹੀਂ ਗਿਆ।

ਮੁੱਢਲੀ ਪੜ੍ਹਾਈ ਪਿੰਡ ਸ਼ਾਹਪੁਰ ਗੁਰਾਇਆ ਤੋਂ ਪ੍ਰਾਪਤ ਕਰਕੇ ਹਾਈ ਸਕੂਲ ਡੇਰਾ ਬਾਬਾ ਨਾਨਕ ਤੋਂ ਪਾਸ ਕੀਤਾ। ਬਾਬੇ ਦੀ ਖਾਹਸ਼ ਪੂਰੀ ਕਰਨ ਲਈ ਖਾਲਸਾ ਕਾਲਜ ਤੋਂ ਬੀ.ਏ. ਆਨਰਜ਼ ਦੀ



ਡਿਗਰੀ ਲਈ। ਇਸਤੋਂ ਬਾਅਦ ਉਸਨੇ ਐਮ.ਏ. ਇਕਨੌਮਿਕਸ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕਰਕੇ ਬਤੌਰ ਲੈਕਚਰਾਰ ਕਰੁਕਸ਼ੇਤਰ ਯੂਨੀਵਰਸਿਟੀ ਸੇਵਾ ਨਿਭਾਈ। ਉਹ ਪੰਜਾਬ ‘ਚ ਕੰਮ ਕਰਨਾ ਚਾਹੁੰਦਾ ਸੀ ਸੋ ਉਸ ਨੇ ਪੱਕੇ ਤੌਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਤਬਾਦਲਾ ਕਰਵਾ ਲਿਆ।

ਆਜਾਦ ਸ਼ੁਰੂ ਤੋਂ ਹੀ ਇਨਕਲਾਬੀ ਵਿਚਾਰਾਂ ਤੋਂ ਪ੍ਰਭਾਵਤ ਸਨ। ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਉਨ੍ਹਾਂ ਦੇ ਬਚਪਨ ਤੋਂ ਹੀਰੋ ਸਨ। ਪਟਿਆਲਾ ਚੰਗੇ ਅਗਾਂਹਵਧੂ ਵਿਚਾਰਾ ਦਾ ਗੜ੍ਹ ਸੀ-ਸੋ ਉਸਨੇ ਇਕ ਚੰਗਾ ਸਰਕਲ ਤਿਆਰ ਕੀਤਾ। ਡਾ. ਰਵੀ, ਡਾ. ਜੋਗਿੰਦਰ ਪੁਆਰ (ਬਾਅਦ ‘ਚ ਵੀ.ਸੀ) ਡਾ. ਭੁਪਿੰਦਰ (ਟਿਵਾਣਾ ਦਾ ਪਤੀ) ਤੇ ਡਾ. ਸੁੱਚਾ ਸਿੰਘ ਗਿੱਲ (ਜੋ ਬਾਅਦ ’ਚ ਵਿਰੋਧੀ ਧਿਰ ਨਾਲ ਨਿਭਿਆ) ਇਨ੍ਹਾਂ ਦੀ ਇਕ ਚੰਗੀ ਜੁੰਡਲੀ ਸੀ। ਇਨ੍ਹਾਂ ਦਾ ਗਰੁੱਪ ਬੜਾ ਸਰਗਰਮ ਗਰੁੱਪ ਸੀ। ਇਨਕਲਾਬ ਦੀਆਂ ਰਾਹਾਂ ਦੇ ਇਹ ਅਸਲ ਪਾਂਧੀ ਸਨ।

ਡਾ. ਆਜਾਦ ਪਿੰਡ ਨਾਲ ਵੀ ਜੁੜਿਆ ਰਿਹਾ। ਛੋਟੇ ਭਰਾ ਕੁਲਵੰਤ ਸਿੰਘ ਨੂੰ ਪਿੰਡ ਦਾ ਸਰਪੰਚ ਬਣਾ ਕੇ ਪਿੰਡ ਚੋਂ ਇਕ ਨਵੀਂ ਸੋਚ ਦਾ ਪੁਨਰ ਜਨਮ ਕੀਤਾ। ਲਾਗਲੇ ਪਿੰਡਾਂ ਚੋਂ ਵੀ ਨੌਜਵਾਨ ਮੁੰਡਿਆਂ ਨੂੰ ਅੱਗੇ ਲਿਆਂਦਾ ਤਾਂ ਜੋ ਅਨਪੜ੍ਹਤਾ ‘ਚ ਘਿਰੇ ਮੱਧ ਵਰਗ ਨੂੰ ਆਪਣੇ ਹੱਕਾਂ ਤੇ ਆਰਥਕ ਸਮਾਜਕ ਨਾ ਬਰਾਬਰੀ ਤੋਂ ਸੁਚੇਤ ਕੀਤਾ ਜਾ ਸਕੇ।

ਡਾ. ਆਜਾਦ ਨੇ ਪੀ.ਐਚ.ਡੀ.ਦੀ.ਡਿਗਰੀ ਪੈਰਿਸ ਚੋਂ ਲਈ। ਉਹ ਇਕਨੌਮਿਕਸ ਦੀ ਵਿਸ਼ਵ ਕਾਨਫਰੰਸ ਤੇ ਹਾਲੈਂਡ, ਪੌਲੈਂਡ, ਜਰਮਨੀ ਪੈਰਿਸ, ਅਮਰੀਕਾ ਗਏ। ਡਾ. ਆਜਾਦ ਦੀ ਅਰਥ ਵਿਵਸਥਾ ਤੇ ਪਕੜ ਬੜੀ ਮਜਬੂਤ ਸੀ। ਪੰਜਾਬ ਸਰਕਾਰ ਬਿਲ-ਪਾਸ ਕਰਨ ਲੱਗਿਆ ਉਨ੍ਹਾਂ ਦੀ ਕਲਮ ਦੀ ਮਾਰ ਤੋਂ ਡਰਦੀ ਸੀ। ਡਾ. ਆਜਾਦ ਦਹਾਕਿਆਂ ਤੱਕ ਅਖਬਾਰਾਂ ‘ਚ ਛਪੇ। ਅਖਬਾਰਾਂ ਦੇ ਐਡੀਟਰ ਭਖਦੇ ਮਸਲਿਆਂ ਬਾਰੇ, ਫੋਨ ਕਰਕੇ ਉਨ੍ਹਾਂ ਤੋਂ ਆਰਟੀਕਲ ਮੰਗਦੇ। ਡਾ. ਆਜਾਦ ਉਨ੍ਹਾਂ ਲਿਆਕਤ ਵਾਲੇ ਤੇ ਸੂਝਵਾਨ ਵਿਦਵਾਨਾਂ ‘ਚੋਂ ਇਕ ਸੀ ਜੋ ਆਪਣੇ ਮੁਲਕ ਦੀ ਵਾਗਡੋਰ ਸੁੱਚਜੇ ਢੰਗ ਨਾਲ ਸੰਭਾਲ ਸਕਦਾ ਸੀ ਪਰ ਉਹ ਕਲਮ ਦਾ ਧਨੀ ਸੀ। ਭੀੜ੍ਹ ਵਿਚ ਰਲਕੇ ਕੀਮਤੀ ਅੱਖਰਾਂ ਨੂੰ ਖਿੰਡਾਉਣਾ ਨਹੀਂ ਸੀ ਚਾਹੁੰਦਾ। ਉਸਨੂੰ ਰੁਤਬਿਆਂ ਦੀ ਭੁੱਖ ਨਹੀਂ ਸੀ। ਉਹ ਨਿੱਗਰ ਸੂਝ ਵਾਲਾ ਧਨੀ ਅਰਥਸਾਸ਼ਤਰੀ ਸੀ। ਕਵੀ ਸੀ, ਚੰਗਾ ਇਨਸਾਨ ਸੀ।

ਡਾ. ਆਜਾਦ ਬੜਾ ਪ੍ਰਭਾਵਸ਼ਾਲੀ ਬੁਲਾਰਾ ਸੀ। ਕੰਧਾਂ ਕੰਬ ਜਾਂਦੀਆਂ ਸਨ-ਜਦ ਉਸ ਦੇ ਬੋਲ ਹਵਾ ‘ਚ ਗੂੰਜਦੇ ਸਨ। ਆਪਣੇ ਸਰੋਤਿਆਂ ਨੂੰ ਕੀਲ ਲੈਣ ਦੀ ਕਲਾ ਸੀ ਉਸ ਕੋਲ। ਪੜ੍ਹਨਾ ਉਸ ਦਾ ਪਹਿਲਾ ਸ਼ੌਕ ਸੀ। ਕਦੀ ਵੀ ਅਖਬਾਰ, ਕਿਤਾਬ ਤੋਂ ਬਿਨਾ ਉਸਨੂੰ ਨਹੀਂ ਦੇਖਿਆ ਜਾ ਸਕਦਾ ਸੀ। ਹਮੇਸ਼ਾ ਹੱਸ ਕੇ ਆਖਿਆ ਕਰਦੇ ਸਨ ‘ਦੇਵਿੰਦਰ ਅਗਰ ਮੈਨੂੰ ਕੁਝ ਹੋ ਗਿਆ ਤਾਂ ਮੇਰੀਆਂ ਕਿਤਾਬਾਂ (ਲਿਖਤਾਂ) ਜ਼ਰੂਰ ਸੰਭਾਲ ਲਈ। ਤੈਨੂੰ ਤਾਂ ਆਖਦਾ ਹਾਂ ਕਿ ਤੂੰ ਮੇਰੀ ਗੱਲ ਦਾ ਚੇਤਾ ਰੱਖਦੀ ਏਂ-ਬਾਕੀ ਸਭ ਮੂਰਖ ਨੇ-ਕਿਸੇ ਨੂੰ ਕੋਈ ਫਰਕ ਨਹੀਂ ਪੈਂਦਾ।

ਪਰ ਆਹ! 14 ਸਤੰਬਰ 2005 ਦੀ ਸ਼ਾਮ ਸਾਡੇ ਲਈ ਸਭ ਤੋਂ ਹਨੇਰੀ ਸ਼ਾਮ ਹੋ ਗਈ, ਲਗਦਾ ਸੀ ਵਕਤ ਰੁਕ ਜਾਏਗਾ? ਅਸੀਂ ਜਿਉਣਾ ਭੁੱਲ ਜਾਵਾਂਗੇ? ਪਰ ਸਭ ਚੱਲ ਰਿਹਾ ਹੈ। ਜ਼ਿੰਦਗੀ ਕਦ ਰੁਕਦੀ ਹੈ? ਬੱਸ ਕੁਝ ਜ਼ਖਮ ਐਸੇ ਹੁੰਦੇ ਨੇ ਜੋ ਉਮਰ ਭਰ ਰਿਸਦੇ ਰਹਿੰਦੇ ਨੇ।

ਕੁਝ ਜ਼ਖਮ ਜ਼ਿੰਦਗੀ ਲਈ
ਨਾਸੂਰ ਬਣ ਜਾਂਦੇ ਨੇ
ਮੱਲ੍ਹਮ ਲਾਇਆ ਵੀ ਦੁਖਦੇ ਨੇ
ਨਾ ਲਾਇਆ ਵੀ ਰਿਸਦੇ ਨੇ
ਜਾਣ ਵਾਲਾ ਤਾਂ ਸਾਰਿਆਂ ਤੋਂ
ਮੁਕਤ ਸ਼ਾਂਤ ਹੋ ਗਿਆ
ਉਸਦੀ ਯਾਦ ਹੈ ਸਾਹ ਸਾਡੇ
ਨਿੱਤ ਟਿਕ ਰਹਿੰਦੇ ਧੁਖਦੇ ਨੇ।

ਡਾ. ਆਜਾਦ ਨੇ ਪਰਿਵਾਰਕ ਬਾਗ ਦੀਆਂ ਜੜ੍ਹਾਂ ਨੂੰ ਬੜੀ ਮਿਹਨਤ ਤੇ ਸ਼ਿੱਦਤ ਨਾਲ ਸਿੰਜ ਕੇ ਮਜ਼ਬੂਤ ਕੀਤਾ ਸੀ। ਅੱਜ ਜਿਸ ਮੁਕਾਮ ਤੇ ਅਸੀਂ ਸਭ ਬੈਠੇ ਹਾਂ ਉਸਦੀ ਹੋਂਦ ਤੋਂ ਬਿਨਾਂ ਮੁਸ਼ਕਲ ਹੀ ਨਹੀਂ ਅਸੰਭਵ ਵੀ ਸੀ। ਉਸ ਤੋਂ ਬਿਨਾਂ ਇਸ ਮੁਕਾਮ ਤੇ ਨਹੀਂ ਸਗੋਂ ਕਿਸੇ ਪਛੜੇ ਪਿੰਡ ਦੀ ਕੱਚੀ ਚਾਰ ਦੀਵਾਰੀ ਵਿਚ ਅਨਪੜ੍ਹਤਾ ਤੇ ਅਗਿਆਨਤਾ ਦੀ ਜ਼ਿੰਦਗੀ ਬਸਰ ਕਰ ਰਹੇ

**ਸ਼ਰਧਾਂਜਲੀ**

ਹੁੰਦੇ। ਅਸੀਂ ਕਵੀ ਗੀਤਕਾਰ, ਸੰਗੀਤਕਾਰ, ਸਾਹਿਤਕਾਰ ਤੇ ਸਮਾਜ ਦੇ ਚੌਧਰੀ ਨਹੀਂ ਸਗੋਂ ਵਹਿਮਾਂ-ਭਰਮਾਂ ਚ, ਨਸ਼ਿਆਂ ‘ਚ ਗ੍ਰਸਤ ਵਿਨਾਸ਼ਕਾਰੀ ਰਾਹਾਂ ਦੇ ਪਾਤਰ ਹੁੰਦੇ। ਡਾ. ਆਜਾਦ ਨੇ ਸਾਨੂੰ ਉਸਾਰੂ ਸੋਚ ਤੇ ਜੀਣ ਲਈ ਮਕਸਦ ਦਿੱਤਾ ਤੇ ਉਸ ਮਕਸਦ ਨੂੰ ਪੂਰਾ ਕਰਨ ਵਾਸਤੇ ਸੇਧ ਦਿੱਤੀ ਸੀ। ਉਸ ਨੇ ਸਾਡੀਆਂ ਅੱਖਾਂ ‘ਚ ਸੁਪਨੇ ਬੀਜੇ ਸਨ। ਸਮਾਜ ‘ਚ ਵਿਚਰਨਾ ਸਿਖਾਇਆ ਦੂਜਿਆਂ ਦੇ ਕੰਮ ਆਉਣ ਦੀ ਆਦਤ ਪਾਈ ਸੀ ਸਾਨੂੰ। ਛੋਟੇ ਭਰਾ ਕੁਲਜੀਤ ਸਿੰਘ ਨੇ ਜਿਥੇ ਸਮਾਜ ‘ਚ ਉਨ੍ਹਾਂ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖ ਕੇ ਨਾ-ਇਨਸਾਫੀ ਵਿਰੁਧ ਕੜਕਦੀ ਹਿੰਮਤ ਰੱਖੀ ਉਥੇ ਛੋਟੇ ਭਰਾ ਧਰਮ ਸਿੰਘ ਗੁਰਾਇਆ ਨੇ ਆਰਥਕ ਤੌਰ ‘ਤੇ ਪਰਿਵਾਰ ਦੀਆਂ ਜੜ੍ਹਾਂ ਮਜ਼ਬੂਤ ਕਰਕੇ ਆਪਣਾ ਫਰਜ਼ ਪੂਰਾ ਕੀਤਾ ਤੇ ਕਰ ਰਿਹਾ ਹੈ। ਮੇਰੇ ਸਿਰ ‘ਤੇ ਹਮੇਸ਼ਾ ਡਾ. ਆਜਾਦ ਦਾ ਹੱਥ ਰਿਹਾ-ਖੂਨ ਨਾਲੋਂ ਵੀ ਸਾਡੀ ਸਾਹਿਤਕ ਸਾਂਝ ਗੂੜ੍ਹੀ ਸੀ। ਮੈਂ ਡਾ. ਆਜ਼ਾਦ ਦੀਆਂ ਲੋੜਾਂ ਤੇ ਉਸ ਦੀ ਪਸੰਦ-ਨਾਪਸੰਦ ਤੋਂ ਚੰਗੀ ਤਰ੍ਹਾਂ ਜਾਣੂ ਸਾਂ। ਹਮੇਸ਼ਾ ਕੋਸ਼ਿਸ਼ ਕਰਦੀ ਰਹੀ ਉਸਨੂੰ ਉਹੋ ਜਿਹਾ ਵਾਤਾਵਰਣ ਦਿੱਤਾ ਜਾਏ। ਜਿਸ ‘ਚ ਉਹ ਚੰਗਾ ਕੰਮ ਕਰ ਸਕੇ। ਮੈਂ ਹਮੇਸ਼ਾ ਡਾ. ਆਜ਼ਾਦ ਨੂੰ ਉਨ੍ਹਾਂ ਬੁਲੰਦੀਆਂ ਤੇ ਦੇਖਣਾ ਚਾਹੁੰਦੀ ਸਾਂ ਜਿਸ ਦੇ ਉਹ ਕਾਬਲ ਸੀ ਪਰ ਹਾਲਾਤ ਹਮੇਸ਼ਾ ਉਸਨੂੰ ਧੋਖਾ ਦੇਂਦੇ ਰਹੇ। ਬੜੀ ਕੋਸ਼ਿਸ਼ ਦੇ ਬਾਵਜੂਦ ਵੀ ਨਾ ਉਹ ਹਾਲਾਤਾਂ ਨਾਲ ਸਮਝੌਤਾ ਕਰ ਸਕਿਆ ਤੇ ਨਾ ਹਾਲਾਤ ਉਸ ਦੇ ਅਨੁਕੂਲ ਹੋਏ। ਉਸ ਦੀਆਂ ਲੋੜਾਂ ਬਹੁਤ ਘੱਟ ਸਨ। ਮਹਿੰਗੇ ਕੱਪੜੇ ਜਾਂ ਕਾਰਾਂ ਉਸ ਦਾ ਸ਼ੌਂਕ ਨਹੀਂ ਸੀ। ਡਾ. ਆਜਾਦ ਦਾ ਕਹਿਣਾ ਸੀ ਕਿ ‘ਗਿਆਨ ਪ੍ਰਾਪਤ ਕਰਨ ਲਈ ਘਰ ਦਾ ਇਕ ਕੋਨਾ ਚਾਹੀਦਾ ਹੈ-ਇਕ ਕੁਰਸੀ ਇਕ ਮੇਜ ਕਿਤਾਬਾਂ ਪੈਨ, ਪੈਨਸਲਾਂ ਤੇ ਸੁਖਾਵਾਂ ਮਾਹੌਲ ਬੱਸ ਫਿਰ ਇਨਸਾਨ ਕੀ ਨਹੀਂ ਕਰ ਸਕਦਾ। ਡਾ. ਆਜਾਦ ਆਪਣੇ ਪੜ੍ਹਨ ਵਾਲੇ ਕਮਰੇ ਵਿਚ ਸੰਤੁਸ਼ਟ ਸਮਾਂ ਬਤੀਤ ਕਰਦਾ ਸੀ। ਚਾਹ ਦਾ ਕੱਪ ਇਕ ਹੱਥ ‘ਚ ਦੂਸਰੇ ‘ਚ ਕੁਝ ਕਾਗਜ਼ ਪੈੱਨ, ਲੂੰਗੀ-ਕੁੜਤਾ ਪਹਿਨੀ ਸੱਚਮੁੱਚ ਉਹ ਬੜਾ ਸੰਤੁਸ਼ਟ ਤੇ ਅਮੀਰ ਇਨਸਾਨ ਲੱਗਦਾ ਸੀ।

ਡਾ. ਆਜਾਦ ਨੂੰ ਜ਼ਿੰਦਗੀ ਦੇ ਸਫ਼ਰ ਵਿਚ ਉਹ ਸਾਥ ਨਹੀਂ ਮਿਲਿਆ ਜੋ ਉਸਦੇ ਸਿਧਾਂਤਾਂ ਉਸਦੀ ਸੋਚ ਦੇ ਹਾਣ ਦਾ ਹੋਵੇ। ਉਹ ਪਦਾਰਥਵਾਦੀ ਨਹੀਂ ਸੀ, ਪਰ ਹਮੇਸ਼ਾ ਪਦਾਰਥਵਾਦੀ ਘੇਰੇ ‘ਚ ਘਿਰਿਆ ਰਿਹਾ। ਉਹ ਰਿਸ਼ਤਿਆਂ ਦੇ ਬੰਧਨ ਤੇ ਆਪਣੀ ਆਜ਼ਾਦ ਤਬੀਅਤ ਦੋਨਾਂ ਨੂੰ ਸਾਬਤ ਸਬੂਤ ਰੱਖਣਾ ਚਾਹੁੰਦਾ ਸੀ ਪਰ ਲੱਖ-ਕੋਸ਼ਿਸ਼ਾਂ ਦੇ ਬਾਵਜੂਦ ਕੁਝ ਵੀ ਸਾਵਾਂ ਨਾ ਹੋ ਸਕਿਆ। 23 ਸਾਲ ਦੀ ਸੇਵਾ ਬਦਲੇ ਉਸ ਨੂੰ ਮਹਾਂਵਿਦਿਆਲੇ ਤੋਂ ਇੱਕ ਲਾਚਾਰ ਮਜਬੂਰ ਤੇ ਹੀਣਤਾ ਭਰੀ ਮੌਤ ਤੋਂ ਵੱਧ ਕੁਝ ਨਹੀਂ ਮਿਲਿਆ। ਇੰਨਾ ਸੰਵੇਦਨਸ਼ੀਲ ਮਹਾਨ ਗਿਆਨਵਾਨ ਅਰਥ-ਵਿਗਿਆਨੀ ਗੁਮਨਾਮੀ ਦੇ ਹਨੇਰੇ ‘ਚ ਡੁੱਬ ਕੇ ਚਲਾ ਗਿਆ। ਪਰ ਅਫਸੋਸ ਕਿਸੇ ਦੀ ਆਹ ਨਹੀਂ ਨਿਕਲੀ। ਜਜ਼ਬਾਤ ਨੇ ਕੁਝ ਨਹੀਂ ਕਿਹਾ-ਸ਼ਬਦ ਸੁੱਕ ਗਏ, ਸੁਰਾਂ ਟੁੱਟ ਗਈਆਂ। ਸਭ ਕੰਗਾਲ ਹੋ ਗਏ ਉਸ ਵਾਸਤੇ। ਉਹ ਬੜਾ ਮਹਾਨ ਅਰਥਸਾਸ਼ਤਰੀ ਤੇ ਕਵੀ ਸੀ, ਨਿੱਕੇ-ਨਿੱਕੇ ਚਾਵਾਂ ਨਾਲ ਖਿੜ-ਖਿੜ ਕੇ ਹੱਸਦਾ। ਉਹ ਧੰਨ ਦੌਲਤਾਂ ਤੋਂ ਬੇਖ਼ਬਰ ਧਰਤੀ ਤੇ ਹਲਕੇ ਪੈਰੀਂ ਤੁਰਦਾ ਆਪਣੀ ਆਪ ਮਸਾਲ ਸੀ। ਡਾ. ਆਜਾਦ ਲਹਿਣੇਦਾਰ ਬਣਕੇ ਜੀਵਿਆ ਤੇ ਲਹਿਣੇਦਾਰ ਬਣਕੇ ਚਲਾ ਗਿਆ। ਇਹ ਸਮਾਜ ਤੇ ਅਸੀਂ ਸਭ ਕਰਜ਼ਾਈ ਹਾਂ ਉਸਦੇ। ਵਕਤ ਦੱਸੇਗਾ ਕਿ ਡਾ. ਨਿਰਮਲ ਆਜ਼ਾਦ ਵਰਗਾ ਪੁੱਤ ਕਈ ਸਦੀਆਂ ਬਾਅਦ ਕੋਈ ਮਾਂ ਜੰਮਦੀ ਹੈ।

ਇਕ ਮਰਿਆ ਹੀ ਨਹੀਂ ਗਿਆ
ਤੇਰੇ ਨਾਲ ਵੀਰਾ।
ਤੈਨੂੰ ਕਿੱਦਾਂ ਦੱਸਾਂ?
ਕਿੰਨ੍ਹਾ ਮਾਰਦੀ ਏ
ਤੇਰੇ ਤੁਰ ਜਾਣ ਦੀ ਪੀੜ੍ਹ।

***ਲੇਖਿਕਾ ਡਾ. ਆਜਾਦ ਦੀ ਭੈਣ ਹੈ**

# ਹਰੇ ਇਨਕਲਾਬ ਦੇ ਪਿਤਾਮਾ ਨੋਰਮਨ ਬਰਲੌਗ ਚੱਲ ਵਸੇ

**-ਪੰਜਾਬ ਟਾਈਮਜ਼ ਨਿਊਜ਼ ਸਰਵਿਸ**

**ਨਵੀਂ ਦਿੱਲੀ:** ਹਰੇ ਇਨਕਲਾਬ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਨੋਰਮਨ ਬੋਰਲੌਂਗ 95 ਸਾਲ ਦੀ ਉਮਰ ਵਿਚ ਚਲਾਣਾ ਕਰ ਗਏ ਹਨ। ਕਰੀਬ ਛੇ ਦਹਾਕਿਆਂ ਤੋਂ ਖੇਤੀਬਾੜੀ ਸਬੰਧੀ ਖੋਜ ਨਾਲ ਜੁੜੇ ਰਹੇ ਬੋਰਲੌਂਗ ਨੇ ਖ਼ੁਰਾਕ ਸੁਰੱਖਿਆ, ਭੁੱਖਮਰੀ ਤੇ ਅਕਾਲ ਸਬੰਧੀ ਜਿੰਨੇ ਸਵਾਲਾਂ ਦਾ ਜਵਾਬ ਦਿੱਤਾ, ਓਨੇ ਹੀ ਨਵੇਂ ਸਵਾਲ ਵਿਗਿਆਨੀਆਂ ਦੀ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਛੱਡ ਗਏ ਹਨ। ਹਰੇ ਇਨਕਲਾਬ ਦੀ ਜੁਗਤ ਅਤੇ ਵਿਚਾਰ ਇਸ ਵੇਲੇ ਚੌਗਿਰਦਾ ਮਾਹਰਾਂ, ਕੌਮਾਂਤਰੀ ਖ਼ੁਰਾਕ ਸੰਕਟ ਅਤੇ ਖੇਤੀ ਦੀ ਪੈਦਾਵਾਰੀ ਸਮਰੱਥਾ ਉਨ੍ਹਾਂ ਸਵਾਲਾਂ ਦੇ ਘੇਰੇ ਵਿਚ ਹੀ ਘਿਰੀ ਹੋਈ ਹੈ ਜਿਨ੍ਹਾਂ ਦਾ ਜਵਾਬ ਨੋਰਮਨ ਬੋਰਲੌਂਗ ਲਗਾਤਾਰ ਦਿੰਦੇ ਆਏ ਹਨ। ਦੂਜੀ ਆਲਮੀ ਜੰਗ ਤੋਂ ਬਾਅਦ ਖ਼ੁਰਾਕ ਸੰਕਟ ਵਿਕਰਾਲ ਰੂਪ ਧਾਰਨ ਕਰ ਚੁੱਕਿਆ ਸੀ। ਅਰਥ ਸ਼ਾਸਤਰੀ ਮਾਲਥਸ ਵਲੋਂ ਵਧਦੀ ਆਬਾਦੀ ਅਤੇ ਖ਼ੁਰਾਕ ਪੈਦਾ ਕਰਨ ਦੀ ਸੀਮਤ ਸਮਰੱਥਾ ਵਿਚਲੇ ਪਾੜੇ ਨੂੰ ਅਟਲ ਮਾਨਵੀ ਤ੍ਰਾਸਦੀ ਵਜੋਂ ਪੇਸ਼ ਕਰਦੀ ਧਾਰਨਾ ਸੱਚ ਹੁੰਦੀ ਜਾਪਦੀ ਸੀ। ਮਨੁੱਖੀ ਖ਼ੁਰਾਕ ਮੁਹੱਈਆ ਕਰਨ ਵਾਲੀਆਂ ਜ਼ਿਆਦਾ ਫ਼ਸਲਾਂ ਮਾਰੂ ਬੀਮਾਰੀਆਂ ਦੀ ਮਾਰ ਹੇਠ ਸਨ। ਕਣਕ ਨੂੰ ਲੱਗਣ ਵਾਲੀਆਂ ਬੀਮਾਰੀਆਂ ਬਾਰੇ ਕਿਸੇ ਮਾਹਰ ਦੀ ਤਕਰੀਰ ਨੇ ਨੋਰਮਨ ਬੋਰਲੌਂਗ ਨੂੰ ਕੀਲ ਦਿੱਤਾ। ਕਾਲਜ ਵਿਦਿਆਰਥੀ ਵਜੋਂ ਭਲਵਾਨੀ ਦਾ ਸ਼ੌਂਕ ਰੱਖਣ ਵਾਲਾ ਬੋਰਲੌਂਗ ਫ਼ਸਲਾਂ ਦੀਆਂ ਬੀਮਾਰੀਆਂ ਨਾਲ ਘੁਲਣ ਚੱਲ ਪਿਆ। ਬੀਮਾਰੀਆਂ ਸਬੰਧੀ ਖੋਜ ਕਰ ਰਹੇ ਬੋਰਲੌਂਗ ਦੀ ਦਿਲਚਸਪੀ ਫ਼ਸਲਾਂ ਦੇ



ਨਸਲ ਸੁਧਾਰ ਅਤੇ ਆਲਮੀ ਖ਼ੁਰਾਕ ਸੰਕਟ ਵਿਚ ਹੋ ਗਈ। ਮੈਕਸੀਕੋ ਵਿਚ ਉਸਨੇ ਕਣਕ ਦੀਆਂ ਵੱਖ-ਵੱਖ ਨਸਲਾਂ ਦਾ ਅਧਿਐਨ ਕੀਤਾ। ਉਹ ਅਜਿਹੀ ਨਸਲ ਵਿਕਸਤ ਕਰਨ ਵਿਚ ਕਾਮਯਾਬ ਹੋ ਗਿਆ ਜਿਸ ਨੂੰ ਪਾਣੀ ਅਤੇ ਰਸਾਇਣਕ ਖਾਦ ਦੇ ਸਹਾਰੇ ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਉਗਾਇਆ ਜਾ ਸਕਦਾ ਸੀ। ਮਧਰੇ ਕੱਦ ਦੀ ਇਸ ਨਸਲ ਦਾ ਤਣਾ ਬੱਲੀ ਦਾ ਭਾਰ ਚੁੱਕਣ ਜੋਗਾ ਨਹੀਂ ਸੀ ਜਿਸ ਕਾਰਨ ਸਿੰਜੀ ਹੋਈ ਕਣਕ ਹਵਾ ਚੱਲਣ ਕਾਰਨ ਢਹਿ ਜਾਂਦੀ ਸੀ। ਬੋਰਲੌਂਗ ਨੇ ਇਸ ਨਸਲ ਦਾ ਮੇਲ ਮਜ਼ਬੂਤ ਤਣੇ ਵਾਲੀ ਜਪਾਨੀ ਨਸਲ ਨਾਲ ਕੀਤਾ। ਇਸ ਤਜਰਬੇ ਦੇ ਨਤੀਜੇ ਵਜੋਂ ਕਣਕ ਦੀ ਜੋ ਨਸਲ ਤਿਆਰ ਹੋਈ ਉਹ ਉਸ ਸਮੇਂ ਦੀਆਂ ਬਿਮਾਰੀਆਂ ਦੀ ਪਹੁੰਚ ਤੋਂ ਬਾਹਰ ਸੀ। ਝਾੜ ਚੋਖਾ ਸੀ। ਜਿਹੜਾ ਮੈਕਸੀਕੋ 1940ਵਿਆਂ ਵਿਚ 60 ਫੀਸਦੀ ਕਣਕ ਦਰਾਮਦ ਕਰਦਾ ਸੀ, ਉਸ ਵੇਲੇ ਭਾਰਤ ਅਤੇ ਪਾਕਿਸਤਾਨ ਨਾਲ ਜੰਗ ਲੱਗ ਗਈ। ਸਾਲ 1966 ਵਿਚ ਮੈਕਸੀਕੋ ਤੋਂ ਭਾਰਤ ਵਿਚ 18 ਹਜ਼ਾਰ ਟਨ ਬੀਜ ਲਿਆਂਦਾ ਗਿਆ। ਉਸ ਸਾਲ ਫ਼ਸਲ ਦੀ ਵਾਢੀ ਮੌਕੇ ਭਾਰਤ ਵਿਚ ਮਜ਼ਦੂਰ ਥੁੜ੍ਹ ਗਏ ਸਨ। ਬੋਰੀਆਂ ਘੱਟ ਗਈਆਂ ਸਨ। ਕਣਕ ਢੋਣ ਲਈ ਟਰੱਕਾਂ ਤੇ ਰੇਲ ਗੱਡੀਆਂ ਦੀ ਕਮੀ ਮਹਿਸੂਸ ਹੋਈ ਸੀ। ਬੋਰਲੌਂਗ ਦੇ ਨਵੇਂ ਬੀਜ਼ਾਂ ਕਾਰਨ ਭਾਰਤ 1974 ਵਿਚ ਅੰਨ ਪੱਖੋਂ ਖੁਦ ਮੁਖਤਾਰ ਹੋ ਗਿਆ। ਬੋਰਲੌਂਗ ਦੀ ਦਿਸ਼ਾ ਤੇ ਕਿਸਾਨੀ ਉੱਦਮ ਦੇ ਮੇਲ ਨਾਲ ਪੰਜਾਬ ਦਾ ਭੂ-ਦ੍ਰਿਸ਼ ਦਿਨਾਂ ਵਿਚ ਹੀ ਬਦਲ ਗਿਆ।

ਬੋਰਲੌਂਗ ਦੀ ਨਸਲ ਸੁਧਾਰ ਤਕਨੀਕ ਨਾਲ ਮੱਕੀ ਅਤੇ ਚੌਲ ਦੀਆਂ ਨਵੀਆਂ ਨਸਲਾਂ ਵਿਕਸਤ ਕੀਤੀਆਂ ਗਈਆਂ। ਵੱਧ ਉਤਪਾਦਕਤਾ ਵਾਲੀਆਂ ਇਨ੍ਹਾਂ ਨਸਲਾਂ ਨੇ ਆਲਮੀ ਖ਼ੁਰਾਕ ਸੰਕਟ ਨੂੰ ਠੱਲ੍ਹ ਪਾ ਦਿੱਤੀ। ਇਸ ਨਾਲ ਮਾਲਥਸ ਦੀ ਧਾਰਨਾ ਮੂਧੇ ਮੂੰਹ ਹੋ ਗਈ ਅਤੇ ਅਟੱਲ ਜਾਪਦੀ ਭੁੱਖਮਰੀ ਤੋਂ ਸਮੁੱਚਾ ਸੰਸਾਰ ਵਿਗਿਆਨ ਅਤੇ ਮਨੁੱਖ ਦੀ ਸਮਰਥਾ ਕਾਰਨ ਪਾਸਾ ਵੱਟ ਕੇ ਨਿਕਲ ਗਿਆ ਸੀ। ਹਰੇ ਇਨਕਲਾਬ ਦੀ ਸਫ਼ਲਤਾ ਕਾਰਨ ਬੋਰਲੌਂਗ ਨੂੰ ਖੇਤੀਬਾੜੀ ਦੇ ਖੇਤਰ ਵਿਚ ਪਹਿਲਾ ਨੋਬਲ ਪੁਰਸਕਾਰ 1970 ਵਿਚ ਦਿੱਤਾ ਗਿਆ ਅਤੇ 1986 ਵਿਚ ਉਸ ਨੂੰ ਆਲਮੀ ਖ਼ੁਰਾਕ ਸਨਮਾਨ ਨਾਲ ਸਨਮਾਨਿਆ ਗਿਆ। ਇਸੇ ਸਮੇਂ ਦੌਰਾਨ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨ ਨਾਸ਼ਕਾਂ ਕਾਰਨ ਕੁਦਰਤੀ ਸਰੋਤਾਂ ਨੂੰ ਲੱਗੇ ਘਾਤਕ ਖੋਰੇ ਕਾਰਨ ਹਰੇ ਇਨਕਲਾਬ ਦੀ ਸਮੁੱਚੀ ਧਾਰਨਾ ਆਲੋਚਨਾ ਦੇ ਘੇਰੇ ਵਿਚ ਆਈ। ਨੋਰਮਨ ਬੋਰਲੌਂਗ ਨੇ ਇਸ ਆਲੋਚਨਾ ਦਾ ਬਾਦਲੀਲ ਜਵਾਬ ਦਿੱਤਾ ਅਤੇ ਇਸਨੂੰ ਉਸ ‘ਕੁਲੀਨ ਵਰਗ ਦੀ ਸੋਚ’ ਕਰਾਰ ਦਿੱਤਾ ਜਿਸ ਨੂੰ ‘ਤੀਜੀ ਦੁਨੀਆਂ ਦੀ ਗੁਰਬਤ, ਭੁੱਖ ਅਤੇ ਸੰਤਾਪ ਦਾ ਅਹਿਸਾਸ ਨਹੀਂ ਹੈ। ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਨੂੰ ਨੋਰਮਨ ਬੋਰਲੌਂਗ ਉਨ੍ਹਾਂ ਸਮਿਆਂ ਦੀ ਅਹਿਮ ਲੋੜ ਦੱਸਦਾ ਸੀ।

ਉਸਦੀ ਦਲੀਲ ਸੀ ਕਿ ਇਨ੍ਹਾਂ ਦੀ ਵਰਤੋਂ ਨਾਲ ਮਨੁੱਖਤਾ ਵੱਡੀ ਤ੍ਰਾਸਦੀ ਤੋਂ ਬਚੀ ਹੈ। ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਨਵੀਆਂ ਖੋਜਾਂ ਕਰਨ ਦੀ ਜ਼ਰੂਰਤ ਹੈ। ਇਸੇ ਨਾਲ ਖ਼ੁਰਾਕ ਤੇ ਚੌਗਿਰਦਾ ਸੰਕਟ ਹੱਲ ਕੀਤੇ ਜਾ ਸਕਦੇ ਹਨ। ਆਪਣੀ ਖੋਜ ਸ਼ੁਰੂ ਕਰਨ ਵੇਲੇ ਨੋਰਮਨ ਬੋਰਲੌਂਗ ਦੇ ਸਾਹਮਣੇ ਖ਼ੁਰਾਕ ਰਾਹੀਂ ਆਲਮੀ ਅਮਨ ਨੂੰ ਯਕੀਨੀ ਬਣਾਉਣ ਦਾ ਆਦਰਸ਼ ਸੀ। ਉਸਨੇ ਆਪਣੇ ਸਮਿਆਂ ਦੇ ਸਾਧਨਾਂ, ਸਰੋਤਾਂ ਅਤੇ ਗਿਆਨ ਦੀ ਵਰਤੋਂ ਨਾਲ ਖ਼ੁਰਾਕ ਤੇ ਆਲਮੀ ਸੰਕਟ ਨੂੰ ਸਦੀਵੀ ਰੂਪ ਵਿਚ ਹੱਲ ਤਾਂ ਨਹੀਂ ਕੀਤਾ ਪਰ ਅੱਗੇ ਜ਼ਰੂਰ ਪਾਇਆ ਹੈ। ਮੌਜੂਦਾ ਖੇਤੀਬਾੜੀ ਮਾਹਰਾਂ ਸਾਹਮਣੇ ਨੋਰਮਨ ਬੋਰਲੌਂਗ ਆਦਰਸ਼ ਵੀ ਹੈ ਤੇ ਚੁਣੌਤੀ ਵੀ। ਇਸੇ ਚੁਣੌਤੀ ਵਿਚੋਂ ਵੱਧ ਰਹੀ ਆਬਾਦੀ ਲਈ ਖ਼ੁਰਾਕ ਪੈਦਾ ਕਰਨ ਦੇ ਰਾਹ ਨਿਕਲਣੇ ਹਨ।


## ਡਾ. ਦਿਲਗੀਰ ਤੇ ਹੋਰ ਲੇਖਕਾਂ ਦੀਆਂ ਕਿਤਾਬਾਂ ਅੱਧੇ ਮੁੱਲ ’ਤੇ


ਡਾ. ਹਰਜਿੰਦਰ ਸਿੰਘ ਦਿਲਗੀਰ ਲਿਖਤ ਸਿੱਖ ਤਵਾਰੀਖ਼ (ਪੰਜ ਜਿਲਦਾਂ ਵਿਚ),
ਸ. ਜਸਬਿੰਦਰ ਸਿੰਘ ਦੁਬਈ ਦੀ ਦਸਮ ਗ੍ਰੰਥ ਦਾ ਲਿਖਾਰੀ ਕੌਣ? (ਦੋਵੇਂ ਹਿੱਸੇ), ਡਾ. ਦਿਲਗੀਰ ਦੀਆਂ ਹੋਰ ਬਹੁਤ ਸਾਰੀਆਂ ਕਿਤਾਬਾਂ ਤੇ ਆਡੀਓ ਸੀ.ਡੀ, ਗੁਰਮਤਿ ਟਕਸਾਲ ਦੀਆਂ ਪ੍ਰਕਾਸ਼ਨਾਵਾਂ ਅਤੇ ਹੋਰ ਕਈ ਪੰਥਕ ਲੇਖਕਾਂ ਦੀਆਂ ਕਿਤਾਬਾਂ

ਤਕਰੀਬਨ ਅੱਧੇ ਮੁੱਲ ’ਤੇ ਹਾਸਿਲ ਕਰਨ ਵਾਸਤੇ

ਸੰਪਰਕ ਕਰੋ: 98725 44016

## ਮਰਹੂਮ ਵਿਦਵਾਨ ਦਾ ਸਵੈ-ਕਥਨ

# ਸਿੱਖੀ ਨੂੰ ਢਾਹ ਲਾਉਣ ਦੀ ਕੋਈ ਮਨਸ਼ਾ ਨਹੀਂ ਸੀ



ਡਬਲਯੂ.ਐੱਚ. ਮੈਕਲਾਉਡ

***ਜੋ ਮੈਂ ਜਨਮ-ਸਾਖੀਆਂ ਬਾਰੇ ਲਿਖਿਆ ਹੈ, ਉਹਦੇ ਨਾਲ ਭਾਵੇਂ ਬੜੀ ਹਿਲਜੁਲ ਹੋਈ, ਪਰ ਅਰਲੀ ਸਿੱਖ ਟ੍ਰੈਡੀਸ਼ਨ ਬੜੇ ਘੱਟ ਲੋਕਾਂ ਨੇ ਪੜ੍ਹੀ ਲਗਦੀ ਹੈ। ਮੇਰੀ ਇਹ ਗੱਲ ਸਹੀ ਇਸ ਇਸ ਲਈ ਹੈ ਕਿ ਮੈਂ ਅੱਜ ਤਕ ਇਸ ਕਿਤਾਬ ਦਾ ਕੋਈ ਰੀਵੀਊ ਨਹੀਂ ਪੜ੍ਹਿਆ ਅਤੇ ਮੇਰੇ ਵਿਚਾਰਾਂ ਬਾਰੇ ਜੋ ਬਹਿਸ ਤੇ ਭੰਡੀ ਹੁੰਦੀ ਹੈ, ਉਹਦੇ ਵਿਚ ਇਸ ਕਿਤਾਬ ਦਾ ਕਦੇ ਵੀ ਜ਼ਿਕਰ ਨਹੀਂ ਹੁੰਦਾ। ਇਹ ਮੰਦਭਾਗੀ ਗੱਲ ਹੈ ਅਤੇ ਮੈਨੂੰ ਹਾਲੇ ਵੀ ਇਹ ਉਮੀਦ ਹੈ ਕਿ ਇਹਨੂੰ ਇਹਦੀ ਬਣਦੀ ਅਹਿਮੀਅਤ ਮਿਲ ਜਾਵੇਗੀ। ਇਸ ਦੌਰਾਨ ਗੁਰੂ ਨਾਨਕ ਦਾ ਜੀਵਨ-ਬਿਰਤਾਂਤ ਪੁਰਾਤਨ ਸਾਖੀਆਂ ਦੇ ਨਮੂਨੇ 'ਤੇ ਹੀ ਚੱਲੀ ਜਾਂਦਾ ਹੈ ਅਤੇ ਜੋ ਮੈਂ ਜਨਮ-ਸਾਖੀ ਸਾਹਿਤ ਦਾ ਲੇਖਾ-ਜੋਖਾ ਕੀਤਾ ਹੈ, ਓਧਰ ਕੋਈ ਧਿਆਨ ਨਹੀਂ ਦਿੰਦਾ। ਇਸ ਤੋਂ ਇਲਾਵਾ ਮੈਂ ਸਿੱਖ ਅਧਿਅਨ ਦੀਆਂ ਕੁਝ ਕਿਤਾਬਾਂ ਪ੍ਰਕਾਸ਼ਿਤ ਕਰ ਚੁੱਕਾ ਹਾਂ। ਇਨ੍ਹਾਂ ਚੋਂ ਖ਼ਾਸ ਕਿਤਾਬ ਨਿਊਜ਼ੀਲੈਂਡ ਜਾ ਵਸੇ ਪੰਜਾਬੀਆਂ ਦੇ ਇਤਿਹਾਸ ਦੀ ਹੈ। ਇਕ ਹੋਰ ਕਿਤਾਬ ਦਾ 'ਐਵੋਲੀਊਸ਼ਨ ਆਫ ਦ ਸਿੱਖ ਕਮਿਊਨਿਟੀ' ਦੀ ਕਾਫ਼ੀ ਆਲੋਚਨਾ ਹੋਈ ਹੈ। ਇਨ੍ਹਾਂ ਵੱਖ-ਵੱਖ ਕਿਤਾਬਾਂ ਦੀ ਆਲੋਚਨਾ ਬਹੁਤੀ ਦੋਖੀਆਂ ਵਾਲੀ ਹੈ। ਐਸੇ ਨਿੰਦਕਾਂ ਨੇ ਮਨੋਂ ਧਾਰ ਲਿਆ ਕਿ ਜਿਵੇਂ ਮੇਰੀ ਮਨਸ਼ਾ ਸਿੱਖੀ ਨੂੰ ਢਾਹ ਲਾਉਣ ਦੀ ਹੈ। ਮੈਂ ਜ਼ੋਰ ਨਾਲ ਆਖਦਾ ਹਾਂ ਕਿ ਕਦੇ ਵੀ ਐਸੀ ਮੇਰੀ ਕੋਈ ਮਨਸ਼ਾ ਨਹੀਂ ਸੀ ਤੇ ਨਾ ਹੀ ਹੋਵੇਗੀ। ਮੇਰਾ ਸਿੱਖਾਂ ਨਾਲ ਅਥਾਹ ਸਨੇਹ ਹੈ ਅਤੇ ਮੈਨੂੰ ਉਨ੍ਹਾਂ ਦੇ ਧਰਮ ਬਾਰੇ ਹਮੇਸ਼ਾ ਕਿਸੇ ਬਾਹਰਲੇ ਬੰਦੇ ਵਾਂਗ ਹੀ ਲਿਖਣਾ ਚਾਹੀਦਾ ਹੈ।***

ਸਿੱਖਾਂ ਵਿਚ ਮੇਰੀ ਸੁਤਿਆ ਕਦੋਂ ਜਾਗੀ? ਮੈਂ ਨਿਊਜ਼ੀਲੈਂਡ ਦੀ ਓਟਾਗੋ ਯੂਨੀਵਰਸਿਟੀਓਂ ਇਤਿਹਾਸ ਦੀ ਐਮ.ਏ. ਦੀ ਡਿਗਰੀ ਕਰ ਲਈ ਸੀ ਅਤੇ ਫੇਰ ਮੈਂ ਥਿਓਲੌਜੀ (ਧਰਮ ਸ਼ਾਸਤਰ) ਦਾ ਕੋਰਸ ਕੀਤਾ। ਉਸ ਵੇਲੇ ਨਿਊਜ਼ੀਲੈਂਡ ਦੁਨੀਆ ਦੇ ਸਭ ਤੋਂ ਵਧ ਅਮੀਰ ਮੁਲਕਾਂ ਵਿਚ ਸ਼ੁਮਾਰ ਹੁੰਦਾ ਸੀ ਅਤੇ ਆਪਣੀ ਉਮਰ ਸੁਪਨਸਾਜ਼ੀ ਦੀ ਹੋਣ ਕਰਕੇ ਮੈਂ ਕਿਸੇ ਘੱਟ ਖ਼ੁਸ਼ਹਾਲ ਮੁਲਕ ਵਿਚ ਜਾ ਕੇ ਪੜ੍ਹਾ ਕੇ ਇਕ ਤਰ੍ਹਾਂ ਆਪਣਾ ਕਰਜ਼ਾ ਲਾਹੁਣਾ ਚਾਹੁੰਦਾ ਸਾਂ। ਐਸੀਆਂ ਬਥੇਰੀਆਂ ਥਾਵਾਂ ਸਨ। ਇੰਡੋਨੇਸ਼ੀਆ ਜਾਂ ਫ਼ਿਲੀਪਾਈਨਜ਼ ਜਾਂ ਅਫ਼ਰੀਕਾ ਦਾ ਕੋਈ ਮੁਲਕ ਲੱਭਣਾ ਔਖਾ ਨਹੀਂ ਸੀ। ਸਬੱਬ ਨਾਲ ਮੈਨੂੰ ਪੰਜਾਬ ਵਿਚ ਪੜ੍ਹਾਉਣ ਦੀ ਨੌਕਰੀ ਮਿਲ ਗਈ ਅਤੇ ਮੈਂ ਆਪਣੀ ਪਤਨੀ ਤੇ ਇਕ ਸਾਲ ਦੇ ਪੁੱਤਰ ਨਾਲ ਪੰਜਾਬ ਪੁੱਜ ਗਿਆ।

ਮੇਰੀ ਨੌਕਰੀ ਸੀ-ਖਰੜ ਦੇ ਕਿਸੇ ਹਾਇਰ ਸੈਕੰਡਰੀ ਸਕੂਲ ਵਿਚ ਅੰਗਰੇਜ਼ੀ ਪੜ੍ਹਾਉਣ ਦੀ। ਮੇਰੇ ਕੋਲ ਅੰਗਰੇਜ਼ੀ ਪੜ੍ਹਾਉਣ ਦੀ ਟ੍ਰੇਨਿੰਗ ਕੋਈ ਨਹੀਂ ਸੀ, ਤਾਂ ਵੀ ਮੈਂ ਬੜੇ ਚਾਅ ਨਾਲ ਪੜ੍ਹਾਉਣ ਲੱਗਾ। ਮੈਂ ਓਥੇ ਪੰਜ ਸਾਲ ਰਿਹਾ ਅਤੇ ਨਾਲੋ-ਨਾਲ ਪਹਿਲਾਂ ਹਿੰਦੀ ਤੇ ਫੇਰ ਪੰਜਾਬੀ ਵੀ ਸਿੱਖਦਾ ਰਿਹਾ। ਮੈਨੂੰ ਛੇਤੀ ਹੀ ਪਤਾ ਲਗ ਗਿਆ ਸੀ ਕਿ ਮੈਂ ਅੰਗਰੇਜ਼ੀ ਪੜ੍ਹਾਉਣ ਦੇ ਕਾਬਿਲ ਨਹੀਂ। ਮੇਰੀ ਬੀ.ਏ. ਦੀ ਡਿਗਰੀ ਹਿਸਟਰੀ ਦੀ ਸੀ ਅਤੇ ਮੇਰਾ ਮਨ ਹਿਸਟਰੀ ਵਿਚ ਹੀ ਸੀ। ਪਰ ਖਰੜ ਵਿਚ ਕਿਹੜੀ ਹਿਸਟਰੀ ਚੱਲਣੀ ਸੀ? ਮੇਰੇ ਅੱਗੇ ਦੋ ਹੀ ਰਾਹ ਸਨ-ਸਿੱਖਾਂ ਦੀ ਹਿਸਟਰੀ ਜਾਂ ਆਰੀਆ ਸਮਾਜ ਦੀ ਹਿਸਟਰੀ। ਗੁਣਾ ਸਿੱਖਾਂ ਦੀ ਹਿਸਟਰੀ 'ਤੇ ਪਿਆ। ਇਹ ਇਸ ਕਰਕੇ ਵੀ ਕਿ ਉਸ ਵੇਲੇ ਅੰਗਰੇਜ਼ੀ ਵਿਚ ਸਿੱਖਾਂ ਬਾਬਤ ਸਾਹਿਤ ਬੜਾ ਘੱਟ ਮਿਲਦਾ ਸੀ ਅਤੇ ਖਰੜ ਸਕੂਲ ਦੇ ਸਿੱਖ ਟੀਚਰਾਂ ਨੇ ਸ਼ੁਰੂ-ਸ਼ੁਰੂ 'ਚ ਪੰਜਾਬੀ ਸਿੱਖਣ 'ਚ ਮੇਰੀ ਮਦਦ ਵੀ ਬੜੀ ਕੀਤੀ।

ਮੈਂ ਅੰਗਰੇਜ਼ੀ ਪੜ੍ਹਾਉਂਦਾ ਰਿਹਾ, ਪਰ ਸਕੂਲੋਂ ਬਾਹਰ ਮੇਰਾ ਸਾਰਾ ਵੇਲਾ ਪੰਜਾਬੀ ਸਿਖਦਿਆਂ, ਕਿਤਾਬ ਪੜ੍ਹਦਿਆਂ ਅਤੇ ਸਿੱਖ ਇਤਿਹਾਸ ਸਮਝਦਿਆਂ ਲਗਦਾ ਸੀ। ਮੈਂ ਜੋ ਪਹਿਲੀ ਕਿਤਾਬ ਪੜ੍ਹੀ, ਉਹ ਸੀ ਖੁਸ਼ਵੰਤ ਸਿੰਘ ਦੀ ਅੰਗਰੇਜ਼ੀ 'ਚ ਛਪੀ ਕਿਤਾਬ 'ਦ ਸਿੱਖਸ'। ਕਿਤਾਬ ਚੰਗੀ ਸੀ, ਪਰ ਸ਼ੁਰੂ 'ਚ ਅਜੀਬ ਗੱਲ ਲਿਖੀ ਹੋਈ ਸੀ; 'ਮੇਰੇ ਆਪਣੇ ਲੋਕਾਂ ਦੀ ਵਿਥਿਆ ਲਿਖਣ ਦਾ ਵੱਡਾ ਕਾਰਨ ਮੇਰੀ ਉਦਾਸੀ ਹੈ, ਜੋ ਇਸ ਕਿਤਾਬ ਦਾ ਆਖ਼ਿਰੀ ਕਾਂਡ ਲਿਖਦਿਆਂ ਹੋਰ ਤੀਬਰ ਹੋ ਰਹੀ ਹੈ ਕਿ ਇਸ ਸਦੀ ਦੇ ਅੰਤ ਤਕ ਸਿੱਖ ਮਰ-ਮੁੱਕ ਜਾਣਗੇ' ਜ਼ਾਹਿਰ ਹੈ ਕਿ ਖੁਸ਼ਵੰਤ ਸਿੰਘ ਦੀ ਇਹ ਭਵਿੱਖਬਾਣੀ ਸਹੀ ਨਹੀਂ ਸੀ, ਪਰ ਬਾਕੀ ਦੀ ਕਿਤਾਬ ਨੇ ਮੇਰੀ ਸਿੱਖ ਇਤਿਹਾਸ ਨਾਲ ਚੰਗੀ ਸਿਆਣ ਕਰਵਾ ਦਿੱਤੀ। ਕਨਿੰਘਮ ਦੀ ਕਿਤਾਬ, 'ਹਿਸਟਰੀ ਆਫ ਦ ਸਿਖਸ' ਦੀ ਨਵੀਂ ਛਾਪ ਸੌਖਿਆਂ ਮਿਲ ਗਈ ਅਤੇ ਐਡਨਬਰਾ ਦੀ ਕਿਸੇ ਪੁਰਾਣੀਆਂ ਕਿਤਾਬਾਂ ਦੀ ਹੱਟ ਤੋਂ ਮੈਂ ਮੈਕਾਲਿਫ਼ ਦੀ ਤਿੰਨ ਸੈਂਚੀਆਂ ਵਾਲੀ 'ਦ ਸਿੱਖ ਰੀਲੀਜਨ' ਖ਼ਰੀਦ ਲਈ। ਮੈਨੂੰ ਚੇਤੇ ਹੈ ਕਿ ਮੈਂ ਇਸ ਕਿਤਾਬ ਦੇ ਪੰਨੇ ਤੋਂ ਤਾਂ ਹੈਰਾਨ ਹੋਇਆ ਸੀ, ਪਰ ਪੜ੍ਹ ਕੇ ਸਵਾਦ ਨਹੀਂ ਸੀ ਆਇਆ, ਕਿਉਂਕਿ ਇਹਦੀ ਅੰਗਰੇਜ਼ੀ ਪੁਰਾਣੇ ਵੇਲਿਆਂ ਦੀ ਤੇ ਬਨਾਵਟੀ ਸੀ। ਉਸ ਵੇਲੇ ਜਿਹੜੀ ਕਿਤਾਬ ਮੈਨੂੰ ਬਹੁਤ ਚੰਗੀ ਲੱਗੀ, ਉਹ ਸੀ ਤੇਜਾ ਸਿੰਘ ਤੇ ਗੰਡਾ ਸਿੰਘ ਦੀ ਲਿਖੀ, 'ਏ ਹਿਸਟਰੀ ਆਫ ਦਾ ਸਿੱਖਸ।'

ਉਸ ਮੁੱਢਲੇ ਪੜਾਅ ਵਿਚ ਮੈਨੂੰ ਲੱਗਾ ਕਿ ਇਸ ਕਿਤਾਬ ਵਿਚ ਅਹਿਮ ਸਵਾਲਾਂ ਦੇ ਜਵਾਬ ਤਾਂ ਮਿਲਦੇ ਹਨ ਅਤੇ ਮੈਂ ਉਤਾਵਲ ਨਾਲ ਇਹ ਕਿਤਾਬ ਡੀਕ ਗਿਆ। ਸੋ ਇਹ ਚਾਰ ਕੁ ਕਿਤਾਬਾਂ ਪੜ੍ਹ ਕੇ ਅੰਮ੍ਰਿਤਸਰ ਦਰਬਾਰ ਸਾਹਿਬ ਦੀ ਯਾਤਰਾ ਦਾ ਸਮਾਂ ਆਇਆ। ਇਹ ਕੋਈ ਸੰਨ 1960 ਦੀ ਗੱਲ ਹੈ। ਮੈਂ ਬੱਸ ਵਿਚ ਅੰਮ੍ਰਿਤਸਰ ਪੁੱਜਾ ਅਤੇ ਦਰਬਾਰ ਸਾਹਿਬ ਦੇ ਗਾਈਡ ਦੇ ਦਫ਼ਤਰ ਚਲਾ ਗਿਆ। ਉਥੇ ਮੈਨੂੰ ਸਰਦਾਰ ਪ੍ਰਕਾਸ਼ ਸਿੰਘ ਮਿਲੇ ਅਤੇ ਜਿੰਨਾ ਚਿਰ ਮੈਂ ਉਥੇ ਰਿਹਾ, ਇਨ੍ਹਾਂ ਨੇ ਮੇਰੀ ਬੜੀ ਖ਼ਾਤਿਰ-ਤਵੱਜੋ ਕੀਤੀ। ਉਸ ਰਾਤ ਇਨ੍ਹਾਂ ਮੈਨੂੰ ਆਪਣੇ ਦਫ਼ਤਰ 'ਚ ਹੀ ਸੌਂ ਲੈਣ ਦਿੱਤਾ ਅਤੇ ਇਨ੍ਹਾਂ ਦੇ ਦੱਸੇ ਮੁਤਾਬਿਕ ਮੈਂ ਅੰਮ੍ਰਿਤ ਵੇਲੇ ਤਿੰਨ ਵਜੇ ਉੱਠਿਆ ਅਤੇ ਪਰਿਕਰਮਾ ਵਿਚ ਜਾ ਖਲੋਤਾ। ਮੈਂ ਪੰਜ ਵਜੇ ਤਕ ਸ਼ਬਦ-ਕੀਰਤਨ ਸੁਣਦਾ ਰਿਹਾ। ਇਹ ਵੇਲਾ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਅਕਾਲ ਤਖ਼ਤ ਤੋਂ ਲਿਆ ਕੇ ਹਰਿਮੰਦਰ ਸਾਹਿਬ ਵਿਚ ਦਿਨ ਭਰ ਲਈ ਸੁਸ਼ੋਭਿਤ ਕਰਨ ਦਾ ਵੇਲਾ ਸੀ। ਉਸ ਤੋਂ ਬਾਅਦ ਮੈਂ ਦਰਬਾਰ ਸਾਹਿਬ ਦੇ ਕਈ ਵਾਰ ਦਰਸ਼ਨ ਕੀਤੇ ਹਨ ਅਤੇ ਬੈਠ ਕੇ ਸ਼ਬਦ-ਕੀਰਤਨ ਸ਼੍ਰਵਣ ਕੀਤਾ ਹੈ, ਪਰ ਪਹਿਲੀ ਵਾਰ ਕੀਤੇ ਦਰਸ਼ਨਾਂ ਦਾ ਆਪਣਾ ਹੀ ਆਨੰਦ ਸੀ।

ਪਹਿਲੀ ਵਾਰ ਤਾਂ ਮੈਂ ਨਿਰਾ ਸੰਗੀਤ ਹੀ ਮਾਣਿਆ ਸੀ। ਕੀਰਤਨ ਵਾਲੇ ਸੰਗੀਤਬਧ ਸ਼ਬਦ ਤਾਂ ਮੈਨੂੰ ਓਦੋਂ ਹੀ ਸਮਝ ਆਉਣ ਲੱਗੇ, ਜਦ ਮੈਂ ਲੰਡਨ ਯੂਨੀਵਰਸਿਟੀ ਵਿਚ ਨਾਨਕਬਾਣੀ ਦੀ ਪੀ ਐਚ.ਡੀ. ਕਰਨ ਲਈ ਪੰਜਾਬੀ ਸਿੱਖਣ ਲੱਗਾ ਸੀ। ਪ੍ਰਥਮ ਗੁਰੂ ਜੀ ਦੀ ਬਾਣੀ ਦਾ ਪਾਠ ਕਰਦਿਆਂ ਮਨ ਵਿਚ ਅਨੋਖਾ ਚਾਨਣ ਹੁੰਦਾ ਸੀ, ਪਰ ਨਾਲ ਹੀ ਮੈਂ ਸੋਚਣਾ ਕਿ ਗੁਰੂ ਜੀ ਦੀ ਬਾਣੀ ਬੜੇ ਸਿੱਖਾਂ ਨੂੰ ਤਾਂ ਸਮਝ ਨਹੀਂ ਆਉਂਦੀ ਹੋਣੀ, ਖਾਸ ਕਰਕੇ ਨਵੀਂ ਪੀੜ੍ਹੀ ਦੇ ਸਿੱਖਾਂ ਨੂੰ, ਜਿਨ੍ਹਾਂ ਭਾਰਤ ਤੋਂ ਬਾਹਰ ਤਾਲੀਮ ਹਾਸਲ ਕੀਤੀ ਹੈ। ਬਾਣੀ ਦਾ ਅਰਥ ਕੀ ਹੈ? ਉਨ੍ਹਾਂ ਨੂੰ ਇਹ ਦੱਸ ਦੇਣਾ ਤਾਂ ਠੀਕ ਹੈ ਕਿ ਇਹ ਕੁਝ ਤੁਹਾਡੇ ਪਾਵਨ ਗ੍ਰੰਥ ਵਿਚ ਲਿਖਿਆ ਹੋਇਆ ਹੈ, ਪਰ ਜੇ ਇਹ ਲਿਖਿਆ ਉਹ ਸਮਝਦੇ ਹੀ ਨਹੀਂ ਤਾਂ ਨਿਰਾ ਗੁਰਦੁਆਰੇ ਜਾ ਕੇ ਕੀਰਤਨ ਸੁਣਨ ਦਾ ਕੀ ਅਰਥ ਰਹਿ ਜਾਂਦਾ ਹੈ?

ਇਕ ਹੋਰ ਮੁਸ਼ਕਲ ਇਹ ਵੀ ਹੈ ਕਿ ਗੁਰੂ ਗ੍ਰੰਥ ਸਾਹਿਬ ਪੰਜਾਬੀ ਵਿਚ ਨਹੀਂ ਹੈ। ਇਹ ਗੁਰਮੁਖੀ ਲਿਪੀ ਵਿਚ ਤਾਂ ਜ਼ਰੂਰ ਹੈ ਅਤੇ ਇਸ ਵਿਚ ਆਉਂਦੇ ਬਹੁਤੇ ਸ਼ਬਦ ਪੰਜਾਬੀ ਬੋਲੀ ਦੇ ਹੋਣ ਕਰਕੇ ਉਨ੍ਹਾਂ ਨੂੰ ਸਹਿਜੇ ਹੀ ਲੱਗਦਾ ਹੈ ਕਿ ਇਹ ਪੁਰਾਣੀ ਪੰਜਾਬੀ ਹੈ। ਪਰ ਦਰਅਸਲ ਇਹ ਗੱਲ ਹੈ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਬੋਲੀ ਸੰਤ ਭਾਸ਼ਾ ਹੈ। ਇਹ ਭਾਸ਼ਾ ਸਾਰੇ ਉੱਤਰੀ ਹਿੰਦੁਸਤਾਨ ਵਿਚ ਵਸਦੇ ਸੰਤ-ਜਨਾਂ ਦੀ ਸੀ, ਜਿਨ੍ਹਾਂ ਵੇਲਿਆਂ ਵਿਚ ਕਿ ਗੁਰਬਾਣੀ ਰਚੀ ਜਾ ਰਹੀ ਸੀ। ਇਸ ਭਾਸ਼ਾ ਦਾ ਅਤੇ ਗੁਰੂਆਂ ਦੀ ਰਚੀ ਬਾਣੀ ਦਾ ਕੋਈ ਬਹੁਤਾ ਫ਼ਰਕ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਭਾਸ਼ਾ ਦੀ ਮੁਸ਼ਕਿਲ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਕਈ ਅੰਗਰੇਜ਼ੀ ਉਲਥੇ ਛਪ ਚੁੱਕੇ ਹਨ, ਪਰ ਇਨ੍ਹਾਂ 'ਚੋਂ ਕੋਈ ਵੀ ਤਸੱਲੀਬਖ਼ਸ਼ ਨਹੀਂ। ਇਹ ਕਿਸੇ ਜਗਿਆਗੂ ਨੂੰ ਬਾਣੀ ਸਮਝਣ 'ਚ ਸਹਾਈ ਤਦ ਹੋ ਸਕਦੇ ਹਨ, ਜੇ ਨਾਲ ਮੂਲ ਸੰਤ ਭਾਸ਼ਾ ਵੀ ਛਪੀ ਹੋਵੇ। ਸਰਬ-ਸੰਪੂਰਣ ਅਨੁਵਾਦ ਕਰਨ ਲਈ ਐਸਾ ਅਨੁਵਾਦਕ ਦਰਕਾਰ ਹੈ, ਜਿਹਦੀ ਅੰਗਰੇਜ਼ੀ ਪ੍ਰਥਮ ਭਾਸ਼ਾ ਹੋਵੇ ਅਤੇ ਉਹਨੂੰ ਕਾਵਯ ਤੇ ਅਬੂਰ ਹਾਸਿਲ ਹੋਵੇ ਅਤੇ ਨਾਲ ਹੀ ਉਹ ਗੁਰੂ ਗ੍ਰੰਥ ਸਾਹਿਬ ਦੀ ਸੰਤ ਭਾਸ਼ਾ ਦਾ ਪੂਰਣ ਗਿਆਤਾ ਹੋਵੇ। ਤਾਂ ਵੀ ਇਹ ਗੱਲ ਉਸ ਇਲਾਹੀ ਬਾਣੀ 'ਤੇ ਢੁੱਕ ਨਹੀਂ ਸਕਣੀ, ਜਿਹੜੀ ਕਿ ਗਾਈ ਵੀ ਜਾਣੀ ਹੋਵੇ। ਸੋ ਇਹੋ ਜਿਹੇ ਸਰਬ-ਸੰਪੂਰਣ ਅਨੁਵਾਦ ਦਾ ਕਾਰਜ ਕਿਸੇ ਦੇ ਵੀ ਵਸ ਦਾ ਨਹੀਂ।

ਇਹਦਾ ਕਿਸੇ ਹੋਰ ਬੋਲੀ ਵਿਚ ਹੂ-ਬ-ਹੂ ਉਤਾਰਾ ਹੋ ਸਕਣਾ ਸੰਭਵ ਨਹੀਂ। ਗੁਰਬਾਣੀ ਪੰਜਾਬ ਵਿਚ ਤੇ ਵਿਦੇਸ਼ਾਂ ਵਿਚ ਗਾਈ ਜਾਂਦੀ ਰਹਿਣੀ ਹੈ। ਇਸ ਮਸਲੇ ਦਾ ਹੱਲ ਦੁਵੱਲਾ ਹੈ। ਪਹਿਲਾਂ ਹੱਲ ਤਾਂ ਹੋਇਆ ਹੀ ਪਿਆ ਹੈ-ਅੰਗਰੇਜ਼ੀ ਅਨੁਵਾਦ ਆਮ ਖ਼ਰੀਦੇ ਜਾ ਸਕਦੇ ਹਨ ਅਤੇ ਇਹ ਬ੍ਰਜ ਭਾਸ਼ਾ ਸਮਝਣ ਲਈ ਉਨ੍ਹਾਂ ਪਾਠਕਾਂ ਦੇ ਸਹਾਈ ਹੁੰਦੇ ਹਨ, ਜਿਨ੍ਹਾਂ ਦੀ ਪ੍ਰਥਮ ਭਾਸ਼ਾ ਅੰਗਰੇਜ਼ੀ ਹੈ। ਦੂਜਾ ਹੱਲ ਵਧੇਰੇ ਅਹਿਮ ਹੈ ਕਿ ਗ੍ਰੰਥੀ ਸਿੰਘ ਗੁਰਬਾਣੀ ਦੀ ਕਥਾ-ਵਿਆਖਿਆ ਕਰਨ ਵਿਚ ਪੂਰੇ ਪ੍ਰਬੀਨ ਹੋਣ। ਗਾਈ ਜਾਂਦੀ ਬਾਣੀ ਦੀ ਸਪੱਸ਼ਟ ਵਿਆਖਿਆ ਹੋਣੀ ਜ਼ਰੂਰੀ ਹੈ, ਭਾਵੇਂ ਉਹ ਪੰਜਾਬੀ ਵਿਚ ਹੋਵੇ ਜਾਂ ਅੰਗਰੇਜ਼ੀ ਜਾਂ ਹੋਰ ਕਿਸੇ ਵੀ ਬੋਲੀ ਵਿਚ।

ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿਚ ਸਭ ਤੋਂ ਚੰਗਾ ਤਰਜ਼ਮਾ ਖੁਸ਼ਵੰਤ ਸਿੰਘ ਨੇ ਕੀਤਾ ਹੈ। ਇਹਦੀ ਪੜ੍ਹੀ-ਪਹਿਲੀ ਕਿਤਾਬ ਬਾਰੇ ਮੇਰੀਆਂ ਸ਼ੰਕਾਵਾਂ ਦੇ ਬਾਵਜੂਦ ਮੈਂ ਇਹਦੀ ਅੰਗਰੇਜ਼ੀ ਤੇ ਸੰਤ ਭਾਸ਼ਾ ਅਤੇ ਉਰਦੂ ਦੀ ਮੁਹਾਰਤ ਦਾ ਕਾਇਲ ਹਾਂ। ਜਦ ਮੈਂ ਬਟਾਲੇ ਬੇਰਿੰਗ ਕਾਲਜ ਵਿਚ ਬੀ.ਏ. ਦੇ ਦੂਜੇ ਸਾਲ ਦੇ ਵਿਦਿਆਰਥੀਆਂ ਨੂੰ ਪੰਜਾਬ ਦਾ ਇਤਿਹਾਸ ਪੜ੍ਹਾਉਂਦਾ ਸਾਂ ਤਾਂ ਇਹਦੀ ਅੰਗਰੇਜ਼ੀ ਦੀ ਕਿਤਾਬ 'ਏ ਹਿਸਟਰੀ ਆਫ ਦ ਸਿੱਖਸ' ਮੇਰੇ ਬਹੁਤ ਕੰਮ ਆਉਂਦੀ ਸੀ ਅਤੇ ਇਹਦਾ ਮੈਂ ਵਾਰ-ਵਾਰ ਸ਼ੁਕਰਗੁਜ਼ਾਰ ਹੁੰਦਾ ਸੀ। ਪਰ ਗੁਰਦੇਵ ਸਿੰਘ ਦੀ ਸੰਪਾਦਿਤ ਕਿਤਾਬ ਪਰਸਪੈਕਟਿਵਜ਼ ਔਨ ਦ ਸਿੱਖ ਟ੍ਰੈਡੀਸ਼ਨ ਦੀ ਲਿਖੀ ਖੁਸ਼ਵੰਤ ਸਿੰਘ ਦੀ ਅੱਧੀ ਭੂਮਿਕਾ ਮੇਰੇ ਕੀਤੇ ਕੰਮ ਦੀ ਭੰਡੀ ਨਾਲ ਭਰੀ ਪਈ ਸੀ ਅਤੇ ਇਹ ਗੱਲ ਮੈਨੂੰ ਬੜੀ ਚੁੱਭੀ। ਤੋੜਾ ਝਾੜਦਿਆਂ ਖੁਸ਼ਵੰਤ ਸਿੰਘ ਨੇ ਲਿਖਿਆ ਹੋਇਆ ਸੀ, ''ਇਹ ਜ਼ਾਹਿਰ ਹੈ ਕਿ ਡਾਕਟਰ ਮੈਕਲਾਉਡ ਦੇ ਪੇਤਲੀ ਜ਼ਮੀਨ 'ਤੇ ਖੜ੍ਹੋ ਕੇ ਕੱਢੇ ਕੁਝ ਤੱਤ-ਵਿਚਾਰ ਭੁਲੇਖਾ ਪਾਊ ਹਨ।'' ਆਪਣੀ ਨੁਕਤਾਚੀਨੀ ਵਿਚ ਇਹਦੀ ਫੜੀ ਵੱਡੀ ਗੱਲ ਮੈਨੂੰ ਸਮਝ ਨਾ ਆਈ ਕਿ ਜਨਮ ਸਾਖੀਆਂ ਬਾਰੇ ਖੋਜ ਸਹੀ ਨਹੀਂ, ਜਦ ਕਿ ਇਨ੍ਹਾਂ ਬਾਰੇ ਆਪਣੀ ਕਿਤਾਬ ਅਰਲੀ ਸਿੱਖ ਟ੍ਰੈਡੀਸ਼ਨ ਨੂੰ ਮੈਂ ਹੁਣ ਤਕ ਆਪਣੀਆਂ ਛਪੀਆਂ ਸਾਰੀਆਂ ਕਿਤਾਬਾਂ ਚੋਂ ਉੱਤਮ ਕਿਤਾਬ ਮੰਨਦਾ ਹਾਂ। ਜੋ ਮੈਂ ਜਨਮ-ਸਾਖੀਆਂ ਬਾਰੇ ਲਿਖਿਆ ਹੈ, ਉਹਦੇ ਨਾਲ ਭਾਵੇਂ ਬੜੀ ਹਿਲਜੁਲ ਹੋਈ, ਪਰ ਅਰਲੀ ਸਿੱਖ ਟ੍ਰੈਡੀਸ਼ਨ ਬੜੇ ਘੱਟ ਲੋਕਾਂ ਨੇ ਪੜ੍ਹੀ ਲਗਦੀ ਹੈ। ਮੇਰੀ ਇਹ ਗੱਲ ਸਹੀ ਇਸ ਇਸ ਲਈ ਹੈ ਕਿ ਮੈਂ ਅੱਜ ਤਕ ਇਸ ਕਿਤਾਬ ਦਾ ਕੋਈ ਰੀਵੀਊ ਨਹੀਂ ਪੜ੍ਹਿਆ ਅਤੇ ਮੇਰੇ ਵਿਚਾਰਾਂ ਬਾਰੇ ਜੋ ਬਹਿਸ ਤੇ ਭੰਡੀ ਹੁੰਦੀ ਹੈ, ਉਹਦੇ ਵਿਚ ਇਸ ਕਿਤਾਬ ਦਾ ਕਦੇ ਵੀ ਜ਼ਿਕਰ ਨਹੀਂ ਹੁੰਦਾ। ਇਹ ਮੰਦਭਾਗੀ ਗੱਲ ਹੈ ਅਤੇ ਮੈਨੂੰ ਹਾਲੇ ਵੀ ਇਹ ਉਮੀਦ ਹੈ ਕਿ ਇਹਨੂੰ ਇਹਦੀ ਬਣਦੀ ਅਹਿਮੀਅਤ ਮਿਲ ਜਾਵੇਗੀ। ਇਸ ਦੌਰਾਨ ਗੁਰੂ ਨਾਨਕ ਦਾ ਜੀਵਨ-ਬਿਰਤਾਂਤ ਪੁਰਾਤਨ ਸਾਖੀਆਂ ਦੇ ਨਮੂਨੇ 'ਤੇ ਹੀ ਚੱਲੀ ਜਾਂਦਾ ਹੈ ਅਤੇ ਜੋ ਮੈਂ ਜਨਮ-ਸਾਖੀ ਸਾਹਿਤ ਦਾ ਲੇਖਾ-ਜੋਖਾ ਕੀਤਾ ਹੈ, ਓਧਰ ਕੋਈ ਧਿਆਨ ਨਹੀਂ ਦਿੰਦਾ।

ਇਸ ਤੋਂ ਇਲਾਵਾ ਮੈਂ ਸਿੱਖ ਅਧਿਅਨ ਦੀਆਂ ਕੁਝ ਕਿਤਾਬਾਂ ਪ੍ਰਕਾਸ਼ਿਤ ਕਰ ਚੁੱਕਾ ਹਾਂ। ਇਨ੍ਹਾਂ ਚੋਂ ਖ਼ਾਸ ਕਿਤਾਬ ਨਿਊਜ਼ੀਲੈਂਡ ਜਾ ਵਸੇ ਪੰਜਾਬੀਆਂ ਦੇ ਇਤਿਹਾਸ ਦੀ ਹੈ। ਇਕ ਹੋਰ ਕਿਤਾਬ ਦਾ 'ਐਵੋਲੀਊਸ਼ਨ ਆਫ ਦ ਸਿੱਖ ਕਮਿਊਨਿਟੀ' ਦੀ ਕਾਫ਼ੀ ਆਲੋਚਨਾ ਹੋਈ ਹੈ। ਇਨ੍ਹਾਂ ਵੱਖ-ਵੱਖ ਕਿਤਾਬਾਂ ਦੀ ਆਲੋਚਨਾ ਬਹੁਤੀ ਦੋਖੀਆਂ ਵਾਲੀ ਹੈ। ਐਸੇ ਨਿੰਦਕਾਂ ਨੇ ਮਨੋਂ ਧਾਰ ਲਿਆ ਕਿ ਜਿਵੇਂ ਮੇਰੀ ਮਨਸ਼ਾ ਸਿੱਖੀ ਨੂੰ ਢਾਹ ਲਾਉਣ ਦੀ ਹੈ। ਮੈਂ ਜ਼ੋਰ ਨਾਲ ਆਖਦਾ ਹਾਂ ਕਿ ਕਦੇ ਵੀ ਐਸੀ ਮੇਰੀ ਕੋਈ ਮਨਸ਼ਾ ਨਹੀਂ ਸੀ ਤੇ ਨਾ ਹੀ ਹੋਵੇਗੀ। ਮੇਰਾ ਸਿੱਖਾਂ ਨਾਲ ਅਥਾਹ ਸਨੇਹ ਹੈ ਅਤੇ ਮੈਨੂੰ ਉਨ੍ਹਾਂ ਦੇ ਧਰਮ ਬਾਰੇ ਹਮੇਸ਼ਾ ਕਿਸੇ ਬਾਹਰਲੇ ਬੰਦੇ ਵਾਂਗ ਹੀ ਲਿਖਣਾ ਚਾਹੀਦਾ ਹੈ। ਮੈਂ ਸਿੱਖੀ ਬਾਰੇ ਸਦਾ ਵਾਂਗ ਬੜੇ ਪਿਆਰ 'ਤੇ ਸਤਿਕਾਰ ਨਾਲ ਲਿਖਦਾ ਰਹਾਂਗਾ।

**ਤਰਜ਼ਮਾ : ਅਮਰਜੀਤ ਚੰਦਨ**

ਰੇਡੀਓ ਪ੍ਰੋਗਰਾਮ ਰੌਣਕ ਮੇਲਾ ਦੁਨੀਆ ਭਰ ਵਿਚ
ਇੰਟਰਨੈਟ 'ਤੇ ਕਿਸੇ ਵੀ ਵੇਲੇ ਸੁਣਿਆ ਜਾ ਸਕਦਾ ਹੈ।
www.Raunkmela.com



Enjoy Live Radio Show
Every Sun: 9am-9.30am
(Central Time)
on 1590AM
or on Internet.
Since 1983
ਮੇਜ਼ਬਾਨ: ਪੰਮੀ ਗਿਲ

Loose Weight Feel Great !
*Natural *Guaranteed *Doctor Recommended
ਮੋਟਾਪਾ
ਦੁਖੀ ਨਾ ਹੋਵੋ, ਕੁਦਰਤੀ ਤਰੀਕੇ ਨਾਲ ਇਸ ਤੋਂ ਛੁਟਕਾਰਾ ਪਾਓ
ਕੁਦਰਤੀ ਹਰਬਲ Products ਨਾਲ ਤੁਸੀਂ ਆਪਣਾ ਭਾਰ ਘਟਾ ਸਕਦੇ ਹੋ ਜਿਨ੍ਹਾਂ ਦੇ Side Benefits ਨਾਲ ਤੁਸੀਂ ਆਪਣੀਆਂ ਬਿਮਾਰੀਆਂ ਘਟਾ ਜਾਂ ਖਤਮ ਕਰ ਸਕਦੇ ਹੋ। ਹੋਰ ਜਾਣਕਾਰੀ ਲਈ ਕਾਲ ਕਰੋ
IQBAL KAUR
Ph: 708-444-0554

CUSTOM CARPENTRY
ਪਿਛਲੇ ਤੀਹ ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਸ਼ਿਕਾਗੋਲੈਂਡ ਵਿਚ ਨਵੇਂ ਘਰ, ਰੂਮ ਅਡੀਸ਼ਨ, ਨਵੀਂ ਕਿਚਨ, ਨਵੇਂ ਵਾਸ਼ਰੂਮ, ਸਾਈਡਿੰਗ ਤੇ ਰੀਕਰੀਏਸ਼ਨ ਰੂਮ, ਨਵੀਂ ਡੈਕੋਰੇਸ਼ਨ ਵਗੈਰਾ ਦਾ ਕੰਮ ਤਸੱਲੀਬਖ਼ਸ਼ ਕੀਤਾ ਜਾਂਦਾ ਹੈ।
ਅਸੀਂ ਇੰਸ਼ੋਰੈਂਸ ਕਲੇਮ ਵੀ ਕਰਦੇ ਹਾਂ
GIAN SINGH SEEHRA
Ph: 630-841-6537



ਗਿਆਨ ਸਿੰਘ ਸੀਹਰਾ

# ਰੰਗਲੀ ਦੁਨੀਆਂ ਤੋਂ ਜੀਅ ਨ੍ਹੀਂ ਜਾਣ ਨੂੰ ਕਰਦਾ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ
ਫੋਨ: 925-752-8025

*ਸਿਆਣਾ ਮਨੁੱਖ ਜਵਾਨ ਹੋਈ ਧੀ ਨੂੰ ਘੂਰਨ ਨਾਲੋਂ ਆਪਣੀ ਪਤਨੀ ਨੂੰ ਵੱਧ ਸੁਚੇਤ ਹੋਣ ਲਈ ਆਖਦਾ ਹੈ। ਸਿਆਣੇ ਲੋਕ ਘਰਾਂ ਨੂੰ ਮਹਾਂਭਾਰਤ ਨਹੀਂ ਬਣਨ ਦਿੰਦੇ ਕਿਉਂਕਿ ਉਹ ਜਾਣਦੇ ਹਨ ਕਿ ਅਸਲ 'ਮਹਾਂਭਾਰਤ' ਸਿਆਣੇ ਲੋਕਾਂ ਦੇ ਮਾੜੇ ਕੰਮਾਂ ਦੀ ਵਿਆਖਿਆ ਜਾਂ ਕਹਾਣੀ ਹੈ। ਵਿਆਹ ਵੇਲੇ ਹਰ ਕੋਈ ਭਰਮ ਪਾਲ ਰਿਹਾ ਹੁੰਦਾ ਹੈ ਕਿ ਇਹ ਜਾਂਞੀ, ਨਾਨਕਾ ਮੇਲ, ਰਿਸ਼ਤੇਦਾਰ ਲੰਗਰ ਛਕਣ ਵਾਲੇ ਹੀ ਹਨ, ਸੁਰਗ ਦਾ ਝੂਟਾ ਤਾਂ 'ਕੱਲੇ ਨੂੰ ਹੀ ਮਿਲੇਗਾ। ਪ੍ਰਸ਼ਾਦ ਛਕਣ ਨਾਲ ਨਹੀਂ, ਵੰਡਣ ਨਾਲ ਆਤਮਾ ਸੁੱਖ ਦਾ ਸਾਹ ਲੈ ਰਹੀ ਹੁੰਦੀ ਹੈ। ਬੋਲੀਆਂ ਤੇ ਗੀਤ ਹੀ ਲਿਖ ਕੇ ਪੜ੍ਹੇ-ਗਾਏ ਜਾਂਦੇ ਹਨ, ਹਾਲੇ ਤੀਕਰ ਵੈਣ ਕਿਸੇ ਨੇ ਲਿਖ ਕੇ ਨਹੀਂ ਪਾਏ। ਅਭਿਮਨੀਊ ਤਾਂ ਚੱਕਰਵੀਊ 'ਚੋਂ ਜੁਗਤ ਨਾਲ ਨਿਕਲ ਗਿਆ ਸੀ ਪਰ ਬਹੁਤੇ ਲੋਕ ਲੋਰੀਆਂ ਤੋਂ ਵੈਣਾਂ ਤੀਕਰ, ਇਹਦੇ 'ਚੋਂ ਨਿਕਲੇ ਨਹੀਂ। ਜ਼ਿੰਦਗੀ ਨੂੰ ਸਮਝਣ, ਮਾਨਣ, ਹੰਢਾਉਣ, ਸੁਖਾਲੀ ਬਣਾਉਣ ਤੇ ਅਨੁਭਵ ਕਰਨ ਦੇ ਅਰਥ ਆਪੋ-ਆਪਣੇ ਹਨ। ਕਈ ਕਹਿੰਦੇ ਨੇ ਬੰਦੇ 'ਚ ਅਣਖ ਨਾ ਹੋਵੇ, ਰੜ੍ਹਕ ਨਾ ਹੋਵੇ, ਤੀਵੀਂ ਵਿਚ ਮੜ੍ਹਕ ਤੇ ਨਖਰਾ ਨਾ ਹੋਵੇ, ਜੁੱਤੀ ਭਾਵੇਂ ਕਸੂਰੋਂ ਲਿਆਂਦੀ ਹੋਵੇ ਪਰ ਜੇ ਜਾਨ ਨਹੀਂ ਤਾਂ ਸੁਆਦ ਕੀ ਹੈ? ਸਾਧ ਤੇ ਸਾਨ੍ਹ ਗੁੱਸੇ ਵਿਚ ਬੁਰੇ ਬਹੁਤ ਹੁੰਦੇ ਨੇ। ਔਲਾਦ ਉਨ੍ਹਾਂ ਦੀ ਹੀ ਵਿਗੜੀ ਹੈ, ਜਿਨ੍ਹਾਂ ਨੇ ਜੰਗ ਲੜਨ ਤੋਂ ਪਹਿਲਾਂ ਹੀ ਆਜ਼ਾਦੀ ਦੇ ਦਿੱਤੀ ਹੋਵੇ। ਕਈ ਲੋਕ ਜ਼ਿੰਦਗੀ ਵਿਚ ਏਨੇ ਉਦਰ ਜਾਂਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਕਬਾੜੀਏ ਦੀ ਦੁਕਾਨ ਵਰਗੀ ਹੋ ਜਾਂਦੀ ਹੈ ਤੇ ਉਹ ਸੋਚਣ ਲੱਗ ਪੈਂਦੇ ਨੇ ਨਵੀਆਂ ਚੀਜ਼ਾਂ ਦਾ ਉਤਪਾਦਨ ਬੰਦ ਹੋ ਗਿਆ ਹੈ। ਦਿਲ ਅਤੇ ਦਿਮਾਗ ਅਕਸਰ ਇਕ ਦੂਜੇ ਦੀ ਸੁੱਖ-ਸਾਂਦ ਪੁੱਛਦੇ ਰਹਿੰਦੇ ਹਨ ਪਰ ਨਾਰਦਮੁਨੀ ਚੰਚਲ ਮਨ ਹੀ ਹੁੰਦਾ ਹੈ ਤੇ ਅੱਖਾਂ ਅਕਸਰ ਸ਼ਰਾਰਤ ਦੀ ਬੀਨ ਵਜਾਉਂਦੀਆਂ ਹਨ। 'ਜ਼ਿੰਦਗੀ ਮੁੱਕਦੀ ਜਾਂਦੀ ਏ' ਵਾਲੀ ਸਥਿਤੀ ਵਿਚ ਅਸੀਂ ਸਾਰੇ ਹਾਂ। ਮੌਤ ਤੋਂ ਇਸ ਕਰਕੇ ਵੀ ਡਰ ਲਗਦਾ ਹੈ ਕਿ ਵਾਹ ਮੁਰਦਿਆਂ ਨਾਲ ਪੈਣਾ ਹੁੰਦਾ ਹੈ। ਜ਼ਿੰਦਗੀ ਨੂੰ ਸਮਝਣ ਦਾ ਇਸ਼ਾਰਾ ਹੀ ਹੈ ਕਿ ਮਨੁੱਖ ਕੁੱਤੇ ਦੇ ਗੁਣਾਂ ਦੀ ਤਰਫ਼ਦਾਰੀ ਤੇ ਵਡਿਆਈ ਤਾਂ ਕਰਦਾ ਹੈ ਪਰ ਇਹ ਗੁਣ ਗ੍ਰਹਿਣ ਨਹੀਂ ਕਰਦਾ? ਦੁੱਖਾਂ-ਸੁੱਖਾਂ 'ਚ ਫਸੀ ਜ਼ਿੰਦਗੀ ਫੇਰ ਵੀ ਰੰਗਲੀ ਲਗਦੀ ਹੈ ਤੇ ਇਸੇ ਕਰਕੇ...*

ਭਾਵੇਂ ਇਹ ਕਹਿੰਦੇ ਨੇ ਕਿ ਗੋਲੀ ਮਾਰੋ ਜਿਹੜਾ ਅੱਖ ਦੀ ਰਮਜ ਨਹੀਂ ਸਮਝਦਾ। ਗੂੰਗੇ ਦੀ ਮਾਂ ਵਾਂਗ ਸਾਰੀਆਂ ਰਮਜਾਂ ਸਾਰਿਆਂ ਦੇ ਖਾਨੇ ਵੀ ਨਹੀਂ ਪੈਂਦੀਆਂ। ਇਹ ਕੰਮ ਔਖਾ ਵੀ ਬਹੁਤ ਹੈ। ਅੱਖਾਂ ਤੋਂ ਦਿਲ ਤੱਕ ਦੀ ਜਿਹੜੀ ਦੂਰੀ ਹੈ ਉਸਨੂੰ ਰਮਜਾਂ ਕਵਰ ਕਰਦੀਆਂ ਹਨ। ਵਿਚਲੀ ਹਕੀਕਤ ਇਹ ਹੈ ਕਿ ਸੋਹਣੀਆਂ, ਸੁੰਦਰ ਤੇ ਖੂਬਸੂਰਤ ਚੀਜ਼ਾਂ ਨੂੰ ਵੇਖਦੀਆਂ ਤਾਂ ਅੱਖਾਂ ਹਨ ਪਰ ਵਾਹ-ਵਾਹ ਦਿਲ ਕਰਦਾ ਹੈ। ਦਿਲ ਤੇ ਅੱਖਾਂ ਦੀ ਕਹਾਣੀ ਨੂੰ ਕਵੀ ਛੇਤੀ ਸਮਝਦੇ ਹਨ ਪਰ ਸੱਚ ਇਹ ਵੀ ਹੈ ਕਿ ਮਨੁੱਖ ਪ੍ਰਸ਼ੰਸਾ ਦਾ ਭੁੱਖਾ ਨਾ ਹੁੰਦਾ ਤਾਂ ਕਿਸੇ ਨੇ ਵੀ ਕਵਿਤਾ ਨਹੀਂ ਲਿਖਣੀ ਸੀ।

ਕਿੰਨੀਆਂ ਵੀ ਨੇਰ੍ਹੀਆਂ ਚੱਲਦੀਆਂ ਰਹਿਣ, ਝੱਖੜ ਝੁਲਦੇ ਰਹਿਣ, ਤੁਫਾਨ ਉੱਠਦੇ ਰਹਿਣ, ਅੱਖਾਂ ਲੱਗੀਆਂ ਰਹਿਣ, ਯੁੱਧ ਚਲਦੇ ਰਹਿਣ ਪਰ ਜੀਵਨ ਤੇ ਦੁਨੀਆਂ ਦੀ ਚਾਲ ਚਲਦੀ ਰਹਿੰਦੀ ਹੈ। ਇਹ ਵੀ ਦੁਨੀਆਂ ਦਾ ਦਸਤੂਰ ਹੈ ਕਿ ਇਹ ਹੱਸਦੇ ਨਾਲ ਹੱਸਦੀ ਹੈ, ਰੋਂਦੇ ਨਾਲ ਰੋਂਦੀ ਨਹੀਂ, ਇਹ ਦੁਖੀ ਨੂੰ ਵਰਾਉਂਦੀ ਨਹੀਂ, ਟਿੱਚਰਾ ਨਾਲ ਢਿੱਡ 'ਚ ਹੂਰੇ ਮਾਰਦੀ ਹੈ, ਇਹ ਯਤਨ ਕਰ ਰਹੇ ਮਨੁੱਖ ਨੂੰ ਸ਼ਾਬਾਸ਼ ਜਾਂ ਉਤਸ਼ਾਹ ਨਹੀਂ ਦਿੰਦੀ, ਹਾਰ ਗਏ ਨੂੰ ਉਪਦੇਸ਼ ਦਿੰਦੀ ਹੈ। 'ਤੂੰ ਆਏਂ" ਕਰ ਲੈਂਦਾ ਤਾਂ ਆਏਂ ਠੀਕ ਰਹਿਣਾ ਸੀ।

ਐਨਕ ਕੀ ਹੈ? ਇਹੋ ਕਿ ਕੱਚ ਦੇ ਟੁਕੜਿਆਂ ਨੂੰ ਕਮਾਣੀ 'ਚ ਅੜਾ ਦਿੱਤਾ ਹੈ। ਇਹ ਐਨਕ ਉਦੋਂ ਤੱਕ ਹੈ ਜਦੋਂ ਤੀਕਰ ਕਮਾਣੀ 'ਚ ਸ਼ੀਸ਼ੇ ਫਸੇ ਹੋਏ ਨੇ। ਇਵੇਂ ਮਨੁੱਖ ਦੀ ਜ਼ਿੰਦਗੀ ਸਮਾਜ ਦੀ ਕਮਾਣੀ 'ਚ ਫਸੀ ਹੋਈ ਹੈ। ਇਹ ਟੁੱਟ ਕੇ ਹੀ, ਜਦੋਂ ਸਾਹ ਨਿਕਲਦਾ ਹੈ, ਬਾਹਰ ਨਿਕਲਦੀ ਹੈ, ਵਰਨਾ ਸਮਾਜ ਤੋਂ ਅਲਿਹਦਾ ਜਾਂ ਅਲੱਗ ਹੋ ਕੇ ਜਿਉਣਾ ਬੜਾ ਔਖਾ ਕਾਰਜ ਹੀ ਨਹੀਂ ਅਸੰਭਵ ਵੀ ਹੈ।

ਸਮਾਜ ਨੂੰ ਵੇਖਣ ਦਾ ਨਜ਼ਰੀਆ ਜਾਂ ਯਥਾਰਥ ਆਪੋ-ਆਪਣਾ ਹੁੰਦਾ ਹੈ, ਜਵਾਨੀ 'ਚ ਸਾਰਿਆਂ ਨੂੰ ਹੀ ਸਮਾਜ ਸਤਰੰਗੀ ਪੀਂਘ ਵਰਗਾ ਦਿਸ ਰਿਹਾ ਹੁੰਦਾ ਹੈ, ਬੁਢਾਪੇ 'ਚ ਹਰ ਕਿਸੇ ਸਿਆਣਪ ਦੀ ਗੇੜੀ ਫੇਰੀ ਹੁੰਦੀ ਹੈ। ਉਦੋਂ ਤੱਕ ਦੁਨੀਆਂ ਦੇ ਰੰਗਾਂ-ਢੰਗਾਂ ਬਾਰੇ ਅਨੁਭਵ ਹੋ ਗਿਆ ਹੁੰਦਾ ਹੈ, ਇਸੇ ਲਈ ਉਲਾਂਭਿਆਂ ਦੇ ਹਾਰ ਪਾਉਣ ਲਈ ਵੀ ਦੋਵੇਂ ਅੱਡੀਆਂ ਚੁੱਕ ਹੋਈਆਂ ਰਹਿੰਦੀਆਂ ਹਨ। ਨਜ਼ਰੀਏ ਜਾਂ ਸਮਾਜ ਪ੍ਰਤੀ ਸੋਚ ਦੀ ਲਛਮਣ ਰੇਖਾ ਦੇਖੋ:

ਦੁਨੀਆਂ 'ਤੇ ਬੰਦੇ ਵੀ
ਮਹਾਨ ਬੜੇ ਵੇਖੇ ਨੇ।
ਗਊਆਂ ਵਾਲੇ ਭੇਸ ਵਿਚ
ਸਾਨ੍ਹ ਬੜੇ ਵੇਖੇ ਨੇ।
ਖਾਧੀਆਂ ਖੁਰਾਕਾਂ ਨੂੰ
ਪਚਾਉਣਾ ਕਿਹੜਾ ਸੌਖਾ ਏ?
ਆਲਮ ਜਿਹਾ ਬਾਵਾ ਯਾਰੋ
ਗਾਉਣਾ ਬੜਾ ਔਖਾ ਏ?
ਕਿਸੇ ਦੀ ਲੜਾਈ ਨਹੀਓਂ
ਐਵੇਂ ਗਲ ਪਾਈਦੀ
ਜ਼ਿੰਦਗੀ 'ਚ ਬੰਦੇ ਦੀ
ਜ਼ੁਬਾਨ ਹੋਣੀ ਚਾਹੀਦੀ...।
ਜਾਂ
ਸ਼ੇਰਾਂ ਦੀਆਂ ਬੈਠਕਾਂ 'ਚ
ਗਿੱਦੜਾਂ ਨੇ ਵਾਸ ਕੀਤਾ
ਪੁੱਛ ਪ੍ਰਤੀਤ ਹੋਣ ਬਾਂਦਰਾਂ ਦੀ ਲੱਗ ਪਈ
ਕੌਣ ਇਹ ਬੁਝਾਊ ਛੇਤੀ ਬਹੁੜੀ ਵੇ ਤਬੀਬਾ
ਦੁਨੀਆਂ 'ਚ ਮਚੀ
ਚਹੁੰ ਪਾਸਿਆਂ ਤੋਂ ਅੱਗ ਪਈ
ਹਾਕਮ ਹਕੂਮਤਾਂ ਦੇ ਨਸ਼ੇ ਵਿਚ ਗੁੱਟ ਹੋਏ
ਉਲਟੀ ਹੀ ਗੰਗਾ ਹੈ
ਪਿਹੋਵੇ ਵਲ ਵਗ ਪਈ
ਬਾਪ ਦੀ ਲਾਹ ਪੱਗ
ਪੁੱਤ ਕਿੱਲੀ ਉੱਤੇ ਟੰਗਦੇ ਨੇ
ਭੈਣ ਬੇਪੱਤ ਹੋਣ ਵੀਰਾਂ ਕੋਲੋਂ ਲੱਗ ਪਈ...।

ਕਈਆਂ ਨੇ ਜ਼ਿੰਦਗੀ ਵਿਚ ਸੁਆਰਥ ਦੀ ਲੀਹ ਟੱਪੀ ਹੀ ਨਹੀਂ, ਕਈਆਂ ਨੂੰ ਇਉਂ ਲਗਦਾ ਹੁੰਦਾ ਹੈ 'ਫਲਾਣਾ ਮੇਰੇ ਕੰਮ ਨਹੀਂ ਆਇਆ।' ਮੈਂ ਉਹਦੇ ਤੋਂ ਕੁਰਬਾਨ ਹੋਣ ਨੂੰ ਫਿਰਦਾ ਹਾਂ।' ਅਸਲ ਵਿਚ ਕਈਆਂ ਨੇ ਉਦੋਂ ਹੀ ਕੰਮ ਆਉਣਾ ਹੁੰਦਾ ਹੈ ਜਦੋਂ ਉਨ੍ਹਾਂ ਨੂੰ ਲੱਗੇ ਕਿ ਸੱਚੀਂ ਹੀ ਇਹਦੀ ਮਦਦ ਦੀ ਲੋੜ ਹੈ। ਰੱਬ ਦਾ ਭਵਿੱਖ ਕੀ ਹੋਵੇਗਾ? ਇਹਦੇ ਬਾਰੇ ਤਾਂ ਮੁੱਲ੍ਹਾ, ਭਾਈ ਤੇ ਬ੍ਰਾਹਮਣ ਜਾਨਣ ਤੇ ਰੱਬ ਬਾਰੇ ਜਿਹੜੀ ਗੱਲ ਹਰ ਕੋਈ ਜਾਣਦਾ ਹੈ ਉਹ ਇਹੋ ਹੈ ਕਿ ਰੱਬ ਦਾ ਅਤੀਤ ਬੜਾ ਰੌਸ਼ਨ ਤੇ ਬੱਲੇ-ਬੱਲੇ ਵਾਲਾ ਰਿਹਾ ਹੈ। ਸਾਰੇ ਧਰਮਾਂ ਨੇ ਰੱਬ ਅੱਗੇ ਮੰਗਾਂ ਤੇ ਖਾਹਿਸ਼ਾਂ ਅਰਦਾਸ ਦੇ ਰੁਮਾਲੇ 'ਚ ਲਪੇਟ ਕੇ ਸੁਹਣੇ ਢੰਗ ਨਾਲ ਪੇਸ਼ ਕੀਤੀਆਂ ਹਨ। ਜਿਹੜੇ ਮਿਹਨਤ ਨਹੀਂ ਕਰਦੇ ਉਨ੍ਹਾਂ ਦੀ ਸਿਰਫ ਉਮਰ ਵਧਦੀ ਹੈ। ਉਹ ਜਦੋਂ ਵੀ ਟਕਰਨਗੇ, ਹੱਥ ਮਿਲਾਉਣ ਜਾਂ ਫਤਿਹ ਬੁਲਾਉਣ ਤੋਂ ਪਹਿਲਾਂ ਕਹਿ ਦੇਣਗੇ 'ਮੈਂ ਸੱਠਾਂ ਦਾ ਹੋ ਗਿਐਂ, ਸੱਤਰਾਂ ਦਾ ਜਾਂ ਫਿਰ ਅੱਸੀਆਂ ਦਾ। ਕਿਉਂਕਿ ਉਨ੍ਹਾਂ ਦੀ ਯੋਗਤਾ ਉਮਰ ਤੋਂ ਵੱਧ ਹੁੰਦੀ ਈ ਨਹੀਂ।

ਜੇ ਕੋਈ ਤੁਰੰਤ ਤੁਹਾਡੇ ਕੰਮ ਨਹੀਂ ਆ ਸਕਦਾ ਤਾਂ ਸਬਰ ਰੱਖੋ ਜਦੋਂ ਸਮਾਂ ਆਇਆ ਤਾਂ ਹੋ ਸਕਦੈ ਤੁਹਾਨੂੰ ਤਲੀਆਂ 'ਤੇ ਚੋਗ ਵੀ ਚੁਗਾ ਦੇਵੇ। ਕਹਿੰਦੇ ਨੇ ਕਿ ਇਕ ਵਾਰ ਮਹਾਤਮਾ ਬੁੱਧ ਕਿਸੇ ਪਿੰਡ ਵਿਚ ਲੰਬਾ ਸਮਾਂ ਰੁਕ ਗਏ। ਇਤਫਾਕ ਇਹ ਸੀ ਕਿ ਉਸ ਪਿੰਡ ਵਿਚ ਇਕ ਵੇਸਵਾ ਰਹਿੰਦੀ ਸੀ ਤੇ ਪਿੰਡ ਦੇ ਹਰ ਰਿਸ਼ਟ-ਪੁਸ਼ਟ ਮਰਦ ਨੂੰ ਵਾਰੀ ਸਿਰ ਉਹਦੇ ਕੋਲ ਜਾਣਾ ਪੈਂਦਾ ਸੀ, ਤੇ ਇਕ ਦਿਨ ਵਾਰੀ ਮਹਾਤਮਾ ਬੁੱਧ ਦੀ ਵੀ ਆ ਗਈ। ਕਿਥੇ ਮਹਾਤਮਾ ਤੇ ਕਿਥੇ ਵੇਸਵਾ? ਇਹ ਸੰਗਮ ਭਲਾ ਕਦੋਂ ਹੋ ਸਕਦਾ ਸੀ? ਤੇ ਮਹਾਤਮਾ ਬੁੱਧ ਆਪਣੀ ਭਗਤੀ ਵਿਚ ਲੀਨ ਰਹੇ। ਵੇਸਵਾ ਵਾਲੀ ਗੱਲ ਉਨ੍ਹਾਂ ਦੇ ਦਿਮਾਗ 'ਚੋਂ ਨਿਕਲ ਗਈ ਸੀ। ਸਿਤਮ ਇਹ ਸੀ ਕਿ ਅਗਲਾ ਮਰਦ ਉਦੋਂ ਤੱਕ ਨਹੀਂ ਜਾ ਸਕਦਾ ਸੀ ਜਦੋਂ ਤੱਕ ਪਹਿਲਾਂ ਨਹੀਂ ਜਾਂਦਾ ਸੀ।...ਤੇ ਵੇਸਵਾ ਤੜਫਣ ਲੱਗ ਪਈ। ਬਿਮਾਰ ਹੋ ਗਈ, ਕੋਹੜ ਫੁੱਟ ਪਿਆ। ਦਿਨ ਮਹੀਨੇ ਸਾਲ ਬੀਤ ਗਏ। ਉਹ ਮੰਜੇ 'ਤੇ ਪਈ ਮਰਨ ਕਿਨਾਰੇ ਸੀ। ਅਚਾਨਕ ਇਕ ਦਿਨ ਮਹਾਤਮਾ ਬੁੱਧ ਨੇ ਉਸੇ ਵੇਸਵਾ ਦਾ ਬੂਹਾ ਜਾ ਖੜਕਾਇਆ। ਉਹ ਅੱਗ-ਭੰਬੂਕਾ ਹੋਈ ਗਰਜ ਕੇ ਬੋਲੀ, 'ਹੁਣ ਇਥੇ ਕੀ ਲੈਣ ਆਇਆ ਏਂ, ਮੇਰੀ ਜ਼ਿੰਦਗੀ ਦੀਆਂ ਆਖਰੀ ਘੜੀਆਂ ਗਿਣਨ। ਤੂੰ ਲੋਕਾਂ ਨੂੰ ਜ਼ਿੰਦਗੀ ਦੇਣ ਵਾਲਾ ਮੇਰੀ ਜ਼ਿੰਦਗੀ ਨਾਲ ਖੇਡ ਗਿਐਂ। ਉਸ ਦਿਨ ਕਿਉਂ ਨਾ ਆਇਆ ਜਿਸ ਦਿਨ ਮੈਨੂੰ ਲੋੜ ਸੀ? ਅੱਜ ਕੀ ਲੈਣ ਆਇਆਂ ਏਂ?'

ਮਹਾਤਮਾ ਬੁੱਧ ਨੇ ਬੜੀ ਨਿਮਰਤਾ ਨਾਲ ਕਿਹਾ, ਬੀਬੀ ਗੁੱਸਾ ਥੁੱਕ ਦੇ। ਉਸ ਦਿਨ ਤੈਨੂੰ ਮੇਰੀ ਲੋੜ ਨਹੀਂ ਸੀ ਅੱਜ ਤੈਨੂੰ ਮੇਰੀ ਲੋੜ ਐ।'

'ਕਿਉਂ ਅੱਜ ਮੇਰੇ 'ਤੇ ਕੱਫਣ ਪਾਉਣੈ?'

'ਬੀਬੀ ਜੋ ਤੇਰੇ ਅੰਦਰਲੀ ਗੰਦਗੀ ਸੀ, ਉਹ ਸਾਰੀ ਬਾਹਰ ਨਿਕਲ ਆਈ ਐ, ਤੇਰੇ ਬਾਹਰਲੇ ਰੋਗ ਦਾ ਦਾਰੂ ਮੇਰੇ ਕੋਲ ਹੈ।'

ਤੇ ਕਹਿੰਦੇ ਨੇ ਮਹਾਤਮਾ ਬੁੱਧ ਨੇ ਉਸ ਔਰਤ ਦੇ ਕੋਹੜੀ ਸਰੀਰ 'ਤੇ ਹੱਥ ਫੇਰਿਆ ਤੇ ਉਹ ਦਿਨਾਂ ਮਹੀਨਿਆਂ ਵਿਚ ਕੰਗਣ ਵਰਗਾ ਸਰੀਰ ਲੈ ਕੇ ਹੋਰ ਸੁਨੱਖੀ ਹੋ ਗਈ।

ਭਾਵੇਂ ਇਹ ਕਹਿੰਦੇ ਨੇ ਕਿ ਸਬੂਤ ਬਿਨਾ ਜਿਸ ਗੱਲ 'ਤੇ ਵਿਸ਼ਵਾਸ ਹੁੰਦਾ ਹੈ, ਉਸੇ ਨੂੰ ਧਰਮ ਕਹਿੰਦੇ ਨੇ। ਅੰਦਾਜ਼ਾ ਲਗਾਓ ਕਿ ਜੇ ਅਨੇਕਾਂ ਧਰਮਾਂ ਦੇ ਬਾਵਜੂਦ ਬੇਈਮਾਨਾਂ, ਕਪਟੀਆਂ ਤੇ ਪਾਖੰਡੀਆਂ ਦੀ ਗਿਣਤੀ ਏਨੀ ਹੈ ਤੇ ਜੇ ਧਰਮ ਨਾ ਹੁੰਦਾ ਤਾਂ ਫਿਰ ਕੀ ਹਾਲਾਤ ਹੁੰਦੇ।

ਸਵਰਗ ਬਾਰੇ ਬਹੁਤੇ ਲੋਕਾਂ ਦੀਆਂ ਕਲਪਨਾਵਾਂ ਨੇ ਕਿ ਉਥੇ ਵਧੀਆ ਗਦੈਲੇ ਹੋਣਗੇ, ਮੌਜ-ਮੇਲਾ ਹੋਵੇਗਾ, ਗੀਤ-ਸੰਗੀਤ ਹੋਵੇਗਾ, ਪਰੀਆਂ ਨੱਚਦੀਆਂ ਹੋਣਗੀਆਂ, ਚਿੰਤਾ ਮੁਕਤ ਜੀਵਨ ਹੋਵੇਗਾ, ਚੁਰਾਸੀ ਲੱਖ ਜੂਨ ਮੁਕੇਗੀ, ਤੇਤੀ ਕਰੋੜ ਦੇਵੀ ਦੇਵਤੇ ਮਿਲਣਗੇ। ਇਨ੍ਹਾਂ ਗੱਲਾਂ ਦੀ ਤਾਈਦ ਨਹੀਂ ਹੋ ਸਕਦੀ ਕਿਉਂਕਿ ਹਾਲੇ ਤੱਕ ਕਿਸੇ ਨੇ ਧਰਤੀ 'ਤੇ ਆ ਕੇ ਨਰਕ ਜਾਂ ਸਵਰਗ ਦੀ ਕਥਾ ਨਹੀਂ ਸੁਣਾਈ। ਸੋਚੋ ਜੇ ਕਦੇ ਇਉਂ ਹੋ ਜਾਂਦਾ ਤਾਂ ਧਰਮ ਦੇ ਠੇਕੇਦਾਰ ਕਦੋਂ ਦੇ ਜ਼ਖਮੀ ਹੋ ਜਾਣੇ ਸਨ।

ਜ਼ਿੰਦਗੀ ਉਖੜੀ ਕਿਉਂ ਹੈ? ਕਿਉਂਕਿ ਗਰੀਬੀ ਤੇ ਅਮੀਰੀ ਵਿਚਕਾਰਲੀ ਕੰਧ ਹਾਲੇ ਤੀਕਰ ਕਿਸੇ ਤੋਂ ਢਾਹੀ ਨਹੀਂ ਗਈ। ਕੰਧ ਉੱਚੀ ਹੋਈ ਜਾਂਦੀ ਹੈ ਤੇ ਗਰੀਬ ਇਸ ਦੇ ਪਾਰਲੇ ਪਾਸੇ ਝਾਤੀ ਮਾਰਨ ਤੋਂ ਆਤੁਰ ਹੋ ਗਿਆ ਹੈ। ਇਕ ਭਲੇਮਾਣਸ ਦਾ ਸੁਆਲ ਸੀ ਗਰੀਬ ਤੇ ਅਮੀਰ 'ਚ ਫਰਕ ਕੀ ਹੁੰਦਾ ਹੈ? ਜੁਆਬ ਦੇਣ ਵਾਲੇ ਦਾ ਕਮਾਲ ਵੇਖੋ ਉਹ ਕਹਿਣ ਲੱਗਾ, ਗਰੀਬ ਕੋਲ ਤਰਲੇ, ਮਿਨਤਾਂ ਤੇ ਅਰਜੋਈਆਂ ਹੀ ਹੁੰਦੀਆਂ ਹਨ, ਭੁੱਖ ਨਾਲ ਢਿੱਡ ਸ਼ਿਕਾਰੀ ਕੁੱਤੀ ਵਾਂਗ ਰੀੜ੍ਹ ਦੀ ਹੱਡੀ ਨਾਲ ਜਾ ਲੱਗਾ ਹੁੰਦਾ ਹੈ, ਆਵਾਜ਼ ਊਂ ਦੱਬੀ ਹੁੰਦੀ ਹੈ ਤੇ ਉਹ ਜਦੋਂ ਵੀ ਟੱਕਰਦਾ ਹੈ ਤਾਂ ਪੂਰਾ ਜੋਰ ਲਾ ਕੇ ਹਾੜ੍ਹੇ ਕੱਢ ਕੇ ਇਕੋ ਗੱਲ ਆਖ ਰਿਹਾ ਹੁੰਦਾ ਹੈ। 'ਪਾਪੀ ਪੇਟ ਦਾ ਸਵਾਲ ਹੈ।' ਢਿੱਡ ਅਮੀਰਾਂ ਦੇ ਵੀ ਲੱਗੇ ਹੁੰਦੇ ਨੇ ਪਰ ਇਹ ਹੁੰਦੇ ਤੌੜੇ ਜਿਡੇ ਆ। ਅਮੀਰ ਧੜੀ ਅੰਨ੍ਹ ਖਾ ਕੇ ਡਕਾਰ ਮਾਰਦਾ ਹੈ ਤੇ ਢਿੱਡ ਤੇ ਹੱਥ ਫੇਰ ਕੇ ਮਗਰੇ ਹਾਜ਼ਮੇ ਦੀਆਂ ਗੋਲੀਆਂ ਛਕਦਾ ਹੈ ਤੇ ਨਾਲ ਹੀ ਹੇਠੋਂ ਸੜਿਆਂਦ ਇਸ ਕਰਕੇ ਮਾਰ ਦਿੰਦਾ ਹੈ, ਕਿਉਂਕਿ ਉਹਦੇ ਢਿੱਡ 'ਚ ਗਰੀਬਾਂ ਦੀ ਲਾਚਾਰੀ ਤੇ ਬੇਵਸੀ ਦਾ ਗੰਦ ਭਰਿਆ ਹੁੰਦਾ ਹੈ। ਫੇਰ ਵੀ ਯਕੀਨ ਕਰੋ ਕਿ ਦੁਨੀਆਂ ਵਿਚ ਚੰਗੇ ਲੋਕਾਂ ਦੀ ਕਮੀ ਨਹੀਂ ਹੈ।

ਇਕ ਵਾਰ ਭੁੱਖ ਦਾ ਸਤਾਇਆ, ਲਾਚਾਰ ਤੇ ਬੇਵੱਸ ਮਨੁੱਖ ਸੜਕ ਦੇ ਕਿਨਾਰੇ ਬੈਠਾ ਸੀ। ਕੋਲ ਹੀ ਗੋਲ-ਗੱਪਿਆਂ ਤੇ ਮਠਿਆਈ ਦੀ ਦੁਕਾਨ ਸੀ। ਜਦੋਂ ਉਹ ਕਿਸੇ ਨੂੰ ਖਾਂਦਿਆਂ ਦੇਖੇ ਅੰਦਰਲੀ ਭੁੱਖ ਦੇ ਪਾਣੀ ਨਾਲ ਝੱਗਾ ਗਿੱਲਾ ਕਰ ਲਿਆ ਕਰੇ। ਹੋਇਆ ਇਹ ਕਿ ਆਥਣੇ ਇਕ ਚੰਗੇ ਮੋਟੇ ਡਾਢੇ ਬੰਦੇ ਦੀ ਜੇਬ੍ਹ 'ਚੋਂ ਦੁਕਾਨਦਾਰ ਨੂੰ ਪੈਸੇ ਦਿੰਦਿਆਂ ਪੰਜਾਹ ਦਾ ਨੋਟ ਬਟੂਏ 'ਚੋਂ ਖਿਸਕ ਕੇ ਹੇਠਾਂ ਡਿੱਗ ਪਿਆ। ਨਾ ਦੁਕਾਨਦਾਰ ਨੂੰ ਪਤਾ ਲੱਗਾ ਤੇ ਨਾ ਉਹ ਭੱਦਰ-ਪੁਰਸ਼ ਨੂੰ। ਗਰੀਬ ਨੇ ਕਾਂ ਵਾਂਗ ਉਹਦੇ 'ਤੇ ਅੱਖ ਟਿਕਾ ਲਈ। ਇਕ ਪਲ ਉਸ ਨੇ ਸੋਚਿਆ ਜੇ ਦੋਹਾਂ ਨੂੰ ਦੱਸ ਦਿਆਂ ਤਾਂ ਚੰਗੀ ਗੱਲ ਐ। ਰੱਬ ਨੂੰ ਜਾਨ ਦੇਣੀ ਐਂ।

ਜਿਵੇਂ ਝੂਠ ਬੋਲਣ ਤੇ ਧੋਖਾ ਕਰਨ ਦਾ ਸਭ ਤੋਂ ਘੱਟ ਕੰਮ ਗਰੀਬ ਹੀ ਕਰਦੇ ਨੇ। ਉਹਦੀ ਜਮੀਰ ਤੜਫਾਵੇ ਪਰ ਚੁੱਪ ਇਸ ਕਰਕੇ ਕਰ ਰਿਹਾ ਕਿ ਨਹੀਂ ਰਾਤ ਫਿਰ ਫਾਕੇ ਹੀ ਕੱਟਣੀ ਪਵੇਗੀ। ਜਦੋਂ ਉਹ ਬੰਦਾ ਉਥੋਂ ਖਿਸਕਿਆ ਤਾਂ ਗਰੀਬ ਨੇ ਮਲਕ ਦੇਣੀ ਪੰਜਾਹਾਂ ਦੇ ਨੋਟ ਦੀ ਪੂਣੀ ਬਣਾ ਕੇ ਹੱਥ 'ਚ ਘੁੱਟ ਲਿਆ ਪਰ ਆਤਮਾ ਦੀ ਆਵਾਜ਼ ਨੇ ਉਹਨੂੰ ਖੁਸ਼ ਹੋਣ ਨਾਲੋਂ ਦੁਖੀ ਵਧ ਕੀਤਾ ਹੋਇਆ ਸੀ। ਢਿੱਡ ਭਰਨ ਲਈ ਉਹ ਇਕ ਢਾਬੇ 'ਤੇ ਖਾਣਾ ਖਾਣ ਜਾ ਬੈਠਾ। ਤੇ ਜਦੋਂ ਉਹ ਦੁਕਾਨਦਾਰ ਨੂੰ ਪੈਸੇ ਦੇਣ ਲੱਗਾ ਤਾਂ ਉਹੀ ਆਪਣੀ ਰੋਟੀ ਦੇ ਪੈਸੇ ਦੇਣ ਲਈ ਉਹਦੇ ਅੱਗੇ ਸੀ, ਜੀਹਦਾ ਨੋਟ ਸੀ ਪੰਜਾਹ ਦਾ। ਗਰੀਬ ਨੇ ਪੰਜਾਂ ਦੀ ਰੋਟੀ ਖਾਧੀ ਤੇ ਪੰਤਾਲੀ ਰੁਪਏ ਲੈ ਕੇ ਉਸ ਸਖਸ਼ ਦੇ ਪਿੱਛੇ ਚਲ ਪਿਆ। 'ਵਾਜ਼ ਮਾਰ ਕੇ ਕਹਿਣ ਲੱਗਾ, ਜਨਾਬ ਮੈਂ ਤੁਹਾਡਾ ਦੇਣਦਾਰ ਹਾਂ।

'ਕਿਵੇਂ?'

ਹਲਵਾਈ ਦੀ ਦੁਕਾਨ 'ਤੇ ਤੁਹਾਡਾ ਪੰਜਾਹਾਂ ਦਾ ਨੋਟ ਡਿੱਗ ਪਿਆ ਸੀ ਤੇ ਮੈਂ ਭੁੱਖ ਦੇ ਮਾਰੇ ਨੇ ਉਹ ਚੁੱਕ ਲਿਆ। ਪੰਜਾਂ ਦੇ ਪ੍ਰਸ਼ਾਦੇ ਛਕ ਲਏ ਨੇ ਤੇ ਆਹ ਤੁਹਾਡੇ ਪੰਤਾਲੀ ਰੁਪਏ।'

'ਇਹ ਵੀ ਰੱਖ ਲੈਂਦਾ।' ਅਮੀਰ ਦੇ ਬੋਲਾਂ 'ਚ ਹਮਦਰਦੀ ਸੀ।

'ਜਨਾਬ ਮੇਰੀ ਭੁੱਖ ਤਾਂ ਮਰ ਗਈ ਸੀ ਪਰ ਜ਼ਮੀਰ ਨਹੀਂ ਮਰੀ। ਇਸੇ ਲਈ ਆਹ ਆਪਣੀ ਬਕਾਇਆ ਰਕਮ ਲੈ ਲਵੋ ਤੇ ਰੱਬ ਦੇ ਵਾਸਤੇ ਮੇਰੀ ਗਲਤੀ ਲਈ ਮੁਆਫ ਕਰ ਦਿਉ।'

ਤੇ ਉਹ ਰੱਬ ਦਾ ਬੰਦਾ ਵੀ ਜਮੀਰ ਦੀ ਆਵਾਜ਼ ਸੁਣ ਕੇ ਪਿਘਲ ਗਿਆ ਸੀ। ਜਿਵੇਂ ਕ੍ਰਿਸ਼ਨ ਨੂੰ ਸੁਦਾਮਾ ਟੱਕਰ ਪਿਆ ਹੋਵੇ। ਉਹਨੇ ਗਰੀਬ ਨੂੰ ਕਲਾਵੇ 'ਚ ਘੁੱਟ ਕੇ ਪੰਜ ਸੌ ਦਾ ਨੋਟ ਉਹਦੇ ਸਿਰ ਤੋਂ ਵਾਰ ਕੇ ਉਹਦੀ ਜੇਬ ਵਿਚ ਪਾਉਂਦਿਆਂ ਕਿਹਾ 'ਅੱਜ ਤੋਂ ਤੂੰ ਭੁੱਖਾ ਨਹੀਂ ਮਰੇਂਗਾ। ਤੇਰੀ ਰੋਟੀ ਮੇਰੇ ਘਰੇ, ਉਦੋਂ ਤੱਕ ਜਦੋਂ ਤੱਕ ਤੇਰਾ ਜਾਂ ਮੇਰਾ ਸਾਹ ਨਾ ਨਿਕਲੇ।

ਇਹ ਦੰਦਕਥਾ ਨਹੀਂ ਹੈ। ਯਕੀਨ ਕਰਿਉ ਇਹ ਦਿਲ ਦਾ ਅਮੀਰ ਬਾਦਸ਼ਾਹ ਹੁਣ ਅਮਰੀਕਾ 'ਚ ਹੈ ਤੇ ਅਰਬਾਂ ਦਾ ਮਾਲਕ ਆਏ ਸਾਲ ਗਰੀਬ ਦੀ ਜਮੀਰ ਦਾ ਝੰਜੋੜਿਆਂ ਲੋੜਵੰਦ ਜੁਆਨ ਧੀਆਂ ਦੇ ਵਿਆਹ ਤੇ ਗਰੀਬਾਂ ਦੀ ਭਲਾਈ ਲਈ ਲੱਖਾਂ ਖਰਚਦੈ। ਤੇ ਉਸ ਗਰੀਬ ਨੂੰ ਹਰ ਕੋਈ ਪੁੱਛ ਕੇ ਕੰਮ ਕਰਦੈ। ਗਰੀਬ ਨੇ ਨਰਕ ਤਾਂ ਵੇਖਿਆ ਸੀ ਪਰ ਸਵਰਗ ਵੇਖ ਲਵੇਗਾ, ਇਹ ਉਹਦੀ ਆਸ ਦੇ ਉਲਟ ਵਾਪਰੀ ਘਟਨਾ ਹੈ।

ਕਈਆਂ ਕੋਲ ਧਨ ਬੜੈ, ਮੰਜੇ 'ਤੇ ਪਿਆਂ ਦੀ ਜਾਨ ਨ੍ਹੀ ਨਿਕਲਦੀ। ਬੜੇ ਗੀਤਾ ਦੇ ਪਾਠ ਘਰਦਿਆਂ ਨੇ ਪ੍ਰਾਣ ਛੁਡਾਉਣ ਲਈ ਕਰਵਾ ਕੇ ਵੇਖ ਲਏ ਹਨ ਪਰ ਨਾ ਖਾਣ ਦਾ ਹੁਕਮ ਹੈ, ਨਾ ਜਿਉਣ ਦਾ ਤੇ ਨਾ ਮਰਨ ਦਾ।

ਕਈਆਂ ਨੇ ਸਾਰੀ ਉਮਰ ਜ਼ੁਬਾਨ ਵੀ ਕੈਂਚੀ ਵਾਂਗ ਚਲਾਈ ਹੈ, ਕੰਮ ਵੀ ਕੱਪੜੇ ਵਾਂਗ ਪਾੜਨ ਦਾ ਕੀਤਾ ਹੈ ਪਰ ਕਈ ਲੋਕ ਸਾਰੀ ਉਮਰ ਸੂਈ ਬਣ ਕੇ ਸਿਉਣ ਦਾ ਤੇ ਜੋੜਨ ਦਾ ਕੰਮ ਕਰਦੇ ਹਨ, ਭੁੱਖਿਆ ਨੂੰ ਰਜਾਉਣ ਤੇ ਡਿਗਿਆਂ ਨੂੰ ਗਲ ਨਾਲ ਲਾਉਣ ਵਿਚ ਰੁੱਝੇ ਰਹਿੰਦੇ ਨੇ। ਉਨ੍ਹਾਂ ਨੇ ਭੇਦ ਪਾ ਲਿਆ ਹੁੰਦੈ। ਘਰ ਵਸਦੇ ਰੱਖਣ ਲਈ ਇਹ ਕੰਮ ਜਰੂਰੀ ਨੇ।

ਸਮੇਂ ਅੱਗੇ ਵਾਸਤੇ ਨਾ ਘੱਤੋ, ਇਹ ਭਾਈ ਵੀਰ ਸਿੰਘ ਦੇ ਕਹਿਣ ਵਾਂਗ ਕਿਸੇ ਦੀ ਨਹੀਂ ਮੰਨਦਾ। ਰਾਹਾਂ 'ਚ ਦਰਖਤ ਤੇ ਘਰਾਂ 'ਚ ਬੂਟੇ ਇਸ ਕਰਕੇ ਲਗਦੇ ਹਨ ਕਿ ਰੌਣਕ ਬਣੀ ਰਹੇ।

ਉਂਜ ਜੀਵਨ ਫਿਲਾਸਫੀ ਇਹ ਵੀ ਹੈ ਕਿ ਇਕ ਮੌਤ ਨਾਲ ਹੱਥ ਮਿਲਾਉਣ ਵਾਲੇ ਨੂੰ ਕਿਸੇ ਨੇ ਅੰਤਿਮ ਇੱਛਾ ਪੁੱਛੀ ਤਾਂ ਉਸਦੀ ਇੱਛਾ 'ਚ ਵੀ ਮੁੱਖ ਮੰਤਵ ਇਹੋ ਸੀ ਕਿ :

ਅੱਸੀਆਂ ਦਾ ਹੋ ਕੇ ਬੰਦਾ
ਹਾਲੇ ਵੀ ਨ੍ਹੀ ਰੱਜਿਆ
ਟੁੱਟ ਗਏ ਸੀ ਦੰਦ ਜੋੜ ਜੋੜ ਭੱਜਿਆ
ਥੋੜ੍ਹਾ ਰਹਿ ਗਿਆ ਜੁਬਾੜਾ
ਉਹ ਵੀ ਘਸ ਲੈਣ ਦੇ
ਮੌਤੇ ਠਹਿਰ ਜ਼ਰਾ ਚਾਰ ਦਿਨ ਕੱਟ ਲੈਣਦੇ।

ਤੇ ਸੱਚੀਂ ਰੰਗਲੀ ਦੁਨੀਆਂ 'ਚ ਕੋਈ ਬਾਘੀਆਂ ਪਾਉਣ ਤੋਂ ਵਿਰਵਾ ਨਹੀਂ ਰਹਿਣਾ ਚਾਹੁੰਦਾ। ਉਂਜ ਜ਼ਿੰਦਗੀ ਨੂੰ ਇਮਾਨਦਾਰੀ ਨਾਲ ਹਾਰਨ ਵਾਲੇ ਜਿੱਤ ਦਾ ਬੈਂਡ-ਵਾਜਾ ਹੀ ਵਜਾ ਰਹੇ ਹੁੰਦੇ ਹਨ।

## ਨਵੀਂ ਦੁਨੀਆਂ ਬਣਾਈਏ ਦੋਸਤੋ

ਆਓ ਇਕ ਨਵੀਂ ਦੁਨੀਆਂ ਬਣਾਈਏ ਦੋਸਤੋ
ਇਸ ਦੁਨੀਆਂ ਵਿਚੋਂ ਨਫ਼ਰਤ,
ਈਰਖਾ, ਅਹੰਕਾਰ, ਭ੍ਰਿਸ਼ਟਾਚਾਰ,
ਬੇਈਮਾਨੀ ਤੇ ਗਰੀਬੀ ਭਜਾਈਏ ਦੋਸਤੋ।
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ
ਸਾਮਰਾਜਵਾਦੀ, ਧੱਕੇਸ਼ਾਹੀ,
ਅਨੈਤਿਕਤਾ ਦੀ ਸੋਚ ਨੂੰ ਭਜਾਈਏ ਦੋਸਤੋ
ਐਸਾ ਸਮਾਜ ਸਿਰਜੀਏ ਦੋਸਤੋ ਜਿਸ ਵਿਚ
ਬਰਾਬਰਤਾ, ਆਜ਼ਾਦੀ, ਇਨਸਾਫ,
ਪਿਆਰ ਤੇ ਭਾਈਚਾਰਾ ਹੋਵੇ ਦੋਸਤੋ
ਹਰ ਮਨੁੱਖ ਨੂੰ ਕੁੱਲੀ, ਗੁੱਲੀ, ਜੁੱਲੀ
ਨਸੀਬ ਹੋਵੇ ਦੋਸਤੋ
ਮਨੁੱਖਤਾ ਦਾ ਲਹੂ ਚੂਸਣ ਵਾਲੇ
ਅਫਸਰਾਂ ਤੇ ਭ੍ਰਿਸ਼ਟ ਰਾਜਨੀਤਕਾਂ ਨੂੰ
ਭਜਾਈਏ ਦੋਸਤੋ
ਇਸ ਦੇ ਲਈ ਇਕ ਸੰਘਰਸ਼ ਛੇੜੋ
ਐ! ਨੌਜੁਆਨ ਦੋਸਤੋ
ਤਾਂ ਜੋ ਸ਼ਹੀਦਾਂ ਦੇ ਸੁਪਨੇ ਹੋ ਜਾਣ ਸਾਕਾਰ
ਕੁਰਬਾਨੀਆਂ, ਸ਼ਹੀਦੀਆਂ ਤੇ ਸੰਘਰਸ਼ਾਂ ਤੋਂ
ਬਿਨਾ ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਕਿ ਜਦੋਂ ਵੀ ਇਨਕਲਾਬ ਆਏ ਤਾਂ
ਕੁਰਬਾਨੀਆਂ ਤੇ ਸੰਘਰਸ਼ਾਂ ਨਾਲ ਆਏ
ਹੱਕ ਕਦੀ ਵੀ ਮੰਗਿਆਂ ਮਿਲਦੇ ਨਹੀਂ
ਹੱਕ ਤਾਂ ਲਏ ਜਾਂਦੇ ਆ
ਹੱਕ ਜੇ ਨਹੀਂ ਮਿਲਦੇ ਤਾਂ ਖੋਹੇ ਜਾਂਦੇ ਐ।

*-ਨਿਰਮਲ ਸਿੰਘ ਲਾਲੀ,*
*ਯੂਬਾ ਸਿਟੀ*

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਐਮਰਜੈਂਸੀ, ਦਲ ਖਾਲਸਾ ਤੇ ਡਾ. ਦਿਲਗੀਰ


ਐਮਰਜੈਂਸੀ ਦੇ ਵੇਲਿਆਂ ਵਿਚ ਹੀ ਹਰਭਜਨ ਹਲਵਾਰਵੀ ਸਮੇਤ ਕਈ ਸਾਰੇ ਨਕਸਲੀ ਆਗੂ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕਰਨ ਵਲ ਤੁਰ ਪਏ ਸਨ। ਇਹ ਗੱਲ 1976-77 ਦੀ ਹੈ। ਹਰਭਜਨ ਸਿੰਘ ਹਲਵਾਰਵੀ ਐਮ.ਏ. ਦੂਜੇ ਸਾਲ ਵਿਚ ਸਾਡੇ ਨਾਲ ਆ ਦਾਖਲ ਹੋਇਆ। ਪਹਿਲਾ ਸਾਲ ਸ਼ਾਇਦ ਉਸ ਨੇ ਪ੍ਰਾਈਵੇਟ ਕੀਤਾ ਸੀ। ਇਨ੍ਹੀਂ

**ਅਮੋਲਕ ਸਿੰਘ ਜੰਮੂ**

ਹੀ ਦਿਨੀਂ ਪਾਸ਼ ਜੇਲ੍ਹੋਂ ਰਿਹਾ ਹੋਣ ਉਪਰੰਤ ਇਕ ਵਾਰ ਸਾਡੇ ਵਿਭਾਗ ਆਇਆ, ਸ਼ਾਇਦ ਹਲਵਾਰਵੀ ਕਰਕੇ ਜਾਂ ਸ਼ਾਇਦ ਵਰਿਆਮ ਸੰਧੂ ਕਰਕੇ। ਹਲਵਾਰਵੀ ਮੇਰਾ ਜਮਾਤੀ ਸੀ ਅਤੇ ਵਰਿਆਮ ਸੰਧੂ ਉਸੇ ਸਾਲ ਨਵੇਂ ਸ਼ੁਰੂ ਹੋਏ ਕੋਰਸ ਐਮ ਫਿਲ ਦਾ ਵਿਦਿਆਰਥੀ। ਪਾਸ਼ ਬਹੁਤ ਹੌਲੀ ਹੌਲੀ ਬੋਲਦਾ ਸੀ ਜਿਵੇਂ ਕਿਸੇ ਬਹੁਤ ਵੱਡੀ ਦਹਿਸ਼ਤ ਦਾ ਉਸ ਉਤੇ ਅਜੇ ਵੀ ਪਰਛਾਵਾਂ ਕਾਇਮ ਹੋਵੇ। ਡਾ. ਕੇਸਰ ਸਿੰਘ ਕੇਸਰ ਨੇ ਪਾਸ਼ ਦੀ ਵਿਦਿਆਰਥੀਆਂ ਨਾਲ ਜਾਣ ਪਛਾਣ ਕਰਵਾਈ। ਪਾਸ਼ ਬਹੁਤਾ ਨਾ ਬੋਲ ਸਕਿਆ।

1977 ਦੀ ਗੱਲ ਹੈ ਕਿ ਡੇਢ ਸਾਲ ਤੋਂ ਵੱਧ ਸਮੇਂ ਪਿਛੋਂ ਐਮਰਜੈਂਸੀ ਹਟਾਈ ਜਾ ਚੁੱਕੀ ਸੀ। ਮਾਰਚ ਮਹੀਨੇ ਨਵੀਆਂ ਚੋਣਾਂ ਹੋਈਆਂ ਤਾਂ ਇੰਦਰਾ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਹਾਰ ਗਈ। ਦੇਰ ਰਾਤ ਨਤੀਜੇ ਆਉਣ ਲੱਗੇ ਤਾਂ ਪੰਜਾਬ ਯੂਨੀਵਰਸਿਟੀ ਕੈਂਪਸ ਵਿਚ ਢੋਲ ਵੱਜਣਾ ਸ਼ੁਰੂ ਹੋ ਗਿਆ। ਫਿਰ ਜਿਉਂ ਜਿਉਂ ਰੇਡੀਓ ਉਤੇ ਇੰਦਰਾ ਦੀ ਹਾਰ ਅਤੇ ਜਨਤਾ ਪਾਰਟੀ ਦੀ ਜਿੱਤ ਸਪਸ਼ਟ ਹੁੰਦੀ ਗਈ ਭੰਗੜੇ ਦੀ ਤਾਲ ਵੀ ਤਿੱਖੀ ਹੁੰਦੀ ਗਈ। ਮੁੰਡੇ ਪਹਿਲਾਂ ਵੀ.ਸੀ. ਦਫਤਰ ਦੇ ਸਾਹਮਣੇ ਭੰਗੜਾ ਪਾਉਂਦੇ ਰਹੇ ਅਤੇ ਫਿਰ ਕੁੜੀਆਂ ਦੇ ਹੋਸਟਲਾਂ ਵੱਲ ਤੁਰ ਪਏ। ਉਥੋਂ ਕਿੰਨੀਆਂ ਹੀ ਕੁੜੀਆਂ ਵੀ ਮੁੰਡਿਆਂ ਨਾਲ ਰਲ ਗਈਆਂ ਜਿਵੇਂ ਇਹ ਲੋਕਾਂ ਦਾ ਜ਼ੰਜੀਰਾਂ ਟੁੱਟਣ ਤੋਂ ਬਾਅਦ ਸੁੱਤੇਸਿਧ ਆਜ਼ਾਦੀ ਦਾ ਪ੍ਰਗਟਾਵਾ ਹੋਵੇ। ਮਨਿੰਦਰ ਦੀ ਸਹੇਲੀ ਨੇਤਾ ਜੀ ਸਭ ਤੋਂ ਅੱਗੇ ਸੀ। ਫਿਰ ਜਨਤਾ ਪਾਰਟੀ ਦੀ ਅਗਵਾਈ ਹੇਠ ਨਵੀਂ ਸਰਕਾਰ ਬਣ ਗਈ। ਇਕ ਵਾਰ ਤਾਂ ਲੋਕਾਂ ਨੂੰ ਜਿਵੇਂ ਸੁੱਖ ਦਾ ਸਾਹ ਜਿਹਾ ਆਇਆ।

ਐਮਰਜੈਂਸੀ ਦੀ ਹਮਾਇਤ ਕਰਨ ਕਰਕੇ ਸੀ.ਪੀ.ਆਈ. ਨਾਲ ਲੋਕਾਂ ਦਾ ਉਕਾ ਹੀ ਮੋਹ ਭੰਗ ਹੋ ਚੁੱਕਾ ਸੀ। ਇਸ ਜਥੇਬੰਦੀ ਦੇ ਵਿਦਿਆਰਥੀ ਵਿੰਗ ਏ.ਆਈ.ਐਸ.ਐਫ. ਦਾ ਇਕ ਆਗੂ ਹਰਪਾਲ ਸਿੰਘ ਮੇਰੇ ਵਾਲੇ ਹੋਸਟਲ ਵਿਚ ਹੀ ਰਹਿੰਦਾ ਸੀ। ਅਸਲ ਵਿਚ ਮੇਰਾ ਕਮਰਾ ਉਪਰ ਸੀ 4/59 ਅਤੇ ਉਸ ਦਾ ਇਕ ਫਲੋਰ ਹੇਠਾਂ 3/59, ਉਸ ਦੇ ਕਮਰੇ ਦੀ ਬਾਲਕਨੀ ਵਿਚ ਵੱਡਾ ਵੱਡਾ ਲਿਖਿਆ ਹੁੰਦਾ, 'ਜੇ.ਪੀ. ਸੀ ਆਈ ਏ ਏਜੰਟ। ਜੈ ਪ੍ਰਕਾਸ਼ ਫਾਸ਼ੀਵਾਦੀ ਤਾਕਤਾਂ ਦਾ ਆਗੂ।' ਐਮਰਜੈਂਸੀ ਹਟੀ ਤਾਂ ਹਰਪਾਲ ਸਿੰਘ ਨੂੰ ਬਾਕੀ ਵਿਦਿਆਰਥੀਆਂ ਦੇ ਨਜ਼ਲੇ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਆਮ ਜਨਤਾ ਦੀ ਹਮਾਇਤ ਜੈ ਪ੍ਰਕਾਸ਼ ਨਾਰਾਇਣ ਨਾਲ ਸੀ।



ਡਾ. ਦਿਲਗੀਰ

ਵਿਦਿਆਰਥੀਆਂ ਵਿਚ ਅਸਲ ਵਿਚ ਖੱਬੇ ਪੱਖੀ ਲਹਿਰ ਪ੍ਰਤੀ ਮੋਹ ਘਟਦਾ ਹੀ ਜਾ ਰਿਹਾ ਸੀ। ਇਹੋ ਹੀ ਦਿਨ ਸਨ ਜਦੋਂ ਕਈ ਵਾਰ ਸਿੱਖੀ ਸੋਚ ਵਿਚ ਪੈਰ ਧਰਦੇ ਮੁੰਡੇ ਖੱਬੇ ਪੱਖੀ ਹਮਜਮਾਤੀਆਂ ਨਾਲ ਉਲਝ ਪੈਂਦੇ। ਸਿਰਦਾਰ ਕਪੂਰ ਸਿੰਘ ਉਨ੍ਹੀਂ ਦਿਨੀਂ ਗਿਆਰਾਂ ਸੈਕਟਰ ਰਿਹਾ ਕਰਦੇ ਸਨ। ਉਨ੍ਹਾਂ ਦੁਆਲੇ ਯੂਨੀਵਰਸਿਟੀ ਦੇ ਕੁਝ ਨਵੇਂ ਤੇ ਪੁਰਾਣੇ ਮੁੰਡਿਆਂ ਦਾ ਗਰੁੱਪ ਜੁੜਨ ਲੱਗਾ। ਇਕ ਦਿਨ ਪੰਜਾਬ ਦੀ ਸਿਆਸਤ ਦੀ ਗੱਲ ਹੋ ਰਹੀ ਸੀ। ਸਿਰਦਾਰ ਸਾਹਿਬ ਤੋਂ ਕਿਸੇ ਨੇ ਪੁਛਿਆ ਕਿ ਖੱਬੇਪੱਖੀ ਆਪਣੇ ਆਪ ਨੂੰ ਅਗਾਂਹਵਧੂ ਅਖਾਉਂਦੇ ਹਨ, ਤੁਹਾਡਾ ਉਨ੍ਹਾਂ ਬਾਰੇ ਕੀ ਖਿਆਲ ਹੈ ਤਾਂ ਜਵਾਬ ਸੀ, 'ਜੋ ਫੰਡਰ ਗਊਆਂ ਬਾਰੇ ਹੁੰਦਾ ਹੈ। ਜਿਵੇਂ ਗਲ ਵਿਚ ਡੈਹਾ ਪਾਇਆ ਹੋਣ ਦੇ ਬਾਵਜੂਦ ਫੰਡਰ ਗਊਆਂ ਸਭ ਤੋਂ ਅੱਗੇ ਭੱਜੀਆਂ ਜਾਂਦੀਆਂ ਹਨ, ਇਵੇਂ ਹੀ ਸਾਡੇ ਇਹ ਅਗਾਂਹਵਧੂ ਹਨ।'

ਗਜਿੰਦਰ ਸਿੰਘ, ਜੋ ਕਿ ਦਲ ਖਾਲਸਾ ਦਾ ਮੋਹਰੀ ਆਗੂ ਬਣਿਆ, ਐਮਰਜੈਂਸੀ ਦੌਰਾਨ ਡੇਰਾ ਬਸੀ 'ਚ ਇੰਦਰਾ ਦੀ ਇਕ ਰੈਲੀ ਵਿਚ ਖਾਲਿਸਤਾਨ ਦੇ ਨਾਅਰੇ ਲਾਉਣ ਕਰਕੇ ਪੁਲਿਸ ਦੀ ਕੁੱਟ ਸਹਿਣ ਅਤੇ ਕੈਦ ਕੱਟਣ ਤੋਂ ਬਾਅਦ ਬਾਹਰ ਆ ਗਿਆ ਸੀ। ਹਰਸਿਮਰਨ ਸਿੰਘ, ਜੋ ਦਲ ਖਾਲਸਾ ਦੇ ਆਗੂਆਂ ਵਿਚ ਸ਼ਾਮਲ ਹੋਇਆ, ਉਨ੍ਹੀਂ ਦਿਨੀਂ ਡਾ. ਵਿਸ਼ਵਨਾਥ ਤਿਵਾੜੀ ਦਾ ਦਫਤਰ ਇੰਚਾਰਜ ਹੋਇਆ ਕਰਦਾ ਸੀ। ਡਿਪਾਰਟਮੈਂਟ ਦਾ ਸਮਾਂ ਖਤਮ ਹੋਣ ਤੋਂ ਬਾਅਦ ਉਸ ਦੇ ਕੁਝ ਦੋਸਤ ਕਦੀ ਕਦੀ ਗੁਲਾਟੀ ਦੀ ਕੰਟੀਨ ਉਤੇ ਚਾਹ ਪੀਣ ਬੈਠ ਜਾਂਦੇ। ਇਨ੍ਹਾਂ ਵਿਚ ਗਜਿੰਦਰ ਸਿੰਘ ਵੀ ਹੁੰਦਾ ਅਤੇ ਕਦੇ ਕਦੇ ਸਤਨਾਮ ਸਿੰਘ ਪਾਉਂਟਾ ਸਾਹਿਬ ਵੀ। ਉਨ੍ਹਾਂ ਨਾਲ ਬਹੁਤ ਵੱਡੀ ਪੱਗ ਬੰਨੀ ਇਕ ਨਿਹੰਗ ਸਿੰਘ ਵੀ ਹੁੰਦਾ। ਇਕ ਦਿਨ ਕਿਸੇ ਸਿੱਖ ਮੁੰਡੇ ਨੇ ਐਵੇਂ ਸ਼ੁਗਲ ਵਿਚ ਹੀ ਉਸ ਦੀ ਇਸ ਪੱਗ ਬਾਰੇ ਮਖੌਲ ਕਰ ਦਿੱਤਾ ਤਾਂ ਨਿਹੰਗ ਸਿੰਘ ਸਮੇਤ ਸਾਰੇ ਮਰਨ ਮਾਰਨ ਉਤੇ ਉਤਾਰੂ ਹੋ ਗਏ। ਹਰਸਿਮਰਨ ਅਤੇ ਉਸ ਦੇ ਸਾਥੀ ਪਤਾ ਨਹੀਂ ਕੀ ਗੱਲਾਂ ਕਰਦੇ, ਸਾਨੂੰ ਵਿਦਿਆਰਥੀਆਂ ਨੂੰ ਇਸ ਦਾ ਬਹੁਤਾ ਇਲਮ ਨਹੀਂ ਸੀ। ਕਈ ਵਾਰ ਹਰਸਿਮਰਨ ਗਜਿੰਦਰ ਸਿੰਘ ਦੀ ਕੋਈ ਕਵਿਤਾ ਸੁਣਾਉਣ ਲੱਗਦਾ ਜਿਨ੍ਹਾਂ ਵਿਚੋਂ ਇਹ ਬੰਦ ਅਜੇ ਵੀ ਮੈਨੂੰ ਯਾਦ ਹੈ:

ਇਹ ਨਹਿਰੂ ਜਾਂ ਨਹਿਰੂ ਦੀ ਧੀ ਏ
ਗੰਗੂ ਹੀ ਗੰਗੂ ਨੇ ਹੋਰ ਇਥੇ ਕੀ ਏ।

ਬਾਅਦ ਵਿਚ ਗਜਿੰਦਰ ਸਿੰਘ ਦੀਆਂ ਕਵਿਤਾਵਾਂ ਦਾ ਇਕ ਕਾਵਿ ਸੰਗ੍ਰਿਹ ਛਪਿਆ 'ਪੰਜ ਤੀਰ ਹੋਰ'।

ਪੰਜਾਬੀ ਦੀ ਐਮ ਏ ਕਰਨ ਤੋਂ ਬਾਅਦ ਮੈਂ ਐਮ ਫਿਲ ਵਿਚ ਕਿਸੇ ਕਾਰਨ ਦਾਖਲ ਨਾ ਹੋ ਸਕਿਆ। ਬਹਾਨੇ ਦੇ ਤੌਰ 'ਤੇ ਪੀ ਐਚ ਡੀ ਲਈ ਰਜਿਸਟਰੇਸ਼ਨ ਕਰਵਾ ਕੇ ਹੋਸਟਲ ਹੀ ਰਹਿਣ ਲੱਗ ਪਿਆ। ਇਨ੍ਹਾਂ ਦਿਨਾਂ ਵਿਚ ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ ਕਈ ਮੁੰਡੇ ਕਮਿਊਨਿਸਟ ਵਿਚਾਰਾਂ ਖਾਸ ਕਰਕੇ ਸੀ ਪੀ ਆਈ ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਦੇ ਮੈਂਬਰਾਂ ਨਾਲ ਪੰਜਾ ਫਸਾ ਬੈਠਦੇ। ਇਨ੍ਹਾਂ ਵਿਚ ਕਾਮਰੇਡ ਕੁਲਦੀਪ, ਨਹਿਰੂ ਅਤੇ ਹਰਪਾਲ ਸਿੰਘ ਸਮੇਤ ਕਈ ਹੋਰ ਮੁੰਡੇ ਸ਼ਾਮਲ ਸਨ। ਅਪਰੈਲ 1978 ਵਿਚ ਵਿਸਾਖੀ ਮੌਕੇ ਨਿਰੰਕਾਰੀ ਕਾਂਡ ਹੋ ਗਿਆ ਅਤੇ ਜਿਹੜੀਆਂ ਨਿਕੀਆਂ ਨਿਕੀਆਂ ਬਹਿਸਾਂ ਚਲਦੀਆਂ ਸਨ ਉਹ ਜ਼ਰਾ ਹੋਰ ਗਰਮ ਹੋ ਗਈਆਂ। ਮਰਹੂਮ ਡਾ. ਵਿਸ਼ਵਨਾਥ ਤਿਵਾੜੀ, ਜਿਨ੍ਹਾਂ ਨੇ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨੂੰ ਖੂਨ ਨਾਲ ਕੀਤੇ ਦਸਤਖਤ ਹਮਾਇਤ ਦੇ ਤੌਰ 'ਤੇ ਭੇਜੇ ਸਨ, ਦੇ ਪੰਜਾਬੀ ਵਿਭਾਗ ਵਿਚ ਕਮਰਾ ਨੰਬਰ 6 ਵਾਲੇ ਦਫਤਰ ਵਿਚ ਜਿਥੇ ਕਾਂਗਰਸੀ ਵਿਚਾਰਾਂ ਵਾਲੇ ਅਧਿਆਪਕ ਅਤੇ ਵਿਦਿਆਰਥੀ ਇਕੱਠੇ ਹੁੰਦੇ ਉਥੇ ਸਿੱਖੀ ਸੋਚ ਵਾਲੇ ਅਧਿਆਪਕ ਤੇ ਵਿਦਿਆਰਥੀ ਵੀ। ਡਾ. ਤਿਵਾੜੀ ਅਤੇ ਹਾਲ ਹੀ ਵਿਚ ਚਲਾਣਾ ਕਰ ਗਏ ਡਾ. ਹਰਦੇਵ ਸਿੰਘ ਸੱਚਰ ਨੂੰ ਕਈ ਵਾਰ ਕਿਸੇ ਸਿੱਖ ਮਸਲੇ ਉਤੇ ਉਲਝਦੇ ਵੇਖਿਆ ਜਾ ਸਕਦਾ ਸੀ। ਇਕ ਦਿਨ ਗਾਂਧੀ ਭਵਨ ਅੱਗੇ ਸੜਕ 'ਤੇ ਖੜ੍ਹੇ ਦੋਵੇਂ ਬਹਿਸ ਰਹੇ ਸਨ। ਡਾ. ਤਿਵਾੜੀ ਕਹਿ ਰਹੇ ਸਨ, 'ਤੂੰ ਕੱਟੜ ਸਿੱਖ ਹੀ ਨਹੀਂ ਸਗੋਂ ਖਾਲਿਸਤਾਨੀ ਵੀ ਬਣ ਗਿਐਂ।' ਅੱਗੋਂ ਡਾ. ਸੱਚਰ ਦਾ ਜਵਾਬ ਸੀ, 'ਹਾਂ ਮੈਂ ਕੱਟੜ ਸਿੱਖ ਹਾਂ ਪਰ ਤੁਹਾਡੇ ਵਾਂਗ ਮੁੱਕਰਦਾ ਨਹੀਂ। ਤੁਸੀਂ ਭਾਵੇਂ ਕਾਂਗਰਸੀ ਹੋ ਪਰ ਅੰਦਰੋਂ ਕੱਟੜ ਬ੍ਰਾਹਮਣਵਾਦੀ।' ਕਈ ਵਾਰ ਮਜ਼ਾਕ ਹੁੰਦਾ ਕਿ ਡਾ. ਤਿਵਾੜੀ ਦਾ ਦਫਤਰ ਇਕ ਅਜੀਬ ਸੰਗਮ ਹੈ ਜਿਥੇ ਸਭ ਤਰ੍ਹਾਂ ਦੇ ਪਾਣੀ ਆ ਰਲਦੇ ਹਨ।

ਹਰਸਿਮਰਨ ਅਤੇ ਉਸ ਦੇ ਸਾਥੀਆਂ ਦਾ ਚਾਹੇ ਗੁਲਾਟੀ ਦੀ ਕੰਟੀਨ 'ਤੇ ਜੁੜਨਾ ਪਹਿਲਾਂ ਨਾਲੋਂ ਵਧ ਗਿਆ। ਕੁਝ ਸਮਾਂ ਬਾਅਦ ਉਨ੍ਹਾਂ ਨੇ ਦਲ ਖਾਲਸਾ ਦੇ ਗਠਨ ਦਾ ਐਲਾਨ ਵੀ ਕਰ ਦਿਤਾ। ਕਈ ਲੋਕਾਂ ਦਾ ਅੱਜ ਤੱਕ ਵੀ ਖਿਆਲ ਹੈ ਦਲ ਖਾਲਸਾ ਮਰਹੂਮ ਗਿਆਨੀ ਜ਼ੈਲ ਸਿੰਘ ਦੀ ਸ਼ਹਿ ਉਤੇ ਬਣਾਇਆ ਗਿਆ ਸੀ ਪਰ ਮੈਨੂੰ ਜਾਪਦਾ ਹੈ ਇਹ ਸ਼ਾਇਦ ਇਕ ਵਹਿਮ ਹੀ ਹੈ। 1978 ਦੀ ਵਿਸਾਖੀ ਯੂਨੀਵਰਸਿਟੀ ਵਿਚ ਵੀ ਇਕ ਤਰ੍ਹਾਂ ਦਾ ਤਿਖਾ ਮੋੜ ਸੀ। ਬਾਅਦ ਵਿਚ ਹਰਸਿਮਰਨ ਨੇ 'ਸਿੱਖ ਹੱਕਾਂ ਦੀ ਭੂਮਿਕਾ' ਨਾਂ ਦੀ ਇਕ ਕਿਤਾਬ ਲਿਖ ਦਿੱਤੀ ਜਿਸ ਬਾਰੇ ਮੇਰੇ ਤੋਂ ਵੀ ਕਈ ਸੁਝਾਅ ਲਏ।

ਇਸੇ ਸਮੇਂ ਨਵੇਂ ਸ਼ੁਰੂ ਹੋਣ ਵਾਲੇ ਅਖਬਾਰ ਪੰਜਾਬੀ ਟ੍ਰਿਬਿਊਨ ਲਈ ਨੌਕਰੀਆਂ ਨਿਕਲੀਆਂ। ਮੈਂ ਸਬ ਐਡੀਟਰ ਅਤੇ ਪਰੂਫ ਰੀਡਰ ਦੋਹਾਂ ਲਈ ਅਰਜੀ ਦਿੱਤੀ ਪਰ ਮੈਨੂੰ ਇੰਟਰਵਿਊ ਸਿਰਫ ਪਰੂਫ ਰੀਡਰ ਲਈ ਆਈ। ਮੈਂ ਜਾਂਦੇ ਹੀ ਚੋਰ ਦੀ ਲੰਗੋਟੀ ਸਮਝ ਨੌਕਰੀ ਹੱਥ ਕਰ ਲਈ। ਬਾਅਦ ਵਿਚ ਇਕ ਵਾਰ ਉਸ ਵੇਲੇ ਦੇ ਸੰਪਾਦਕ ਸ. ਬਰਜਿੰਦਰ ਸਿੰਘ ਨੇ ਮੈਨੂੰ ਪੁੱਛਿਆ, 'ਤੂੰ ਸਬ ਐਡੀਟਰ ਲਈ ਅਪਲਾਈ ਕਿਉਂ ਨਾ ਕੀਤਾ?

ਮੇਰਾ ਜਵਾਬ ਸੀ ਕਿ ਇਸ ਲਈ ਦੋ ਸਾਲ ਦੇ ਤਜਰਬੇ ਦੀ ਸ਼ਰਤ ਸੀ ਤੇ ਮੇਰੇ ਕੋਲ ਇਹ ਤਜਰਬਾ ਹੈ ਨਹੀਂ ਸੀ। ਨਕਲੀ ਬਣਵਾਉਣ ਨੂੰ ਜੇਰਾ ਨਹੀਂ ਪਿਆ।

ਬਰਜਿੰਦਰ ਹੋਰੀਂ ਬੋਲੇ, 'ਤੇਰਾ ਖਿਆਲ ਹੈ ਬਾਕੀ ਸਭ ਦੇ ਅਸਲੀ ਸਨ?

ਮੈਨੂੰ ਸਬ ਐਡੀਟਰ ਬਣਨ ਲਈ ਫਿਰ ਬਾਰਾਂ ਸਾਲ ਉਡੀਕ ਕਰਨੀ ਪਈ। ਇਹ ਕਹਾਣੀ ਕਿਤੇ ਫਿਰ।

ਜੁਲਾਈ 1978 ਵਿਚ ਮੈਂ ਅਖਬਾਰ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਵਿਚ ਆ ਚੁੱਕਾ ਸਾਂ ਪਰ ਯੂਨੀਵਰਸਿਟੀ ਵਿਚ ਆਉਣਾ ਜਾਣਾ ਉਸੇ ਤਰ੍ਹਾਂ ਕਾਇਮ ਸੀ। ਨੌਕਰੀ ਕਰਦਿਆਂ ਹੀ ਮੈਂ ਪੰਜਾਬੀ ਦੀ ਐਮ ਫਿਲ ਵਿਚ ਦਾਖਲਾ ਲੈ ਲਿਆ। ਰਹਿੰਦਾ ਵੀ ਯੂਨੀਵਰਸਿਟੀ ਹੀ ਸਾਂ।



ਹਰਭਜਨ ਹਲਵਾਰਵੀ

ਡਾ. ਹਰਜਿੰਦਰ ਸਿੰਘ ਦਿਲਗੀਰ ਜੋ ਬਾਅਦ ਵਿਚ ਅਪਰੇਸ਼ਨ ਬਲੂ ਸਟਾਰ ਪਿਛੋਂ ਇੰਗਲੈਂਡ ਵਿਚ ਬਣੀ ਅਖੌਤੀ ਜਲਾਵਤਨ ਖਾਲਿਸਤਾਨ ਸਰਕਾਰ ਦਾ ਡਾ. ਜਗਜੀਤ ਸਿੰਘ ਚੌਹਾਨ ਨਾਲ ਵਿਦੇਸ਼ ਮੰਤਰੀ ਬਣਿਆ, ਵੀ ਸਾਡੇ ਨਾਲ ਐਮ ਫਿਲ ਦਾ ਵਿਦਿਆਰਥੀ ਸੀ। ਉਮਰ ਵਿਚ ਉਹ ਵੀ ਸਾਡੇ ਨਾਲੋਂ ਹਲਵਾਰਵੀ ਵਾਂਗ ਘੱਟੋ ਘੱਟ 10 ਸਾਲ ਵੱਡਾ ਸੀ। ਡਾ. ਭਗਵਾਨ ਸਿੰਘ ਮੋਕਲ ਇਕ ਪਿਛੋਂ ਇਕ ਕਈ ਐਮ ਏ ਕਰਨ ਤੋਂ ਬਾਅਦ ਬਸ ਯੂਨੀਵਰਸਿਟੀ ਵਿਚ ਟਿਕੇ ਰਹਿਣ ਲਈ ਕਿਤੇ ਪੈਰ ਫਸਾ ਹੋਸਟਲ ਵਿਚ ਰਹਿੰਦਾ ਸੀ। ਉਨ੍ਹਾਂ ਦੋਹਾਂ ਦੇ ਨਾਲ ਹਿੰਦੂਆਂ ਦੇ ਕਈ ਮੁੰਡੇ ਜਿਨ੍ਹਾਂ ਵਿਚੋਂ ਇਕ ਬਾਅਦ ਵਿਚ ਕਾਂਗਰਸ ਦਾ ਬੁਲਾਰਾ ਬਣਿਆ ਸੂਰੀਆ ਸਵਾਮੀ ਵੀ ਸ਼ਾਮਲ ਸੀ, ਅਕਸਰ ਹੋਸਟਲ ਨੰਬਰ ਇਕ ਵਿਚ ਜਾਂ ਫਿਰ ਸਟੂਡੈਂਟ ਸੈਂਟਰ ਗਰਮਾ ਗਰਮ ਬਹਿਸਾਂ ਵਿਚ ਪਏ ਨਜ਼ਰ ਆਉਂਦੇ। ਦਿਲਗੀਰ ਵੀ ਇਨ੍ਹਾਂ ਵਿਚ ਅਕਸਰ ਸਿਰ ਫਸਾਈ ਬੈਠਾ ਹੁੰਦਾ। ਮੈਂ ਤੇ ਦਿਲਗੀਰ ਉਨ੍ਹੀਂ ਦਿਨੀਂ ਇਕ ਨੰਬਰ ਹੋਸਟਲ ਦੇ ਪਹਿਲੇ ਬਲਾਕ ਵਿਚ ਨਾਲ ਨਾਲ ਕਮਰਿਆਂ 'ਚ ਰਹਿੰਦੇ ਸਾਂ। ਇਥੇ ਹੀ ਨਾਲ ਦੇ ਇਕ ਕਮਰੇ ਵਿਚ ਅੱਜ ਕੱਲ ਪੰਜਾਬ ਦਾ ਅਸਿਸਟੈਂਟ ਐਡਵੋਕੇਟ ਜਨਰਲ ਅਨਮੋਲ ਰਤਨ ਸਿੰਘ ਸਿੱਧੂ ਰਹਿੰਦਾ ਸੀ। ਅਕਸਰ ਉਸ ਨੂੰ ਮਿਲਣ ਆਏ ਲੋਕ ਮੇਰੇ ਤੇ ਉਸ ਦੇ ਨਾਂ ਨਾਲ ਭੁਲੇਖਾ ਖਾ ਜਾਂਦੇ।

ਡਾ. ਭਗਵਾਨ ਸਿੰਘ ਅਤੇ ਦਿਲਗੀਰ ਨਾਲ ਬਹਿਸਾਂ 'ਚ ਉਲਝਣ ਵਾਲੇ ਕਾਂਗਰਸੀ ਮੁੰਡੇ ਵੱਡੇ ਤੰਬਾਕੂਨੋਸ਼ੀ ਵੀ ਸਨ। ਇਕ ਦਿਨ ਦਿਲਗੀਰ ਨੂੰ ਪਤਾ ਨਹੀਂ ਕੀ ਸੁੱਝੀ ਕਿ ਉਸ ਹੋਸਟਲ ਵਿਚ

## ਰੰਗ-ਬੇਰੰਗ

ਤੰਬਾਕੂਨੋਸ਼ੀ ਵਿਰੁਧ ਝੰਡਾ ਚੁੱਕ ਲਿਆ। ਹੋਸਟਲ ਦੇ ਮੈਸ ਏਰੀਏ ਵਿਚ ਥਾਂ ਥਾਂ ਨੋ-ਸਮੋਕਿੰਗ ਦੇ ਚਿਤਾਵਨੀ ਬੋਰਡ ਪਹਿਲਾਂ ਹੀ ਲੱਗੇ ਹੋਏ ਸਨ। ਦਿਲਗੀਰ ਨੇ ਜਦੋਂ ਕਿਸੇ ਮੁੰਡੇ ਨੂੰ ਮੈਸ ਜਾਂ ਕਾਮਨ ਰੂਮ ਵਿਚ ਸਿਗਰਟ ਬੀੜੀ ਪੀਂਦੇ ਵੇਖਣਾ ਤਾਂ ਉਲਝ ਪੈਣਾ। ਉਸ ਨੇ ਉਸ ਵੇਲੇ ਦੇ ਵਾਰਡਨ ਅੰਬਰੀਸ਼ ਕੁਮਾਰ ਨੂੰ ਵੀ ਇਸ ਬਾਰੇ ਸ਼ਿਕਾਇਤ ਕੀਤੀ। ਦਿਲਚਸਪ ਗੱਲ ਇਹ ਹੋਈ ਕਿ ਇਕ ਸਵੇਰ ਮੈਂ ਅਤੇ ਦਿਲਗੀਰ ਕੰਟੀਨ ਵਿਚ ਚਾਹ ਪੀਣ ਲਈ ਜਾ ਰਹੇ ਸਾਂ ਕਿ ਅੱਗੋਂ ਵਾਰਡਨ ਅੰਬਰੀਸ਼ ਕੁਮਾਰ ਆਪ ਹੀ ਮੈਸ ਰੂਮ ਵਿਚ ਸਿਗਰਟ ਹੱਥ 'ਚ ਫੜ੍ਹੀ ਕਸ਼ ਲੈਂਦਾ ਤੁਰਿਆ ਆਵੇ। ਵਾਰਡਨ ਨੂੰ ਪਤਾ ਉਦੋਂ ਹੀ ਲੱਗਾ ਜਦੋਂ ਦਿਲਗੀਰ ਨੇ ਇਕ ਜ਼ੋਰ ਦਾ ਝਟਕਾ ਉਸ ਦੀ ਬਾਂਹ ਨੂੰ ਦਿੱਤਾ। ਸਿਗਰਟ ਕਿਤੇ ਦੀ ਕਿਤੇ ਜਾ ਪਈ ਅਤੇ ਵਾਰਡਨ ਘੁਮੇਰਨੀ ਖਾ ਗਿਆ। ਇਸ ਤੋਂ ਪਹਿਲਾਂ ਕਿ ਵਾਰਡਨ ਕੁਝ ਬੋਲਦਾ ਦਿਲਗੀਰ ਨੇ ਅੰਗਰੇਜ਼ੀ ਵਿਚ ਉਸ 'ਤੇ ਵਰ੍ਹਨਾ ਸ਼ੁਰੂ ਕਰ ਦਿਤਾ। ਜੇ ਤੂੰ ਆਪਣੇ ਆਪ ਨੂੰ ਹੀ ਮੈਸ ਰੂਮ ਵਿਚ ਸਿਗਰਟ ਪੀਣ ਤੋਂ ਨਹੀਂ ਰੋਕ ਸਕਦਾ ਤਾਂ ਹੋਰ ਕਿਸੇ ਨੂੰ ਕੀ ਰੋਕੇਂਗਾ?

ਇਕ ਰਾਤ ਡਾ. ਦਿਲਗੀਰ ਨੇ ਕਮਰੇ ਵਿਚ ਰੱਖਿਆ ਮੇਰਾ ਚਾਹ ਬਣਾਉਣ ਵਾਲਾ ਪੈਨ ਚੁਕਿਆ ਅਤੇ ਇਸ ਵਿਚ ਸੁਰੇਸ਼ ਤੇ ਕਾਰਬਨ ਪਾ ਹੀਟਰ ਉਤੇ ਰਿਝਣ ਲਈ ਰੱਖ ਦਿਤਾ। ਮੇਰੇ ਪੁਛਣ ਉਤੇ ਕਿ ਇਹ ਕੀ ਹੈ, ਉਸ ਚੁਪ ਰਹਿਣ ਲਈ ਇਸ਼ਾਰਾ ਕੀਤਾ। ਅੱਧੀ ਰਾਤ ਤੋਂ ਬਾਅਦ ਉਸ ਮੈਨੂੰ ਨਾਲ ਲਿਆ ਅਤੇ ਇਕ ਬੁਰਸ਼ ਲੈ ਕੇ ਯੂਨੀਵਰਸਿਟੀ ਦੀਆਂ ਕੰਧਾਂ ਉਤੇ ਲਿਖਣਾ ਸ਼ੁਰੂ ਕਰ ਦਿਤਾ: ਬੈਨ ਸਮੋਕਿੰਗ-ਆਰੀਆ ਪ੍ਰਤੀਨਿਧ ਸਭਾ। ਮੈਂ ਹੈਰਾਨ ਸਾਂ ਪਰ ਉਸ ਦਾ ਇਸ਼ਾਰਾ ਚੁਪ ਰਹਿਣ ਵੱਲ ਸੀ। ਫਿਰ ਉਸ ਨੇ ਹਿੰਦੂ ਜਥੇਬੰਦੀਆਂ ਦੇ ਨਾਂ 'ਤੇ ਅਜਿਹਾ ਕਈ ਕੁਝ ਕੰਧਾਂ ਉਤੇ ਲਿਖ ਦਿਤਾ, ਜਿਨ੍ਹਾਂ ਵਿਚੋਂ ਕੁਝ ਕਮਿਊਨਿਸਟ ਪਾਰਟੀਆਂ ਦੇ ਵਿਰੁੱਧ ਵੀ ਸੀ। ਅਗਲੇ ਦਿਨ ਵਿਦਿਆਰਥੀਆਂ ਵਿਚ ਇਸ ਸਭ ਲਿਖੇ ਉਤੇ ਚਰਚਾ ਹੋ ਰਹੀ ਸੀ, ਕਈ ਹਿੰਦੂ ਮੁੰਡੇ ਆਰੀਆ ਪ੍ਰਤੀਨਿਧ ਸਭਾ ਨੂੰ ਗਾਲਾਂ ਕੱਢ ਰਹੇ ਸਨ ਅਤੇ ਕਈਆਂ ਨੇ ਇਕ ਕਦਮ ਹੋਰ ਅੱਗੇ ਵਧਦਿਆਂ ਪ੍ਰਤੀਨਿਧ ਸਭਾ ਤੋਂ ਅੱਗੇ ਕੰਧਾਂ ਉਤੇ ਲਿਖ ਦਿੱਤਾ ਸੀ ਬੈਨ ਆਰੀਆ ਪ੍ਰਤੀਨਿਧ ਸਭਾ, ਡਾਊਨ ਵਿਦ ਆਰੀਆ ਪ੍ਰਤੀਨਿਧ ਸਭਾ। ਡਾ. ਦਿਲਗੀਰ ਅਤੇ ਡਾ. ਮੋਕਲ ਹਿੰਦੂ ਤੇ ਕਾਂਗਰਸ ਪੱਖੀ ਵਿਦਿਆਰਥੀਆਂ ਨਾਲ ਇਨ੍ਹਾਂ ਨਾਅਰਿਆਂ ਬਾਰੇ ਬਹਿਸ ਵਿਚ ਉਲਝੇ ਹੋਏ ਸਨ। ਉਂਜ ਇਹ ਵੀ ਗੱਲ ਦਿਲਚਸਪ ਸੀ ਕਿ ਨਾ ਤੇ ਦਿਲਗੀਰ ਨੇ ਅਜੇ ਪੀ ਐਚ ਡੀ ਕੀਤੀ ਸੀ ਅਤੇ ਨਾ ਹੀ ਭਗਵਾਨ ਸਿੰਘ ਨੇ। ਪਰ ਦੋਹਾਂ ਦੀ ਉਮਰ ਵੇਖ ਕੇ ਹੀ ਹੋਸਟਲ ਦੇ ਨੌਕਰ ਅਤੇ ਉਨ੍ਹਾਂ ਦੀ ਵੇਖਾ ਵੇਖੀ ਮੁੰਡੇ ਵੀ ਉਨ੍ਹਾਂ ਨੂੰ ਡਾਕਟਰ ਕਹਿਣ ਲੱਗ ਪਏ ਸਨ।

ਸਮਾਂ ਅੱਗੇ ਵਧਦਾ ਜਾ ਰਿਹਾ ਸੀ। 1980 ਵਿਚ ਕਾਂਗਰਸ ਸਰਕਾਰ ਮੁੜ ਤਾਕਤ ਵਿਚ ਆ ਗਈ। ਨਿਰੰਕਾਰੀਆਂ ਵਾਲੇ ਮਾਮਲੇ ਨੂੰ ਲੈ ਕੇ ਸਿੱਖਾਂ ਵਿਚ ਰੋਸ ਵਧਦਾ ਹੀ ਜਾ ਰਿਹਾ ਸੀ। ਇਨ੍ਹਾਂ ਹੀ ਦਿਨਾਂ ਵਿਚ ਡਾ. ਦਿਲਗੀਰ ਨੇ ਅੰਗਰੇਜ਼ੀ ਵਿਚ ਅਕਾਲ ਤਖ਼ਤ 'ਤੇ ਇਕ ਪੁਸਤਕ ਲਿਖੀ। ਅਕਾਲ ਤਖ਼ਤ ਸਾਹਿਬ ਬਾਰੇ ਆਪਣੀ ਕਿਸਮ ਦੀ ਇਹ ਪਹਿਲੀ ਪੁਸਤਕ ਸੀ। ਇਥੋਂ ਹੀ ਡਾ. ਦਿਲਗੀਰ ਨੇ ਆਪਣਾ ਰੁਖ ਸਿੱਖ ਇਤਿਹਾਸ ਵੱਲ ਕਰ ਲਿਆ ਅਤੇ ਬਾਅਦ ਵਿਚ ਕਈ ਪੁਸਤਕਾਂ ਸਿੱਖ ਇਤਿਹਾਸ ਬਾਰੇ ਲਿਖੀਆਂ। ਖਾਲਸਾ ਕਾਲਜ ਚੰਡੀਗੜ੍ਹ ਲੱਗੇ ਪ੍ਰੋਫੈਸਰ ਦਵਿੰਦਰ ਸਿੰਘ ਅਤੇ ਬਾਅਦ ਵਿਚ ਪੰਥਕ ਕਮੇਟੀ ਦੇ ਮੈਂਬਰ ਬਣੇ ਡਾ. ਸੋਹਣ ਸਿੰਘ ਕਿਸੇ ਨਾ ਕਿਸੇ ਸੈਮੀਨਾਰ ਵਿਚ ਖਾਲਿਸਤਾਨ ਦੀ ਗੱਲ ਕਰਦੇ ਸੁਣ ਜਾਂਦੇ।

ਡਾ. ਦਿਲਗੀਰ ਨੇ ਹੋਸਟਲ ਵਿਚ ਅਖੰਡ ਪਾਠ ਰਖਵਾ ਲਿਆ। ਹੋਸਟਲ ਦਾ ਵਾਰਡਨ ਅਤੇ ਯੂਨੀਵਰਸਿਟੀ ਅਧਿਕਾਰੀ ਰੋਕਣ ਦੀ ਹਿੰਮਤ ਨਾ ਕਰ ਸਕੇ। ਭੋਗ ਉਪਰੰਤ ਸਿਰਦਾਰ ਕਪੂਰ ਸਿੰਘ ਨੇ ਤਕਰੀਰ ਕੀਤੀ ਜਿਸ ਵਿਚ ਉਨ੍ਹਾਂ ਸਿੱਖ ਕੌਮ ਅਤੇ ਇਸ ਨਾਲ ਹੁੰਦੇ ਵਿਤਕਰੇ ਦੀ ਗੱਲ ਜ਼ਰਾ ਕੁ ਉਚੀ ਸੁਰ ਵਿਚ ਕੀਤੀ। ਕੁਝ ਹਰਸਿਮਰਨ, ਕੁਝ ਹੁਣ ਸਿੱਖ ਨੈਸ਼ਨਲ ਕਾਲਜ ਬੰਗੇ ਲੱਗੇ ਪ੍ਰੋ. ਹਰਪਾਲ ਸਿੰਘ ਅਤੇ ਕੁਝ ਡਾ. ਭਗਵਾਨ ਸਿੰਘ ਤੇ ਡਾ. ਦਿਲਗੀਰ ਕਰਕੇ ਮੇਰਾ ਝੁਕਾਅ ਵੀ ਉਭਰ ਰਹੀ ਸਿੱਖ ਲਹਿਰ ਵੱਲ ਹੋ ਗਿਆ। ਪਰ ਇਹ ਝੁਕਾਅ ਬਹੁਤਾ ਭਾਵੁਕ ਜਿਹੀ ਕਿਸਮ ਦਾ ਹੀ ਸੀ। ਅਪਰੇਸ਼ਨ ਬਲੂ ਸਟਾਰ ਤੋਂ ਬਾਅਦ ਖੁਫੀਆ ਪੁਲਿਸ ਨੇ ਮੇਰੇ ਤੋਂ ਕਈ ਵਾਰ ਮਾਮੂਲੀ ਪੁੱਛ-ਗਿੱਛ ਵੀ ਕੀਤੀ ਪਰ ਮੇਰਾ ਕੋਈ ਸਰਗਰਮ ਰਿਸ਼ਤਾ ਹੈ ਹੀ ਨਹੀਂ ਸੀ।

## ਜਦ ਮੈਂ ਪਰਤਾਂਗਾ

**ਵਿਸ਼ਾਲ**

ਮਾਂ! ਜਦ ਮੈਂ ਵਾਪਿਸ ਆਵਾਂਗਾ
ਓਨਾ ਨਹੀਂ ਹੋਵਾਂਗਾ
ਜਿੰਨਾ ਤੂੰ ਭੇਜਿਆ ਹੋਵੇਗਾ
ਕਿਤੋਂ ਥੋੜਾ...ਕਿਤੋਂ ਬਹੁਤਾ।
ਉਮਰ ਜਿੰਨੀ ਥਕਾਵਟ...
ਯੁੱਗਾਂ-ਯੁੱਗਾਂ ਦੀ ਉਦਾਸੀ
ਬੰਦੇ ਨੂੰ ਮੁਕਾ ਦੇਣ ਵਾਲੇ ਰਾਹਾਂ ਦੀ ਧੂੜ
ਵਾਲਾਂ 'ਚ ਆਈ ਸਫ਼ੈਦੀ
ਹੋਰ ਕੀ ਵਾਪਿਸ ਲੈ ਕੇ ਆਵਾਂਗਾ...

ਕੀ ਮੈਂ ਤੈਨੂੰ ਦੱਸ ਸਕਾਂਗਾ
ਕਿ ਰੋਜ਼ ਮੇਰੇ ਅੰਦਰ
ਇੱਕ ਕਬਰ ਸਾਹ ਲੈਂਦੀ ਸੀ
ਤੇ ਕਿਵੇਂ ਆਪਣੇ ਆਪ ਨੂੰ
ਜਿਊਣ ਵਰਗੇ ਭਰਮ 'ਚ ਰੱਖਣ ਲਈ
ਆਪਣੇ ਹੀ ਕਮਰੇ 'ਚ ਵੜਨ ਲੱਗਿਆਂ
ਬੂਹਾ ਖੜਕਾਉਂਦਾ ਸੀ
ਇਹ ਜਾਣਦੇ ਹੋਏ ਵੀ
ਕਿ ਕਿਸੇ ਨੇ ਬੂਹਾ ਨਹੀਂ ਖੋਲ੍ਹਣਾ
ਤੇ ਨਾ ਹੀ ਕਿਸੇ ਨੇ ਕਲਾਵੇ 'ਚ ਲੈਣਾ ਹੈ
ਨਾ ਕਿਸੇ ਨੇ ਕੋਈ ਘੂਰੀ ਵੱਟਣੀ ਹੈ
ਨਾ ਕਿਸੇ ਨੇ ਨਾਰਾਜ਼ ਹੋਣਾ ਹੈ
ਅਤੇ ਨਾ ਹੀ ਕਿਸੇ ਨੇ ਮੁਆਫ਼ ਕਰਨਾ ਹੈ
ਬੱਸ ਇੱਕ ਆਲਮ ਪੈਦਾ ਹੋਣਾ ਹੈ
ਜਿਥੇ ਬੰਦਾ ਖੁਦ ਨੂੰ ਟੋਹ ਕੇ ਵੇਖਦਾ ਹੈ।

ਮਾਂ! ਜ਼ਿਆਦਾ ਤੋਂ ਜ਼ਿਆਦਾ ਕੀ ਲੈ ਆਵਾਂਗਾ
ਬਾਪ ਦੇ ਗਲ 'ਚ ਲਟਕਾਉਣ ਵਾਲੀ ਘੜੀ
ਜਾਂ ਮੇਜ਼ 'ਤੇ ਰੱਖਣ ਵਾਲਾ ਟਾਈਮਪੀਸ
ਕਿ ਤਤਕਸਾਰ ਦੇ ਅਲਾਰਮ ਨਾਲ
ਉਹ ਦੋ ਵਕਤ ਦੀ ਰੋਟੀ ਲਈ
ਆਪਣੇ ਅੱਖਾਂ 'ਤੇ ਚੜ੍ਹਾ ਕੇ ਖੋਪੇ
ਘਰ ਦਾ ਗੇੜਾ ਕੱਢਦਾ ਰਹੇ

ਤੇ ਜਾਂ ਫਿਰ ਤੇਰੀ ਅਸਲੋਂ ਹੀ
ਰਹਿੰਦੀ ਜਾ ਰਹੀ ਨਜ਼ਰ ਲਈ
ਕੋਈ ਰਾਂਗਲਾ ਜਿਹਾ ਫਰੇਮ
ਤਾਂ ਕਿ ਤੇਰੇ ਜ਼ਿਹਨ 'ਚ
ਕਿਤੇ ਪੁੱਤ ਦਾ ਫਰੇਮ ਟੁੱਟ ਨਾ ਜਾਏ।

ਤੈਨੂੰ ਕਿਵੇਂ ਦੱਸਾਂਗਾ ਨੀ ਮਾਏ...
ਤੇਰੇ ਇਸ ਭਗਵੇਂ ਪੁੱਤਰ ਨੂੰ
ਕਿਤੇ ਵੀ ਟਿਕਾਅ ਨਹੀਂ ਸੀ
ਰੋਜ਼ ਰਾਤੀ
ਚੌਂਕੇ 'ਚ ਪੱਕਦੀ ਮੱਕੀ ਦੀ ਰੋਟੀ ਦੀ ਮਹਿਕ
ਜਦ ਯਾਦ ਆਉਂਦੀ ਸੀ
ਇੱਕ ਵਾਰ ਤਾਂ ਇਸ ਤਰ੍ਹਾਂ ਹੀ ਲੱਗਦਾ ਸੀ
ਕਿ ਤੂੰ ਬੁਰਕੀਆਂ ਤੋੜ ਤੋੜ
ਮੂੰਹ 'ਚ ਪਾ ਰਹੀ ਏਂ...
ਉਨ੍ਹਾਂ ਪਲਾਂ 'ਚ ਮੈਂ ਹਉਕੇ ਤੋਂ ਵੱਧ ਕੇ
ਕੁੱਝ ਨਹੀਂ ਹੁੰਦਾ ਸੀ

ਮਾਂ ਤੂੰ ਤਾਂ ਮੈਨੂੰ ਹਮੇਸ਼ਾ ਹੀ
ਸਾਊ ਪੁੱਤ ਹੀ ਆਖਦੀ ਰਹੀ ਸੀ
ਇਹ ਜਾਣਦੇ ਹੋਏ ਵੀ
ਕਿ ਸਵੇਰ ਦੀ ਪਹਿਲੀ ਕਿਰਨ ਤੋਂ ਲੈ ਕੇ
ਰਾਤ ਦੀ ਆਖਰੀ ਹਿੱਚਕੀ ਤੱਕ
ਮੈਂ ਤੇਰੇ ਲਈ
ਕਿੰਨੇ ਨਿੱਕੇ-ਨਿੱਕੇ ਦੁੱਖ ਪੈਦਾ ਕੀਤੇ ਸਨ
ਮੈਨੂੰ ਉਹ ਸਭ ਕੁੱਝ ਚੰਗੀ ਤਰ੍ਹਾਂ ਯਾਦ ਹੈ
ਕਿ ਮੇਰੀਆਂ ਰਾਤਾਂ ਦੀ ਅਵਾਰਗੀ ਨੂੰ ਲੈ ਕੇ
ਕਿੰਝ ਤੂੰ ਸੂਲੀ 'ਤੇ ਟੰਗੀ ਰਹਿੰਦੀ ਸੀ
ਬੱਸ ਏਸੇ ਆਸ ਨਾਲ
ਕਿ ਮੇਰਾ ਪੁੱਤ
ਕਦੇ ਤਾਂ ਕੁੱਖ ਦਾ ਦਰਦ ਪਛਾਣੇਗਾ
ਕਦੇ ਤਾਂ ਪੁੱਤਾਂ ਵਾਂਗੂੰ ਦਸਤਕ ਦੇਵੇਗਾ...

ਪਰ ਮਾਂ ਜਦ ਮੈਂ ਪਰਤਾਂਗਾ
ਜ਼ਿਆਦਾ ਤੋਂ ਜ਼ਿਆਦਾ ਕੀ ਲੈ ਆਵਾਂਗਾ
ਮੇਰੀਆਂ ਅੱਖਾਂ 'ਚ ਹੋਣਗੇ ਮਰੇ ਹੋਏ ਸੁਪਨੇ
ਮੇਰੇ ਨਾਲ ਮੇਰੀ ਹਾਰ ਹੋਵੇਗੀ
ਤੇ ਉਹ ਥੋੜ੍ਹਾ ਜਿਹਾ ਹੌਸਲਾ ਵੀ
ਜਦ ਆਪਣਾ ਸਭ ਕੁੱਝ ਗੁਆ ਕੇ ਵੀ
ਬੰਦਾ ਸਿਕੰਦਰ ਹੋਣ ਦੇ
ਭਰਮ 'ਚ ਰਹਿੰਦਾ ਹੈ
ਤੇ ਫਿਰ ਤੇਰੇ ਲਈ
ਨਿੱਕੇ ਨਿੱਕੇ ਖਤਰੇ ਪੈਦਾ ਕਰਾਂਗਾ
ਨਿੱਕੇ-ਨਿੱਕੇ ਡਰ ਪੈਦਾ ਕਰਾਂਗਾ
ਹੋਰ ਮੈਂ ਕੀ ਲੈ ਕੇ ਆਵਾਂਗਾ?

# ਸਿੰਧੀ ਭਾਈਚਾਰੇ ਦੀ ਬਹੁ-ਧਰਮ ਪਰੰਪਰਾ ਅਤੇ ਗੁਰੂ ਗ੍ਰੰਥ ਸਾਹਿਬ

ਬਲਵੰਤ ਸਿੰਘ ਆਈ.ਏ.ਐਸ.

ਇਕ ਰੋਜ਼ਾਨਾ ਪੰਜਾਬੀ ਅਖਬਾਰ ਵਿਚ ਪਿਛੇ ਜਿਹੇ ਇਹ ਖ਼ਬਰ ਪ੍ਰਕਾਸ਼ਤ ਹੋਈ ਕਿ ਨਿਊਯਾਰਕ ਦੇ ਇਕ ਸਿੰਧੀ ਮੰਦਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਅਤੇ ਉਸ ਦੇ ਨਾਲ ਹੀ ਹਿੰਦੂ ਦੇਵੀ-ਦੇਵਤਿਆਂ ਦੇ ਬੁੱਤਾਂ ਦੀ ਪੂਜਾ ਵੀ ਕੀਤੀ ਜਾਂਦੀ ਹੈ। ਇਹੀ ਨਹੀਂ, ਮੰਦਰ ਵਿਚ ਗੀਤਾ ਦੇ ਪ੍ਰਵਚਨ ਵੀ ਰੋਜ਼ਾਨਾ ਹੁੰਦੇ ਹਨ ਤੇ ਮੰਦਰ ਦੇ ਅਹਾਤੇ ਵਿਚ ਹੀ ਮੁੰਡਨ ਦੀ ਰਸਮ ਵੀ ਅਦਾ ਕੀਤੀ ਜਾਂਦੀ ਹੈ। ਮੰਦਰ ਵਲੋਂ ਸ਼ਰਧਾਲੂਆਂ ਦੇ ਘਰਾਂ ਵਿਚ ਸਹਿਜ ਪਾਠ ਅਤੇ ਅਖੰਡ ਪਾਠ ਵੀ ਕਰਵਾਏ ਜਾਂਦੇ ਹਨ। ਮੰਦਰ ਦੇ ਪ੍ਰਬੰਧਕਾਂ ਦਾ ਕਹਿਣਾ ਹੈ ਕਿ ਮੰਦਰ ਪੂਜਾ ਦਾ ਸਾਂਝਾ ਅਸਥਾਨ ਹੈ। ਉੱਤਰੀ ਅਮਰੀਕਾ ਦੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਨੇ ਸੰਗਤ ਨੂੰ ਇਸ ਮੰਦਰ ਵਿਚ ਹੁੰਦਾ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਬੰਦ ਕਰਵਾਉਣ ਦੀ ਅਪੀਲ ਕੀਤੀ ਹੈ ਤਾਂ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾ ਹੋਵੇ।

ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਬਾਰੇ ਪਿਛਲੇ ਕੁਝ ਸਮੇਂ ਤੋਂ ਬਹੁਤ ਕੁਝ ਕਿਹਾ ਜਾ ਰਿਹਾ ਹੈ। ਸਿੰਧੀ ਮੰਦਰਾਂ ਬਾਰੇ ਗੱਲ ਕਰਨ ਤੋਂ ਪਹਿਲਾਂ, ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ-ਵਿਰੋਧੀ ਵਰਤਾਰੇ ਬਾਰੇ ਗੱਲ ਕਰ ਲਈਏ ਤਾਂ ਤਰਕ ਸੰਗਤ ਹੋਵੇਗਾ। ਸਿੱਖਾਂ ਨੂੰ ਮੜ੍ਹੀਆਂ, ਬੁੱਤਾਂ ਤੇ ਅੱਜ ਦੇ ਅਖੌਤੀ ਸਾਧਾਂ ਅੱਗੇ ਮੱਥਾ ਟੇਕਣ ਦੀ ਮਨਾਹੀ ਹੈ, ਪਰ ਫਿਰ ਵੀ ਆਪਣੇ ਆਪ ਨੂੰ ਪੰਥਕ ਸਿੱਖਾਂ ਦੇ ਰਖਵਾਲੇ ਅਖਵਾਉਣ ਵਾਲੇ ਅਤੇ ਸਿੱਖਾਂ ਦੀਆਂ ਵੋਟਾਂ ਬਟੋਰਨ ਵਾਲੇ ਅਜਿਹੇ ਸਿੱਖ ਆਗੂ ਮੰਦਰਾਂ ਵਿਚ ਜਾ ਕੇ ਅਤੇ ਆਪਣੇ ਆਪ ਨੂੰ ਗੁਰੂ ਦਾ ਦਰਜਾ ਦੇਣ ਵਾਲੇ ਸਾਧਾਂ ਅੱਗੇ ਮੱਥੇ ਟੇਕਦੇ ਹਨ ਤੇ ਨੱਕ ਰਗੜਦੇ ਹਨ।

ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਅਤੇ 'ਜਥੇਦਾਰਾਂ' ਨੇ ਸੌਦਾ ਸਾਧ ਬਾਰੇ ਸਿੱਖਾਂ ਨੂੰ ਭੜਕਾਇਆ, ਆਮ ਸਿੱਖਾਂ ਨੂੰ ਮਾਰ ਪਈ, ਜੋ ਟੀ.ਵੀ. ਉਤੇ ਸਭ ਨੇ ਦੇਖਿਆ। ਬਾਅਦ ਵਿਚ ਲੋਕ ਸਭਾ ਦੀਆਂ ਚੋਣਾਂ ਵਿਚ ਵੋਟਾਂ 'ਤੇ ਨਜ਼ਰ ਰੱਖਦਿਆਂ ਸਾਰਾ ਮਾਮਲਾ ਠੰਢੇ ਬਸਤੇ ਵਿਚ ਪਾ ਦਿੱਤਾ ਗਿਆ। ਮੌਤ ਅਤੇ ਆਨੰਦ ਕਾਰਜਾਂ ਮੌਕੇ ਅਨੇਕਾਂ ਸਿੱਖਾਂ ਨੂੰ ਸਰੂਪ ਨਾ ਦਿਤੇ ਗਏ। ਖ਼ਾਸ ਕਰ ਕੇ ਦਲਿਤ ਸਿੱਖਾਂ ਨੂੰ। ਇਕ ਦਲਿਤ ਸਿੱਖ ਦਾ ਵਿਆਹ ਸ. ਭਗਤ ਸਿੰਘ ਦੀ ਫੋਟੋ ਰੱਖ ਕੇ, ਉਸ ਦੇ ਆਲੇ-ਦੁਆਲੇ ਫੇਰੇ ਲਾ ਕੇ ਕੀਤਾ ਗਿਆ। ਇਹ ਸਭ ਟੀ.ਵੀ. ਉਤੇ ਦਿਖਾਇਆ ਗਿਆ। ਪੰਜਾਬ ਦੇ ਪਿੰਡਾਂ ਵਿਚ ਦਲਿਤਾਂ ਨੂੰ ਵੱਖਰੇ ਗੁਰਦਵਾਰੇ ਬਨਾਉਣੇ ਪਏ। ਪੰਜਾਬ ਵਿਚਲੇ ਤਖ਼ਤਾਂ ਦੇ ਜਥੇਦਾਰਾਂ ਵਲੋਂ ਸਿਆਸਤ ਨੂੰ ਧਿਆਨ ਵਿਚ ਰੱਖਦਿਆਂ ਸਿੱਖਾਂ-ਸਿੱਖਾਂ ਵਿਚਕਾਰ ਵਿਤਕਰਾ ਕੀਤਾ ਜਾਂਦਾ ਹੈ, ਜਿਸ ਨਾਲ ਜਥੇਦਾਰ ਦਾ ਪੱਖਪਾਤੀ ਕਿਰਦਾਰ ਜ਼ਾਹਰ ਹੁੰਦਾ ਹੈ। ਅਜਿਹੀਆਂ ਅਨੇਕਾਂ ਖ਼ਬਰਾਂ ਅਖ਼ਬਾਰਾਂ ਵਿਚ ਛਪਦੀਆਂ ਹਨ, ਜਿਸ ਨਾਲ ਸਿੱਖਾਂ ਦੀ ਆਬਰੂ ਮਿੱਟੀ ਵਿਚ ਮਿਲਦੀ ਹੈ। ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਤਖ਼ਤ ਸਾਹਿਬ ਵਿਖੇ ਹੀ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਿੱਖ ਨੇਤਾ ਇਕ ਦੂਜੇ ਨਾਲ ਲੜੇ ਅਤੇ ਇਕ-ਦੂਜੇ ਦੀਆਂ ਪੱਗਾਂ ਲਾਹੀਆਂ ਗਈਆਂ, ਭੋਗ ਵੀ ਨਾ ਪੈ ਸਕਿਆ। ਇਹ ਤਮਾਸ਼ਾ ਸਾਰੀ ਦੁਨੀਆ ਨੇ ਟੀ.ਵੀ. 'ਤੇ ਦੇਖਿਆ। ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਤੇ ਸਤਿਕਾਰ ਬਾਰੇ ਦੁਹਾਈ ਦੇਣ ਵਾਲੇ ਸਿੱਖ ਦੱਸਣਗੇ ਕਿ ਇਨ੍ਹਾਂ ਸਾਰੀਆਂ ਗੱਲਾਂ ਵਿਚ, ਗੁਰੂ ਗ੍ਰੰਥ ਸਾਹਿਬ ਦੇ ਕਿਹੜੇ ਸਿਧਾਂਤ ਦੀ ਪਾਲਣਾ ਕੀਤੀ ਗਈ।

ਕੁਝ ਦਿਨ ਪਹਿਲਾਂ ਛੱਤੀਸਗੜ੍ਹ ਦੇ ਚਾਰ ਸਿੱਖ ਨੌਜੁਆਨ ਈਸਾਈ ਬਣ ਗਏ। ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿਚ ਸਿੱਖ ਈਸਾਈ ਬਣ ਚੁੱਕੇ ਹਨ। ਜੇ ਸਾਡੇ ਜਥੇਦਾਰ ਅਤੇ ਪ੍ਰਚਾਰਕ ਚੰਗੇ ਪੜ੍ਹੇ ਲਿਖੇ, ਸੂਝਵਾਨ, ਸਿੱਖ ਅਤੇ ਦੂਜੇ ਧਰਮਾਂ ਦੀ ਚੰਗੀ ਜਾਣਕਾਰੀ ਰੱਖਣ ਵਾਲੇ, ਦੂਜਿਆਂ ਦੇ ਮੁਕਾਬਲੇ ਚੰਗੇ ਪੱਧਰ ਦੇ ਪ੍ਰਵਚਨ ਕਰਨ ਵਾਲੇ ਵਿਦਵਾਨ ਹੁੰਦੇ ਅਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰ ਅਤੇ ਮੁਲਾਜ਼ਮ ਚੜ੍ਹਾਵਿਆਂ ਦੇ ਪੈਸੇ ਖਰਚ ਕੇ, ਇਕ ਖਾਸ ਪਾਰਟੀ ਨੂੰ ਸਮਰਪਿਤ ਨਾ ਰਹਿ ਕੇ, ਸਿਰਫ ਗੁਰਮਤਿ ਅਤੇ ਸਮੁੱਚੇ ਪੰਥ ਨੂੰ ਸਮਰਪਿਤ ਹੁੰਦੇ, ਤਾਂ ਸਿੱਖਾਂ ਦੀ ਮੌਜੂਦਾ ਹਾਲਤ ਨਾ ਹੁੰਦੀ। ਜਦ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਉਦੋਂ ਕਈ ਪੰਡਤਾਂ ਨੇ ਇਸ ਲਈ ਵਿਰੋਧ ਕੀਤਾ ਕਿ ਇਹ ਅਪਭ੍ਰੰਸ਼ ਭਾਸ਼ਾ ਵਿਚ ਹੈ, ਦੇਵ ਭਾਸ਼ਾ ਸੰਸਕ੍ਰਿਤ ਵਿਚ ਨਹੀਂ।

ਗੁਰੂ ਜੀ ਨੇ ਸਮਝਾਇਆ ਕਿ ਉਹ ਸੰਸਕ੍ਰਿਤ ਭਾਸ਼ਾ ਦੀ ਕਦਰ ਕਰਦੇ ਹਨ, ਪਰ ਇਹ ਭਾਸ਼ਾ ਆਮ ਮਨੁੱਖਾਂ ਵਲੋਂ ਨਾ ਪੜ੍ਹੇ, ਬੋਲੇ ਜਾਣ ਕਰ ਕੇ ਸੀਮਤ ਜਿਹੀ ਪਸਾਰ ਸੀਮਾ ਰੱਖਦੀ ਹੈ। ਉਹ ਤਾਂ ਖੂਹ ਵਿਚਲੇ ਜਲ ਸਮਾਨ ਹੈ, ਜਿਹੜਾ ਬੜੀ ਮੁਸ਼ਕਲ ਨਾਲ ਹੀ ਮਿਲਦਾ ਹੈ ਅਤੇ ਬਹੁਤ ਥੋੜੇ ਲੋਕਾਂ ਦੀ ਤ੍ਰਿਪਤੀ ਕਰ ਸਕਦਾ ਹੈ। ਇਸ ਲਈ ਲੋਕਾਂ ਨੂੰ ਚਲਦੇ ਦਰਿਆ ਦੇ ਖੁੱਲ੍ਹੇ ਡੁਲ੍ਹੇ ਜਲ ਦੀ ਲੋੜ ਹੈ। ਆਮ ਭਾਸ਼ਾ ਵਿਚ ਲਿਖੀ ਗਈ ਬਾਣੀ ਹਰ ਹਿਰਦੇ ਨੂੰ ਆਤਮਕ ਖੇੜਾ ਪ੍ਰਦਾਨ ਕਰ ਸਕਦੀ ਹੈ। ਸਪੱਸ਼ਟ ਹੈ ਕਿ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਤਾਂ ਸਾਰੀ ਲੋਕਾਈ ਲਈ ਕੀਤਾ ਹੈ, ਕਿਸੇ ਖਾਸ ਵਰਗ ਲਈ ਨਹੀਂ। ਹਰ ਇਨਸਾਨ, ਚਾਹੇ ਉਸ ਦਾ ਧਾਰਮਕ, ਸਮਾਜਕ, ਸਭਿਆਚਾਰਕ ਵਿਸ਼ਵਾਸ ਕੁਝ ਵੀ ਹੋਵੇ, ਗੁਰਬਾਣੀ ਨੂੰ ਪੜ੍ਹ ਸੁਣ ਕੇ ਅਤੇ ਸਮਝ ਕੇ, ਆਤਮਕ ਆਨੰਦ ਪ੍ਰਾਪਤ ਕਰ ਸਕਦਾ ਹੈ। ਗੁਰਬਾਣੀ ਕਿਸੇ ਖ਼ਾਸ ਲਈ ਨਹੀਂ, ਬਲਕਿ ਸਭ ਲਈ ਸਾਂਝੀ ਹੈ।

ਦਸਵੇਂ ਪਾਤਸ਼ਾਹ ਦਾ ਹੁਕਮ ਬਹੁਤ ਹੀ ਸਪੱਸ਼ਟ ਹੈ 'ਸੱਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ'। ਗੁਰੂ ਗ੍ਰੰਥ ਸਾਹਿਬ ਸਿਰਫ ਉਨ੍ਹਾਂ ਦੇ ਗੁਰੂ ਹਨ, ਜਿਹੜੇ ਸਿੱਖੀ ਰਹਿਤ ਮਰਿਆਦਾ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ। ਇਹ ਤਾਂ ਕਿਤੇ ਹੁਕਮ ਨਹੀਂ ਹੋਇਆ ਕਿ ਕੋਈ ਗੈਰ-ਸਿੱਖ, ਗੁਰੂ ਗ੍ਰੰਥ ਸਾਹਿਬ ਰੱਖ ਨਹੀਂ ਸਕਦਾ ਅਤੇ ਬਾਣੀ ਪੜ੍ਹ ਕੇ ਸ਼ਾਂਤੀ ਪ੍ਰਾਪਤ ਨਹੀਂ ਕਰ ਸਕਦਾ। ਉਹ ਸਿੱਖ, ਜਿਹੜੇ ਆਪਣੇ ਆਪ ਨੂੰ ਤੱਤ ਗੁਰਮਤਿ ਦੇ ਧਾਰਨੀ ਅਖਵਾਉਂਦੇ ਹਨ, ਉਨ੍ਹਾਂ ਨੂੰ ਆਪਣਾ ਨਜ਼ਰੀਆ ਬਦਲਣਾ ਚਾਹੀਦਾ ਹੈ ਅਤੇ ਆਪਣੀ ਸੋਚ ਨੂੰ ਸੌੜੀ ਰੱਖਣ ਦੀ ਬਜਾਏ, ਉਦਾਰਚਿਤ ਹੋਣਾ ਚਾਹੀਦਾ ਹੈ। ਕਈ ਘਰਾਂ ਤੇ ਅਸਥਾਨਾਂ ਤੋਂ ਸਰੂਪਾਂ ਨੂੰ ਚੁੱਕ ਕੇ ਗੁਰਦਵਾਰਿਆਂ ਦੀਆਂ ਅਲਮਾਰੀਆਂ ਵਿਚ ਬੰਦ ਕਰ ਕੇ, ਤਾਲੇ ਲਾ ਕੇ ਰੱਖਣਾ ਤੇ ਇਸ ਤਰ੍ਹਾਂ ਲੋਕਾਂ ਨੂੰ ਗੁਰਬਾਣੀ ਪੜ੍ਹਨ ਤੇ ਸੁਣਨ ਤੋਂ ਵਾਂਝੇ ਰੱਖਣ ਨੂੰ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਹਿਣਾ ਮੰਦਭਾਗਾ ਹੈ। ਇਹ ਵਰਤਾਰਾ ਗੁਰਬਾਣੀ ਨੂੰ ਸਮੇਟਣ ਦੀ, ਸੀਮਤ ਰੱਖਣ ਦੀ ਸਾਜ਼ਿਸ਼ ਹੈ। ਇਸੇ ਸਾਜ਼ਿਸ਼ ਤਹਿਤ ਮੱਧ ਪ੍ਰਦੇਸ਼ ਵਿਚੋਂ ਸੈਂਕੜੇ ਘਰਾਂ ਤੋਂ ਕੋਈ ਨਾ ਕੋਈ ਬਹਾਨਾ ਕਰ ਕੇ, ਸਰੂਪਾਂ ਨੂੰ ਚੁੱਕ ਲਿਆ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਸਰਬ ਲੋਕਾਈ ਦੇ ਸਾਂਝੇ ਹਨ, ਗੁਰਬਾਣੀ ਸਰਬ ਕਲਿਆਣਕਾਰੀ ਹੈ। ਇਸ ਦਾ ਦੁਨੀਆ ਵਿਚ ਵਧ ਤੋਂ ਵਧ ਪ੍ਰਚਾਰ ਪੰਜਾਬੀ ਵਿਚ ਹੀ ਨਹੀਂ, ਬਲਕਿ ਦੂਸਰੀਆਂ ਭਾਸ਼ਾਵਾਂ ਵਿਚ ਹੀ ਹੋਣਾ ਚਾਹੀਦਾ ਹੈ। ਇਸ ਨੂੰ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲਿਆਂ ਤਕ ਮਹਿਦੂਦ ਰੱਖਣ ਦੀ ਜ਼ਰੂਰਤ ਨਹੀਂ। ਹੁਣ ਮੈਂ ਸਿੰਧੀ ਭਾਈਚਾਰੇ ਬਾਰੇ ਗੱਲ ਕਰਦਾ ਹਾਂ। ਗਾਂਧੀ ਨਗਰ ਸ਼ਹਿਰ (ਗੁਜਰਾਤ) ਜਿਥੇ ਮੈਂ ਰਹਿੰਦਾ ਹਾਂ, ਵਿਚ ਸਿੰਧੀਆਂ ਦਾ 'ਸ੍ਰੀ ਝੂਲੇ ਲਾਲ ਮੰਦਰ' ਹੈ, ਜਿਸ ਵਿਚ ਸੰਤ ਝੂਲੇ ਲਾਲ ਦੀ ਮੂਰਤੀ ਸਥਾਪਤ ਹੈ। ਇਥੇ ਹਿੰਦੂ ਰਸਮਾਂ ਨਾਲ ਪੂਜਾ ਪਾਠ ਹੁੰਦਾ ਹੈ। ਇਸ ਮੰਦਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਇਸ ਮੰਦਰ ਵਿਚ ਸਿੰਧੀਆਂ ਵਲੋਂ ਬੜੀ ਖੁਸ਼ੀ ਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਬਹੁਤ ਸਾਰੇ ਸਿੰਧੀ ਆਪਣੇ ਘਰੋਂ ਰੁਮਾਲੇ ਚੜ੍ਹਾਉਣ ਵਾਸਤੇ ਲਿਆਉਂਦੇ ਹਨ। ਗੁਜਰਾਤ, ਪਾਕਿਸਤਾਨ ਦੇ ਸਿੰਧ ਸੂਬੇ ਨਾਲ ਲੱਗਦਾ ਹੈ। ਦੇਸ਼ ਦੀ ਵੰਡ ਸਮੇਂ ਬਹੁਤ ਸਾਰੇ ਸਿੰਧੀ ਗੁਜਰਾਤ ਆ ਵਸੇ। ਇਨ੍ਹਾਂ ਨੇ ਇਥੇ ਹਰ ਛੋਟੇ-ਵੱਡੇ ਸ਼ਹਿਰ ਵਿਚ 'ਗੁਰੂ ਨਾਨਕ ਦਰਬਾਰ' ਜਾਂ ਮੰਦਰ ਬਣਾਏ ਹਨ। ਇਨ੍ਹਾਂ ਵਿਚ ਗੁਰਬਾਣੀ ਦਾ ਪਾਠ ਹੁੰਦਾ ਹੈ ਅਤੇ ਨਾਲ ਹੀ ਆਮ ਤੌਰ 'ਤੇ ਹਿੰਦੂ ਰਸਮਾਂ ਵੀ ਨਿਭਾਈਆਂ ਜਾਂਦੀਆਂ ਹਨ। ਆਪਣੇ ਘਰਾਂ ਵਿਚ ਵੀ ਸਹਿਜ ਜਾਂ ਅਖੰਡ ਪਾਠ ਰੱਖਦੇ ਹਨ। ਨਵੀਂ ਪੀੜ੍ਹੀ ਨੂੰ ਪੰਜਾਬੀ ਦਾ ਅਭਿਆਸ ਨਾ ਹੋਣ ਕਰਕੇ ਗੁਰਬਾਣੀ ਦੇ ਪਾਠ ਦੀ ਪ੍ਰਥਾ ਘੱਟ ਹੋ ਰਹੀ ਹੈ। ਮੇਰੇ ਨਾਲ ਹੀ ਨੌਕਰੀ ਵਿਚੋਂ ਰਿਟਾਇਰ ਹੋਏ, ਮੇਰੇ ਸਿੰਧੀ ਮਿੱਤਰ ਨੇ ਆਪਣੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦੇ ਛੋਟੇ ਆਕਾਰ ਦਾ ਕਾਫ਼ੀ ਪੁਰਾਣਾ ਸਰੂਪ ਰੱਖਿਆ ਹੋਇਆ ਹੈ। ਸਰੂਪ ਦੇ ਪਹਿਲੇ ਖ਼ਾਲੀ ਪੰਨੇ ਉਤੇ ਇਕ ਸਿੰਧੀ 'ਸੰਤ' ਨੇ ਸਿੰਧੀ ਭਾਸ਼ਾ ਵਿਚ ਇਕ ਸ਼ਬਦ ਲਿੱਖਿਆ ਹੋਇਆ ਹੈ। ਇਸ ਸਰੂਪ ਨੂੰ ਉਹ ਆਪਣੇ ਪੂਜਾ ਵਾਲੇ ਕਮਰੇ ਵਿਚ ਰੱਖਦੇ ਹਨ ਅਤੇ ਨਾਲ ਹੀ ਹਿੰਦੂ ਗ੍ਰੰਥ ਅਤੇ ਮੂਰਤੀਆਂ ਵੀ ਉਥੇ ਹੀ ਪਈਆਂ ਹਨ। ਇਹ ਪ੍ਰੰਪਰਾ ਬਹੁਤ ਸਾਰੇ ਸਿੰਧੀਆਂ ਦੇ ਘਰਾਂ ਵਿਚ ਨਿਭਾਈ ਜਾ ਰਹੀ ਹੈ। ਗਾਂਧੀ ਨਗਰ ਤੋਂ ਲਗਭਗ 400 ਕਿਲੋਮੀਟਰ ਦੂਰ ਮਾਨਾਵਦਰ ਕਸਬੇ ਤੋਂ ਇਕ ਸਿੰਧੀ ਨੇ ਮੈਨੂੰ ਫੋਨ ਕਰ ਕੇ, ਮੇਰੇ ਗੁਜਰਾਤੀ ਵਿਚ ਅਨੁਵਾਦ ਕੀਤੇ ਇਕ ਪੈਂਫਲਿਟ (ਕਿਤਾਬਚੇ) ਦੀਆਂ 20 ਕਾਪੀਆਂ ਪ੍ਰਚਾਰ ਵਾਸਤੇ ਮੰਗੀਆਂ।

ਮੈਂ ਉਸ ਨੂੰ ਕਿਹਾ ਕਿ ਇਹ ਅਤੇ ਗੁਰੂ ਗ੍ਰੰਥ ਸਾਹਿਬ ਬਾਰੇ ਤਿੰਨ ਹੋਰ ਗੁਜਰਾਤੀ ਵਿਚ ਲਿਖੀਆਂ ਕਿਤਾਬਾਂ ਕੁਝ ਦਿਨਾਂ ਬਾਅਦ ਭੇਜਾਂਗਾ। ਕਿਉਂਕਿ ਮੈਂ ਪੰਜਾਬ ਜਾ ਰਿਹਾ ਹਾਂ। ਉਸ ਸਿੰਧੀ ਸੱਜਣ ਨੇ ਖੁਸ਼ ਹੋ ਕੇ ਕਿਹਾ ਕਿ ਕ੍ਰਿਪਾ ਕਰ ਕੇ ਮੇਰੇ ਲਈ ਇਕ ਦਰਜਨ ਕੜੇ, ਇਕ ਦਰਜਨ ਹਿੰਦੀ ਵਿਚ ਨਿਤਨੇਮ ਦੇ ਗੁਟਕੇ, ਆਸਾ ਦੀ ਵਾਰ ਦੀਆਂ ਕੈਸਿਟਾਂ ਅਤੇ ਹਰਿਮੰਦਰ ਸਾਹਿਬ ਦਾ ਇਕ ਮਾਡਲ ਲੈ ਆਉਣਾ। ਮੈਂ ਇਹੀ ਕੀਤਾ। ਐਸੀ ਹੈ ਸਿੰਧੀ ਸਹਿਜਧਾਰੀਆਂ ਦੀ ਗੁਰਬਾਣੀ ਲਈ ਸ਼ਰਧਾ। ਸਿੱਖਾਂ ਵਿਚ ਮੈਨੂੰ ਅਜਿਹੀ ਸ਼ਰਧਾ ਦੇਖਣ ਨੂੰ ਨਹੀਂ ਮਿਲੀ। ਮਾਯੂਸੀ, ਅਵੇਸਲਾਪਨ ਅਤੇ ਦੰਭ ਹੀ ਦੇਖਣ ਨੂੰ ਮਿਲਿਆ ਹੈ। ਇਸ ਤੋਂ ਸਿੰਧੀਆਂ ਦੀ ਧਾਰਮਕ ਮਨੋਬਿਰਤੀ ਤੇ ਧਾਰਮਕ ਰਸਮੋ-ਰਿਵਾਜ ਸਪੱਸ਼ਟ ਹੋ ਜਾਂਦੇ ਹਨ। ਆਮ ਤੌਰ 'ਤੇ ਸਿੰਧੀ ਬਹੁ-ਧਰਮਵਾਦ ਦੀ ਪ੍ਰੰਪਰਾ ਪਾਲਦੇ ਹਨ। ਇਹ ਆਪਣਾ ਧਰਮ ਹਿੰਦੂ ਲਿਖਵਾਉਂਦੇ ਹਨ। ਕਈ ਸਿੰਧੀ ਆਪਣੇ ਘਰਾਂ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਮੂਰਤੀਆਂ ਵੀ ਰੱਖਦੇ ਹਨ। ਇਹ ਇਨ੍ਹਾਂ ਦੀ ਧਾਰਮਿਕ ਪ੍ਰੰਪਰਾ ਹੈ, ਜੋ ਇਹ ਸਦੀਆਂ ਤੋਂ ਨਿਭਾਅ ਰਹੇ ਹਨ। ਜਿਸ ਤਰ੍ਹਾਂ ਸਿੱਖ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਧਰਮ ਵਿਚ ਕੋਈ ਦਖ਼ਲ ਦੇਵੇ, ਇਸੇ ਤਰ੍ਹਾਂ ਸਿੰਧੀਆਂ ਦੇ ਰਵਾਇਤੀ ਧਰਮ ਵਿਚ ਵੀ ਕਿਸੇ ਦੂਜੇ ਨੂੰ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ। ਨਿਊਯਾਰਕ ਦੇ ਸਿੰਧੀ ਮੰਦਰ ਤੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨੂੰ ਹਟਾਉਣਾ, ਉਥੋਂ ਦੇ ਸਿੰਧੀ ਸਮਾਜ ਨੂੰ ਗੁਰਬਾਣੀ ਤੋਂ ਤੋੜਨ ਬਰਾਬਰ ਹੋਵੇਗਾ। ਇਹ ਧਰਮ ਵਿਹੂਣੀ ਅਤੇ ਧਰਮ ਵਿਰੋਧੀ ਗੱਲ ਹੋਵੇਗੀ ਅਤੇ ਉਨ੍ਹਾਂ ਦੇ ਧਰਮ ਉਤੇ ਹਮਲੇ ਦੇ ਬਰਾਬਰ ਹੋਵੇਗਾ, ਜੋ ਕਿਸੇ ਨੂੰ ਵੀ ਬਰਦਾਸ਼ਤ ਨਹੀਂ ਕਰਨਾ ਚਾਹੀਦਾ। ਗੁਰੂ ਸਾਹਿਬਾਨ ਸਭਨਾਂ ਦੇ ਸਾਂਝੇ ਹਨ ਅਤੇ ਗੁਰਬਾਣੀ ਸਾਰੀ ਲੋਕਾਈ ਵਾਸਤੇ ਹੈ। ਗੁਰਬਾਣੀ ਸਰਬ ਲਈ ਕਲਿਆਣਕਾਰੀ ਹੈ। ਇਸ ਨੂੰ ਸੀਮਤ ਕਰ ਕੇ ਰੱਖਣਾ, ਇਕ ਬਹੁਤ ਹੀ ਸੌੜੀ ਸੋਚਣੀ ਹੈ, ਜੋ 21ਵੀਂ ਸਦੀ ਦੇ ਵਿਚਾਰ ਦੇ ਅਨੁਕੂਲ ਨਹੀਂ।

ਸਭ ਧਰਮਾਂ ਦਾ ਬਰਾਬਰ ਸਤਿਕਾਰ ਹੀ ਸ਼ਾਂਤਮਈ ਸਹਿਹੋਂਦ ਦਾ ਉਤਮ ਮਾਰਗ ਹੈ। ਸਭ ਨੂੰ ਆਪਣਾ-ਆਪਣਾ ਧਰਮ ਪਾਲਦੇ ਹੋਏ ਮਨੁੱਖਤਾਵਾਦੀ ਅਤੇ ਸਾਂਝੀਵਾਲਤਾ ਦੇ ਹਾਮੀ ਬਣਨਾ ਚਾਹੀਦਾ ਹੈ। ਆਸ ਹੈ ਅਤੇ ਬੇਨਤੀ ਹੈ ਕਿ ਉੱਤਰੀ ਅਮਰੀਕਾ ਦੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ, ਇਸ ਗੱਲ ਨੂੰ ਸਿੰਧੀਆਂ ਦੀ ਸਦੀਆਂ ਪੁਰਾਣੀ ਧਾਰਮਕ ਪ੍ਰੰਪਰਾ ਦੇ ਪਰਿਪੇਖ ਵਿਚ ਸਮਝਦਿਆਂ, ਉਨ੍ਹਾਂ ਨਾਲ ਸੁਮੇਲ ਦੀ ਭਾਵਨਾ ਸਿਰਜੇਗੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਿਛੜਨਾ ਇਤਿਹਾਸਕ ਭੁੱਲ ਬਣ ਜਾਵੇਗੀ

ਡਾ. ਨਵਰਾਜ ਸਿੰਘ

ਪਿਛਲੇ ਦਿਨੀਂ ਵਾਪਰੀ ਇਕ ਮੰਦਭਾਗੀ ਘਟਨਾ ਤੋਂ ਬਾਅਦ ਦਲਿਤ ਭਾਈਚਾਰੇ ਦੇ ਕੁਝ ਵਿਅਕਤੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜ-ਵਿਛੋੜਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਅਜਿਹਾ ਕਰਨਾ ਦਲਿਤ ਭਾਈਚਾਰੇ ਦੀ ਇਤਿਹਾਸਕ ਭੁੱਲ ਹੋਵੇਗੀ। ਦਲਿਤਾਂ ਨੂੰ ਸਿੱਖਾਂ ਦੇ ਇਕ ਵਰਗ ਨਾਲ ਰੋਸ ਹੋ ਸਕਦਾ ਹੈ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਨਾ ਤਾਂ ਸਿੱਖਾਂ ਦੇ ਕਿਸੇ ਇਕ ਵਰਗ ਅਤੇ ਨਾ ਹੀ ਸਿਰਫ ਸਿੱਖਾਂ ਦੀ ਅਜਾਰੇਦਾਰੀ ਹੋ ਸਕਦੀ ਹੈ, ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੁਨੇਹਾ ਸਾਰੀ ਮਾਨਵ ਜਾਤੀ ਲਈ ਹੈ ਨਾ ਕਿ ਕਿਸੇ ਇਕ ਜਾਤ, ਕੌਮ, ਦੇਸ਼, ਧਰਮ ਜਾਂ ਕਿਸੇ ਵਰਗ ਲਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਿੱਖ' ਸ਼ਬਦ, ਸਿੱਖ ਧਰਮ ਲਈ ਨਹੀਂ ਸਗੋਂ ਉਸ ਮਨੁੱਖ ਲਈ ਵਰਤਿਆ ਗਿਆ ਹੈ ਜੋ ਕਿ ਗੁਰੂ ਪਾਸੋਂ ਸਿੱਖਿਆ ਲੈਣੀ ਚਾਹੁੰਦਾ ਹੈ, ਭਾਵ ਸਿੱਖਿਆਰਥੀ ਜਾਂ ਵਿਦਿਆਰਥੀ ਹੈ। ਗੁਰੂ ਸ਼ਬਦ ਵੀ ਸੰਸਕ੍ਰਿਤ ਦੇ ਦੋ ਸ਼ਬਦਾਂ 'ਗੁ' ਤੇ 'ਰੂ' ਤੋਂ ਬਣਿਆ ਹੈ, 'ਗੁ' ਦਾ ਅਰਥ ਹੈ ਅੰਧਕਾਰ ਤੇ 'ਰੂ' ਦਾ ਅਰਥ ਹੈ ਚਾਨਣ ਅਰਥਾਤ ਹਨੇਰੇ ਤੋਂ ਚਾਨਣ ਵਲ ਲਿਆਉਣ ਵਾਲਾ, ਭਾਵ ਗਿਆਨ ਹੀ ਗੁਰੂ ਦਾ ਸਹੀ ਅਰਥ ਹੈ। ਗੁਰੂ ਗ੍ਰੰਥ ਸਾਹਿਬ ਵਿਚ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਰਿਭਾਸ਼ਾ ਕੀਤੀ ਗਈ ਹੈ।

'ਪੋਥੀ ਪਰਮੇਸ਼ਵਰ ਕਾ ਥਾਨ॥

ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨ॥

ਅਰਥਾਤ ਗੁਰੂ ਗ੍ਰੰਥ ਸਾਹਿਬ ਪੂਰਨ ਬ੍ਰਹਮ ਗਿਆਨ ਦੇ ਸੋਮੇ ਹਨ। ਬ੍ਰਹਮ ਗਿਆਨ ਉਹ ਹੈ ਜੋ ਕਿ ਸਮੇਂ ਅਤੇ ਖਲਾਅ (ਟਾਈਮ ਐਂਡ ਸਪੇਸ) ਤੋਂ ਪ੍ਰਭਾਵਤ ਨਹੀਂ ਅਰਥਾਤ ਸਦੀਵੀ ਸੱਚ ਹੈ। ਅਜਿਹੇ ਗਿਆਨ 'ਤੇ ਕਿਸੇ ਵੀ ਵਰਗ ਦੀ ਅਜਾਰੇਦਾਰੀ ਨਹੀਂ ਹੋ ਸਕਦੀ, ਇਹ ਤਾਂ ਸਾਰੀ ਮਨੁੱਖਤਾ ਦਾ ਸਾਂਝਾ ਖਜ਼ਾਨਾ ਹੈ। ਕੁਝ ਲੋਕ ਭਗਤ ਰਵਿਦਾਸ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਕੱਢ ਕੇ ਜੁਦਾ ਕਰਨਾ ਚਾਹੁੰਦੇ ਹਨ, ਪ੍ਰੰਤੂ ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਗਤ ਰਵਿਦਾਸ ਜੀ ਨੇ ਸੁਨੇਹੇ ਦੀ ਸਾਰਥਿਕਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੁੱਚਤਾ ਵਿਚ ਹੀ ਬਣਦੀ ਹੈ। ਜਿਸ ਬੇਗਮਪੁਰੇ ਦੇ ਸੰਕਲਪ ਨੂੰ ਭਗਤ ਰਵਿਦਾਸ ਜੀ ਉਜਾਗਰ ਕਰਦੇ ਹਨ ਉਹ ਤਾਂ ਹੀ ਸੰਭਵ ਹੈ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਮੁੱਚੇ ਸੁਨੇਹੇ ਤੋਂ ਪ੍ਰੇਰਿਤ ਹੋ ਕੇ ਮਨਮੁੱਖ ਗੁਰਮੁਖ ਬਣ ਜਾਣ ਅਰਥਾਤ ਲੋਭੀ ਅਤੇ ਸੁਆਰਥੀ ਅਗਿਆਨੀ ਮਨੁੱਖ ਕਾਮ ਅਤੇ ਹਾਊਮੈ ਦੀ ਪੱਧਰ 'ਤੇ ਜੀਵਨ ਜਿਊਣ ਦੀ ਬਜਾਏ ਗਿਆਨਵਾਨ ਹੋ ਕੇ ਸਮੂਹਿਕ ਚੇਤਨਾ ਦੇ ਪੱਧਰ 'ਤੇ ਜਿਊਣਾ ਸਿੱਖਣ। ਨਿੱਜਵਾਦ ਦੇ ਹਨੇਰਿਆਂ ਵਿਚ ਫਸਿਆ ਮਨੁੱਖ ਜਦੋਂ ਸਮੂਹਿਕ ਚੇਤਨਾ ਦੇ ਚਾਨਣ ਵਿਚ ਜੀਣਾ ਸਿੱਖ ਲਏਗਾ ਤਾਂ ਹੀ ਬੇਗਮਪੁਰਾ ਆਬਾਦ ਹੋ ਸਕਦਾ ਹੈ, ਤਾਂ ਹੀ ਹਲੀਮੀ ਰਾਜ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਸ਼ਬਦ ਦੀ ਵਰਤੋਂ ਇਤਿਹਾਸਕ ਸਚਾਈ ਨੂੰ ਦਰਸਾ ਰਹੀ ਹੈ। ਭਗਤੀ ਲਹਿਰ ਭਾਰਤੀ ਚਿੰਤਨ ਅਤੇ ਅਧਿਆਤਮਿਕਤਾ ਦੇ ਵਿਕਾਸ ਵਿਚ ਇਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਮੀਲ ਪੱਥਰ ਹੈ। ਇਸ ਮਹਾਨ ਲਹਿਰ ਨਾਲ ਜੁੜੀਆਂ ਸਾਰੀਆਂ ਮਹਾਨ ਸ਼ਖਸੀਅਤਾਂ ਲਈ ਭਗਤ ਸ਼ਬਦ ਦੀ ਹੀ ਵਰਤੋਂ ਕੀਤੀ ਗਈ ਹੈ ਭਾਵੇਂ ਕਿ ਇਹ ਭਗਤ ਵੱਖ-ਵੱਖ ਭੂਗੋਲਿਕ ਖਿੱਤਿਆਂ ਤੇ ਵੱਖ-ਵੱਖ ਜਾਤਾਂ ਨਾਲ ਸਬੰਧਤ ਹਨ। ਪ੍ਰੇਮਾ ਭਗਤੀ ਨੂੰ ਪਰਮਾਤਮਾ ਨਾਲ ਮਿਲਾਪ ਦਾ ਮੁੱਖ ਸਾਧਨ ਮੰਨਿਆ ਗਿਆ ਹੈ। ਜ਼ਾਹਿਰ ਹੈ ਕਿ ਪਰਮਾਤਮਾ ਨਾਲ ਪ੍ਰੇਮ ਕਰਨ ਵਾਲਾ ਤੇ ਪਰਮਾਤਮਾ ਦੀ ਭਗਤੀ ਕਰਨ ਵਾਲਾ ਭਗਤ ਮਹਾਨ ਹੈ, ਇਹ ਵੀ ਦੱਸਿਆ ਗਿਆ ਹੈ ਕਿ ਪਰਮਾਤਮਾ ਦੀ ਸੱਚੇ ਦਿੱਲੋਂ ਭਗਤੀ ਕਰਨ ਵਾਲੇ ਪਰਮਾਤਮਾ ਨਾਲ ਅਭੇਦ ਹੋ ਕੇ ਪਰਮਾਤਮਾ ਦਾ ਹੀ ਰੂਪ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਬ੍ਰਹਮ ਗਿਆਨੀ ਵੀ ਪਰਮਾਤਮਾ ਦਾ ਹੀ ਰੂਪ ਹੋ ਜਾਂਦੇ ਹਨ। ਭਗਤ, ਸੰਤ ਗੁਰੂ ਤੇ ਬ੍ਰਹਮ ਗਿਆਨੀ ਅਤੇ ਜਨ ਸਭ ਪਰਮਾਤਮਾ ਦਾ ਹੀ ਰੂਪ ਹਨ। ਸਿਰਫ ਅਗਿਆਨ ਦਾ ਪਰਦਾ ਹੀ ਹੈ ਜੋ ਕਿਸੇ ਨੂੰ ਪਰਮਾਤਮਾ ਤੋਂ ਜੁਦਾ ਕਰਦਾ ਹੈ। ਜਿਸ ਦਾ ਅਗਿਆਨ ਦੂਰ ਹੋ ਗਿਆ, ਜਿਸ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ਉਹ ਸਾਡੇ ਲਈ ਗੁਰੂ ਹਨ। ਬਾਣੀ ਭਾਵੇਂ ਗੁਰੂ ਸਾਹਿਬਾਨ ਦੀ ਹੈ ਭਾਵੇਂ ਭਗਤਾਂ ਦੀ, ਉਸਨੂੰ ਬਰਾਬਰ ਦਾ ਦਰਜਾ ਹਾਸਲ ਹੈ। ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਹਾਂ ਤਾਂ ਅਸੀਂ ਉਨ੍ਹਾਂ ਸਾਰਿਆਂ ਨੂੰ ਮੱਥਾ ਟੇਕਦੇ ਹਾਂ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ। ਗੁਰਬਾਣੀ ਦਾ ਸੁਨੇਹਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਬਾਣੀ ਦੀ ਸਮੁੱਚਤਾ ਵਿਚ ਹੈ। ਇਸ ਲਈ ਕੋਈ ਵੀ ਬਾਣੀ ਗੁਰੂ ਗ੍ਰੰਥ ਸਾਹਿਬ ਨਾਲੋਂ ਵੱਖ ਨਹੀਂ ਕੀਤੀ ਜਾ ਸਕਦੀ। ਜੇ ਕੋਈ ਭਗਤ ਰਵਿਦਾਸ ਜੀ ਨੂੰ ਗੁਰੂ ਰਵਿਦਾਸ ਕਹਿਣਾ ਚਾਹੁੰਦਾ ਹੈ ਤਾਂ ਇਸ ਵਿਚ ਕਿਸੇ ਨੂੰ ਕੀ ਇਤਰਾਜ਼ ਹੋ ਸਕਦਾ ਹੈ।

ਕੁਝ ਲੋਕ ਇਹ ਵੀ ਕਹਿੰਦੇ ਹਨ ਕਿ ਸਿੱਖ ਧਰਮ ਅਤੇ ਬੁੱਧ ਧਰਮ ਵਿਚ ਕੋਈ ਫਰਕ ਨਹੀਂ ਹੈ। ਇਹ ਗੱਲ ਵੀ ਪੂਰੀ ਤਰ੍ਹਾਂ ਠੀਕ ਹੈ ਕਿ ਸਿੱਖ ਧਰਮ ਅਤੇ ਬੁੱਧ ਧਰਮ ਵਿਚ ਬਹੁਤ ਸਾਰੀਆਂ ਸਮਾਨਤਾਵਾਂ ਹਨ। ਜਿਵੇਂ ਕਿ ਦੋਨੋਂ ਜਾਤੀ ਵੰਡ ਦੇ ਵਿਰੋਧੀ ਹਨ, ਦੋਨੋਂ ਕਰਮ ਕਾਂਡ ਨੂੰ ਨਹੀਂ ਸਵੀਕਾਰਦੇ ਅਤੇ ਗਿਆਨ ਨੂੰ ਹੀ ਮੁਕਤੀ ਦਾ ਮੁੱਖ ਸਾਧਨ ਮੰਨਦੇ ਹਨ। ਇਸ ਤਰ੍ਹਾਂ ਦੋਨਾਂ ਵਿਚ ਸੰਗਤ ਦੀ ਬਹੁਤ ਮਹਾਨਤਾ ਹੈ। ਬੁੱਧ ਧਰਮ ਵਿਚ ਸੰਗ ਨਾਲ ਹੀ ਸਿੱਖ ਧਰਮ ਦਾ ਸੰਗਤ ਸ਼ਬਦ ਮਿਲਦਾ ਹੈ ਪ੍ਰੰਤੂ ਜਿੱਥੇ ਬੁੱਧ ਨੇ ਪਰਮਾਤਮਾ ਬਾਰੇ ਚੁੱਪ ਰਹਿਣਾ ਹੀ ਠੀਕ ਸਮਝਿਆ ਉਥੇ ਸਿੱਖ ਧਰਮ ਵਿਚ ਪਰਮਾਤਮਾ 'ਤੇ ਅਟਲ ਵਿਸ਼ਵਾਸ ਅਤੇ ਉਸ ਪਰਮਾਤਮਾ ਨਾਲ ਪ੍ਰੇਮ ਕਰਨਾ ਅਤੇ ਉਸ ਦੇ ਡਰ ਵਿਚ ਰਹਿਣਾ ਮਨੁੱਖ ਲਈ ਜ਼ਰੂਰੀ ਦੱਸਿਆ ਗਿਆ ਹੈ। ਭਗਤ ਰਵਿਦਾਸ ਜੀ ਦੀ ਬਾਣੀ ਵਿਚ ਪਰਮਾਤਮਾ ਨਾਲ ਅਥਾਹ ਪ੍ਰੇਮ ਦਾ ਉਮਾਹ ਹੈ।

ਇਕ ਹੋਰ ਫਰਕ ਇਹ ਵੀ ਹੈ ਕਿ ਬੁੱਧ ਧਰਮ ਮੁੱਖ ਤੌਰ 'ਤੇ ਖੱਤਰੀਆਂ ਦਾ ਧਰਮ ਸੀ। ਬੁੱਧ ਦੇ ਅਨੁਯਾਈਆਂ ਵਿਚ ਬਹੁਤ ਵੱਡੀ ਗਿਣਤੀ ਵਿਚ ਖੱਤਰੀ ਸਨ ਜੋ ਕਿ ਰਾਜਿਆਂ ਅਤੇ ਸਮੰਤਾਂ ਦੇ ਪਰਿਵਾਰਾਂ ਨਾਲ ਸਬੰਧਤ ਸਨ। ਕਾਰਨ ਇਹ ਵੀ ਹੋ ਸਕਦਾ ਹੈ ਕਿ ਸ਼ਾਹੀ ਘਰਾਣਿਆਂ ਨਾਲ ਸਬੰਧਤ ਖੱਤਰੀ ਵੀ ਬ੍ਰਾਹਮਣਾਂ ਦੀ ਗਿਆਨ ਤੇ ਅਜਾਰੇਦਾਰੀ ਤੋਂ ਤੰਗ ਸਨ। ਹਿੰਦੂ ਧਰਮ ਦੇ ਮਿਥਿਆਸ ਤੇ ਪੁਰਾਤਨ ਇਤਿਹਾਸ ਵਿਚ ਵੀ ਉਪਰਲੀਆਂ ਜਾਤਾਂ ਅਰਥਾਤ ਖੱਤਰੀਆਂ ਅਤੇ ਬ੍ਰਾਹਮਣਾਂ ਵਿਚ ਖਿੱਚੋਤਾਣ ਦੇ ਪ੍ਰਮਾਣ ਮਿਲਦੇ ਹਨ। ਪਰਸ਼ੁਰਾਮ ਜੋ ਕਿ ਬ੍ਰਾਹਮਣ ਸਨ, ਨੇ ਖੱਤਰੀਆਂ ਦਾ ਵੱਧ (ਕਤਲ) ਕਰਨ ਲਈ ਹੀ ਕੁਹਾੜਾ ਚੁੱਕ ਲਿਆ ਸੀ। ਪੁਰਾਤਨ ਇਤਿਹਾਸ ਵਿਚ ਵੀ ਅਜਿਹੇ ਪ੍ਰਮਾਣ ਮਿਲਦੇ ਹਨ ਕਿ ਜਦੋਂ ਬ੍ਰਾਹਮਣਾਂ ਦਾ ਜ਼ੋਰ ਪੈ ਗਿਆ ਤਾਂ ਕੁਝ ਖੱਤਰੀਆਂ ਨੂੰ ਪਹਾੜਾਂ ਵਿਚ ਤੇ ਖਾਸ ਕਰਕੇ ਕਸ਼ਮੀਰ ਵਿਚ ਜਾ ਕੇ ਵਸਣਾ ਪਿਆ।

ਨਿਰਸੰਦੇਹ ਬੁੱਧ ਧਰਮ ਤੇ ਸਿੱਖ ਧਰਮ ਵਿਚ ਇਹ ਸਾਂਝ ਹੈ ਕਿ ਦੋਨੋਂ ਇਨਕਲਾਬੀ ਧਰਮ ਹਨ ਅਤੇ ਗਿਆਨ ਤੇ ਬ੍ਰਾਹਮਣਾਂ ਦੀ ਅਜਾਰੇਦਾਰੀ ਦਾ ਵਿਰੋਧ ਕਰਦੇ ਹਨ ਪ੍ਰੰਤੂ ਇਹ ਫਰਕ ਹੈ ਕਿ ਬੁੱਧ ਧਰਮ ਨੇ ਇਸ ਮੰਤਵ ਲਈ ਖੱਤਰੀਆਂ ਨੂੰ ਮੁੱਖ ਆਧਾਰ ਬਣਾਇਆ ਜਦੋਂ ਕਿ ਸਿੱਖ ਧਰਮ ਨੇ ਹੇਠਲੀਆਂ ਜਾਤਾਂ ਨੂੰ ਆਪਣਾ ਮੁੱਖ ਆਧਾਰ ਬਣਾਇਆ। ਭਾਵੇਂ ਕਿ ਦਸ ਗੁਰੂ ਸਾਹਿਬਾਨ ਖੱਤਰੀ ਪਰਿਵਾਰਾਂ ਵਿਚੋਂ ਸਨ ਪ੍ਰੰਤੂ ਲਗਪਗ 95% ਸਿੱਖ ਨਿਮਨ ਵਰਗਾਂ ਵਿਚੋਂ ਹਨ ਅਤੇ ਉਪਰਲੀਆਂ ਦੋ ਜਾਤਾਂ ਵਿਚੋਂ 5% ਤੋਂ ਜੱਟ ਸਿੱਖ ਹਨ।

ਸਿਧਾਂਤਕ ਤੌਰ 'ਤੇ ਵੀ ਗੁਰੂ ਸਾਹਿਬਾਨ ਨੇ ਇਹ ਸਪੱਸ਼ਟ ਕੀਤਾ ਹੈ ਕਿ ਮਨੁੱਖ ਹੇਠਲਿਆਂ ਨਾਲ ਰਲ ਕੇ ਹੀ ਉੱਚਾ ਹੁੰਦਾ ਹੈ। ਭਾਵੇਂ ਕਿ ਜ਼ਮੀਨ ਦੀ ਮਲਕੀਅਤ ਨਾਲ ਜੱਟਾਂ ਦਾ ਸਮਾਜਕ ਸਥਾਨ ਉੱਚਾ ਹੋ ਗਿਆ ਹੈ ਪ੍ਰੰਤੂ ਭਾਰਤੀ ਜਾਤੀ ਪ੍ਰਥਾ ਨੇ ਉਨ੍ਹਾਂ ਨੂੰ ਹੇਠਲੀ ਜਾਤ ਦਾ ਹੀ ਸਥਾਨ ਦਿੱਤਾ ਸੀ। ਜੋ ਅੱਜ ਮਾਣ-ਸਤਿਕਾਰ ਜੱਟਾਂ ਨੂੰ ਹਾਸਲ ਹੈ ਇਹ ਸਿੱਖ ਧਰਮ ਨੂੰ ਅਪਨਾਉਣ ਦਾ ਹੀ ਨਤੀਜਾ ਹੈ। ਨਾ ਤਾਂ ਹਿੰਦੂ ਜਾਟ ਨੂੰ ਤੇ ਨਾ ਹੀ ਮੁਸਲਮਾਨ ਜੱਟ ਨੂੰ ਉਹ ਸਥਾਨ ਹਾਸਲ ਹੈ ਜੋ ਜੱਟ ਸਿੱਖ ਨੂੰ ਹਾਸਲ ਹੈ ਪ੍ਰੰਤੂ ਸਿੱਖ ਇਨਕਲਾਬੀ ਦੀ ਇਹ ਘਾਟ ਰਹਿ ਗਈ ਹੈ ਕਿ ਜੋ ਸਤਿਕਾਰਤ ਸਥਾਨ ਇਹ ਜੱਟਾਂ ਨੂੰ ਦੁਆਉਣ ਵਿਚ ਸਫਲ ਹੋਇਆ ਹੈ ਉਹ ਬਾਕੀ ਦਲਿਤ ਜਾਤੀਆਂ ਨੂੰ ਨਹੀਂ ਦੁਆ ਸਕਿਆ, ਦਲਿਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਰਹਿ ਕੇ ਸਿੱਖ ਇਨਕਲਾਬ ਦੀ ਇਸ ਘਾਟ ਨੂੰ ਪੂਰਾ ਕਰਨ ਦੇ ਨਿਰੰਤਰ ਯਤਨ ਕਰਨੇ ਚਾਹੀਦੇ ਹਨ। ਬਾਬੂ ਕਾਂਸ਼ੀ ਰਾਮ ਇਹ ਕਿਹਾ ਕਰਦੇ ਸਨ ਕਿ ਗੁਰੂ ਗ੍ਰੰਥ ਸਾਹਿਬ ਹੀ ਸਾਡੀ ਪਾਰਟੀ ਦਾ ਮੈਨੀਫੈਸਟੋ ਹਨ। ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ ਇਸ ਵਰਗ ਨੂੰ ਬੇਗਮਪੁਰੇ ਵਾਂਗੂ ਉਹ ਸਥਾਨ ਮਿਲ ਸਕਦਾ ਹੈ ਜੋ ਭਗਤ ਰਵਿਦਾਸ ਜੀ ਚਾਹੁੰਦੇ ਸਨ।

# ਸਾਡਾ ਇਤਿਹਾਸਕ ਵਿਰਸਾ-ਕੂਕਾ ਲਹਿਰ

***ਅੰਗਰੇਜ਼ ਬਸਤੀਵਾਦੀਆਂ ਨੂੰ ਹਿੰਦੋਸਤਾਨ ਵਿਚੋਂ ਕੱਢਣ ਲਈ ਅਨੇਕਾਂ ਹੀ ਲਹਿਰਾਂ ਚੱਲੀਆਂ ਤੇ ਅਨੇਕਾਂ ਹੀ ਲੋਕਾਂ ਨੇ ਆਪਣੀ ਮਾਤ ਭੂਮੀ ਨੂੰ ਆਜ਼ਾਦ ਕਰਾਉਣ ਲਈ ਖੂਨ ਡੋਲ੍ਹਿਆ। ਫਾਂਸੀਆਂ ਤੇ ਚੜ੍ਹੇ ਗੋਲੀਆਂ ਨਾਲ ਉਡਾਏ ਗਏ ਅਤੇ ਕਾਲੇ ਪਾਣੀਆਂ ਵਿਚ ਕੈਦ ਕੀਤੇ ਗਏ। ਅਜਿਹੀ ਹੀ ਇੱਕ ਲਹਿਰ ਬਾਬਾ ਰਾਮ ਸਿੰਘ ਦੀ ਅਗਵਾਈ ਹੇਠ ਚੱਲੀ ਜਿਸ ਨੂੰ ਭਾਰਤੀ ਇਤਿਹਾਸ ਵਿਚ ਕੂਕਾ ਲਹਿਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬੇਸ਼ੱਕ ਪਹਿਲੋਂ ਇਹ ਇਕ ਸਮਾਜ ਸੁਧਾਰ ਲਹਿਰ ਹੀ ਸੀ, ਪਰ ਸਮਾਜਿਕ ਕੁਰੀਤੀਆਂ ਦੂਰ ਕਰਨ ਲਈ ਕੂਕਿਆਂ ਦਾ ਵਿਸ਼ਵਾਸ ਸੀ ਕਿ ਲੋਕਾਂ ਲਈ ਅੰਗਰੇਜ਼ ਬਸਤੀਵਾਦੀਆਂ ਤੋਂ ਆਜ਼ਾਦੀ ਹਾਸਿਲ ਕਰਨੀ ਜ਼ਰੂਰੀ ਹੈ। ਭਾਰਤੀ ਲੋਕਾਂ ਲਈ ਆਜ਼ਾਦੀ ਦੀ ਲਾਟ ਦਿਲਾਂ ਵਿਚ ਸਮੋਈ, ਇਹ ਬਹਾਦਰ ਕੂਕੇ ਬਹੁਤ ਹੀ ਬਹਾਦਰੀ ਅਤੇ ਦਲੇਰੀ ਨਾਲ ਅੰਗਰੇਜ ਹਕੂਮਤ ਦੇ ਖਿਲਾਫ ਲੜੇ। ਸੈਂਕੜਿਆਂ ਦੀ ਗਿਣਤੀ ਵਿਚ ਫਾਂਸੀਆਂ ਤੇ ਚੜੇ। ਗੋਲੀਆਂ ਅਤੇ ਤੋਪਾਂ ਨਾਲ ਉਡਾਏ ਗਏ। ਜਲਾਵਤਨ ਕੀਤੇ ਗਏ। ਜੇਲ੍ਹਾਂ ਵਿਚ ਡੱਕੇ ਗਏ। ਜਾਇਦਾਦਾਂ ਕੁਰਕ ਕੀਤੀਆਂ ਗਈਆਂ। ਖਾਸ ਕਰਕੇ 17 ਜਨਵਰੀ 1872 ਨੂੰ ਮਲੇਰਕੋਟਲੇ ਸੰਗਰੂਰ ਪੰਜਾਬ ਵਿਖੇ ਪਰੇਡ ਗਰਾਊਂਡ ਵਿਚ ਬਹਾਦਰ ਕੂਕਿਆਂ ਨੂੰ ਤੋਪਾਂ ਅੱਗੇ ਖੜੇ ਕਰਕੇ ਉਡਾਇਆ ਗਿਆ। ਇਹ ਲੇਖ ਇਨ੍ਹਾਂ ਬਹਾਦਰ ਕੂਕਿਆਂ ਪ੍ਰਤੀ ਬਾਬਾ ਭਗਤ ਸਿੰਘ ਬਿਲਗਾ ਜੀ ਦੀ ਸ਼ਰਧਾਂਜਲੀ ਹੈ। -ਸੰਪਾਦਕ***

**ਭਗਤ ਸਿੰਘ ਬਿਲਗਾ**

ਵਿਆਹ ਸ਼ਾਦੀਆਂ ਤੇ ਇੰਨੀ ਫਜ਼ੂਲ ਖਰਚੀ ਵਧ ਗਈ ਸੀ, ਜਿਸ ਨੂੰ ਆਮ ਆਦਮੀ ਬਰਦਾਸ਼ਤ ਨਹੀਂ ਕਰ ਸਕਦਾ ਸੀ। ਔਰਤ ਇਕ ਮਾਲਕ ਦੀ ਗੁਲਾਮ ਕਰਕੇ ਜਾਣੀ ਜਾਂਦੀ ਸੀ। ਆਪਣੀ ਮਾਤਰੀ ਜ਼ੁਬਾਨ ਨੂੰ ਘਟੀਆ ਕਰਕੇ ਜਾਣਿਆ ਜਾਂਦਾ ਸੀ। ਜੰਮਦੀਆਂ ਲੜਕੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਸਾਰਾ ਸਮਾਜ ਪੂਰੇ ਨਿਘਾਰ ਤੇ ਸੀ ਅਤੇ ਮੌਕੇ ਦੇ ਲੀਡਰ ਅੰਗਰੇਜ਼ ਦੀ ਫਰਮਾਬਰਦਾਰੀ ਵਿਚ ਆਪਣੀ ਨਜ਼ਾਤ ਸਮਝਣ ਲੱਗ ਪਏ ਸਨ। ਉਸ ਵੇਲੇ ਪੰਜਾਬ ਵਿਚ ਇਕ ਮਰਦ-ਏ-ਮੈਦਾਨ ਅੱਗੇ ਆਇਆ, ਜਿਸਨੂੰ ਪੂਰਾ ਵਿਸ਼ਵਾਸ ਸੀ ਕਿ ਮੁਲਕ ਵਿਚ ਆਈਆਂ ਉਪਰ ਦੱਸੀਆਂ ਸਭ ਬਿਮਾਰੀਆਂ ਦਾ ਇਲਾਜ ਮੁਲਕ ਦੀ ਅੰਗਰੇਜ਼ਾਂ ਤੋਂ ਆਜ਼ਾਦੀ ਨਾਲ ਹੀ ਹੋ ਸਕਦਾ ਹੈ। ਉਹ ਸਨ, ਲੁਧਿਆਣੇ ਦੇ ਪਿੰਡ ਭੈਣੀ ਰਾਈਆਂ ਵਿਚ 1815 ਈ. ਵਿਚ ਜਨਮ ਲੈਣ ਵਾਲੇ ਭਾਈ ਰਾਮ ਸਿੰਘ ਜੀ।

ਬਾਬਾ ਰਾਮ ਸਿੰਘ ਦੇ ਸਾਹਮਣੇ ਸਭ ਤੋਂ ਪਹਿਲਾਂ ਅੰਗਰੇਜ਼ਾਂ ਤੋਂ ਮੁਲਕ ਆਜ਼ਾਦ ਕਰਵਾਉਣ ਦਾ ਸਵਾਲ ਸੀ। ਇਸ ਲਈ ਲੋਕਾਂ ਦੀ ਸ਼ਕਤੀਸ਼ਾਲੀ ਤਾਕਤ ਕਾਇਮ ਕਰਨੀ ਜ਼ਰੂਰੀ ਸੀ। ਉਨ੍ਹਾਂ ਸਮਾਜ ਵਿਚ ਆਏ ਕੁਕਰਮਾਂ ਦੇ ਖਿਲਾਫ ਜਹਾਦ ਕਰਨ ਦਾ ਬੀੜਾ ਚੁੱਕਿਆ। ਉਨ੍ਹਾਂ ਨੇ ਲੋਕਾਂ ਵਿਚ ਸਮਾਜ ਸੁਧਾਰ ਲਿਆਉਣ ਨੂੰ ਬਿਲਕੁਲ ਵੱਖਰਾ ਅੰਦਾਜ਼ ਵਰਤਿਆ। ਉਹ ਸੀ ਸਿਆਸੀ ਨਿਸ਼ਾਨਾ, ਮੁਲਕ ਦੀ ਆਜ਼ਾਦੀ ਲਈ ਜ਼ਮੀਨ ਤਿਆਰ ਕਰਨ ਦਾ। ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ ਸਮਾਜਕ ਤੇ ਮਜ਼ਹਬੀ ਸੁਧਾਰ ਦਾ ਸਹਾਰਾ ਲਿਆ। ਉਨ੍ਹਾਂ ਨੇ ਗੁਰੂ ਨਾਨਕ ਦੇਵ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਿਆਲਾਤ ਨੂੰ ਇਸ ਦੀ ਪੂਰਤੀ ਲਈ ਪਹਿਲ ਦਿੱਤੀ। ਅੰਧ ਵਿਸ਼ਵਾਸੀ, ਅਗਿਆਨ, ਵਹਿਮ-ਭਰਮ, ਬੁੱਤ ਜਾਂ ਕਬਰਾਂ ਦੀ ਪੂਜਾ, ਨਸ਼ਿਆਂ ਤੇ ਲੜਕੀਆਂ ਮਾਰਨ ਦੇ ਖਿਲਾਫ ਔਰਤਾਂ ਦੇ ਹੱਕਾਂ ਹਿੱਤ ਲਹਿਰ ਚਲਾਈ। ਜਗ੍ਹਾ ਜਗ੍ਹਾ ਦੀਵਾਨ ਸਜਾਏ, ਜਿਥੇ ਰਾਤ ਨੂੰ ਖੁਫੀਆ ਇਜਲਾਸ ਕਰਕੇ ਅੰਗਰੇਜ਼ਾਂ ਤੋਂ ਮੁਲਕ ਨੂੰ ਆਜ਼ਾਦ ਕਰਾਉਣ ਦਾ ਪ੍ਰਚਾਰ ਕੀਤਾ ਜਾਂਦਾ। ਆਪ ਨੇ ਪੰਜਾਬ ਨੂੰ ਬਾਈ ਹਿੱਸਿਆਂ ਵਿਚ ਵੰਡ ਲਿਆ। ਹਰ ਹਿੱਸੇ ਦਾ ਇੱਕ ਸੂਬਾ ਮੁਕਰਰ ਕੀਤਾ। ਉਸ ਦੇ ਨੀਚੇ ਨਾਇਬ ਸੂਬਾ, ਫਿਰ ਇਲਾਕੇ ਦਾ ਤੇ ਪਿੰਡ ਦਾ ਸੂਬਾ, ਸਭ ਤੋਂ ਨੀਚੇ ਪਿੰਡ ਦੀ ਸੰਗਤ। ਭੈਣੀ ਸਾਹਿਬ ਦੀਆਂ ਹਦਾਇਤਾਂ ਅਨੁਸਾਰ ਨੀਚੇ ਸਭ ਤੱਕ ਪ੍ਰਚਾਰ ਹੁੰਦਾ। ਥੋੜੇ ਅਰਸੇ ਵਿਚ ਹੀ ਪੰਜਾਬ ਵਿਚ ਸਰਗਰਮ ਨਾਮਧਾਰੀਆਂ ਦੀ ਗਿਣਤੀ 50-60 ਹਜਾਰ ਤੱਕ ਅਪੜ ਗਈ ਅਤੇ ਉਨ੍ਹਾਂ ਦੇ ਹਮਦਰਦਾਂ ਦੀ ਗਿਣਤੀ 10 ਲੱਖ ਦੱਸੀ ਜਾਂਦੀ ਸੀ।

ਪਹਿਲਾਂ ਮਰਨ ਕਬੂਲ ਕਰ ਜੀਵਨ ਕੀ ਛਡ ਆਸ<br>
ਹੋਏ ਸਬਨ ਦੀ ਰੇਣਕ ਤਾਂ ਆਓ ਹਮਾਰੇ ਪਾਸ

ਕੂਕਾ ਜਥੇਬੰਦੀ ਦੇ ਐਕਟਿਵ ਮੈਂਬਰ ਬਣਨ ਵਾਲਿਆਂ ਨੂੰ ਉਪਰ ਲਿਖੇ ਵਾਕ ਤੇ ਚੱਲਣ ਦਾ ਉਪਦੇਸ਼ ਦਿੱਤਾ ਜਾਂਦਾ ਸੀ। ਸ਼ਰਾਬ ਤੇ ਮਾਸ ਦੀ ਸਖਤ ਮਨਾਹੀ ਸੀ। ਵਿਦੇਸ਼ੀ ਕੱਪੜੇ ਦਾ ਬਾਈਕਾਟ, ਕੁੜੀਮਾਰ ਦਾ ਬਾਈਕਾਟ, ਕੁੜੀ ਵੇਚਣ ਦਾ ਬਾਈਕਾਟ, ਵਿਆਹ ਲਈ ਵੱਟੇ ਕਰਨ ਦੀ ਮਨਾਹੀ, 15 ਸਾਲ ਤੋਂ ਘੱਟ ਉਮਰ ਦੀ ਸ਼ਾਦੀ ਕਰਨ ਦੀ ਮਨਾਹੀ, ਔਰਤਾਂ ਨੂੰ ਮਰਦਾਂ ਦੇ ਬਰਾਬਰ ਦੇ ਹੱਕ, ਵਿਧਵਾ ਵਿਆਹ ਕਰਨ ਦੀ ਖੁੱਲ, ਅੰਗਰੇਜ਼ੀ ਅਦਾਰਿਆਂ ਸਕੂਲਾਂ, ਕਾਲਜਾਂ ਦਾ ਬਾਈਕਾਟ, 35 ਅੱਖਰੀ ਵਿਚ ਪੰਜਾਬੀ ਦੀ ਪੜ੍ਹਾਈ ਕਰਨੀ ਅੰਗਰੇਜ਼ੀ ਕਚਹਿਰੀਆਂ, ਅਦਾਲਤਾਂ ਦਾ ਬਾਈਕਾਟ ਅਤੇ ਪਿੰਡਾਂ ਵਿਚ ਪੰਚਾਇਤੀ (ਸੰਗਤ ਵਲੋਂ ਚੁਣੀ) ਅਦਾਲਤ ਤੋਂ ਫੈਸਲੇ ਕਰਾਉਣੇ ਅੰਗਰੇਜ਼ੀ ਡਾਕਖਾਨਿਆਂ ਅਤੇ ਆਵਾਜਾਈ ਦੇ ਸਾਧਨਾਂ ਰੇਲ ਵਗੈਰਾ ਦੇ ਬਾਈਕਾਟ ਦੇ ਹੁਕਮਨਾਮਿਆਂ ਤੇ ਚੱਲਣਾ ਹਰ ਨਾਮਧਾਰੀ ਲਈ ਲਾਜਮੀ ਸੀ। ਸ਼ਾਹੂਕਾਰੇ ਯਾਨਿ ਵਿਆਜ ਲੈਣ ਦੀ ਮਨਾਹੀ, ਗਊ ਗਰੀਬ ਦੀ ਰੱਖਿਆ ਦੀ ਹਦਾਇਤ ਸੀ। ਵਿਆਹ ਸ਼ਾਦੀਆਂ ਉਤੇ ਫਜ਼ੂਲ ਖਰਚੀ ਅਤੇ ਦਾਜ-ਦਹੇਜ ਦੇ ਭਾਰੀ ਖਰਚਿਆਂ ਨੇ ਲੋਕਾਂ ਦੇ ਲੱਕ ਤੋੜ ਦਿੱਤੇ ਸਨ। ਲੋਕ ਭਾਰੀ ਕਰਜਿਆਂ ਹੇਠ ਦੱਬੇ ਹੋਏ ਸਨ। ਨਾਮਧਾਰੀਆਂ ਨੇ ਇਸ ਦਾ ਬਦਲ ਸਵਾ ਰੁਪਏ ਵਿਚ ਸਮੂਹਿਕ ਅਨੰਦ ਕਾਰਜ ਦੀ ਰਸਮ ਤੋਰ ਦਿੱਤੀ। ਅੰਗਰੇਜ਼ੀ ਸਰਕਾਰ ਦੇ ਸੈਂਸਰ ਤੋਂ ਬਚਣ ਲਈ ਉਨ੍ਹਾਂ ਡਾਕਖਾਨਿਆਂ ਤੇ ਰੇਲਾਂ ਦਾ ਬਾਈਕਾਟ ਕਰ ਦਿੱਤਾ। ਉਨ੍ਹਾਂ ਦੇ ਆਪਣੇ ਏਲਚੀ ਇੱਕ ਪਿੰਡ ਤੋਂ ਦੂਜੇ ਪਿੰਡ ਤੇ ਉਸ ਤੋਂ ਅੱਗੇ ਪੈਦਲ ਜਾਂ ਘੋੜਿਆਂ ਤੇ ਡਾਕ ਲੈ ਕੇ ਜਾਂਦੇ ਸਨ। ਸ਼ੁਰੂ ਸ਼ੁਰੂ ਵਿਚ ਪੁਲਿਸ ਤੇ ਫੌਜ ਵਿਚ ਨਾਮਧਾਰੀ ਕੂਕਿਆਂ ਦੀ ਖਾਸੀ ਗਿਣਤੀ ਹੋ ਗਈ ਸੀ ਪਰ ਅੰਗਰੇਜ਼ੀ ਹਕੂਮਤ ਚੁਕੰਨੀ ਹੋ ਗਈ ਸੀ। ਪੁਲਿਸ ਤੇ ਫੌਜ ਵਿਚੋਂ ਸਭ ਕੂਕਿਆਂ ਨੂੰ ਖਾਰਜ ਕਰ ਦਿੱਤਾ ਗਿਆ। ਅੱਗੇ ਤੋਂ ਨਾਮਧਾਰੀ ਖਿਆਲਾਂ ਦੇ ਕਿਸੇ ਬੰਦੇ ਨੂੰ ਵੀ ਪੁਲਿਸ ਜਾਂ ਫੌਜ ਵਿਚ ਭਰਤੀ ਕਰਨ ਦੀ ਮਨਾਹੀ ਕਰ ਦਿੱਤੀ। ਬਗਾਵਤ ਲਈ ਹਥਿਆਰਾਂ ਨੂੰ ਚਲਾਉਣ ਦੀ ਵਿਦਿਆ ਹਾਸਲ ਕਰਨੀ ਜ਼ਰੂਰੀ ਸੀ। ਇਸ ਮੰਤਵ ਲਈ ਕੂਕਿਆਂ ਨੇ ਕਸ਼ਮੀਰ ਨੇਪਾਲ ਆਦਿ ਦੀਆਂ ਰਿਆਸਤੀ ਪਲਟਣਾਂ ਵਿਚ ਕੂਕੇ ਨੌਜਵਾਨ ਭੇਜਣੇ ਸ਼ੁਰੂ ਕਰ ਦਿੱਤੇ।

ਅੰਗਰੇਜ਼ ਪੰਜਾਬ ਵਿਚ ਪੰਜਾਬੀਆਂ ਦੀ ਮਾਨਸਿਕਤਾ 'ਤੇ ਹਮਲਾ ਕਰ ਉਨ੍ਹਾਂ ਦੀ ਹੈਂਕੜ ਤੋੜਨ 'ਤੇ ਵੀ ਤੁਲੇ ਹੋਏ ਸਨ ਤਾਂ ਕਿ ਇਨ੍ਹਾਂ ਵਿਚ ਸਰਕਾਰ ਦੇ ਖਿਲਾਫ ਆਵਾਜ਼ ਉਠਾਉਣ ਦੀ ਹਿੰਮਤ ਹੀ ਨਾ ਰਹਿ ਸਕੇ, ਉਸ ਵੇਲੇ ਇਹ ਕੋਈ ਹਿੰਦੂ ਮੁਸਲਮਾਨ ਮਸਲਾ ਵੀ ਨਹੀਂ ਸੀ। ਪੰਜਾਬ ਦਾ ਮੁਸਲਮਾਨ ਬੀਫ ਖਾਣ ਦਾ ਆਦੀ ਹੀ ਨਹੀਂ ਸੀ। ਸਮੁੱਚਾ ਪੰਜਾਬ ਇਸ ਦੇ ਖਿਲਾਫ ਨਜ਼ਰ ਆਉਂਦਾ ਸੀ। ਵੀਹਵੀਂ ਸਦੀ ਦੇ ਸ਼ੁਰੂ ਤੱਕ ਇਹ ਹੀ ਹਾਲ ਸੀ। ਮਾਲਵੇ ਦੇ ਸਿੱਖ ਵਲੋਂ ਗਊ ਦੀ ਸੌਂਹ ਖਾਣੀ ਆਮ ਜਹੀ ਗੱਲ ਸੀ।

ਮਹਾਰਾਜਾ ਪਟਿਆਲਾ ਵਲੋਂ 12 ਫਰਵਰੀ 1872 ਨੂੰ ਸਰਕਾਰ ਨੂੰ ਲਿਖੇ ਖਤ ਦੁਆਰਾ ਕਿਹਾ ਗਿਆ ਸੀ ਕਿ ਕੂਕੇ 1857 ਦੇ ਗਦਰ ਵਿਚ ਵਰਤੇ ਗਏ ਚਰਬੀ ਵਾਲੇ ਕਾਰਤੂਸਾਂ ਦੇ ਮਜਹਬੀ ਉਬਾਲ ਵਾਂਗ ਗਊ ਤੇ ਮਾਸ ਨੂੰ ਅੰਗਰੇਜ਼ੀ ਹਕੂਮਤ ਦਾ ਤਖਤਾ ਉਲਟਾਉਣ ਲਈ ਵਰਤਣਾ ਚਾਹੁੰਦੇ ਹਨ। ਇਨ੍ਹਾਂ ਦੇ ਖਿਲਾਫ ਸਖਤ ਐਕਸ਼ਨ ਲੈ ਕੇ ਇਨ੍ਹਾਂ ਨੂੰ ਦਬਾ ਦੇਣਾ ਚਾਹੀਦਾ ਹੈ। 10 ਕੂਕਿਆਂ ਦੇ ਇੱਕ ਜਥੇ ਨੇ 15 ਜੂਨ 1871 ਨੂੰ ਲਾਹੌਰੀ ਗੇਟ ਅੰਮ੍ਰਿਤਸਰ ਦੇ ਬੁੱਚੜਖਾਨੇ 'ਤੇ ਹੱਲਾ ਬੋਲ ਦਿੱਤਾ ਜਿਸ ਵਿਚ 4 ਬੁੱਚੜ ਮਾਰੇ ਗਏ। 12 ਬੰਦਿਆਂ ਤੇ ਸੈਸ਼ਨ ਕੋਰਟ ਵਿਚ ਮੁਕੱਦਮਾ ਚੱਲਿਆ। 4 ਕੂਕਿਆਂ ਫਤਹਿ ਸਿੰਘ, ਬੀਲਾ ਸਿੰਘ, ਹਾਕਮ ਸਿੰਘ ਤੇ ਲਹਿਣਾ ਸਿੰਘ ਨੂੰ ਫਾਂਸੀ ਦੀ ਸਜਾ ਹੋਈ ਤੇ 2 ਨੂੰ ਉਮਰ ਕੈਦ ਦੀ। ਚਾਰਾਂ ਨੂੰ ਰਾਮਬਾਗ ਅੰਮ੍ਰਿਤਸਰ ਵਿਚ ਸ਼ਰੇਆਮ ਦਰਖਤਾਂ ਨਾਲ ਟੰਗ ਕੇ ਫਾਂਸੀ ਦਿੱਤੀ ਗਈ। ਉਹ ਹੱਸ ਹੱਸ ਦਲੇਰੀ ਨਾਲ ਫਾਂਸੀ 'ਤੇ ਚੜ੍ਹੇ।

11 ਅਤੇ 12 ਜਨਵਰੀ 1872 ਨੂੰ ਮਾਘੀ ਦੇ ਮੇਲੇ ਤੇ ਭੈਣੀ ਸਾਹਿਬ ਵਿਚ ਕੂਕਿਆਂ ਦਾ ਇਕੱਠ ਹੋਇਆ। ਫਾਂਸੀ ਚੜੇ ਸ਼ਹੀਦਾਂ ਦੀ ਯਾਦ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਜਿਸ ਵਿਚ 500 ਤੋਂ 1000 ਤੱਕ ਕੂਕੇ ਹਾਜਰ ਸਨ। ਇਸ ਇਕੱਠ ਦੇ ਖਾਤਮੇ ਉਪਰੰਤ 100 ਕੂਕਿਆਂ ਦੇ ਇੱਕ ਜਥੇ ਨੇ ਮਲੇਰਕੋਟਲਾ 'ਤੇ ਹਮਲਾ ਕਰ ਦਿੱਤਾ। ਗੁਰੂ ਰਾਮ ਸਿੰਘ ਇਸ ਕਾਹਲੀ ਦੇ ਹੱਕ ਵਿਚ ਨਹੀਂ ਸਨ। ਉਨ੍ਹਾਂ ਜਥੇ ਨੂੰ 1 ਸਾਲ ਹੋਰ ਉਡੀਕਣ ਲਈ ਕਿਹਾ ਸੀ ਜਦ ਤੱਕ ਮੈਦਾਨ ਤਿਆਰ ਹੋ ਜਾਵੇਗਾ ਤੇ ਮੈਂ ਖੁਦ ਅੱਗੇ ਹੋ ਕੇ ਫਰੰਗੀਆਂ ਖ਼ਿਲਾਫ ਲੜਾਂਗਾ ਪਰ ਜਥੇ ਵਾਲਿਆਂ ਇੱਕ ਨਾ ਸੁਣੀ। ਗੁਰੂ ਰਾਮ ਸਿੰਘ ਅੰਗਰੇਜ਼ਾਂ ਦੇ ਖ਼ਿਲਾਫ ਬਗਾਵਤ ਕਰਨ ਦੇ ਖਿਲਾਫ ਨਹੀਂ ਸਨ, ਪਰ ਬਗਾਵਤ ਕਰਨ ਦੇ ਸਮੇਂ 'ਤੇ ਅਸਹਿਮਤੀ ਸੀ। ਇਸ ਲਈ ਉਨ੍ਹਾਂ ਨੇ ਰੋਕਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਸੀ। ਕੂਕਿਆਂ ਦੇ ਜਥੇ ਨੇ ਸਭ ਤੋਂ ਪਹਿਲਾਂ ਮਲੌਦ ਦੇ ਸਰਦਾਰ ਦੇ ਕਿਲੇ 'ਤੇ ਹੱਲਾ ਬੋਲ ਦਿੱਤਾ, ਜਿਥੋਂ ਉਨ੍ਹਾਂ ਮਲੇਰਕੋਟਲੇ 'ਤੇ ਹਮਲੇ ਲਈ ਹਥਿਆਰ ਘੋੜੇ ਆਦਿ ਪ੍ਰਾਪਤ ਕਰਨੇ ਸਨ। ਇਸ ਹਮਲੇ ਵਿਚ 2 ਕੂਕੇ ਮਾਰੇ ਗਏ ਅਤੇ 4 ਜ਼ਖਮੀ ਹੋ ਗਏ। ਇਨ੍ਹਾਂ ਦੇ ਹੱਥ ਸਿਰਫ 3 ਤਲਵਾਰਾਂ, 1 ਦੁਨਾਲੀ ਬੰਦੂਕ ਤੇ 3 ਘੋੜੇ ਹੀ ਲੱਗੇ। 15 ਜਨਵਰੀ ਨੂੰ ਜਾ ਮਲੇਰਕੋਟਲੇ ਤੇ ਹੱਲਾ ਬੋਲਿਆ। ਕੰਧ ਪਾੜ ਕੇ 125 ਦੇ ਕਰੀਬ ਕੂਕੇ ਨਵਾਬ ਦੇ ਮਹਿਲਾਂ ਵਿਚ ਜਾ ਧਮਕੇ ਤਾਂ ਕਿ ਹਥਿਆਰ ਤੇ ਪੈਸੇ ਹੱਥ ਆ ਜਾਣ। ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਕੂਕਿਆਂ ਦੇ ਸਾਰੇ ਪਲੈਨ ਦਾ ਪਤਾ ਲੱਗ ਚੁੱਕਾ ਸੀ। ਉਸਨੇ ਮਲੇਰਕੋਟਲੇ ਦੇ ਰੈਜੀਡੈਂਟ, ਪਟਿਆਲਾ, ਨਾਭਾ ਤੇ ਜੀਂਦ ਦੇ ਰਾਜਿਆਂ ਨੂੰ ਇਸ ਬਾਰੇ ਖਬਰਦਾਰ ਕਰ ਛੱਡਿਆ ਸੀ। ਸਰਕਾਰ ਨੇ ਗੋਰਖਾ ਰਜ਼ਮੈਂਟ ਰਸਾਲਾ ਬੰਗਾਲੀ, ਕੁਵੈਲਰੀ ਤੇ ਤੋਪਖਾਨਾ ਮੁਕਾਬਲੇ ਲਈ ਘੱਲ ਦਿੱਤਾ ਸੀ। ਨਵਾਬ ਮਲੇਰਕੋਟਲਾ ਦੇ 8 ਫੌਜੀ ਇਸ ਲੜਾਈ ਵਿਚ ਮਾਰੇ ਗਏ, 15 ਜ਼ਖਮੀ ਹੋਏ। ਕੂਕਿਆਂ ਦੇ 7 ਮਾਰੇ ਗਏ, 10 ਜ਼ਖਮੀ ਹੋਏ। ਇਸ ਲੜਾਈ ਤੋਂ ਬਾਅਦ ਇਹ ਜਥਾ ਜੰਗਲ ਵਿਚ ਜਾ ਛੁਪਿਆ। ਮਲੇਰਕੋਟਲੇ ਦੀ ਫੌਜ ਤੇ ਅੰਗਰੇਜ਼ੀ ਫੌਜ ਵੀ ਜਦ ਨੂੰ ਅਪੜ ਗਈ। ਕੂਕੇ ਜਥੇ ਦੁਆਲੇ ਘੇਰਾ ਪਾ ਲਿਆ। 168 ਕੂਕੇ ਗ੍ਰਿਫਤਾਰ ਕਰਕੇ ਮਲੇਰਕੋਟਲਾ ਲਿਆਂਦੇ ਗਏ। 16 ਜਨਵਰੀ 1872 ਨੂੰ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਮਲੇਰਕੋਟਲੇ ਪਹੁੰਚ ਗਿਆ। ਉਸਨੇ ਆਉਂਦਿਆਂ ਹੀ ਮੁਨਾਦੀ ਕਰਾ ਦਿੱਤੀ ਕਿ ਕੱਲ ਸੂਰਜ ਨਿਕਲਦੇ ਸਾਰ ਇਨ੍ਹਾਂ ਕੂਕਿਆਂ ਨੂੰ ਤੋਪਾਂ ਅੱਗੇ ਬੰਨ ਕੇ ਉਡਾ ਦਿੱਤਾ ਜਾਵੇਗਾ। 17 ਜਨਵਰੀ ਨੂੰ ਮਲੇਰਕੋਟਲੇ ਦੀ ਪਰੇਡ ਗਰਾਊਂਡ ਵਿਚ ਸਭ ਕੂਕਿਆਂ ਨੂੰ ਕਤਾਰ ਵਿਚ ਖੜਾ ਕਰ ਦਿੱਤਾ ਗਿਆ। ਤਦ ਨੂੰ ਡਿਪਟੀ ਕਮਿਸ਼ਨਰ ਕੋਵਨ ਨੂੰ ਕਮਿਸ਼ਨਰ ਅੰਬਾਲਾ ਡਵੀਜ਼ਨ ਦਾ ਰੁੱਕਾ ਪੁੱਜਾ ਕਿ ਅਟਕ ਜਾਓ। ਕਾਹਲੀ ਨਾ ਕਰੋ। ਡਿਪਟੀ ਕਮਿਸ਼ਨਰ ਨੇ ਰੁੱਕੇ ਦੀ ਪ੍ਰਵਾਹ ਨਹੀਂ ਕੀਤੀ। ਮਲੇਰਕੋਟਲੇ ਉਸ ਵੇਲੇ ਸਿਰਫ 7 ਤੋਪਾਂ ਹੀ ਸਨ। ਇਸ ਲਈ ਕੂਕਿਆਂ ਦੇ 7-7 ਦੇ ਬੈਚ ਨੂੰ ਵਾਰੀ ਵਾਰੀ ਤੋਪਾਂ ਦੇ ਮੂੰਹ ਅੱਗੇ ਖੜੇ ਕਰ ਉਡਾਇਆ ਜਾਣ ਲੱਗਾ। ਕੂਕੇ ਅੱਗੇ ਵਧ-ਵਧ ਸ਼ਹੀਦੀਆਂ ਪਾ ਰਹੇ ਸਨ ਤੇ ਪੂਰੇ ਜੋਸ਼ ਵਿਚ ਸਨ। ਡਰ ਜਾਂ ਭੈਅ ਦਾ ਉਨ੍ਹਾਂ ਦੇ ਚਿਹਰਿਆਂ ਤੇ ਨਾਮੋ ਨਿਸ਼ਾਨ ਵੀ ਨਹੀਂ ਸੀ। ਇੱਕ ਛੋਟੇ ਕੱਦ ਦੇ ਕੂਕੇ ਨੂੰ ਤੋਪ ਦੇ ਮੂੰਹ ਮੋਹਰੇ ਆਉਣ ਤੇ ਨੀਵਾਂ ਰਹਿ ਜਾਣ ਦਾ ਖਦਸ਼ਾ ਹੋਣ ਲੱਗਾ। ਉਸਨੇ ਆਲੇ ਦੁਆਲਿਓਂ ਇੱਟਾਂ ਰੋੜੇ ਇਕੱਠੇ ਕਰਕੇ ਥੜਾ ਬਣਾ ਤੋਪ ਅੱਗੇ ਆਉਣ ਦਾ ਉਪਰਾਲਾ ਕੀਤਾ ਅਤੇ ਤੋਪ ਨਾਲ ਉਡਾ ਦਿੱਤਾ ਗਿਆ। ਅਖੀਰਲੇ ਬੈਚ ਦੇ ਇੱਕ ਕੂਕੇ ਭੁਜੰਗੀ ਨੇ ਕੋਵਨ ਡਿਪਟੀ ਕਮਿਸ਼ਨਰ ਨੂੰ ਦਾਹੜੀ ਤੋਂ ਜਾ ਫੜਿਆ। ਉਸਦੀ ਹਿਫਾਜਤ ਵਿਚ ਖੜੇ ਇੱਕ ਦੇਸੀ ਅਫਸਰ ਨੇ ਤਲਵਾਰ ਨਾਲ ਉਸ ਬਹਾਦਰ ਕੂਕੇ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ।

ਭਾਈ ਹੀਰਾ ਸਿੰਘ ਨੂੰ ਅੰਗਰੇਜ਼ ਡਿਪਟੀ ਨੇ ਤੋਪ ਨਾਲ ਉਡਾਉਣ ਤੋਂ ਪਹਿਲਾਂ ਪੁੱਛਿਆ, ''ਤੁਸੀਂ ਇਹ ਗੜਬੜ ਕਿਉਂ ਕੀਤੀ?'' ਭਾਈ ਹੀਰਾ ਸਿੰਘ ਸ਼ਹੀਦ ਨੇ ਸਾਫ ਜਵਾਬ ਦਿੱਤਾ, ''ਓਏ ਬਿੱਲਿਆ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ। ਅਸੀਂ ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਿੰਨਾ ਚਿਰ ਤੁਹਾਡੇ ਰਾਜ ਨੂੰ ਖਤਮ ਨਹੀਂ ਕਰ ਲੈਂਦੇ, ਅਸੀਂ ਗੜਬੜ ਕਰਨ ਤੋਂ ਬੰਦ ਨਹੀਂ ਹੋਵਾਂਗੇ। ਅਸੀਂ ਸਿਰ ਦੇਵਾਂਗੇ ਤੇ ਸਿਰ ਲਵਾਂਗੇ ਅਸੀਂ ਜਿੰਨਾ ਚਿਰ ਤੁਹਾਨੂੰ ਦੇਸ਼ ਤੋਂ ਕੱਢ ਨਹੀਂ ਲੈਂਦੇ, ਅਰਾਮ ਨਾਲ ਨਹੀਂ ਬੈਠਾਂਗੇ। ਅਸੀਂ ਦੁਬਾਰਾ ਜਨਮ ਲੈਂਦੇ ਰਹਾਂਗੇ ਤੇ ਤੁਹਾਡੀ ਤਾਕਤ ਨੂੰ ਤਬਾਹ ਕਰਨ ਲਈ ਲੜਦੇ ਰਹਾਂਗੇ।''

ਕੂਕਿਆਂ ਨੇ ਬਹਾਦਰਾਂ ਵਾਂਗ ਹਮਲੇ ਕੀਤੇ ਬਹਾਦਰਾਂ ਵਾਂਗ ਲੜੇ ਤੇ ਫੜੇ ਜਾਣ 'ਤੇ ਬਹਾਦਰਾਂ ਵਾਂਗ ਜਾਨਾਂ ਦਿੱਤੀਆਂ। 19 ਜਨਵਰੀ ਨੂੰ ਕਮਿਸ਼ਨਰ ਅੰਬਾਲਾ ਡਵੀਜਨ ਖੁਦ ਲੁਧਿਆਣੇ ਅੱਪੜ ਗਿਆ। ਉਸਨੇ 16 ਕੂਕਿਆਂ ਜਿਨ੍ਹਾਂ ਮਲੌਦ ਦੇ ਜਗੀਰਦਾਰ ਦੇ ਘਰ 'ਤੇ ਹਮਲਾ ਕੀਤਾ ਸੀ, ਨੂੰ ਮੌਤ ਦੀ ਸਜਾ ਸੁਣਾਈ ਤੇ ਲੁਧਿਆਣੇ ਦੀ ਜੇਲ੍ਹ ਦੇ ਫਾਟਕ ਅੱਗੇ ਜਨਤਕ ਤੌਰ ਤੇ ਦਰਖਤਾਂ ਨਾਲ ਫਾਂਸੀ ਦੇ ਦਿੱਤੀ ਗਈ।

ਨਾਮਧਾਰੀ ਹੈਡਕਵਾਟਰ ਭੈਣੀ ਸਾਹਿਬ ਦੀ ਤਲਾਸ਼ੀ ਲਈ ਗਈ ਸੀ। ਜਮੀਨ ਪੁੱਟ-ਪੁੱਟ ਕੇ ਦੇਖੀ ਗਈ। ਪਰ ਕੋਈ ਇਤਰਾਜਯੋਗ ਚੀਜ ਬਰਾਮਦ ਨਹੀਂ ਹੋਈ। ਸਿਰਫ ਦੋ ਨੇਪਾਲੀ ਖੁਖਰੀਆਂ, ਜੋ ਨੇਪਾਲ ਦੇ ਰਾਜੇ ਨੇ ਸਤਿਗੁਰੂ ਨੂੰ ਭੇਂਟ ਕੀਤੀਆਂ ਸੀ, ਪੁਲਿਸ ਲੈ ਗਈ। ਗੁਰੂ ਰਾਮ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ 1818 ਦੇ ਰੈਗੂਲੇਸ਼ਨ ਅਧੀਨ ਰੰਗੂਨ ਵਿਚ ਨਜ਼ਰਬੰਦ ਕਰ ਦਿੱਤਾ ਗਿਆ। ਨਾਮਧਾਰੀਆਂ ਨੇ ਗੁਰੂ ਦਾ ਪਿੱਛਾ ਕੀਤਾ। ਉਹ ਬਰਮਾ ਪੁੱਜੇ ਉਨ੍ਹਾਂ ਨੂੰ ਰੰਗੂਨ ਮਿਲਕੇ ਹਦਾਇਤ ਲੈਂਦੇ ਰਹੇ ਤਾਂ ਅੰਗਰੇਜ਼ਾਂ ਨੇ ਆਪ ਨੂੰ ਦੂਰ-ਦੁਰਾਡੇ ਮੁਰਗਈ ਵਿਚ ਕੈਦ ਕੀਤਾ। 10 ਕੂਕੇ ਸੂਬਿਆਂ ਨੂੰ ਉਮਰ ਕੈਦ ਕਰਕੇ ਇਲਾਹਾਬਾਦ ਕਿਲੇ ਵਿਚ ਬੰਦ ਕਰ ਦਿੱਤਾ ਤੇ ਉਥੋਂ ਭਾਈ ਰੂੜ ਸਿੰਘ, ਭਾਈ ਮਲੂਕ ਸਿੰਘ ਤੇ ਲੱਖਾ ਸਿੰਘ ਤੇ ਬਰਮਾ ਸਿੰਘ ਨੂੰ ਮੋਲਮੀਨ ਵਿਚ ਕੈਦ ਕਰ ਦਿੱਤਾ ਅਤੇ ਭਾਈ ਸਾਹਿਬ ਸਿੰਘ ਤੇ ਕਾਹਨ ਸਿੰਘ ਨੂੰ ਅਦਨ ਦੀ ਜੇਲ੍ਹ ਵਿਚ ਉਮਰ ਭਰ ਲਈ ਕੈਦ ਕਰ ਦਿੱਤਾ ਗਿਆ।

18 ਜਨਵਰੀ 1872 ਨੂੰ ਅੰਗਰੇਜ਼ ਅਫਸਰ ਲੌਲ ਬੇਲੀ ਭੈਣੀ ਸਾਹਿਬ ਅੱਪੜ ਗਿਆ ਸੀ। ਉਸ ਨੇ ਗੁਰਦੁਆਰਾ ਭੈਣੀ ਸਾਹਿਬ ਵਿਚੋਂ ਸਾਰੀ ਸੰਗਤ ਨੂੰ ਬਾਹਰ ਕੱਢ ਕੇ ਜਿੰਦਰਾ ਲਾ ਦਿੱਤਾ। ਗੁਰੂ ਰਾਮ ਸਿੰਘ ਦੇ ਪਰਿਵਾਰ ਦੇ ਕੁਝ ਬੰਦਿਆਂ ਨੂੰ ਛੱਡ ਬਾਕੀ 172 ਨੂੰ ਪੈਦਲ ਲੁਧਿਆਣੇ ਦੇ ਰਾਹ ਪਾ ਲਿਆ ਉਹ ਸਭ ਬੱਚੇ ਬੁੱਢੇ ਭੁੱਖੇ ਤਿਹਾਏ ਹੀ 12 ਕਿਲੋਮੀਟਰ ਪੈਦਲ ਚੱਲੇ ਤੇ ਜਿਨ੍ਹਾਂ ਵਿਚੋਂ 122 ਨੂੰ ਹੁਕਮ ਦੇ ਦਿੱਤਾ ਕਿ ਆਪਣੇ ਆਪਣੇ ਪਿੰਡਾਂ ਨੂੰ ਚਲੇ ਜਾਓ। ਮੁੜ ਭੈਣੀ ਸਾਹਿਬ ਨਹੀਂ ਆਉਣਾ। ਜਿਨ੍ਹਾਂ ਨੇ ਸਭ ਕੁਝ ਵੇਚ ਵੱਟ ਕੇ ਭੈਣੀ ਸਾਹਿਬ ਗੁਰਦੁਆਰੇ ਹੀ ਡੇਰੇ ਲਾਏ ਸਨ, ਨੂੰ ਨੇਕ ਚਲਣੀ ਜਮਾਨਤਾਂ ਦੇਣ ਲਈ ਕਿਹਾ ਗਿਆ ਜਾਂ ਫੇਰ 2-2 ਸਾਲ ਦੀ ਕੈਦ। ਭੈਣੀ ਸਾਹਿਬ ਦੇ ਗੁਰਦੁਆਰੇ ਤੇ ਇੱਕ ਸਬ ਇੰਸਪੈਕਟਰ ਤੇ 20 ਸਿਪਾਹੀ ਨਿਗਰਾਨੀ 'ਤੇ ਲਾ ਦਿੱਤੇ ਤਾਂ ਕਿ ਬਾਹਰੋਂ ਕੋਈ ਵੀ ਕੂਕਾ ਗੁਰਦੁਆਰੇ ਨਾ ਆ ਸਕੇ। ਭੈਣੀ ਸਾਹਿਬ ਤੇ ਪੁਲਿਸ ਦੀ ਨਿਗਰਾਨੀ, ਤਲਾਸ਼ੀਆਂ ਤੇ ਸਖਤੀਆਂ ਉਦੋਂ ਤੱਕ ਕਾਇਮ ਰਹੀਆਂ ਜਦ ਤੱਕ ਮੁਲਕ ਵਿਚ ਕੌਮੀ ਲਹਿਰ ਨੇ ਐਜੀਟੇਸ਼ਨ ਕਰ ਇਸ ਨੂੰ ਖਤਮ ਨਾ ਕਰਵਾ ਲਿਆ। ਮਹਾਰਾਜਾ ਪਟਿਆਲਾ ਨੇ ਪਟਿਆਲਾ ਰਿਆਸਤ ਵਿਚ ਵਸਦੇ ਉਨ੍ਹਾਂ ਸਭ ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਿਨ੍ਹਾਂ ਨੇ ਕੂਕਾ ਲਹਿਰ ਵਿਚ ਹਿੱਸਾ ਲਿਆ ਸੀ।

ਸਖਤੀ ਨਾਲ ਇਹ ਲਹਿਰ ਦੱਬੀ ਨਹੀਂ ਸਗੋਂ ਪਿੰਡ ਪਿੰਡ ਵਿਚ ਫੈਲ ਗਈ ਅਤੇ ਇਹ ਮੁਲਕ ਦੀ ਆਜ਼ਾਦੀ ਲਈ ਲੜੀ ਗਈ। ਅੰਗਰੇਜ਼ੀ ਹਕੂਮਤ ਦੇ ਖਿਲਾਫ ਹਰ ਲਹਿਰ ਵਿਚ ਹਿੱਸਾ ਪਾਇਆ। ਅੱਜ ਵੀ ਕੂਕਾ ਹੈਡਕੁਆਟਰ ਵਧ ਫੁੱਲ ਕੇ ਸਾਨੂੰ ਆਪਣੇ ਬਜੁਰਗਾਂ ਦੀਆਂ ਕੀਤੀਆਂ ਕੁਰਬਾਨੀਆਂ ਦੀ ਯਾਦ ਦਵਾਉਂਦਾ ਹੈ। ਅੱਜ ਵੀ ਅਸੀਂ ਉਨ੍ਹਾਂ ਦੀ ਸਦਾ ਸਾਫ ਸੁਥਰੀ ਬੇਦਾਗ ਜ਼ਿੰਦਗੀ ਤੋਂ ਫਾਇਦਾ ਨਹੀਂ ਉਠਾ ਰਹੇ। ਅੱਜ ਫੇਰ ਪੈਦਾਇਸ਼ੋਂ ਪਹਿਲਾਂ ਹੀ ਧੀਆਂ ਨੂੰ ਮਾਰ ਦੇਣ ਦੀ ਲਾਹਨਤ ਸਾਡੇ ਸਮਾਜ ਵਿਚ ਕੋਹੜ ਵਾਂਗੂੰ ਫੈਲਦੀ ਜਾ ਰਹੀ ਹੈ। ਦਾਜ ਦਹੇਜ ਤੋਂ ਬਗੈਰ ਤੇ ਸਵਾ ਰੁਪਏ ਵਿਚ ਸਮੂਹਿਕ ਵਿਆਹਾਂ ਦੀ ਕੂਕਿਆਂ ਵਲੋਂ ਦੱਸੀ ਮਰਿਆਦਾ ਦੀ ਲੋੜ ਹੈ। ਗਦਰ ਪਾਰਟੀ ਨੇ ਨਾਮਧਾਰੀ ਕੂਕਾ ਲਹਿਰ ਨੂੰ ਆਪਣੀ ਇਨਕਲਾਬੀ ਵਿਰਾਸਤ ਸਮਝਿਆ ਹੈ।

ਕੀਤਾ ਕੂਕਿਆਂ ਇਕੱਠ ਪੰਜਾਬ ਅੰਦਰ,<br>
ਰਾਮ ਸਿੰਘ ਭਾਈ ਮੋਹਰੀ ਆਣ ਹੋ ਗਏ।<br>
ਬੰਦੋਬਸਤ ਉਨ੍ਹਾਂ ਸਾਰਾ ਠੀਕ ਕੀਤਾ,<br>
ਗਦਰ ਕਰਨ ਦੇ ਠੀਕ ਸਮਾਨ ਹੋ ਗਏ। (ਰਾਮ ਸਿੰਘ)

---

## ਗ਼ਜ਼ਲ

ਇਸ ਹਨੇਰੇ ਸ਼ਹਿਰ ਦੇ ਵਿਚ ਰੌਸ਼ਨੀ ਵੰਡੂਗਾ ਕੌਣ,<br>
ਦਿਲ ਜਲਾ ਕੇ ਆਪਣਾ ਹਰ ਮੋੜ ਤੇ ਰੱਖੂਗਾ ਕੌਣ?<br>
ਫਿਰ ਸਿਰਾਂ ਦੀ ਮੰਗ ਕਰਦੇ ਵਕਤ ਫਿਰ ਲਲਕਾਰਦੇ,<br>
ਬੰਨ ਕੇ ਸਿਰ ਤੇ ਕਫਨ ਮੈਦਾਨ ਵਿਚ ਨਿਕਲੂਗਾ ਕੌਣ?<br>
ਕਹਿ ਰਿਹੈ ਜਲਾਦ ਇਥੇ ਕੋਈ ਦਿਲ ਵਾਲਾ ਨਹੀਂ,<br>
ਜਾਨ ਦੇ ਕੇ ਆਪਣੇ ਦਿਲ ਦਾ ਹੌਸਲਾ ਪਰਖੂਗਾ ਕੌਣ?<br>
ਕੈਦ ਹੈ ਸੀਤਾ ਭਵਿਕਸ਼ਨ ਇਸ ਜਗਾ ਬੇਵੱਸ ਹੈ ਅੱਜ,<br>
ਐਤਕੀਂ ਅੱਗ ਲਾ ਕੇ ਲੰਕਾ ਪਾਪ ਦੀ ਸਾੜੂਗਾ ਕੌਣ?<br>
ਹਰ ਹਕੀਕਤ ਛੁੱਪ ਗਈ ਹੈ, ਹਰ ਅਸੁਾਈ ਗੁੰਮ ਹੈ,<br>
ਪਰਦਿਓਂ ਬਾਹਰ ਇਨ੍ਹਾਂ ਦੋਹਾਂ ਨੂੰ ਹੁਣ ਕੱਢੂਗਾ ਕੌਣ?<br>
ਜ਼ਖਮ ਖਾ ਕੇ ਤੜਫਦੇ ਰਹਿਣਾ ਵੀ ਕੋਈ ਬਾਤ ਹੈ?<br>
ਮੈਨੂੰ ਦੱਸੋ ਕਾਤਿਲਾਂ ਦੇ ਨਾਲ ਹੁਣ ਸਿੱਝੂਗਾ ਕੌਣ?<br>
ਕਰ ਰਿਹਾ ਤੌਹਾਨ ਰਿੰਦਾਂ ਦੀ ਇਹ ਸਾਕੀ ਬੇ-ਸ਼ਊਰ,<br>
ਮੈਕਸ਼ੋ! ਨਿਰਣਾ ਕਰੋ ਇਸਦਾ ਨਸ਼ਾ ਲਾਹੂਗਾ ਕੌਣ?

ਚਿਹਰਾ ਇੱਕ ਹੈ, ਪਰ ਅਨੇਕਾਂ ਹੀ ਮਖੌਟੇ ਉਸ ਤੇ ਹਨ,<br>
ਇਹ ਮਖੌਟੇ ਚਿਹਰਿਆਂ ਤੋਂ ਖਿੱਚ ਕੇ ਲਾਹੂਗਾ ਕੌਣ?<br>
ਜ਼ਿੰਦਗੀ ਸਾਡੀ ਤਅੱਸੁਬ ਨੇ ਬਣਾ ਦਿੱਤੀ ਹੈ ਨਰਕ,<br>
ਇਹ ਤਅੱਸੁਬ ਜੋ ਤਬਾਹੀ ਕਰ ਰਿਹੈ ਰੋਕੂਗਾ ਕੌਣ?<br>
ਸਾੜ ਸੁੱਟਦੀ ਹੈ ਅਸਾਡੇ ਆਲ੍ਹਣੇ, ਆਈ ਬਹਾਰ,<br>
ਬੋਲੋ ਬੋਲੋ! ਏਸ ਬਿਜਲੀ ਨਾਲ ਟਕਰਾਊਗਾ ਕੌਣ?<br>
ਹੱਕ ਹੀ ਮਾਰਿਆ ਹੈ, ਜਾਂ ਕੁਝ ਫਰਜ ਵੀ ਕੀਤੇ ਅਦਾ,<br>
ਆਪਣੇ ਦਿਲ ਵਿਚ ਐ ਦੀਪਕ, ਝਾਕ ਕੇ ਦੇਖੂਗਾ ਕੌਣ?

***-ਦੀਪਕ ਜੈਤੋਈ***

## ਸਈਓ ਨੀ

ਸਈਓ ਨੀ ਮੇਰੀ ਚਾਰ ਦਿਨਾਂ ਦੀ ਜਿੰਦੜੀ<br>
ਪਹਿਲੇ ਦਿਨ ਮੈਂ ਬਾਪ ਦੀ ਪਗੜੀ,<br>
ਹੱਸਿਆਂ-ਨੱਚਿਆਂ ਜੋ ਡਿੰਗ-ਡਿੰਗ ਕਰਦੀ<br>
ਜਿਸਦੇ ਡਿਗਣੋਂ ਡਰਦੀ ਨੀ ਮੈਂ,<br>
ਡਰ-ਡਰ ਹੱਸਦੀ-ਨੱਚਦੀ...।<br>
ਦੂਜੇ ਦਿਨ ਮੈਂ ਅੱਧ ਅੰਗ ਪਤੀ ਦਾ,<br>
ਅੱਧੀ ਹੋ ਹੋ ਪਾਲਾਂ ਧਰਮ ਸਤੀ ਦਾ,<br>
ਅੱਧਾਪਨ ਨਿਭਾਉਣੇ ਖਾਤਰ,<br>
ਨਾ ਮੈਂ ਪੂਰੀ ਹੋਣੋਂ ਡਰਦੀ...।<br>
ਤੀਜੇ ਦਿਨ ਮੈਂ ''ਰਾਜੇ'' ਜਨਮਾਂ,<br>
ਫੇਰ ਉਨ੍ਹਾਂ ਦੀ ਪਰਜਾ ਬਣਜਾਂ,<br>
'ਰਾਜੇ' ਰਾਜ ਕਰਨ ਮੇਰੇ 'ਤੇ,<br>
ਜਿਵੇਂ ਉਨ੍ਹਾਂ ਦੀ ਮਰਜੀ...।<br>
ਚੌਥੇ ਦਿਨ ਮੈਂ ਖੇਡ ਖਿਡਾਵਾਂ,<br>
ਪੋਤਿਆਂ-ਦੋਹਤਿਆਂ ਦੀ ਪਰਚਾਵਾਂ,<br>
ਬਸ ਇਉਂ ਆਪਣੀ ਖੇਡ ਮੁਕਾਵਾਂ,<br>
ਖੇਡ ਹੋਰਾਂ ਲਈ ਬਣਦੀ...।<br>
ਸਹੀਓ ਨੀ ਮੇਰੀ ਚਾਰ ਦਿਨਾਂ ਦੀ ਜਿੰਦੜੀ।

***-ਓਂਕਾਰਪ੍ਰੀਤ***

ਹਿੰਦੀ ਕਹਾਣੀ



# ਇਸੇ ਤਰ੍ਹਾਂ ਸਾਰਾ ਕੁਝ

–ਜਯੰਤੀ

ਅੱਜ ਤੀਜਾ ਦਿਨ ਸੀ। ਨਾਗੇਸ਼ ਦਾ ਕੋਈ ਅਤਾ-ਪਤਾ ਨਹੀਂ ਸੀ। ਪਹਿਲੇ ਦਿਨ ਮੈਂ ਉਸ ਛੋਟੇ ਜਿਹੇ ਝਗੜੇ ਨੂੰ ਗੰਭੀਰਤਾ ਨਾਲ ਨਹੀਂ ਸੀ ਲਿਆ। ਪਹਿਲੀ ਵਾਰ ਥੋੜ੍ਹਾ ਲੜੇ ਸੀ ਅਸੀਂ। ਠੀਕ ਹੈ, ਇਸ ਵਾਰੀ ਝਗੜਾ ਮੈਂ ਹੀ ਸ਼ੁਰੂ ਕੀਤਾ ਸੀ ਤੇ ਮੈਂ ਨਾਗੇਸ਼ ਦੀ ਗੱਲ ਸੁਣਨੋਂ ਨਾਂਹ ਕਰ ਦਿੱਤੀ ਸੀ ਪਰ ਇਸ ਦਾ ਮਤਲਬ ਇਹ ਤਾਂ ਨਹੀਂ ਕਿ ਉਹ ਇਉਂ ਘਰ ਛੱਡ ਕੇ ਚਲਾ ਜਾਵੇ।

ਅਸੀਂ ਦੋਵੇਂ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਇਕੱਠੇ ਰਹਿ ਰਹੇ ਸਾਂ, ਬਿਨਾ ਵਿਆਹ ਕੀਤਿਆਂ। ਸਾਲ ਪਹਿਲਾਂ ਜਦੋਂ ਅਸੀਂ ਅਮਰੀਕਾ ਤੋਂ ਭਾਰਤ ਆਏ ਸਾਂ ਤਾਂ ਸਾਨੂੰ ਦੋਹਾਂ ਨੂੰ ਲੱਗ ਰਿਹਾ ਸੀ ਕਿ ਹੁਣ ਇਹ ਰਿਸ਼ਤਾ ਨਿਭਾਉਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ। ਮੈਂ ਦਿੱਲੀ ਰਹਿੰਦਿਆਂ ਵੀ ਬੱਸ ਦੋ ਤਿੰਨ ਵਾਰ ਚੰਡੀਗੜ੍ਹ ਜਾ ਸਕੀ ਸੀ। ਘਰ ਵਾਲਿਆਂ ਦੇ ਤਾਅਨੇ ਇੰਨੇ ਚੁਭਣ ਵਾਲੇ ਹੁੰਦੇ ਸਨ ਕਿ ਲੱਗਦਾ ਬੱਸ ਇਥੋਂ ਭੱਜ ਜਾਉ। ਦਾਦੀ ਨੇ ਤਾਂ ਸਾਫ਼ ਹੀ ਕਹਿ ਦਿੱਤਾ ਸੀ ਕਿ ''ਵਿਆਹ ਹੀ ਕਰ ਲੈ ਉਸ ਨਾਲ ਅਸੀਂ ਤਾਂ ਇੱਜ਼ਤ ਨਾਲ ਜਿਉਂਈਏ...।''

ਪਾਪਾ ਨੇ ਤਾਂ ਮੇਰੇ ਨਾਲ ਗੱਲ ਕਰਨੀ ਹੀ ਛੱਡ ਦਿੱਤੀ। ਮੰਮੀ ਜ਼ਰੂਰ ਨਾਰਮਲ ਦਿਸਣ ਦੀ ਕੋਸ਼ਿਸ਼ ਕਰਦੇ ਪਰ ਮੈਨੂੰ ਪਤਾ ਸੀ ਕਿ ਉਨ੍ਹਾਂ ਨੂੰ ਵੀ ਮੇਰਾ ਨਾਗੇਸ਼ ਨਾਲ ਰਹਿਣਾ ਨਾਗਵਾਰ ਸੀ।

ਪਿਛਲੇ ਐਤਵਾਰ ਮੈਂ ਲੰਚ ਵੇਲੇ ਨਾਗੇਸ਼ ਨੂੰ ਕਹਿ ਦਿੱਤਾ ਸੀ, ''ਚਲੋ ਵਿਆਹ ਕਰ ਲੈਂਦੇ ਹਾਂ।''

''ਕਿਉਂ ਤੈਨੂੰ ਇਸ ਤਰ੍ਹਾਂ ਰਹਿਣ 'ਚ ਕੋਈ ਪ੍ਰਾਬਲਮ ਹੈ?'' ਨਾਗੇਸ਼ ਨੇ ਹਮੇਸ਼ਾ ਵਾਂਗ ਦਲੀਲ ਦਿੱਤੀ ਸੀ।

''ਦੇਖੋ ਅਮਰੀਕਾ ਦੀ ਗੱਲ ਹੋਰ ਸੀ। ਉਥੇ ਸਾਡੇ ਆਲੇ ਦੁਆਲੇ ਸਾਰੇ ਲੋਕ ਹੀ 'ਲਿਵ ਇਨ' ਰਹਿੰਦੇ ਸਨ। ਇਥੇ ਗੱਲ ਹੋਰ ਹੈ। ਮੇਰਾ ਪਰਿਵਾਰ ਹੈ, ਤੇਰਾ ਪਰਿਵਾਰ ਹੈ, ਕਦੇ ਕਦੇ ਉਨ੍ਹਾਂ ਨੂੰ ਮਿਲਣ ਲਈ ਦਿਲ ਕਰਦਾ ਹੈ।''

''ਤਾਂ ਮਿਲ ਲਿਆ ਕਰ-ਕੀ ਪ੍ਰਾਬਲਮ ਹੈ?'' ਨਾਗੇਸ਼ ਨੇ ਆਰਾਮ ਨਾਲ ਟੋਸਟ ਕੁਤਰਦੇ ਕਿਹਾ।

''ਨਾਗ! ਮੇਰੇ ਘਰ ਵਾਲੇ ਕਾਫ਼ੀ ਅਪਸੈਟ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਮੇਰੀ ਵਜ੍ਹਾ ਨਾਲ ਉਨ੍ਹਾਂ ਦੀ ਬਦਨਾਮੀ ਹੋ ਰਹੀ ਹੈ।''

''ਪਰ ਪਹਿਲਾਂ ਤਾਂ ਤੂੰ ਕਹਿੰਦੀ ਸੀ ਕਿ ਤੈਨੂੰ ਇਨ੍ਹਾਂ ਗੱਲਾਂ ਨਾਲ ਕੋਈ ਫਰਕ ਨਹੀਂ ਪੈਂਦਾ। ਹੁਣ ਕੀ ਹੋਇਆ। ਲਿਵ ਇਨ ਰਿਲੇਸ਼ਨਸ਼ਿਪ ਦੀਆਂ ਉਹ ਸਾਰੀਆਂ ਦਲੀਲਾਂ ਕਿੱਧਰ ਗਈਆਂ?''

''ਉਹ ਉਵੇਂ ਨੇ-ਮੈਂ ਅੱਜ ਵੀ ਇਸ ਸਬੰਧ ਨੂੰ ਗਲਤ ਨਹੀਂ ਮੰਨਦੀ ਪਰ ਜਗ੍ਹਾ ਬਦਲ ਗਈ ਹੈ-ਮੈਂ ਵੀ ਬਦਲ ਗਈ ਹਾਂ। ਪਹਿਲਾਂ ਲਗਦਾ ਸੀ ਕਿ ਘਰ ਵਾਲਿਆਂ ਤੋਂ ਬਿਨਾ ਆਸਾਨੀ ਨਾਲ ਜਿਉਂ ਲਵਾਂਗੀ।''

ਮੈਂ ਕਹਿ ਤਾਂ ਦਿੱਤਾ ਪਰ ਮੈਨੂੰ ਪਤਾ ਸੀ-ਨਾਗੇਸ਼ ਨੂੰ ਇਹ ਠੀਕ ਨਹੀਂ ਲੱਗੇਗਾ।

ਨਾਗੇਸ਼ ਬਿਨਾ ਕੁਝ ਬੋਲੇ ਉੱਠ ਖੜ੍ਹਿਆ। ਇਥੇ ਆਉਣ ਮਗਰੋਂ ਉਸ ਵਿਚ ਉਹ ਪਹਿਲਾਂ ਵਾਲੀ ਗੱਲ ਨਹੀਂ ਸੀ ਰਹੀ। ਹੁਣ ਉਹ ਘਰ ਦੇ ਕੰਮਾਂ ਵਿਚ ਬਿਲਕੁਲ ਮੇਰਾ ਹੱਥ ਨਹੀਂ ਸੀ ਵਟਾਉਂਦਾ। ਮੈਂ ਵੀ ਰੋਜ਼ ਰੋਜ਼ ਖਾਣਾ ਬਣਾਉਣਾ ਛੱਡ ਦਿੱਤਾ ਸੀ। ਉਸ ਨੇ ਇਸ ਗੱਲ ਬਾਰੇ ਕੋਈ ਸ਼ਿਕਾਇਤ ਨਹੀਂ ਕੀਤੀ। ਉਹ ਬਾਹਰੋਂ ਖਾਣਾ ਲੈ ਆਉਂਦਾ। ਅਕਸਰ ਇਡਲੀ ਡੋਸੇ ਵਰਗਾ ਕੋਈ ਹੋਰ ਇੰਡੀਅਨ ਖਾਣਾ ਲੈ ਆਉਂਦਾ। ਮੈਂ ਬੁੜਬੁੜਾਉਂਦੀ ਰਹਿੰਦੀ, ''ਤੂੰ ਕੁਝ ਹੋਰ ਨਹੀਂ ਖਾ ਸਕਦਾ-ਤੁਸੀਂ ਸਾਊਥ ਇੰਡੀਅਨ ਵੀ ਅਜੀਬ ਹੁੰਦੇ ਹੋ।''

ਉਹ ਚੁੱਪ ਚਾਪ ਮੇਰਾ ਕੁਮੈਂਟ ਸੁਣ ਲੈਂਦਾ। ਨਾਗੇਸ਼ ਤੇਲਗੂ ਸੀ। ਉਸਦੀ ਹਿੰਦੀ ਬਹੁਤ ਖਰਾਬ ਸੀ। ਮੈਨੂੰ ਮਿਲਣ ਮਗਰੋਂ ਕੁਝ ਦਿਨਾਂ ਤੱਕ ਜ਼ਰੂਰ ਉਸਨੇ ਹਿੰਦੀ ਸਿੱਖਣ ਦੀ ਕੋਸ਼ਿਸ਼ ਕੀਤੀ ਪਰ ਫਿਰ ਹੱਥ ਖੜ੍ਹੇ ਕਰ ਦਿੱਤੇ। ਸਾਂਵਲਾ, ਮਧਰੇ ਕੱਦ ਦਾ ਨਾਗੇਸ਼ ਘੱਟ ਹੀ ਬੋਲਦਾ ਸੀ।

ਮੈਂ ਫਿਲਾਡੈਲਫੀਆ ਵਿਚ ਐਮ. ਟੈਕ ਕਰ ਰਹੀ ਸੀ। ਨਾਗੇਸ਼ ਪੀ.ਐਚ.ਡੀ. ਕਰ ਰਿਹਾ ਸੀ, ਉਹ ਸਾਨੂੰ ਪੜ੍ਹਾਉਂਦਾ ਸੀ। ਇਕ ਵਾਰ ਮੈਂ ਉਸਨੂੰ ਇਕ ਇੰਡੀਅਨ ਦੋਸਤ ਦੇ ਘਰ ਮਿਲੀ। ਉਨ੍ਹਾਂ ਦਿਨਾਂ 'ਚ ਮੈਂ ਰਹਿਣ ਲਈ ਘਰ ਲੱਭ ਰਹੀ ਸੀ। ਮੈਂ ਜਿਸ ਨਾਲ ਰਹਿ ਰਹੀ ਸੀ ਉਹ ਵਿਆਹ ਕਰ ਰਹੀ ਸੀ ਅਤੇ ਉਸਨੇ ਮੈਨੂੰ ਅਲਟੀਮੇਟਮ ਦਿੱਤਾ ਸੀ ਕਿ ਪਹਿਲੀ ਤਰੀਕ ਤੱਕ ਤੂੰ ਆਪਣਾ ਟਿਕਾਣਾ ਲੱਭ ਲੈ। ਮੈਂ ਕਾਫ਼ੀ ਪ੍ਰੇਸ਼ਾਨ ਸੀ। ਉਸ ਦਿਨ ਵੀ ਮੈਂ ਸਾਰਿਆਂ ਨੂੰ ਕਹਿ ਰਹੀ ਸੀ ਕਿ ਪਲੀਜ਼ ਕੋਈ ਰਹਿਣ ਲਈ ਥਾਂ ਹੋਵੇ ਤਾਂ ਦੱਸੋ?

ਨਾਗੇਸ਼ ਨੇ ਆਪਣੇ ਆਪ ਕਿਹਾ, ''ਜੇ ਤੂੰ ਮੇਰੇ ਨਾਲ ਰੂਮ ਸ਼ੇਅਰ ਕਰ ਸਕਦੀ ਹੈਂ ਤਾਂ ਮੈਨੂੰ ਕੋਈ ਦਿੱਕਤ ਨਹੀਂ ਹੈ।'' ਮੈਂ ਤ੍ਰਭਕ ਗਈ ਸੀ। ਨਾਗੇਸ਼ ਨੇ ਸਪਸ਼ਟ ਕਿਹਾ, 'ਕਿਰਾਇਆ ਮੈਂ ਦੇਵਾਂਗਾ। ਬਿਜਲੀ ਤੇ ਦੂਜੇ ਬਿਲ ਤੂੰ ਦੇਵੀਂ। ਫੋਨ ਦਾ ਬਿਲ ਤੇ ਘਰ ਦਾ ਖਰਚ ਅਸੀਂ ਦੋਵੇਂ ਸ਼ੇਅਰ ਕਰਾਂਗੇ।

ਮੈਂ ਅਗਲੇ ਦਿਨ ਕਾਲੇਜ ਤੋਂ ਬਾਅਦ ਸਿੱਧੀ ਉਸਦੇ ਨਾਲ ਉਸਦੇ ਸਟੂਡੀਓ ਅਪਾਰਟਮੈਂਟ ਗਈ। ਇਕ ਕਮਰਾ ਸੀ ਜਿਸ ਵਿਚ ਇਕ ਬੈੱਡ, ਚਾਰ ਬੀਨ ਬੈਗ ਅਤੇ ਸੈਟੀ ਵਰਗਾ ਫਰਨੀਚਰ ਸੀ। ਕਿਚਨੇਟ ਵਿਚ ਸਾਰੀਆਂ ਚੀਜ਼ਾਂ ਮੌਜੂਦ ਸਨ। ਮੈਂ ਡਰ ਰਹੀ ਸੀ ਕਿ ਮੈਂ ਇਕ ਅਣਜਾਣ ਲੜਕੇ ਨਾਲ ਕਮਰਾ ਕਿਵੇਂ ਸ਼ੇਅਰ ਕਰਾਂਗੀ? ਨਾਗੇਸ਼ ਉਂਜ ਤਾਂ ਠੀਕ ਠਾਕ ਲੱਗ ਰਿਹਾ ਸੀ ਪਰ ਮੈਂ ਉਸ ਨਾਲ ਇਉਂ ਹੀ ਕਿਵੇਂ ਰਹਿਣ ਲੱਗ ਜਾਂਦੀ?

ਨਾਗੇਸ਼ ਨੇ ਮੈਨੂੰ ਘਰ ਦਿਖਾ ਗੰਭੀਰਤਾ ਨਾਲ ਪੁੱਛਿਆ, ''ਕਦੋਂ ਸ਼ਿਫਟ ਕਰ ਰਹੀ ਹੈਂ?''

ਮੈਂ ਹਿਚਕਚਾ ਗਈ, ''ਮੈਂ-ਸੋਚਣਾ ਪਵੇਗਾ ਸਰ...''

''ਠੀਕ ਹੈ, ਮੈਂ ਕਿਸੇ ਹੋਰ ਨਾਲ ਸ਼ੇਅਰ ਕਰ ਲਵਾਂਗਾ-ਤੂੰ ਸੋਚਦੀ ਰਹੀਂ।'' ਉਸਨੇ ਖਰਵੇ ਢੰਗ ਨਾਲ ਕਿਹਾ। ਮੈਨੂੰ ਬਹੁਤ ਬੁਰਾ ਲੱਗਿਆ। ਅਜੀਬ ਲੜਕਾ ਹੈ-ਇਕ ਅਜਨਬੀ ਲੜਕੀ ਨਾਲ ਇਉਂ ਗੱਲ ਕੀਤੀ ਜਾਂਦੀ ਹੈ?

''ਯੂ ਕੈਨ ਗੋ ਨਾਉ।'' ਉਸਨੇ ਉਸੇ ਅੰਦਾਜ਼ ਵਿਚ ਕਿਹਾ। ਮੈਨੂੰ ਗੁੱਸਾ ਆ ਗਿਆ, ''ਤੂੰ ਹੱਦ ਦਰਜੇ ਦਾ ਬਦਤਮੀਜ਼ ਹੈਂ। ਇਕ ਤਾਂ ਤੇਰਾ ਫਰਜ਼ ਬਣਦਾ ਹੈ ਕਿ ਤੂੰ ਇਥੇ ਇੰਡੀਅਨ ਦੀ ਮਦਦ ਕਰੇਂ।''

''ਕਿਉਂ? ਕੀ ਤੂੰ ਇਹ ਸੋਚ ਕੇ ਆਈ ਹੈ ਕਿ ਹਰ ਵਕਤ ਕੋਈ ਨਾ ਕੋਈ ਤੇਰੀ ਮਦਦ ਲਈ ਆਏਗਾ? ਰਬਿਸ਼, ਤੇਰੇ ਵਰਗੀਆਂ ਕੁੜੀਆਂ ਨੂੰ ਤਾਂ ਇਥੇ ਆਉਣਾ ਹੀ ਨਹੀਂ ਚਾਹੀਦਾ। ਪਤਾ ਨਹੀਂ ਪੜ੍ਹਨ ਆਉਂਦੀਆਂ ਨੇ ਕਿ ਕੀ ਕਰਨ ਆਉਂਦੀਆਂ ਨੇ? ਕੀ ਲੱਗਦਾ ਹੈ ਤੈਨੂੰ? ਇਥੇ ਮੇਰੇ ਨਾਲ ਰਹੇਂਗੀ ਤਾਂ ਮੈਂ ਤੇਰਾ ਰੇਪ ਕਰਾਂਗਾ? ਇਸਤੋਂ ਪਹਿਲਾਂ ਵੀ ਮੇਰੇ ਨਾਲ ਇਕ ਕੁੜੀ ਹੀ ਰੂਮ ਸ਼ੇਅਰ ਕਰਦੀ ਸੀ। ਉਹ ਇੰਡੀਆ ਵਾਪਸ ਚਲੀ ਗਈ ਹੈ। ਡੋਂਟ ਯੂ ਵਰੀ, ਮੈਨੂੰ ਕੋਈ ਪ੍ਰਾਬਲਮ ਨਹੀਂ ਹੈ। ਤੂੰ ਆਪਣੇ ਲਈ ਕੋਈ ਹੋਰ ਟਿਕਾਣਾ ਦੇਖ ਸਕਦੀ ਹੈਂ। ਉਸਨੇ ਸਾਊਥ ਇੰਡੀਅਨ ਲਹਿਜੇ ਵਿਚ ਲਗਭਗ ਮੈਨੂੰ ਡਾਂਟ ਹੀ ਦਿੱਤਾ।

ਮੈਂ ਨਿਰਾਸ਼ ਜਿਹੀ ਮੁੜ ਆਈ ਪਰ ਪਤਾ ਨਹੀਂ ਨਾਗੇਸ਼ ਵਿਚ ਅਜਿਹਾ ਕੀ ਸੀ ਕਿ ਅਗਲੇ ਹੀ ਦਿਨ ਮੈਂ ਉਸ ਨੂੰ ਜਾ ਕੇ ਕਹਿ ਦਿੱਤਾ ਕਿ ਮੈਂ ਉਸਦੇ ਨਾਲ ਰੂਮ ਸ਼ੇਅਰ ਕਰਨ ਨੂੰ ਤਿਆਰ ਹਾਂ। ਨਾਗੇਸ਼ ਨੇ ਕੁਝ ਨਹੀਂ ਕਿਹਾ। ਮੈਂ ਉਸਦੇ ਨਾਲ ਰਹਿਣ ਲੱਗੀ ਤਾਂ ਲੱਗਿਆ ਕਿ ਉਹ ਗਜ਼ਬ ਦਾ ਸੈਂਸਿਟਿਵ ਹੈ। ਘਰ ਦਾ ਸਾਰਾ ਕੰਮ ਉਹ ਆਪ ਹੀ ਕਰਦਾ ਸੀ। ਸਵੇਰੇ ਉਹ ਕਾਫੀ ਅਤੇ ਆਂਡੇ ਦੀ ਕੋਈ ਚੀਜ਼ ਬਣਾ ਲੈਂਦਾ, ਲੰਚ ਅਸੀਂ ਦੋਵੇਂ ਕਾਲਜ ਵਿਚ ਕਰਦੇ ਸੀ। ਸ਼ਾਮ ਨੂੰ ਚੌਲ ਸਾਂਬਰ ਜਾਂ ਦਾਲ ਰੋਟੀ ਬਣਾਉਂਦਾ। ਉਸਨੇ ਮੈਨੂੰ ਕਦੇ ਨਹੀਂ ਕਿਹਾ ਕਿ ਇਹ ਕਰ ਜਾਂ ਇਹ ਨਾ ਕਰ। ਕਦੋਂ ਸਾਡੇ ਵਿਚਕਾਰ ਸਰੀਰਕ ਰਿਸ਼ਤਾ ਬਣ ਗਿਆ ਪਤਾ ਹੀ ਨਹੀਂ ਚੱਲਿਆ। ਬਲਕਿ ਪਹਿਲ ਮੈਂ ਹੀ ਕਰਦੀ ਸੀ। ਉਹ ਮੇਰਾ ਕਾਫ਼ੀ ਧਿਆਨ ਰੱਖਦਾ। ਬੱਸ ਉਹ ਵਿਆਹ ਨਹੀਂ ਸੀ ਕਰਨਾ ਚਾਹੁੰਦਾ। ਕਹਿੰਦਾ ਸੀ, ''ਇਸ ਇੰਸਟੀਚਿਊਸ਼ਨ ਵਿਚ ਮੇਰਾ ਯਕੀਨ ਨਹੀਂ ਹੈ। ਨਾ ਮੈਨੂੰ ਬੱਚੇ ਪਸੰਦ ਨੇ ਨਾ ਇਨ ਲਾਅਜ਼। ਇਸ ਰਿਸ਼ਤੇ ਵਿਚ ਇਸਤਰੀ ਪੁਰਸ਼ ਦੇ ਇਲਾਵਾ ਕਿਸੇ ਹੋਰ ਦੇ ਲਈ ਕੋਈ ਥਾਂ ਨਹੀਂ ਬਚਦੀ।''

ਮੈਨੂੰ ਉਸ ਦੀ ਗੱਲ ਜਚ ਗਈ ਸੀ। ਲੱਗਿਆ ਕਿ ਸ਼ਾਦੀ ਤਾਂ ਸਾਰੇ ਕਰਦੇ ਨੇ, ਬੱਚੇ ਵੀ ਸਾਰੇ ਹੀ ਪੈਦਾ ਕਰਦੇ ਨੇ। ਝੰਜਟ ਹੈ ਸਾਰਾ ਕੁਝ। ਇਸ ਤਰ੍ਹਾਂ ਅਸੀਂ ਦੋਵੇਂ ਜਿਵੇਂ ਰਹਿ ਰਹੇ ਹਾਂ ਕੋਈ ਝੰਜਟ ਨਹੀਂ। ਅਸੀਂ ਦੋਵੇਂ ਆਪਣੀ ਆਪਣੀ ਜ਼ਿੰਦਗੀ ਦੇ ਮਾਲਿਕ ਹਾਂ ਪਰ ਜਦੋਂ ਲੋੜ ਹੁੰਦੀ ਹੈ ਤਾਂ ਇਕ ਦੂਜੇ ਦਾ ਸਾਥ ਦਿੰਦੇ ਹਾਂ, ਰਾਇ ਦਿੰਦੇ ਹਾਂ। ਕਿੰਨਾ ਖ਼ੂਬਸੂਰਤ ਹੈ ਇਹ ਰਿਸ਼ਤਾ।

ਨਾਗੇਸ਼ ਦੀ ਆਦਤ ਬਣ ਗਈ ਸੀ ਰਾਤ ਨੂੰ ਮੇਰੇ ਵਾਲਾਂ ਨਾਲ ਖੇਲਦਿਆਂ ਸੌਣ ਦੀ। ਮੈਨੂੰ ਚੰਗਾ ਲੱਗਦਾ ਸੀ ਉਸਦੇ ਚੌੜੇ ਸੀਨੇ ਤੇ ਸਿਰ ਰੱਖਕੇ ਗੱਲ ਕਰਨਾ। ਦੋਵੇਂ ਸੈਕਸ ਬਾਰੇ ਖੁਲ੍ਹ ਕੇ ਗੱਲ ਕਰਦੇ। ਉਹ ਹਮੇਸ਼ਾ ਇਸ ਗੱਲ ਦਾ ਧਿਆਨ ਰੱਖਦਾ ਕਿ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹੋਵਾਂ।

ਮੈਂ ਐਮ. ਟੈਕ ਖ਼ਤਮ ਕਰਨ ਤੋਂ ਬਾਅਦ ਉਥੇ ਹੀ ਨੌਕਰੀ ਕਰ ਲਈ। ਨਾਗੇਸ਼ ਦਾ ਮਨ ਸੀ ਕਿ ਅਸੀਂ ਇੰਡੀਆ ਚੱਲੀਏ। ਉਸਨੂੰ ਦਿੱਲੀ ਤੋਂ ਇਕ ਬਹੁਤ ਵੱਡੀ ਸਾਫਟਵੇਅਰ ਕੰਪਨੀ ਤੋਂ ਆਫਰ ਆਈ। ਅਸੀਂ ਦੋਹਾਂ ਨੇ ਮਿਲ ਕੇ ਤੈਅ ਕੀਤਾ ਕਿ ਚਲੋ ਵਾਪਸ ਆਪਣੇ ਮੁਲਕ ਚੱਲਦੇ ਹਾਂ। ਮੈਂ ਕਾਫੀ ਉਤਸ਼ਾਹ 'ਚ ਸੀ। ਮੰਮੀ-ਪਾਪਾ ਨੂੰ ਇਹ ਤਾਂ ਪਤਾ ਸੀ ਕਿ ਮੈਂ ਨਾਗੇਸ਼ ਦੀ ਦੋਸਤ ਹਾਂ, ਪਰ ਅਸੀਂ ਇਕੱਠੇ ਪਤੀ ਪਤਨੀ ਵਾਂਗੂ ਰਹਿੰਦੇ ਹਾਂ, ਇਹ ਅੰਦਾਜ਼ਾ ਲਾਉਣਾ ਉਨ੍ਹਾਂ ਲਈ ਮੁਸ਼ਕਿਲ ਤੋਂ ਜ਼ਿਆਦਾ ਅਜੀਬੋ-ਗਰੀਬ ਸੀ। ਮੰਮੀ ਨੂੰ ਆਸ਼ੰਕਾ ਸੀ ਕਿ ਮੇਰਾ ਤੇ ਉਸਦਾ ਰਿਸ਼ਤਾ ਕੀ ਹੈ। ਪਾਪਾ ਨੇ ਤਾਂ ਇਹ ਜਾਣਨ ਤੋਂ ਬਾਅਦ ਕਿ ਦਿੱਲੀ ਵਿਚ ਮੈਂ ਤੇ ਨਾਗੇਸ਼ ਇਕੱਠੇ ਰਹਾਂਗੇ, ਮੇਰੇ ਨਾਲ ਬੋਲਣਾ ਹੀ ਛੱਡ ਦਿੱਤਾ।

ਮੁਸ਼ਕਿਲ ਮੇਰੀ ਸੀ। ਮਨ 'ਚ ਆਉਂਦਾ ਕਿ ਮੰਮੀ ਨੂੰ ਮਿਲ ਆਵਾਂ। ਹਰ ਤਿਉਹਾਰ 'ਤੇ ਉੱਡ ਕੇ ਘਰ ਪਹੁੰਚ ਜਾਵਾਂ। ਨਾਗੇਸ਼ ਨੂੰ ਤਾਂ ਪਤਾ ਨਹੀਂ ਮੈਂ ਕਿੰਨੀ ਵਾਰ ਕਿਹਾ ਹੋਏਗਾ ਕਿ ਮੇਰੇ ਨਾਲ ਚੰਡੀਗੜ੍ਹ ਚੱਲ, ਪਰ ਉਸਨੇ ਸਖ਼ਤੀ ਨਾਲ ਮਨ੍ਹਾਂ ਕਰ ਦਿੱਤਾ, ''ਆਈ ਹੈਵ ਟੋਲਡ ਯੂ ਮੈਨੂੰ ਰਿਸ਼ਤੇ ਬਣਾਉਣੇ ਬਿਲਕੁਲ ਪਸੰਦ ਨਹੀਂ। ਤੂੰ ਜੋ ਕਰਨਾ ਹੈ ਕਰ-ਜਿਥੇ ਜਾਣਾ ਹੈ ਜਾ ਆ। ਡੋਂਟ ਇਨਵਾਲਵ ਮੀ।''

ਹੈਦਰਾਬਾਦ ਤੋਂ ਉਸਦਾ ਕਜ਼ਨ ਰਾਜੂ ਮੀਟਿੰਗ ਲਈ ਦਿੱਲੀ ਆਇਆ ਤਾਂ ਨਾਗੇਸ਼ ਨੇ ਬਿਨਾ ਕਿਸੇ ਸੰਕੋਚ ਉਸ ਨੂੰ ਘਰ ਠਹਿਰਣ ਲਈ ਕਿਹਾ। ਉਸਨੇ ਬਿਨਾ ਲੱਗ ਲਪੇਟ ਉਸ ਨਾਲ ਮੇਰੀ ਜਾਣ-ਪਛਾਣ ਕਰਾਈ, ''ਸ਼੍ਰੀ ਇਜ਼ ਮਾਈ ਲਿਵ ਇਨ ਪਾਰਟਨਰ'' ਮੈਨੂੰ ਚੰਗਾ ਨਹੀਂ ਲੱਗਿਆ। ਇਸਤੋਂ ਚੰਗਾ ਹੁੰਦਾ ਕਿ ਉਹ ਮੈਨੂੰ ਦੋਸਤ ਦੇ ਰੂਪ 'ਚ ਮਿਲਾਉਂਦਾ। ਰਾਜੂ ਕਰੀਬ ਪੰਦਰਾਂ ਦਿਨ ਸਾਡੇ ਨਾਲ ਰਿਹਾ। ਉਸ ਦੇ ਸਾਹਮਣੇ ਨਾਗੇਸ਼ ਨਾਲ ਇਕ ਕਮਰੇ ਵਿਚ ਸੌਂਦੇ ਮੈਨੂੰ ਅਟਪਟਾ ਲੱਗਦਾ। ਅਮਰੀਕਾ ਵਿਚ ਵੀ ਸਾਡੇ ਕੋਲ ਦੋਸਤ ਆ ਕੇ ਠਹਿਰਦੇ ਸਨ ਪਰ ਉਥੇ ਸਾਰਾ ਕੁਝ ਨਾਰਮਲ ਲੱਗਦਾ। ਰਾਜੂ ਨੇ ਇਕ ਦਿਨ ਮੈਨੂੰ ਪੁੱਛ ਹੀ ਲਿਆ, ''ਤੁਹਾਨੂੰ ਇਸ ਤਰ੍ਹਾਂ ਅਜੀਬ ਨਹੀਂ ਲੱਗਦਾ ਬਿਨਾ ਸ਼ਾਦੀ ਤੋਂ ਰਹਿੰਦਿਆਂ।''

ਮੈਂ ਮੁਸਕਰਾ ਕੇ ਕਿਹਾ, ''ਤੂੰ ਨਾਗੇਸ਼ ਤੋਂ ਕਿਉਂ ਨਹੀਂ ਪੁੱਛਦਾ। ਰਾਜੂ ਨੇ ਰੁਕ ਕੇ ਕਿਹਾ, ''ਹੀ ਇਜ਼ ਲਾਈਕ ਦੈਟ। ਅੱਛਾ ਤੂੰ ਸਿਰਫ਼ ਉਸੇ ਨਾਲ ਸਬੰਧ ਰੱਖਣਾ ਚਾਹੁੰਦੀ ਹੈਂ?''

ਮੈਂ ਤ੍ਰਭਕ ਗਈ।

''ਡੂ ਯੂ ਮਾਈਂਡ ਸਲੀਪਿੰਗ ਵਿਧ ਮੀ?'' ਉਸਨੇ ਸਹਿਜਤਾ ਨਾਲ ਹੀ ਪੁੱਛ ਲਿਆ।

ਮੇਰੇ ਸਰੀਰ 'ਚ ਅੱਗ ਲੱਗ ਗਈ। ਲੱਗਿਆ ਮੈਂ ਰੇਪ ਕਰ ਦਿੱਤੀ ਗਈ ਹਾਂ।

ਉਸਨੇ ਫੌਰਨ ਕਿਹਾ, ''ਜੇ ਤੇਰੀ ਇੱਛਾ ਨਹੀਂ ਤਾਂ ਮੈਂ ਫੋਰਸ ਨਹੀਂ ਕਰਾਂਗਾ। ਮੈਨੂੰ ਲੱਗਿਆ ਕਿ ਤੂੰ ਬੋਲਡ ਹੈਂ ਤੇ ਤੈਨੂੰ ਕੋਈ ਪ੍ਰਾਬਲਮ ਨਹੀਂ ਹੈ।''

ਮੈਂ ਜਦੋਂ ਇਹ ਗੱਲ ਨਾਗੇਸ਼ ਨੂੰ ਦੱਸੀ ਤਾਂ ਉਹ ਹੱਸਣ ਲੱਗਿਆ, ''ਜੇ ਤੇਰਾ ਦਿਲ ਕਰਦਾ ਸੀ ਤਾਂ ਮੰਨ ਜਾਂਦੀ।''

ਮੈਨੂੰ ਗੁੱਸਾ ਆ ਗਿਆ, ''ਤੂੰ ਮੈਨੂੰ ਸਮਝਦਾ ਕੀ ਹੈਂ? ਯੂ ਆਰ ਏ ਪਿੰਗ''

ਨਾਗੇਸ਼ ਨੇ ਮੇਰਾ ਹੱਥ ਕਸ ਕੇ ਫੜ ਲਿਆ, ''ਤੂੰ ਹਿਪੋਕਰੇਟ ਹੈਂ, ਜਦੋਂ ਤੈਨੂੰ ਮੇਰੇ ਨਾਲ ਰਹਿਣ ਵਿਚ ਕੋਈ ਇਤਰਾਜ਼ ਨਹੀਂ ਤਾਂ ਫੇਰ ਪਾਖੰਡ ਕਿਉਂ ਕਰਦੀ ਹੈਂ? ਕੀ ਤੈਨੂੰ ਅਜੇ ਵੀ ਉਮੀਦ ਹੈ ਕਿ ਅਸੀਂ ਸ਼ਾਦੀ ਕਰਾਂਗੇ?''

''ਸ਼ਾਦੀ ਨਾ ਸਹੀ-ਘੱਟੋ ਘੱਟ ਅਸੀਂ ਇਕ ਦੂਜੇ ਨਾਲ ਵਫ਼ਾਦਾਰ ਤਾਂ ਰਹਿ ਸਕਦੇ ਹਾਂ। ਤੂੰ ਇਹ ਸੋਚਿਆ ਵੀ ਕਿਵੇਂ ਕਿ ਮੈਂ ਕਿਸੇ ਦੂਸਰੇ ਨਾਲ ਰਿਲੇਸ਼ਨ ਬਣਾ ਸਕਦੀ ਹਾਂ?'' ਮੈਂ ਚੀਕ ਪਈ।

''ਬਕਵਾਸ ਨਾ ਕਰ, ਮੈਂ ਤੇਰੇ ਤੋਂ ਇਸ ਤਰ੍ਹਾਂ ਦੀ ਕਿਸੇ ਚੀਜ਼ ਦੀ ਉਮੀਦ ਨਹੀਂ ਕਰਦਾ। ਜੇ ਤੇਰਾ ਮਨ ਹੈ ਤਾਂ ਜ਼ਰੂਰ ਕਰ ਪਰ ਮੈਥੋਂ ਅਜਿਹੀ ਉਮੀਦ ਨਾ ਰੱਖੀਂ।''

''ਤੂੰ ਇਸ ਤਰ੍ਹਾਂ ਕਰੇਂਗਾ?''

''ਹਾਂ ਮੇਰਾ ਦਿਲ ਕਰੇਗਾ ਤਾਂ ਜ਼ਰੂਰ ਕਰਾਂਗਾ ਤਾਂ ਹੀ ਤਾਂ ਮੈਂ ਵਿਆਹ ਵਰਗੇ ਸਟੁਪਿਡ ਬੰਧਨ 'ਚ ਨਹੀਂ ਬੰਨ੍ਹਿਆ ਜਾਣਾ ਚਾਹੁੰਦਾ।''

ਇਸ ਤੋਂ ਮਗਰੋਂ ਜਦੋਂ ਵੀ ਨਾਗੇਸ਼ ਮੇਰੇ ਕੋਲ ਹੁੰਦਾ, ਮੈਂ ਉਸ ਨੂੰ ਸੁੰਘ ਸੁੰਘ ਕੇ ਵੇਖਦੀ ਕਿਤੇ ਉਸ ਵਿਚੋਂ ਕਿਸੇ ਦੀ ਖ਼ੁਸ਼ਬੂ ਤਾਂ ਨਹੀਂ ਆ ਰਹੀ? ਮੈਂ ਹੁਣ ਨਾਗੇਸ਼ ਤੋਂ ਬਿਨਾ ਕਿਸੇ ਹੋਰ ਨਾਲ ਰਹਿਣ ਬਾਰੇ ਸੋਚ ਵੀ ਨਹੀਂ ਸੀ ਸਕਦੀ। ਕਿੰਨੀ ਆਦਤ ਹੋ ਗਈ ਸੀ ਮੈਨੂੰ ਉਸਦੀ।

ਪਿਛਲੇ ਹਫ਼ਤੇ ਮੰਮੀ ਆਏ ਸਨ ਮੈਨੂੰ ਮਿਲਣ। ਹੁਣ ਸਾਡੇ ਰਿਸ਼ਤੇ ਰਸਮੀ ਹੋ ਚੱਲੇ ਸਨ। ਮੇਰੀ ਛੋਟੀ ਭੈਣ ਪੰਮੀ ਦਾ ਵਿਆਹ ਸੀ। ਮੰਮਾ ਖਰੀਦਦਾਰੀ ਕਰਨ ਦਿੱਲੀ ਆਏ ਸਨ। ਮੰਮਾ ਨੇ ਕੁਝ ਵਿਅੰਗ ਨਾਲ ਕਿਹਾ, ''ਤੂੰ ਉਹਨੂੰ ਲੈ ਕੇ ਆਏਂਗੀ?''

''ਮੰਮਾ ਤੁਹਾਨੂੰ ਪਤਾ ਹੈ ਨਾ ਕਿ ਨਾਗੇਸ਼ ਨਹੀਂ ਆਉਣਾ ਚਾਹੁੰਦਾ, ਉਸਨੂੰ ਉਸੇ ਤਰ੍ਹਾਂ ਸਵੀਕਾਰ ਕਰ ਲਵੋ।''

''ਤੂੰ ਇਸ ਤਰ੍ਹਾਂ ਲੰਮਾ ਸਮਾਂ ਕਿਵੇਂ ਰਹੇਂਗੀ। ਪਾਗਲਪਣ ਹੈ ਇਹ ਤਾਂ-ਤੈਨੂੰ ਦੂਸਰਿਆਂ ਤੋਂ ਅੱਡ ਦਿਸਣ ਵਿਚ ਮਜ਼ਾ ਆਉਂਦਾ ਹੈ। ਠੀਕ ਹੈ ਪਰ ਸਾਡਾ ਤਮਾਸ਼ਾ ਤਾਂ ਨਾ ਬਣਾਓ।''

ਮੈਂ ਝੇਪ ਗਈ, ''ਮੰਮਾ, ਤੁਸੀਂ ਸਮਝਦੇ ਕਿਉਂ ਨਹੀਂ? ਨਾਗੇਸ਼ ਵਿਆਹ ਨਹੀਂ ਕਰਨਾ ਚਾਹੁੰਦਾ-ਮੈਂ ਉਸਨੂੰ ਹਰ ਤਰ੍ਹਾਂ ਮਨਾ ਕੇ ਦੇਖ ਲਿਆ ਹੈ।''

''ਤਾਂ ਤੂੰ ਕਿਸੇ ਹੋਰ ਨਾਲ ਕਿਉਂ ਨਹੀਂ ਕਰ ਲੈਂਦੀ ਵਿਆਹ, ਅਜੀਬ ਘਣਚੱਕਰ ਹੈਂ ਤੂੰ?''

ਮੰਮਾ ਦਾ ਰਿਕਾਰਡ ਵੱਜਣ ਲੱਗਿਆ। ਸ਼ਾਦੀ ਵਿਆਹ ਦੇ ਹੱਕ 'ਚ ਉਨ੍ਹਾਂ ਦੀਆਂ ਦਲੀਲਾਂ ਗ਼ਲਤ ਨਹੀਂ ਸਨ। ਮੈਂ ਚੁੱਪ ਚਾਪ ਸੁਣਦੀ ਰਹੀ। ਉਨ੍ਹਾਂ ਦੇ ਹੁੰਦੇ ਹੀ ਨਾਗੇਸ਼ ਘਰ ਆ ਗਿਆ। ਨਾਗੇਸ਼ ਨੇ ਉਨ੍ਹਾਂ ਨਾਲ ਚੰਗੇ ਮੂਡ 'ਚ ਗੱਲ ਕੀਤੀ। ਮੰਮਾ ਨੇ ਜਦੋਂ ਉਸ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਸਨੇ ਨਰਮਾਈ ਨਾਲ ਕਹਿ ਦਿੱਤਾ, ''ਇਟਜ਼ ਨਨ ਆਫ਼ ਯੂਅਰ ਬਿਜ਼ਨੈਸ।''

ਮੰਮੀ ਨੂੰ ਬਹੁਤ ਬੁਰਾ ਲੱਗਿਆ। ਚੰਗਾ ਤਾਂ ਮੈਨੂੰ ਵੀ ਨਹੀਂ ਲੱਗਿਆ। ਪਰ ਨਾਗੇਸ਼ ਸੀ ਹੀ ਇਹੋ ਜਿਹਾ।

ਮੈਂ ਪੰਮੀ ਦੀ ਸ਼ਾਦੀ ਵਿਚ ਨਹੀਂ ਗਈ। ਉਥੇ ਜਾ ਕੇ ਵੀ ਫੇਰ ਉਹੀ ਸਭ ਕੁਝ ਹੋਣਾ ਸੀ। ਮੈਂ ਥੱਕ ਗਈ ਸੀ, ਜਿਨ੍ਹਾਂ ਸਵਾਲਾਂ ਦੇ ਜਵਾਬ ਮੇਰੇ ਕੋਲ ਨਹੀਂ ਹਨ ਉਨ੍ਹਾਂ ਦਾ ਕੀ ਜੁਆਬ ਦੇਵਾਂ? ਲਿਵਿੰਗ ਇਨ ਦੀ ਵਕਾਲਤ ਕਰ ਲਈ। ਸ਼ਾਦੀ ਦੇ ਨੁਕਸਾਨ ਗਿਣਾ ਦਿੱਤੇ, ਇਹ ਵੀ ਕਿਹਾ ਕਿ ਬੱਚੇ ਸਿਰਦਰਦੀ ਨੇ, ਰਿਸ਼ਤੇ ਝੂਠੇ ਨੇ। ਬੱਸ ਇਸਤੋਂ ਵੱਧ ਹੋਰ ਕੀ ਕਹਾਂ? ਹਰ ਵਾਰ ਇਹੀ ਕਹਿੰਦੇ ਕਹਿੰਦੇ ਅੱਕ ਗਈ ਸੀ ਮੈਂ। ਪਰ ਨਾਗੇਸ਼ ਹੁਣ ਵੀ ਉਥੇ ਹੀ ਸੀ ਜਿਥੋਂ ਅਸੀਂ ਸ਼ੁਰੂਆਤ ਕੀਤੀ ਸੀ।

ਚਾਰ ਦਿਨਾਂ ਮਗਰੋਂ ਨਾਗੇਸ਼ ਵਾਪਸ ਆਇਆ। ਵਧੀ ਦਾੜ੍ਹੀ, ਕਾਟਨ ਦੀ ਮੁਚੜੀ ਸ਼ਰਟ। ਉਹ ਆ ਕੇ ਬਿਨਾ ਮੇਰੇ ਨਾਲ ਕੁਝ ਬੋਲੇ ਸਿਗਰਟ ਫੂਕਣ ਲੱਗਿਆ। ਮੈਂ ਨਾਰਾਜ਼ ਸੀ, ''ਤੂੰ ਬਿਨਾ ਦੱਸੇ ਕਿਥੇ ਗਿਆ ਸੀ? ਮੈਂ ਤੇਰੇ ਆਫਿਸ ਫੋਨ ਕੀਤਾ ਸੀ। ਤੂੰ ਸੀ ਕਿਥੇ?''

ਉਸਨੇ ਕੁਝ ਨਹੀਂ ਕਿਹਾ। ਬੱਸ ਉਵੇਂ ਹੀ ਬੈਠਾ ਰਿਹਾ। ਮੈਂ ਫਟ ਪਈ, ''ਮਿਸਟਰ ਨਾਗੇਸ਼ ਰੈਡੀ, ਤੂੰ ਆਪਣੇ ਆਪ ਨੂੰ ਸਮਝਦਾ ਕੀ ਹੈਂ? ਤੂੰ ਇਸ ਤਰ੍ਹਾਂ ਮੇਰੇ ਨਾਲ ਨਹੀਂ ਕਰ ਸਕਦਾ। ਯੂ ਆਰ ਆਂਸਰੇਵਲ ਟੂ ਮੀ।'' ''ਨੋ ਆਈ ਐਮ ਨਾਟ!''ਉਹਦੀ ਆਵਾਜ਼ ਤਿੱਖੀ ਸੀ। ਮੈਂ ਹੁਣ ਤੇਰੇ ਨਾਲ ਨਹੀਂ ਰਹਿਣਾ ਚਾਹੁੰਦਾ ਲੈਟਸ ਕਾਲ ਇਟ ਆਫ਼।''

ਮੈਨੂੰ ਯਕੀਨ ਨਹੀਂ ਹੋਇਆ ਕਿ ਇਹ ਨਾਗੇਸ਼ ਕਹਿ ਰਿਹਾ ਹੈ। ਮੈਂ ਝਪਟ ਕੇ ਉਸਦੀ ਕਮੀਜ਼ ਫੜ ਲਈ, ''ਤੂੰ ਇਸ ਤਰ੍ਹਾਂ ਕਿਵੇਂ ਕਹਿ ਸਕਦਾ ਹੈਂ? ਮੈਂ ਨਹੀਂ ਜਾਣਾ ਚਾਹੁੰਦੀ ਇਥੋਂ, ਮੈਂ ਤੇਰੇ ਨਾਲ ਰਹਿਣਾ ਚਾਹੁੰਦੀ ਹਾਂ। ਸਾਢੇ ਤਿੰਨ ਸਾਲ ਦੇ ਰਿਸ਼ਤੇ ਨੂੰ ਤੂੰ ਇਸ ਤਰ੍ਹਾਂ ਖ਼ਤਮ ਨਹੀਂ ਕਰ ਸਕਦਾ।''

''ਦੇਖ, ਮੇਰੀ ਗੱਲ ਸਮਝਣ ਦੀ ਕੋਸ਼ਿਸ਼ ਕਰ।'' ਉਸਨੇ ਮੇਰਾ ਹੱਥ ਜ਼ੋਰ ਨਾਲ ਦਬਾਉਂਦੇ ਕਿਹਾ।

''ਸਾਡੇ ਰਿਸ਼ਤੇ ਵਿਚ ਹੁਣ ਕੁਝ ਨਹੀਂ ਰਿਹਾ, ਇਟਸ ਸਟਿਕਿੰਗ। ਮੈਨੂੰ ਬਦਬੂ ਆਉਣ ਲੱਗੀ ਹੈ ਹੁਣ ਇਸ ਰਿਸ਼ਤੇ 'ਚੋਂ। ਮੈਨੂੰ ਕਿਸੇ ਕਿਸਮ ਦਾ ਬੋਝ ਢੋਣ ਵਿਚ ਕੋਈ ਯਕੀਨ ਨਹੀਂ ਹੈ-ਪਲੀਜ਼ ਟਰਾਈ ਟੂੰ ਅੰਡਰਸਟੈਂਡ।''

ਮੈਂ ਕੁਝ ਨਹੀਂ ਸਮਝਣਾ ਚਾਹੁੰਦੀ ਸੀ। ਬੱਸ ਸਭ ਖ਼ਤਮ ਹੋ ਗਿਆ ਸੀ। ਉਸ ਨੇ ਕਹਿ ਦਿੱਤਾ ਸੀ ਕਿ ਅਸੀਂ ਅਲੱਗ ਹੋਣਾ ਹੈ ਤੇ ਮੈਨੂੰ ਉਸਦੀ ਗੱਲ ਮੰਨਣੀ ਪੈਣੀ ਸੀ।

ਉਹ ਅਲਮਾਰੀ 'ਚੋਂ ਮੇਰਾ ਸਾਮਾਨ ਕੱਢਣ ਲੱਗਿਆ। ਮੈਂ ਚੁੱਪ ਚਾਪ ਉਂਜ ਹੀ ਬਿਸਤਰੇ 'ਤੇ ਬੈਠੀ ਰਹੀ। ਨਾਗੇਸ਼ ਨੇ ਮੇਰੇ ਕੱਪੜੇ ਕੱਢ ਕੇ ਅੱਡ ਰੱਖ ਦਿੱਤੇ ਫੇਰ ਮੇਰੇ ਵਲ ਵੇਖਿਆ, ''ਤੂੰ ਪੈਕ ਕਰੇਂਗੀ?''

ਮੈਂ ਨਹੀਂ ਉਠੀ। ਉਹ ਮੇਰੇ ਕੋਲ ਆ ਗਿਆ।

''ਦੇਖੋ ਇਸ ਤਰ੍ਹਾਂ ਨਹੀਂ ਕਰਦੇ। ਅਸੀਂ ਪਹਿਲਾਂ ਹੀ ਤੈਅ ਕਰ ਲਿਆ ਸੀ ਕਿ ਅਸੀਂ ਇਨ੍ਹਾਂ ਸਬੰਧਾਂ ਨੂੰ ਢੋਵਾਂਗੇ ਨਹੀਂ। ਤੂੰ ਸਮਝਦੀ ਕਿਉਂ ਨਹੀਂ?''

ਮੈਨੂੰ ਜ਼ਬਰਦਸਤ ਗੁੱਸਾ ਆ ਗਿਆ। ਮੈਂ ਸ਼ਬਦਾਂ ਨੂੰ ਚੱਬ ਚੱਬ ਕੇ ਕਿਹਾ, ਯੂ ਆਰ ਏ ਬਾਸਟਰਡ, ਆਲ ਮੈਨ ਆਰ, ਜੇ ਸਾਡੀ ਸ਼ਾਦੀ ਹੋ ਗਈ ਹੁੰਦੀ ਤਾਂ ਵੀ ਸਾਰੇ ਨਿਰਣੇ ਤੂੰ ਹੀ ਕਰਦਾ ਤੂੰ ਚਾਹੁੰਦਾ ਸੀ ਕਿ ਸਾਡੀ ਸ਼ਾਦੀ ਨਾ ਹੋਵੇ, ਅਸੀਂ ਇਕੱਠੇ ਰਹੀਏ। ਮੈਂ ਮੰਨ ਗਈ। ਅੱਜ ਤੂੰ ਕਹਿ ਰਿਹਾ ਹੈਂ ਕਿ ਸਾਡਾ ਰਿਸ਼ਤਾ ਸੜਨ ਲੱਗਿਆ ਹੈ। ਸਾਡਾ ਰਿਸ਼ਤਾ ਤਾਂ ਸਦਾ ਤੋਂ ਸੜਿਆ ਹੋਇਆ ਸੀ। ਤੈਨੂੰ ਸਿਰਫ ਜਿਸਮ ਨਾਲ ਮਤਲਬ ਹੈ ਨਾਗ, ਚਾਹੇ ਉਹ ਮੇਰਾ ਹੋਵੇ ਜਾਂ ਕਿਸੇ ਹੋਰ ਦਾ।''

ਨਾਗੇਸ਼ ਦੇ ਚਿਹਰੇ 'ਤੇ ਇਕੋ ਵੇਲੇ ਕਈ ਭਾਵ ਆਏ। ਉਸਨੇ ਗੰਭੀਰਤਾ ਨਾਲ ਕਿਹਾ, ''ਇਹ ਸੱਚ ਹੈ। ਕੀ ਤੈਨੂੰ ਮੇਰੇ ਤੋਂ ਕਿਸੇ ਹੋਰ ਚੀਜ਼ ਦੀ ਉਮੀਦ ਹੈ? ਜਿਸਮ ਹੀ ਤਾਂ ਹੈ ਜਿਹੜਾ ਇਸਤਰੀ ਪੁਰਸ਼ ਨੂੰ ਇਕੱਠਾ ਰਹਿਣ ਲਈ ਮਜਬੂਰ ਕਰਦਾ ਹੈ, ਬਾਕੀ ਸਾਰੀਆਂ ਚੀਜ਼ਾਂ ਧੋਖਾ ਹਨ, ਝੂਠ ਹਨ।''

ਮੇਰਾ ਚਿਹਰਾ ਤਪਣ ਲੱਗਿਆ। ਮੈਨੂੰ ਲੱਗਿਆ ਜਿਵੇਂ ਪਿਛਲੇ ਸਾਢੇ ਤਿੰਨ ਸਾਲ ਤੋਂ ਮੇਰਾ ਹਰ ਰਾਤ ਰੇਪ ਕੀਤਾ ਗਿਆ ਹੋਵੇ। ਇਹ ਆਦਮੀ ਜਿਸਦਾ ਸਪਰਸ਼ ਮੈਨੂੰ ਰੋਮਾਂਚਿਤ ਕਰ ਦਿੰਦਾ ਸੀ ਮੈਨੂੰ ਸਿਰਫ਼ ਇਕ ਜਿਸਮ ਸਮਝਦਾ ਹੈ। ਮੈਂ ਉਠ ਕੇ ਬਾਥਰੂਮ ਚਲੀ ਗਈ।

# ਈਦ ਦੇ ਤਿੰਨ ਦਿਨ

**ਫਿਰ ਜਿਵੇਂ ਹੀ ਈਦ ਮੁਬਾਰਕ ਦਾ ਨਾਹਰਾ ਲੱਗਿਆ, ਅਚਾਨਕ ਸ਼ਾਹੀ ਕਿਲੇ ਦੀ ਤਰਫ ਤੋਂ ਆਤਿਸ਼ਬਾਜ਼ੀਆਂ ਨੇ ਅਸਮਾਨ ਤੇ ਧਾਵਾ ਬੋਲ ਦਿੱਤਾ। ਕਈ ਤਰ੍ਹਾਂ ਦੇ ਰੰਗ ਹਵਾ ਵਿਚ ਬਿਖਰ ਗਏ। ਆਕਾਸ਼ ਜਗਮਗਾ ਉਠਿਆ। ਲੋਕ ਇਕ-ਦੂਜੇ ਨੂੰ ਗਲੇ ਲਗਾ ਕੇ ਈਦ ਮੁਬਾਰਕ ਕਹਿਣ ਲੱਗੇ।**

**-ਤਲਵਿੰਦਰ ਸਿੰਘ**





ਇਹ ਇਤਫਾਕ ਹੀ ਸੀ ਕਿ ਪਿਛਲੇ ਸਾਲ ਜਦ ਮੈਂ ਪਾਕਿਸਤਾਨ ਗਿਆ, ਤਾਂ ਰਮਜ਼ਾਨ ਦੇ ਆਖਰੀ ਦਿਨ ਚਲ ਰਹੇ ਸਨ। ਮੈਨੂੰ ਇਸ ਗੱਲ ਦਾ ਪਤਾ ਲਾਹੌਰ ਸਟੇਸ਼ਨ ਤੇ ਉਤਰ ਕੇ ਲੱਗਿਆ। ਸ਼ਾਮ ਦੇ ਪੰਜ ਵਜ ਰਹੇ ਸਨ ਅਤੇ ਬਾਜ਼ਾਰ ਵਿਚ ਕੋਈ ਖਾਸ ਰੌਣਕ ਨਹੀਂ ਸੀ। ਖਾਣ-ਪੀਣ ਦੀਆਂ ਦੁਕਾਨਾਂ ਬੰਦ ਸਨ। ਸਟੇਸ਼ਨ ਦੇ ਬਾਹਰ ਕਾਫੀ ਭੀੜ ਭਰੇ ਅਤੇ ਖ਼ੂਬ ਸਜੇ ਰਹਿਣ ਵਾਲੇ ਢਾਬੇ ਹੋਟਲ ਖਮੋਸ਼ ਪਏ ਸੀ। ਆਪਣੇ ਮੇਜ਼ਬਾਨ ਮੁਹੰਮਦ ਜ਼ੁਬੈਰ ਅਹਿਮਦ ਦੇ ਕਾਰ ਮੋੜ ਕੇ ਲਾਉਣ ਤੱਕ ਮੈਂ ਇਹ ਬਦਲੀ ਹੋਈ ਤਸਵੀਰ ਦੇਖ ਚੁੱਕਿਆ ਸੀ ਅਤੇ ਇਕ ਸਵਾਲ ਮੇਰੇ ਜ਼ਿਹਨ ਵਿਚ ਉਠ ਰਿਹਾ ਸੀ ਕਿ ਕਿਤੇ ਕੋਈ ਦੁਖਦਾਈ ਘਟਨਾ ਨਾ ਹੋ ਗਈ ਹੋਵੇ, ਜਿਸ ਕਾਰਨ ਬਾਜ਼ਾਰਾਂ ਵਿਚ ਰੌਣਕ ਨਹੀਂ।

ਜ਼ੁਬੈਰ ਦੇ ਨਾਲ ਕਾਰ ਵਿਚ ਬੈਠਦੇ ਹੀ ਮੇਰਾ ਪਹਿਲਾ ਸਵਾਲ ਸੀ, ''ਯਾਰ ਇਹ ਖਾਮੋਸ਼ੀ ਕਿਉਂ ਹੈ ਬਾਜ਼ਾਰਾਂ ਵਿਚ?' ਕਾਰ ਨੂੰ ਮੇਨ ਸੜਕ 'ਤੇ ਲਿਆ ਕੇ ਉਹ ਹੱਸਿਆ, 'ਤੈਨੂੰ ਨਹੀਂ ਪਤਾ! ਰਮਜ਼ਾਨ ਦਾ ਮਹੀਨਾ ਚਲ ਰਿਹਾ ਹੈ। ਇਹ ਰੋਜ਼ਿਆਂ ਦਾ ਮਹੀਨਾ ਹੈ। ਇਥੇ ਸਰਕਾਰੀ ਤੌਰ 'ਤੇ ਪੂਰੇ ਦਿਨ ਦੇ ਲਈ ਸਭ ਕੁਝ ਬੰਦ ਰਹਿੰਦਾ ਹੈ। ਇਥੋਂ ਤੱਕ ਕਿ ਸਰਕਾਰੀ ਪਾਣੀ ਦੀਆਂ ਟੈਂਕੀਆਂ ਵੀ ਖ਼ਾਲੀ ਰਹਿੰਦੀਆਂ ਹਨ। ਤੈਨੂੰ ਕਿਤੇ ਰਸਤੇ ਵਿਚ ਦਿਖਾਵਾਂਗਾ ਬੰਦ ਪਈਆਂ ਟੂਟੀਆਂ।' ਮੈਂ ਕਿਹਾ, 'ਫਿਰ ਤਾਂ ਮੈਂ ਫਸ ਗਿਆ ਯਾਰ। ਮੈਨੂੰ ਤਾਂ ਭੁੱਖ ਲੱਗੀ ਸੀ। ਇਸਦਾ ਮਤਲਬ ਮੇਰਾ ਰੋਜ਼ਾ ਵੀ ਸ਼ੁਰੂ...।' ਜ਼ੁਬੈਰ ਆਪਣੀ ਆਦਤ ਦੇ ਮੁਤਾਬਿਕ ਖੁੱਲ੍ਹ ਕੇ ਹੱਸਿਆ, 'ਤੂੰ ਚਿੰਤਾ ਨਾ ਕਰ, ਤੇਰਾ ਕੋਈ ਨਾ ਕੋਈ ਜੁਗਾੜ ਕਰ ਦੇਵਾਂਗੇ।

ਖ਼ੂਬਸੂਰਤ ਸੜਕ ਅਤੇ ਉੱਚੀ ਸ਼ਾਨਦਾਰ ਇਮਾਰਤਾਂ ਦੇ ਕੋਲੋਂ ਗੁਜਰਦੇ ਮੇਰੇ ਮਨ ਵਿਚ ਇਸਲਾਮਿਕ ਰਵਾਇਤਾਂ ਨੂੰ ਜਾਨਣ ਦੀ ਜਗਿਆਸਾ ਬਣੀ ਰਹੀ। ਆਪਣੇ ਦੋਸਤ ਦੇ ਘਰ ਮੈਨੂੰ ਪਾਣੀ ਵੀ ਮਿਲਿਆ ਅਤੇ ਚਾਅ ਦੇ ਨਾਲ ਬਿਸਕੁਟ ਵੀ। ਜ਼ੁਬੈਰ ਸ਼ਰਾ ਦਾ ਪਾਬੰਦ ਹੋਣ ਦੇ ਕਾਰਨ ਮੇਰੇ ਨਾਲ ਇਹੋ ਜਿਹੀਆਂ ਹੀ ਗੱਲਾਂ ਕਰਦਾ ਰਿਹਾ। ਮੈਂ ਇਕ ਸਵਾਲ ਪੇਸ਼ ਕੀਤਾ, 'ਮੋਟੇ ਤੌਰ ਤੇ ਤਾਂ ਮੈਨੂੰ ਪਤਾ ਹੈ ਕਿ ਇਸ ਮਹੀਨੇ ਰੋਜ਼ੇ ਰਖੇ ਜਾਂਦੇ ਹਨ। ਡਿਟੇਲ ਵਿਚ ਦਸੋ।' ਉਹ ਅਰਾਮ ਨਾਲ ਬੈਠ ਗਿਆ। ਬੋਲਿਆ, 'ਇਸ ਮਹੀਨੇ ਦਾ ਨਾਮ ਰਮਜ਼ਾਨ ਹੈ। ਇਸਲਾਮੀ ਕੈਲੰਡਰ ਦਾ 9ਵਾਂ ਮਹੀਨਾ। ਇਹ ਮੰਨਿਆ ਜਾਂਦਾ ਹੈ ਕਿ ਕੁਰਾਨ-ਪਾਕ ਦਾ ਇਲਹਾਮ ਇਸੇ ਮਹੀਨੇ ਹੋਇਆ ਸੀ। ਮੁਸਲਮਾਨਾਂ ਦੇ ਲਈ ਇਹ ਬਹੁਤ ਮੁਕੱਦਸ ਮਹੀਨਾ ਹੈ। ਇਸ ਮਹੀਨੇ ਕਿਸੇ ਕਿਸਮ ਦਾ ਗ਼ੈਰ ਇਖ਼ਲਾਕੀ ਕੰਮ ਨਹੀਂ ਕੀਤਾ ਜਾਵੇਗਾ।

ਮੇਰੀ ਉਤਸੁਕਤਾ ਨੂੰ ਦੇਖ ਕੇ ਉਹ ਮੁਸਕਰਾ ਕੇ ਬੋਲਿਆ, 'ਨਵੇਂ ਚੰਦ ਦੇ ਨਿਕਲਣ ਦੇ ਨਾਲ ਰਮਜ਼ਾਨ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਪੂਰੇ ਇਕ ਮਹੀਨੇ ਬਾਅਦ ਦੁਬਾਰਾ ਨਵੇਂ ਚੰਦ ਦੇ ਨਿਕਲਣ 'ਤੇ ਖਤਮ। ਖਾਤਮੇ 'ਤੇ ਈਦ ਦੇ ਜਸ਼ਨ ਹੁੰਦੇ ਹਨ। ਇਹ ਜਸ਼ਨ ਤਿੰਨ ਦਿਨ ਚਲਦੇ ਹਨ। ਕੱਲ੍ਹ ਸ਼ਾਮ ਨੂੰ ਚੰਦ ਦੇ ਨਿਕਲਣ ਦੇ ਨਾਲ ਈਦ ਸ਼ੁਰੂ ਹੋ ਜਾਵੇਗੀ। ਫਿਰ ਨਜ਼ਾਰਾ ਦੇਖਣ 'ਤੇ ਹੀ ਗੱਲ ਬਣੇਗੀ। ਫਿਰ ਅਗਲੇ ਦਿਨ ਕੁਰਬਾਨੀਆਂ ਹੋਣਗੀਆਂ, ਗੋਸ਼ਤ ਵੰਡਿਆ ਜਾਵੇਗਾ। ਲੋਕ ਗਰੀਬ ਲੋਕਾਂ ਨੂੰ ਦਾਨ ਦੇਣਗੇ।' ਮੇਰੀ ਜਗਿਆਸਾ ਹੋਰ ਹੋਈ, 'ਪਰ ਇਹ ਰੋਜ਼ੇ ਅਤੇ ਕੁਰਬਾਨੀਆਂ ਦਾ ਕੀ ਮਤਲਬ ਹੈ?'' ਉਹ ਬੋਲਿਆ, 'ਇਸਲਾਮ ਦਾ ਜਨਮ ਮਰਕਜ਼ੀ ਏਸ਼ੀਆ ਵਿਚ ਹੋਇਆ, ਜਿਥੇ ਅਨਾਜ ਦੀ ਹਮੇਸ਼ਾ ਕਮੀ ਸੀ। ਰੋਜ਼ਿਆਂ ਦਾ ਮਤਲਬ ਅਨਾਜ ਦੀ ਕਿਫਾਇਤ ਵੀ ਸੀ। ਇਹ ਭੁੱਖ ਬਰਦਾਸ਼ਤ ਕਰਨ ਦਾ ਹੌਸਲਾ ਰਖਣ ਦਾ ਜ਼ਰੀਆ ਵੀ ਹੈ। ਇਸਲਾਮ ਕਹਿੰਦਾ ਹੈ ਕਿ ਮੁਸਲਮਾਨ ਨੂੰ ਸਿਹਤ ਦੇ ਪੱਖ ਵਿਚ ਤੰਦਰੁਸਤ ਹੋਣਾ ਚਾਹੀਦਾ ਅਤੇ ਉਹ ਖਾਣ-ਪੀਣ ਦੇ ਮਾਮਲੇ ਵਿਚ ਪਰਹੇਜਗਾਰ ਹੋਵੇ। ਰੋਜ਼ੇ ਸ਼ਰੀਰ ਨੂੰ ਸੰਤੁਲਿਤ ਕਰਦੇ ਹਨ। ਕੁਰਬਾਨੀ ਨਾਲ ਅੱਲਾਹ ਖੁਸ਼ ਹੁੰਦਾ ਹੈ। ਇਸ ਲਈ ਇਹ ਰਵਾਇਤ ਇਸਲਾਮ ਵਿਚ ਹੈ।'

ਦੂਜੇ ਦਿਨ ਸਵੇਰ ਤੋਂ ਹੀ ਚਹਲ-ਪਹਲ ਸੀ। ਇਹ ਆਖ਼ਿਰੀ ਰੋਜ਼ੇ ਦਾ ਦਿਨ ਸੀ। ਸ਼ਾਮ ਨੂੰ ਚੰਦ ਨੂੰ ਦੇਖ ਕੇ ਰੋਜ਼ਾ ਖੁਲ੍ਹ ਜਾਣਾ ਸੀ ਅਤੇ 'ਈਦ ਮੁਬਾਰਕ' ਹੋ ਜਾਣੀ ਸੀ। ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਮੈਂ ਵੀ ਜ਼ੁਬੈਰ ਦੇ ਨਾਲ ਨਾਸ਼ਤਾ ਕੀਤਾ ਅਤੇ ਫਿਰ ਤਿਆਰ ਹੋ ਕੇ ਦੋਸਤਾਂ ਨੂੰ ਮਿਲਣ ਨਿਕਲ ਗਿਆ। ਸਾਰਾ ਦਿਨ ਘੁੰਮਦੇ ਰਹੇ। ਮੈਨੂੰ ਉਹਨੇ ਇਕ ਦੋਸਤ ਅਫਜ਼ਲ ਦੇ ਘਰ ਵਿਚ ਦੁਪਹਿਰ ਦਾ ਖਾਣਾ ਖੁਆ ਦਿੱਤਾ, ਪਰ ਖੁਦ ਕੁਝ ਨਾ ਖਾਧਾ। ਸ਼ਾਮ ਦੇ ਸਮੇਂ ਅਸੀਂ ਮੀਨਾਰ-ਏ-ਪਾਕਿਸਤਾਨ ਦੇ ਨਜ਼ਦੀਕ ਘੁੰਮ ਰਹੇ ਸੀ। ਚੰਦ ਨਿਕਲਣ ਦੇ ਇੰਤਜ਼ਾਰ ਵਿਚ ਪੂਰੀ ਗਰਾਉਂਡ ਵਿਚ ਲੋਕਾਂ ਦੀ ਰੌਣਕ ਜੁੜ ਰਹੀ ਸੀ। ਬੱਚੇ ਰੰਗ-ਬਰੰਗੇ ਕਪੜਿਆਂ ਵਿਚ ਬਹੁਤ ਚੰਗੇ ਲਗ ਰਹੇ ਸਨ। ਦੁਕਾਨਾਂ ਵਾਲੇ ਈਦ ਦੇ ਆਗਾਜ਼ ਦੀ ਤਿਆਰੀ ਵਿਚ ਸਨ। ਸਾਹਮਣੇ ਨਜ਼ਰ ਆ ਰਹੇ ਸ਼ਾਹੀ ਮਹੱਲ ਦੀਆਂ ਦੀਵਾਰਾਂ 'ਤੇ ਤਰ੍ਹਾਂ-ਤਰ੍ਹਾਂ ਦੀਆਂ ਰੋਸ਼ਨੀਆਂ ਸਨ। ਮੀਨਾਰ ਦੇ ਆਖਿਰ ਤੱਕ ਲਾਈਟਾਂ ਇਕ ਅਦਭੁੱਤ ਨਜ਼ਾਰਾ ਪੇਸ਼ ਕਰ ਰਹੀਆਂ ਸਨ।

ਫਿਰ ਜਿਵੇਂ ਹੀ ਈਦ ਮੁਬਾਰਕ ਦਾ ਨਾਹਰਾ ਲੱਗਿਆ, ਅਚਾਨਕ ਸ਼ਾਹੀ ਕਿਲੇ ਦੀ ਤਰਫ ਤੋਂ ਆਤਿਸ਼ਬਾਜ਼ੀਆਂ ਨੇ ਆਸਮਾਨ 'ਤੇ ਧਾਵਾ ਬੋਲ ਦਿੱਤਾ। ਕਈ ਤਰ੍ਹਾਂ ਦੇ ਰੰਗ ਹਵਾ ਵਿਚ ਬਿਖਰ ਗਏ। ਆਕਾਸ਼ ਜਗਮਗਾ ਉਠਿਆ। ਲੋਕ ਇਕ-ਦੂਜੇ ਨੂੰ ਗਲੇ ਲਗਾ ਕੇ ਈਦ ਮੁਬਾਰਕ ਕਹਿਣ ਲੱਗੇ। ਭੀੜ ਵਿਚੋਂ ਇਕ ਪਾਸੇ ਲਿਜਾ ਕੇ ਮੈਨੂੰ ਆਪਣੀਆਂ ਬਾਹਵਾਂ ਵਿਚ ਲੈ ਕੇ ਜ਼ੁਬੈਰ ਕਹਿਣ ਲੱਗਿਆ, 'ਆਓ, ਹੁਣ ਕਿਤੇ ਜਾ ਕੇ ਜਸ਼ਨ ਮਨਾਉਂਦੇ ਹਾਂ।'

ਅਸੀਂ ਅੱਧੀ ਰਾਤ ਤੱਕ ਸੜਕਾਂ 'ਤੇ ਪਾਇਆ ਜਾ ਰਿਹਾ ਭੰਗੜਾ, ਚਲਦੀਆਂ ਆਤਿਸ਼ਬਾਜ਼ੀਆਂ, ਢੋਲ-ਨਗਾੜਿਆਂ ਦਾ ਆਨੰਦ ਲੈਂਦੇ ਰਹੇ। ਇਹੀ ਨਜ਼ਾਰਾ ਅਗਲੇ ਦਿਨ ਤੱਕ ਚਲਦਾ ਰਿਹਾ। ਇਨਾਂ ਦਿਨਾਂ ਵਿਚ ਜੋ ਖੁਸ਼ੀ ਮੈਂ ਮਹਿਸੂਸ ਕੀਤੀ, ਉਸਦੀ ਕੈਫ਼ੀਅਤ ਅੱਜ ਵੀ ਮੇਰੇ ਮਨ ਤੇ ਛਾਈ ਹੋਈ ਹੈ। ਅੱਜ ਕੱਲ੍ਹ ਜਦ ਕਿ ਫਿਰ ਰਮਜ਼ਾਨ ਦਾ ਮਹੀਨਾ ਚਲ ਰਿਹਾ ਹੈ। ਮੇਰੇ ਮਨ ਵਿਚ ਉਹੀ ਪੁਰਾਣੀਆਂ ਯਾਦਾਂ ਤੈਰ ਰਹੀਆਂ ਹਨ। ਬੀਤੇ ਵਕਤ ਦੀਆਂ ਖਹਿ ਕੇ ਲੰਘੀਆਂ ਯਾਦਾਂ।

---

ਜਦੋਂ ਮੈਂ ਨਾਗੇਸ਼ ਨਾਲ ਰਹਿਣਾ ਸ਼ੁਰੂ ਕੀਤਾ ਸੀ ਤਾਂ ਸੋਚਦੀ ਸੀ ਕਿ ਸਭ ਸਹੀ ਹੈ, ਸੁੰਦਰ ਹੈ, ਕੁਝ ਗਲਤ ਨਹੀਂ ਹੋਏਗਾ। ਮੈਂ ਗਲਤ ਨਿਕਲੀ। ਮੈਂ ਜੋ ਕੀਤਾ ਆਪਣੀ ਪਸੰਦ ਨਾਲ ਕੀਤਾ ਪਰ ਮੈਂ ਕਦੇ ਵੀ ਆਪਣੇ ਆਪ ਨੂੰ ਇਸ ਦਿਨ ਲਈ ਤਿਆਰ ਨਹੀਂ ਕੀਤਾ। ਮੈਂ ਆਪਣੇ ਚਿਹਰੇ 'ਤੇ ਠੰਡੇ ਪਾਣੀ ਦੇ ਛਿੱਟੇ ਮਾਰੇ। ਸ਼ੀਸ਼ੇ ਵਿਚ ਆਪਣਾ ਅਕਸ ਦੇਖਿਆ ਤਾਂ ਲੱਗਿਆ ਕਿ ਕੋਈ ਅਜਨਬੀ ਮੇਰੇ ਸਾਹਮਣੇ ਖੜ੍ਹਾ ਹੈ। ਹੁਣ! ਮੈਂ ਕੁਝ ਨਹੀਂ ਸੋਚ ਸਕੀ।

ਬਾਹਰ ਨਿਕਲੀ ਤਾਂ ਨਾਗੇਸ਼ ਕਾਫ਼ੀ ਦਾ ਵੱਡਾ ਮੱਗ ਲੈ ਕੇ ਮੇਰੇ ਕੋਲ ਆਇਆ, ''ਡੌਂਟ ਗੈਟ ਅਪਸੈਟ'' ਕਾਫ਼ੀ ਪੀਓ, ਦੇਖੋ ਇਹ ਫਲੈਟ ਕੰਪਨੀ ਵਲੋਂ ਮੈਨੂੰ ਮਿਲਿਆ ਹੈ। ਮੈਨੂੰ ਨਹੀਂ ਪਤਾ ਤੂੰ ਕਿਥੇ ਰਹੇਂਗੀ ਕੀ ਕਰੇਂਗੀ। ਪਰ ਤੂੰ ਚਾਹੇਂ ਤਾਂ ਮੈਂ ਹਫ਼ਤੇ ਭਰ ਲਈ ਹੋਟਲ 'ਚ ਰਹਿ ਲਵਾਂਗਾ। ਆਈ ਹੋਪ ਉਦੋਂ ਤੱਕ ਤੂੰ ਕਿਤੇ ਆਪਣਾ ਇੰਤਜ਼ਾਮ ਕਰ ਲਏਂਗੀ।''

ਮੈਂ ਨਿਸ਼ਬਦ ਕਾਫ਼ੀ ਪੀਣ ਲੱਗੀ। ਕਿਥੇ ਜਾਵਾਂਗੀ ਮੈਂ? ਇਕੱਲੀ ਰਹਾਂਗੀ ਹੋਸਟਲ ਵਿਚ? ਜਾਂ ਵਾਪਸ ਚੰਡੀਗੜ੍ਹ ਚਲੀ ਜਾਵਾਂ? ਮੈਂ ਅਣਜਾਣੇ ਵਿਚ ਬੋਲ ਪਈ, ਤੂੰ ਮੈਨੂੰ ਚੀਟ ਕੀਤਾ ਹੈ ਨਾਗੇਸ਼, ਤੂੰ ਕਿਸੇ ਲੜਕੀ ਨਾਲ ਰਹਿਣ ਦੇ ਕਾਬਿਲ ਨਹੀਂ ਹੈਂ?''

ਉਹ ਮੇਰੀ ਗੱਲ ਸੁਣਦਾ ਰਿਹਾ। ਰਾਤ ਢਲਣ ਲੱਗੀ। ਮੈਂ ਪਲੰਘ 'ਤੇ ਬੈਠੀ ਸਾਂ। ਨਾਗੇਸ਼ ਉਠਣ ਲੱਗਿਆ ਤਾਂ ਮੈਂ ਉਸਦਾ ਹੱਥ ਫੜ ਲਿਆ। ''ਤੂੰ ਮੇਰੇ ਨਾਲ ਇਸ ਤਰ੍ਹਾਂ ਕਿਉਂ ਕਰ ਰਿਹਾ ਹੈਂ? ਕੀ ਤੈਨੂੰ ਕੋਈ ਦੂਜੀ ਗਰਲ ਫਰੈਂਡ ਮਿਲ ਗਈ ਹੈ?''

ਨਾਗੇਸ਼ ਚੁਪ ਰਿਹਾ। ਮੈਂ ਬਿਸਤਰ ਵਿਚ ਪੈ ਗਈ। ਨਾਗੇਸ਼ ਨੇ ਹੌਲੀ ਜਿਹੇ ਪਲੰਘ ਤੋਂ ਚਾਦਰ ਤੇ ਸਰਾਹਣਾ ਚੁੱਕਿਆ ਮੈਂ ਆਵਾਜ਼ 'ਚ ਨਸ਼ਤਰ ਡੁਬੋ ਕੇ ਕਿਹਾ, ''ਤੇਰਾ ਘਰ ਹੈ-ਤੂੰ ਸੌਂ ਬਿਸਤਰ 'ਤੇ।''

ਨਾਗੇਸ਼ ਨੇ ਮੇਰੇ ਵਲ ਅਜੀਬ ਨਜ਼ਰਾਂ ਨਾਲ ਵੇਖਿਆ, ''ਬਕਵਾਸ ਨਾ ਕਰ।'' ਕੁਝ ਸੋਚਦੇ ਹੋਏ ਉਸਨੇ ਸਰਾਹਣਾ ਵਾਪਸ ਪਲੰਘ 'ਤੇ ਰੱਖ ਦਿੱਤਾ ਤੇ ਮੇਰੇ ਕੋਲ ਪੈ ਗਿਆ। ਮੈਂ ਹੌਲੀ ਜਿਹੀ ਆਪਣਾ ਖੱਬਾ ਹੱਥ ਉਸਦੇ ਸੀਨੇ 'ਤੇ ਰੱਖਿਆ। ਉਸਨੇ ਮੇਰਾ ਹੱਥ ਹਟਾਇਆ ਨਹੀਂ। ਮੇਰੇ ਹੱਥ ਉਸਦੇ ਸੀਨੇ ਦੇ ਵਾਲਾਂ ਨਾਲ ਖੇਡਣ ਲੱਗੇ। ਮੇਰਾ ਸਾਹ ਤੇਜ਼ ਹੋ ਰਿਹਾ ਸੀ। ਕੀ ਹੁਣ ਸਭ ਠੀਕ ਹੋ ਜਾਏਗਾ? ਅਸੀਂ ਇਉਂ ਹੀ ਇਕ ਦੂਜੇ ਦੇ ਸਾਹ ਗਿਣਦੇ ਖਾਮੋਸ਼ ਪਏ ਰਹੇ। ਅਚਾਨਕ ਨਾਗੇਸ਼ ਦੇ ਸਰੀਰ 'ਚ ਹਰਕਤ ਹੋਈ।

ਉਸਨੇ ਮੇਰੇ ਹੱਥ ਨੂੰ ਕਸ ਕੇ ਫੜਦਿਆਂ ਮੈਨੂੰ ਆਪਣੇ ਵਲ ਖਿੱਚਿਆ। ਉਸਦੀਆਂ ਬਾਹਾਂ ਦੀ ਜਕੜਨ ਜਾਣੀ ਪਹਿਚਾਣੀ ਸੀ। ਮੈਂ ਆਪਣੇ ਆਪ ਨੂੰ ਢਿੱਲਾ ਛੱਡ ਕੇ ਮੁਕਤ ਕਰ ਦਿੱਤਾ। ਕਈ ਦਿਨ ਬਾਅਦ ਅਸੀਂ ਇਕੱਠੇ ਹੋਏ ਸਾਂ। ਅਸੀਂ ਦੋਹਾਂ ਨੇ ਇਕ ਦੂਜੇ ਦੀ ਜ਼ਰੂਰਤ ਪੂਰੀ ਕੀਤੀ। ਘੰਟਾ ਮਗਰੋਂ ਮੈਂ ਹੌਂਕਦੀ ਹੋਈ ਉਸ ਨਾਲ ਲਿਪਟੀ ਪਈ ਸੀ। ਨਾਗੇਸ਼ ਦਾ ਇਕ ਹੱਥ ਮੇਰੇ ਵਾਲਾਂ ਨੂੰ ਸਹਿਲਾ ਰਿਹਾ ਸੀ। ਮੈਂ ਕਹਿਣਾ ਚਾਹੁੰਦੀ ਸੀ ਕਿ ਜਦੋਂ ਸਾਡਾ ਦੋਹਾਂ ਦੇ ਸਰੀਰ ਅੱਡ ਨਹੀਂ ਹੋਣੇ ਚਾਹੁੰਦੇ ਤਾਂ ਤੂੰ ਕਿਉਂ ਹੋਣਾ ਚਾਹੁੰਦਾ ਹੈਂ?

ਮੈਨੂੰ ਵਧੀਆ ਨੀਂਦ ਆਈ। ਸਵੇਰੇ ਉਠੀ ਤਾਂ ਨਾਗੇਸ਼ ਆਪਣਾ ਸਾਮਾਨ ਬੰਨ੍ਹ ਰਿਹਾ ਸੀ। ਮੈਂ ਉਸ ਵਲ ਬੇਯਕੀਨੀ ਨਾਲ ਵੇਖਿਆ। ਉਹ ਨ੍ਹਾ ਧੋ ਕੇ ਫਰੈਸ਼ ਹੋ ਚੁੱਕਿਆ ਸੀ। ਮੈਂ ਅਲਸਾਈ ਆਵਾਜ਼ ਵਿਚ ਪੁੱਛਿਆ, ''ਕਿਥੇ ਜਾ ਰਿਹਾ ਹੈਂ? ਟੂਰ 'ਤੇ?'' ਉਸਨੇ ਗੰਭੀਰਤਾ ਨਾਲ ਕਿਹਾ, ''ਮੈਂ ਹੋਟਲ ਐਂਬੈਸੇਡਰ ਵਿਚ ਹਫ਼ਤੇ ਲਈ ਰੂਮ ਬੁੱਕ ਕਰ ਲਿਆ ਹੈ। ਅਗਲੇ ਐਤਵਾਰ ਤੱਕ ਉਥੇ ਰਹਾਂਗਾ। ਆਈ ਹੋਪ ਉਦੋਂ ਤੱਕ ਤੂੰ ਰਹਿਣ ਲਈ ਕਮਰਾ ਲੱਭ ਲਏਂਗੀ। ਤੈਨੂੰ ਸ਼ਿਫਟਿੰਗ ਵਿਚ ਕੋਈ ਲੋੜ ਪਈ ਤਾਂ ਦੱਸੀਂ ਆਈ ਵਿਲ ਹੈਲਪ ਯੂ।''

ਅਗਲੇ ਦਿਨ ਮੈਂ ਦਫ਼ਤਰ ਤੋਂ ਆਈ, ਸ਼ਾਮ ਢਲੇ ਨਾਗੇਸ਼ ਦਾ ਕਜ਼ਨ ਰਾਜੂ ਘਰ ਆਇਆ। ਘਰ ਨਾਗੇਸ਼ ਨੂੰ ਨਾ ਦੇਖ ਕੇ ਉਸਨੇ ਸ਼ੱਕੀ ਜਿਹੀ ਆਵਾਜ਼ 'ਚ ਪੁੱਛਿਆ, ''ਨਾਗੇਸ਼ ਇਥੇ ਨਹੀਂ ਰਹਿੰਦਾ?''

ਮੈਂ ਚਿੜ੍ਹ ਗਈ, ''ਮੈਥੋਂ ਕਿਉਂ ਪੁੱਛਦਾ ਹੈਂ?''

''ਕਿਉਂਕਿ ਨਾਗ ਇਥੇ ਨਹੀਂ ਹੈ। ਕੀ ਹੋ ਗਿਆ? ਝਗੜਾ?''

''ਤੈਨੂੰ ਮਤਲਬ? ਉਹ ਹੋਟਲ ਐਂਬੈਸੇਡਰ ਵਿਚ ਠਹਿਰਿਆ ਹੈ-ਤੂੰ ਵੀ ਉਥੇ ਹੀ ਜਾਹ।''

ਰਾਜੂ ਬਿਨਾ ਕੁਝ ਕਹੇ ਆਪਣਾ ਸਾਮਾਨ ਅਨਪੈਕ ਕਰਨ ਲੱਗਿਆ। ਮੈਨੂੰ ਜਬਰਦਸਤ ਗੁੱਸਾ ਆਇਆ, ''ਤੂੰ ਇਥੇ ਨਹੀਂ ਰਹਿ ਸਕਦਾ। ਸਾਮਾਨ ਚੁੱਕ ਕੇ ਦਫ਼ਾ ਹੋ ਜਾ।''

''ਵਾਈ ਸ਼ੁੱਡ ਆਈ? ਮੇਰੇ ਭਰਾ ਦਾ ਘਰ ਹੈ-ਉਸਨੂੰ ਰਹਿਣ ਦੇ।''

ਮੈਂ ਹੋਟਲ ਫੋਨ ਕੀਤਾ। ਜਿਉਂ ਹੀ ਨਾਗੇਸ਼ ਲਾਈਨ ਤੇ ਆਇਆ। ਮੈਂ ਫੁੰਕਾਰੀ, ''ਵਾਹਟ ਦਾ ਹੈੱਲ। ਤੇਰਾ ਕਜ਼ਨ ਵੀ ਇਥੇ ਆਇਆ ਹੋਇਆ ਹੈ। ਉਸਨੂੰ ਵੀ ਉਥੇ ਬੁਲਾ ਲੈ-ਮੈਂ ਨਹੀਂ ਰੱਖਣਾ ਉਹਨੂੰ ਏਥੇ।''

ਨਾਗੇਸ਼ ਨੇ ਰਾਜੂ ਨਾਲ ਗੱਲ ਕੀਤੀ। ਰਾਜੂ ਨੇ ਪਤਾ ਨਹੀਂ ਤੇਲਗੂ ਵਿਚ ਉਸਨੂੰ ਕੀ ਕਿਹਾ। ਰਾਜੂ ਨੇ ਵਾਪਸ ਫੋਨ ਮੈਨੂੰ ਫੜਾਉਂਦੇ ਕਿਹਾ, ''ਤੇਰੇ ਨਾਲ ਗੱਲ ਕਰਨਾ ਚਾਹੁੰਦਾ ਹੈ ਨਾਗ।''

ਨਾਗੇਸ਼ ਨੇ ਮੈਨੂੰ ਕੁਝ ਨਰਮੀ ਨਾਲ ਕਿਹਾ, ''ਬੱਸ ਇਕ ਦਿਨ ਦੀ ਹੀ ਤਾਂ ਗੱਲ ਹੈ-ਉਸਨੂੰ ਉਥੇ ਰਹਿਣ ਦੇ-ਤੈਨੂੰ ਕੋਈ ਪ੍ਰਾਬਲਮ ਹੈਂ?''

''ਹਾਂ-ਆਈ ਡੌਂਟ ਲਾਈਕ ਹਿਮ।''

''ਮੈਂ ਇਹਦਾ ਕੁਝ ਨਹੀਂ ਕਰ ਸਕਦਾ।'' ਨਾਗੇਸ਼ ਨੇ ਫੋਨ ਰੱਖ ਦਿੱਤਾ।

ਰਾਜੂ ਨੇ ਬਹੁਤ ਮਜ਼ੇ ਨਾਲ ਆਪਣਾ ਸੂਟ ਕੇਸ ਖੋਹ ਲਿਆ। ਸ਼ਾਰਟ ਕੱਢੇ ਤੇ ਨਹਾਉਣ ਚਲਿਆ ਗਿਆ। ਮੈਂ ਅੰਦਰ ਕਮਰੇ ਵਿਚ ਸੁਲਘਦੀ ਰਹੀ। ਘੰਟੇ ਭਰ ਬਾਅਦ ਉਸਨੇ ਦਰਵਾਜ਼ਾ ਖੜਕਾਇਆ 'ਵਾਹਟ ਅਬਾਊਟ ਡਿਨਰ? ਕਿਤੇ ਬਾਹਰ ਚੱਲੀਏ?''

ਮੈਂ ਅੰਦਰੋਂ ਚੀਕੀ, ''ਤੂੰ ਜੋ ਕਰਨਾ ਹੈ ਕਰ।''

''ਮੈਂ ਪੀਜ਼ਾ ਮੰਗਵਾ ਰਿਹਾਂ, ਖਾਏਂਗੀ ਨਾ?''

''ਨਹੀਂ''

''ਫਿਰ ਕੀ ਖਾਏਂਗੀ?''

''ਫਰਿਜ਼ ਵਿਚ ਲੀਚੀ ਹੈ ਅੰਬ ਨੇ...।''

''ਉਹ ਤਾਂ ਮੈਂ ਖਾ ਲਏ।''

''ਯੂ...'' ਮੈਂ ਦਰਵਾਜ਼ਾ ਖੋਲ੍ਹ ਕੇ ਬਾਹਰ ਆ ਗਈ। ਫਰਿਜ਼ ਖੋਹਲ ਕੇ ਦੇਖਿਆ। ਫਲ ਉਵੇਂ ਦੇ ਉਵੇਂ ਰੱਖੇ ਸਨ। ਰਾਜੂ ਹੱਸਣ ਲੱਗਿਆ, ''ਤੂੰ ਅਪਸੈਟ ਹੈਂ ਕੀ ਹੋਇਆ?''

ਮੇਰੇ ਬਿਨਾ ਕੁਝ ਕਹੇ ਉਸਨੇ ਦੋ ਪੀਜ਼ੇ ਮੰਗਵਾ ਲਏ। ਮੈਂ ਕਾਫ਼ੀ ਦਿਨਾਂ ਤੋਂ ਪ੍ਰੇਸ਼ਾਨ ਸਾਂ। ਰਾਜੂ ਦੀਆਂ ਗੱਲਾਂ ਮੈਨੂੰ ਹੁਣ ਬੋਰ ਨਹੀਂ ਸਨ ਲੱਗ ਰਹੀਆਂ। ਬਲਕਿ ਲੱਗਿਆ ਕਿ ਚੰਗਾ ਹੋਇਆ ਕਿ ਇਹ ਇਥੇ ਰਹਿਣ ਆ ਗਿਆ। ਕਮ ਸੇ ਕਮ ਮੈਨੂੰ ਆਪਣੀ ਉਦਾਸੀ ਤੋਂ ਅੱਡ ਕੁਝ ਹੋਰ ਕਰਨ ਦਾ ਮੌਕਾ ਤਾਂ ਮਿਲਿਆ।

ਦੇਰ ਰਾਤ ਤੱਕ ਅਸੀਂ ਬਾਲਕਾਨੀ ਵਿਚ ਬੈਠ ਕੇ ਬੀਅਰ ਪੀਂਦੇ ਰਹੇ। ਮੈਂ ਅਵਾ ਤਵਾ ਬੋਲੀ ਜਾ ਰਹੀ ਸੀ। ਉਸਨੂੰ ਕਹਿ ਰਹੀ ਸੀ ਕਿ ਉਹ ਨਾਗੇਸ਼ ਨੂੰ ਕਹੇ ਕਿ ਉਹ ਮੇਰੇ ਕੋਲ ਵਾਪਸ ਆ ਜਾਏ। ਮੈਂ ਉਸਤੋਂ ਬਿਨਾ ਨਹੀਂ ਰਹਿ ਸਕਦੀ। ਰਾਜੂ ਧੀਰਜ ਨਾਲ ਮੇਰਾ ਵਿਰਲਾਪ ਸੁਣਦਾ ਰਿਹਾ। ਪਤਾ ਨਹੀਂ ਮੈਂ ਕਦੋਂ ਕਿਥੇ ਕਿਵੇਂ ਲੁੜਕ ਗਈ। ਉਹ ਚੁੱਕ ਕੇ ਮੈਨੂੰ ਕਮਰੇ ਵਿਚ ਲੈ ਆਇਆ।

ਸਵੇਰੇ ਉਠੀ ਤਾਂ ਅੱਖਾਂ ਤਪ ਰਹੀਆਂ ਸਨ ਸਿਰ ਵਿਚ ਭਿਆਨਕ ਦਰਦ ਸੀ। ਰਾਜੂ ਦਫ਼ਤਰ ਲਈ ਨਿਕਲ ਰਿਹਾ ਸੀ। ਉਸਨੇ ਮੇਰੇ ਵਲ ਦੇਖ ਕੇ ਹਮਦਰਦੀ ਨਾਲ ਕਿਹਾ, ''ਤੂੰ ਕਿਸੇ ਸਾਈਕੈਟਰਿਕ ਕੋਲ ਕਿਉਂ ਨਹੀਂ ਜਾਂਦੀ? ਯੂ ਨੀਡ ਏ ਕਾਊਂਸਲਿੰਗ?''

ਮੈਂ ਅਚਾਨਕ ਵਿਲਕ ਕੇ ਰੋਣ ਲੱਗੀ ''ਰਾਜੂ ਮੈਨੂੰ ਲੱਗਦਾ ਹੈ ਮੈਂ ਪਾਗਲ ਹੋ ਜਾਵਾਂਗੀ, ਤੂੰ ਠੀਕ ਕਹਿ ਰਿਹਾ ਹੈਂ?''

ਉਹ ਮੇਰੇ ਕੋਲ ਆ ਗਿਆ, ਤੂੰ ਇਉਂ ਕਿਉਂ ਕਰ ਰਹੀ ਹੈਂ? ਇਸ ਤਰ੍ਹਾਂ ਜ਼ਿੰਦਗੀ ਨਹੀਂ ਚੱਲਦੀ।''

ਉਸਨੇ ਹੌਲੀ ਜਿਹੇ ਮੇਰੇ ਰੁੱਖੇ, ਘੁੰਘਰਾਲੇ ਕੱਟੇ ਵਾਲਾਂ ਤੇ ਹੱਥ ਫੇਰਿਆ। ਮੈਂ ਉਸਨੂੰ ਨਹੀਂ ਰੋਕਿਆ। ਮੈਂ ਉਸ ਦੇ ਹੱਥਾਂ ਨੂੰ ਹਲਕਾ ਜਿਹਾ ਛੂਹਿਆ। ਉਸਨੇ ਹੌਲੀ ਜਿਹੀ ਕਿਹਾ, ''ਮੈਂ ਨਾਗੇਸ਼ ਨਹੀਂ ਹਾਂ।''

ਮੈਂ ''ਹਾਂ'' ਵਿਚ ਸਿਰ ਹਿਲਾਇਆ। ਉਹ ਨਾਗੇਸ਼ ਸੀ ਜਾਂ ਕੋਈ ਹੋਰ, ਇਸ ਨਾਲ ਹੁਣ ਕੀ ਫਰਕ ਪੈਂਦਾ ਸੀ?

**-ਅਨੁਵਾਦ:ਅਮਰਜੀਤ ਕੌਂਕੇ**

# ਜ਼ਖ਼ਮੀ ਦਰਿਆ

## ਲੜੀਵਾਰ ਨਾਵਲ

ਕਰਮਜੀਤ ਸਿੰਘ ਕੁੱਸਾ

ਭਾਗ – 1

ਉਹ ਆਪ ਮੁਹਾਰੇ ਬੋਲਦਾ ਰਿਹਾ, ਪਰ ਅੱਗੋਂ ਕਿਸੇ ਨੇ ਉਹਨੂੰ ਮੋੜ ਨਹੀਂ ਕੀਤਾ। ਉਦੋਂ ਹੀ ਵਿਹੜੇ ਵਿਚ ਪੈਰਾਂ ਦਾ ਖੜਾਕ ਹੋਇਆ, ਬਿੰਦ ਕੁ ਮਗਰੋਂ ਧੀਰਾ ਪੀਲੇ ਜਿਹੇ ਚਾਨਣ ਵਿਚ ਆਪਣੇ ਪਤਲੇ-ਪਤੰਗ ਸਰੀਰ ਨੂੰ ਜੋਰੋਜਬਰੀ ਅਡੋਲ ਬਣਾਉਂਦਾ ਆ ਗਿਆ, ਉਹਦੇ ਵਲ ਸਾਰਿਆਂ ਇਕ ਧਿਆਨ ਹੋ ਕੇ ਵੇਖਿਆ, ਪਰ ਪੁੱਛਿਆ ਕੁਝ ਨਾ। ਗੁਰਬਖਸ਼ ਫੇਰ ਬੋਲਣ ਲੱਗ ਪਿਆ।

"ਏਥੇ ਕੁੱਤੇ ਦੀ ਮੌਤ ਮਰੀ ਜਾਊ, ਹੱਥ ਪੱਲੇ ਕੁਸ਼ ਨੀ!"

ਧੀਰੇ ਨੇ ਕਿਸੇ ਵਲ ਨਾ ਵੇਖਦਿਆਂ ਜਿਵੇਂ ਆਪਣੇ ਆਪ ਨੂੰ ਆਖਿਆ ਹੋਵੇ, "ਓਸ ਘਰ ਨੇ ਸਾਲੇ ਨੇ ਕੀ ਬਣਨਾ, ਜਿੱਥੇ ਸਾਰੇ ਟੱਬਰ ਦੇ ਵੱਖੋ ਵੱਖਰੇ ਰਾਹ ਹੋਣ!"

"ਵੇ ਭਾਈ ਰੋਟੀ ਲਿਆਈਏ?" ਸਾਹਬ ਕੁਰ ਨੇ ਗੱਲ ਦਾ ਰੁਖ ਬਦਲਣ ਲਈ ਧੀਰੇ ਨੂੰ ਆਖਿਆ। ਪਰ ਉਸ ਉੱਤਰ ਕੋਈ ਨਾ ਦਿੱਤਾ।

"ਭੇਜਿਆ ਤਾਂ ਉਹਨੂੰ ਘਰੋਂ ਪੈਸੇ ਲਾਕੇ, ਉਥੇ ਜਾਕੇ ਉਹ ਪਤੰਦਰ ਬਣਕੇ ਬਹਿ ਗਿਆ!"

"ਵੇ, ਤੂੰ ਰੋਟੀ ਖਾ ਲੈ! ਕੋਈ ਨੀ! ਕੁਸ਼ ਨੀ ਹੁੰਦਾ! ਕਿਧਰੇ ਨੀ ਜਾਂਦੇ ਪੈਸੇ! ਉਥੇ ਉਹਦੇ ਸਜਾਏ ਮਾਂ ਪਿਉ ਬੈਠੇ ਐ! ਜਿਹੜਾ ਮਿਲਖ ਵੰਡ-ਦੂ!"

ਵਿਹੜੇ ਵਿਚ ਪੈੜ ਚਾਲ ਮਹਿਸੂਸ ਕਰਕੇ ਗੁਰਬਖਸ਼ ਅਤੇ ਧੀਰਾ ਉਧਰ ਝਾਕੇ, ਸਾਹਮਣੇ ਪਾਲ ਨੂੰ ਵੇਖਕੇ ਬਿੰਦ ਕੁ ਤਾੜ ਜਿਹੀ ਨਾਲ ਵੇਖਦੇ ਰਹੇ। ਹਰਪਾਲ ਚੁੱਪ ਚਾਪ ਆ ਕੇ ਧੀਰੇ ਵਾਲੇ ਮੰਜੇ ਉੱਤੇ ਉਸ ਵੱਲ ਪਿੱਠ ਕਰਕੇ ਬੈਠ ਗਿਆ। ਪਤਾ ਨਹੀਂ ਕੀ ਹੋਇਆ, ਪਾਲ ਦੀ ਆਮਦ ਨਾਲ ਮਹੌਲ ਵਿਚ ਟਿਕਾ ਤਾਂ ਆਇਆ, ਹਵਾ ਜਿਵੇਂ ਬੰਦ ਹੋ ਗਈ ਸੀ। ਧੀਰੇ ਦੀ ਅਵਾਜ਼ ਸੁਣਾਈ ਦਿੱਤੀ, ਕੀ ਗੱਲ ਬਈ ਸਾਥੋਂ, ਮੁਸ਼ਕ ਆਉਂਦਾ ਐ?"

"ਨਹੀਂ!" ਪਾਲ ਨੇ ਖਸਿਆਨੀ ਜੇਹੀ ਹਾਸੀ ਹੱਸੀ।

"ਫੇਰ ਹੈਂ ਬਹਿ ਗਿਆ?"

"ਬੱਸ ਉਅਈ!"

ਸੁੱਖੀ ਨੇ ਰੋਟੀ ਵਾਲਾ ਥਾਲ ਪਾਲ ਨੂੰ ਲਿਆ ਫੜਾਇਆ।

"ਆਉਣ ਲੱਗ-ਜੂਗਾ!" ਗੁਰਬਖਸ਼ ਨੇ ਤਨਜ਼ ਜਿਹੀ ਨਾਲ ਆਖਿਆ, ਸਾਰੇ ਜਣੇ ਹਨੇਰੇ ਵਿਚ ਉਹਦੇ ਵਲ ਝਾਕੇ, ਪਰ ਉਹ ਆਪਣੇ ਧਿਆਨ ਰੋਟੀ ਖਾਈ ਜਾਂਦਾ ਸੀ।

ਗੁਰਬਖਸ਼ ਫੇਰ ਵੀ ਗੱਲਾਂ ਰੜਕਾਉਂਦਾ ਰਿਹਾ, ਰੋਟੀ ਖਾ ਕੇ ਉੱਠਣ ਲੱਗਿਆ, ਗੁਰਬਖਸ਼ ਪਾਲ ਦੇ ਮੂਹਰੇ ਆ ਕੇ ਖੜੋ ਗਿਆ, ਸਾਰੇ ਟੱਬਰ ਨੇ ਸਾਹ ਰੋਕ ਲਏ। ਪਲ ਕੁ ਉਹ ਚੁੱਪ ਖਲੋਤਾ ਰਿਹਾ, ਫੇਰ ਬੋਲਿਆ।

"ਤੂੰ ਅੱਜ ਕਿੱਥੋਂ ਆਇਐਂ?"

"ਲੁਧਿਆਣਿਓਂ!" ਪਾਲ ਬਿਨਾਂ ਮੂੰਹ ਉਪਰ ਚੁੱਕਿਆਂ ਨੀਵੀਂ ਪਾਈ ਰੋਟੀ ਖਾਂਦਾ ਰਿਹਾ।

"ਐਨੇ ਦਿਨ ਲੁਧਿਆਣੇ ਕੀ ਕਰਦਾ ਰਿਹਾ?"

ਪਾਲ ਚੁੱਪ-ਚਾਪ ਰੋਟੀ ਖਾਂਦਾ ਸੁੰਨ ਹੋ ਗਿਆ। ਉਸ ਸੋਚਿਆ ਜੇ ਨਾ ਬੋਲਾਂ ਤਾਂ ਹੀ ਠੀਕ ਹੈ। ਗੁਰਬਖਸ਼ ਵੀ ਇਕ ਲੱਤ ਉੱਤੇ ਭਾਰ ਪਾਈ ਮੁੰਡੇ ਦੇ ਨੀਵੇਂ ਹੋਏ ਸਿਰ ਨੂੰ ਵਿਹੰਦਾ ਰਿਹਾ। ਅਖੀਰ ਗੁਰਬਖਸ਼ ਠਰੰਮੇ ਨਾਲ ਪਰ ਰੜਕਵੀਂ ਅਵਾਜ਼ ਵਿਚ ਕਹਿਣ ਲੱਗਿਆ; "ਕਾਕਾ ਵਿਹਲਾ ਫਿਰਨਾ ਚੰਗਾ ਨਹੀਂ ਹੁੰਦਾ, ਤੂੰ ਕੰਮ-ਕਿੱਤਾ ਭਾਲ ਲੈ! ਕਾਮਰੇਡਾਂ ਨੇ ਤੈਨੂੰ ਕੁਸ਼ ਨ੍ਹੀ ਦੇਣਾ! ਜਿਹੜੀ ਗੱਲ ਮਗਰ ਤੁਸੀਂ ਲੱਗੇ ਫਿਰਦੇ ਓਂ, ਏਡੀ ਸੌਖੀ ਨਹੀਂ! ਨਿਜ਼ਾਮ ਇਉਂ ਥੁੱਕ-ਲੁੱਕ ਨਾਲ ਨਹੀਂ ਬਦਲੇ ਜਾਂਦੇ!" ਥੋੜਾ ਜੇਹਾ ਰੁਕ ਕੇ ਉਸ ਮੁੰਡਾ ਦਾ ਜਾਇਜ਼ਾ ਲਿਆ, ਉਹਨੇ ਨੀਵੀਂ ਚੁੱਕੇ ਬਿਨਾ ਹੌਲੀ ਜਿਹੀ ਆਖਿਆ, "ਮਾਸਟਰਾਂ ਦੀਆਂ ਕੁਸ਼ ਪੋਸਟਾਂ ਨਿਕਲੀਆਂ। ਅਪਲਾਈ ਕਰਦੇ ਆਂ! ਸ਼ਾਇਦ ਕੰਮ ਬਣ ਜਾਵੇ!"

"ਨਹੀਂ ਮਾਸਟਰੀ ਮਿਲਦੀ ਕੋਈ ਹੋਰ ਕਿੱਤਾ ਕਰ ਲੈ! ਜੇ ਲੋਕ ਥੋੜੇ ਵਾਂਗੂ ਕਰਨ ਉਹ ਤਾਂ ਭੁੱਖੇ ਮਰ ਜਾਣ!"

ਹਰਪਾਲ ਚੁਪ ਚਾਪ ਹੌਲੀ ਜਿਹੀ ਰੋਟੀ ਭੰਨਦਾ, ਤੇ ਮੂੰਹ ਵਿਚ ਪਾ ਲੈਂਦਾ। ਉਹ ਗੁਰਬਖਸ਼ ਦੀਆਂ ਬਹੁਤੀਆਂ ਗੱਲਾਂ ਦਾ ਜਵਾਬ ਨਹੀਂ ਦੇਣਾ ਚਾਹੁੰਦਾ ਸੀ। ਗੁਰਬਖਸ਼ ਪੈਣ ਚਲਾ ਗਿਆ। ਮਗਰੋਂ ਧੀਰਾ ਬੋਲਣ ਲੱਗ ਪਿਆ। ਸਾਹਬ ਕੁਰ ਉਹਨੂੰ ਖੇਤ ਜਾਣ ਲਈ ਜ਼ੋਰ ਦੇ ਰਹੀ। ਅਵਾਰਾ ਫਿਰਦੀਆਂ ਗਾਈਆਂ ਪੱਕਣ ਤੇ ਆਈ ਫਸਲ ਦਾ ਨਾਸ ਮਾਰ ਜਾਂਦੀਆਂ ਸਨ। ਹਰਪਾਲ ਨੇ ਰੋਟੀ ਖਾ ਕੇ ਨਲਕੇ 'ਤੇ ਜਾਕੇ ਹੱਥ ਧੋਤੇ ਤੇ ਬਾਹਰ ਨਿਕਲ ਗਿਆ।

ਕੁਝ ਦਿਨਾਂ ਪਿੱਛੋਂ ਦਰਸ਼ਨ ਦੇ ਸਹੁਰਿਆਂ ਤੋਂ ਇੱਕ ਹੋਰ ਖ਼ਬਰ ਉੱਡਦੀ ਹੋਈ ਉਹਨਾਂ ਦੇ ਕੰਨਾਂ ਨਾਲ ਆ ਟਕਰਾਈ ਕਿ ਦਰਸ਼ਨ ਦੇ ਨਾਲ ਕੁਝ ਜ਼ਮੀਨ ਖਰੀਦ ਲਈ ਹੈ। ਇਹ ਖ਼ਬਰ ਜਿੰਨੀ ਤੇਜ਼ੀ ਨਾਲ ਆਈ, ਉਤਨੀ ਤੇਜੀ ਨਾਲ ਸਾਰੇ ਘਰ ਵਿਚ ਅੱਗ ਵਾਂਗ ਫੈਲ ਗਈ। ਗੁਰਬਖਸ਼ ਅਤੇ ਸਾਹਬ ਕੁਰ ਦਾ ਸਬਰ ਪਹਿਲਾਂ ਹੀ ਬੇਕਾਬੂ ਹੋਇਆ ਪਿਆ ਸੀ। ਦਿਨ ਛਿਪੇ ਗੁਰਬਖਸ਼ ਦੇ ਸਰੀਰ ਵਿਚ ਚਾਰ ਘੁੱਟਾਂ ਗੇੜਾ ਲਾਉਂਦੀਆਂ, ਤਦ ਬੁੜਕਦਾ, ਪਰ ਸਾਹਬ ਕੁਰ ਹਮੇਸ਼ਾ ਹੀ ਬੋਲੀ ਜਾਂਦੀ। ਕੰਮ ਕਰਦੀ ਫਿਰਦੀ ਉਹ ਰਤਾ ਰੁਕ ਕੇ ਹੱਥ ਮਾਰ ਕੇ ਬਿਨਾਂ ਕਿਸੇ ਨੂੰ ਆਖਿਆ ਕਹਿੰਦੀ, "ਆਹ ਨਵੇਂ ਕੰਮ ਤਾਂ ਅਸੀਂ ਹੁਣ ਈ ਵੇਖੇ ਐ! ਅਸੀਂ ਵੀ ਧੀਆਂ ਪੁੱਤ ਸੀ ਕਿਸੇ ਦੇ! ਉੱਚਾ ਬੋਲ ਤਾਂ ਕੀ ਕੱਢਣਾਂ ਸੀ। ਅੱਖ ਭਰਕੇ ਨੀ ਸੀ ਕਦੇ ਵੇਖਿਆ! ਹੁਣ ਤਾਂ ਜੀਓ ਜੀਅ ਦੇ ਅੱਡੋ ਅੱਡ ਰਾਹ ਐ! ਕੋਈ ਪੁੱਛਦਾ ਨੀ ਬੱਸ ਸਾਰੇ ਆਪ ਹੁਦਰੇ ਹੋਏ ਫਿਰਦੇ ਐ! ਮਾਂ ਪਿਉ ਤਾਂ ਬਣਾ-ਤੇ ਚੂਹੜੇ, ਸਹੁਰੇ ਹੋਗੇ ਚੰਗੇ!"

ਉਹ ਪਲ ਕੁ ਰੁਕ ਗਈ। ਫੇਰ ਜਿਵੇਂ ਚੈਨ ਨਾ ਆਉਂਦੀ ਹੋਵੇ, ਲੱਸੀ ਵਾਲਾ ਚਟੂਰਾ ਕੂਚਣਾਂ ਸ਼ੁਰੂ ਕਰ ਦਿੰਦੀ, "ਥੋਨੂੰ ਜੰਮਿਆ! ਪਾਲਿਆ! ਜਨੌਰਾ ਵਾਂਗੂ ਮੂੰਹ 'ਚ ਭੋਰਾ ਭੋਰਾ ਪਾਇਐ! ਕੋਲੋਂ ਰਕਮਾਂ ਖਰਚ ਕਰਕੇ ਵਿਆਹ ਕੀਤੇ ਐ! ਹੁਣ ਇਹ ਬਹੂਆਂ ਵਾਲੇ ਬਣਗੇ ਜਾਂ ਤਾਂ ਦੱਸਣ ਕੋਈ ਦੁਰਾਂਝ ਕੀਤਾ ਹੋਵੇ, ਹੁਣ ਰੰਨਾਂ ਦੇ ਬਣਕੇ ਬਹਿਗੇ!"

ਚਟੂਰਾ ਕੂਚ ਕੇ ਉਹਨੇ ਕੰਧ ਨਾਲ ਟੇਢਾ ਕਰਕੇ ਧੁੱਪੇ ਰੱਖ ਦਿੱਤਾ! ਫੇਰ ਆਸੇ ਪਾਸੇ ਵੇਖਿਆ, ਜਿਵੇਂ ਕੋਈ ਹੋਰ ਅਧੂਰਾ ਕੰਮ ਰਹਿੰਦਾ ਹੋਵੇ। ਉਠਣ ਲੱਗੀ ਤਦ ਸਰੀਰ ਨੇ ਉਮਰ ਦੇ ਤਕਾਜ਼ੇ ਅਨੁਸਾਰ ਕਮਜ਼ੋਰੀ ਮੰਨੀ, ਦੁੱਖ ਅੰਦਰੋਂ ਹੂਕ ਬਣਕੇ ਨਿਕਲਿਆ,"ਹਾਅਏ, ਹੁਣ ਤਾਂ ਸਰੀਰ ਵੀ ਆਖਾ ਮੰਨਣੋਂ ਹਟਦਾ ਜਾਂਦੈ! ਸਾਰੀ ਉਮਰ ਤਾਂ ਨੀ ਬੰਦੇ ਦਾ ਸਰੀਰ ਘੋੜੇ ਵਰਗਾ ਰਹਿੰਦਾ! ਪਹਿਲੀ ਉਮਰ ਵਿਚ ਬਥੇਰਾ ਸਰੀਰ ਦਾ ਪਾਣੀ ਬਣਾਇਐ! ਪਰ ਕਿਸੇ ਨੇ ਸ਼ਾਬਾਸ਼ੇ ਨੀ ਦਿੱਤੀ! -ਪਹਿਲਾਂ ਮਾਂ ਪਿਉ ਦੇ ਘਰ ਲੋਹੜੇ ਦਾ ਧੰਦ ਪਿੱਟਿਐ! ਫੇਰ ਸੱਸ-ਸਹੁਰੇ ਮੂਹਰੇ ਕੱਟਿਐ! ਜਿਨੀ ਅਵੈੜੀ ਸੱਸ ਮੇਰੀ ਸੀ। ਜਹਾਨ 'ਤੇ ਨਹੀਂ ਕੋਈ ਬੁੜੀ ਹੋਣੀ! ਐਨਾ ਹੁਕਮ ਨਹੀਂ ਸੀ ਬਈ ਬਿਨ ਪੁੱਛੇ ਕਾੜਨੀ 'ਚੋਂ ਦੁੱਧ ਲਾਹ ਕੇ ਪੀ ਲਾਂ! ਜੇ ਕਦੇ ਪੁੱਛਣਾਂ! ਬਘਿਆੜੀ ਵਾਂਗੂ ਖਾਣ ਆਇਆ ਕਰੇ, ਲੈ-ਲੋ ਥੋੜਾ ਕਿਸੇ ਨੇ ਹੱਥ ਫੜਿਐ! ਏਥੇ ਸਭ ਕੁਝ ਕਰਦਿਆਂ ਕਰਦਿਆਂ ਵੀ ਪਰਵਾਹਰੇ ਹੋਏ ਫਿਰਦੇ ਐ!"

ਗੁਰਬਖਸ਼ ਨੂੰ ਖਿੜਕ ਵੜਦਾ ਵੇਖ ਕੇ ਉਹ ਚੁੱਪ ਕਰ ਗਈ। ਉਸ ਸਿਰ ਉਤਲੀ ਪੱਗ ਲਾਹ ਕੇ ਮੰਜੇ ਉੱਤੇ ਬੈਠਦਿਆਂ ਸਾਹਬ ਕੁਰ ਵਲ ਵੇਖਿਆ, "ਤੂੰ ਕਿਉਂ ਐਵੇਂ ਸਾਰਾ ਦਿਨ ਟਿੰਡ 'ਚ ਕਾਨਾ ਪਾਈ ਰੱਖਦੀ ਐਂ, ਕੋਈ ਵੇਲਾ-ਕੁਵੇਲਾ ਵੀ ਵੇਖਿਆ ਕਰ!"

"ਟਿੰਡ 'ਚ ਕਾਨਾ ਮੈਂ ਕੀ ਪਾਉਣੈ! ਅਜੇ ਔਧੀ ਕਬੀਲਦਾਰੀ ਸਿਰ ਤੇ ਪਈ ਐ! ਗੋਝਾਂ ਹੁਣੇ ਈ ਅੱਡ ਰੱਖਣੀਆਂ ਸ਼ੁਰੂ ਕਰ-ਤੀਆਂ!"

"ਕਬੀਲਦਾਰੀ ਮੇਰੀ ਐ, ਮੈਂ ਆਪੇ ਕਿਉਂਟ ਲੂੰ ਗਾ! ਮੇਰੀ ਕਬੀਲਦਾਰੀ ਇਹਨਾਂ ਦੇ ਮਗਰ ਨ੍ਹੀ ਭੱਜੀ ਜਾਂਦੀ!"

"ਹੁਣ ਤੇਰੇ 'ਚ ਰਹਿ ਕੀ ਗਿਆ? ਪਹਿਲਾਂ ਭੈਣ ਭਰਾਵਾਂ ਨੂੰ ਬਰਾਬਰ ਕੀਤਾ! ਫੇਰ....ਹੁਣ ਕੁੜੀ ਵਿਆਹੁਣ ਵਾਲੀ ਐ! ਅਜੇ ਦੋ ਮੁੰਡੇ ਉਵੇਂ ਫਿਰਦੇ ਐ!"

ਚਾਹ ਵਾਲੀ ਗੜਬੀ ਉਹਨੇ ਗੁਰਬਖਸ਼ ਕੋਲ ਰੱਖ ਦਿੱਤੀ। ਗੁਰਬਖਸ਼ ਨੇ ਚਾਹ ਗਲਾਸ ਵਿਚ ਉਲੱਦੀ, "ਮੁੰਡੇ ਸਾਰੇ ਜਿੱਥੇ ਮਰਜ਼ੀ ਧੱਕੇ ਖਾਣ! ਕੁੜੀ ਜੋਗਾ ਮੇਰੇ ਕੋਲ ਬਹੁਤ ਕੁਸ਼ ਐ! ਜ਼ਮੀਨ ਵੇਚ ਕੇ ਵਿਆਹ-ਦੂੰ। ਮੁੰਡੇ ਤਾਂ ਖੁਦਾ ਬਣੇ ਫਿਰਦੇ ਐ! ਮੇਰੇ ਵਲੋਂ ਜਿੱਧਰ ਮਰਜ਼ੀ ਜਾਣ! ਅੱਜ ਤੋਂ ਬੇਦਖਲ ਸਮਝਣ ਆਪਣੇ ਆਪ ਨੂੰ!"

ਭਾਂਡੇ ਮਾਂਜਦੀ ਬਲਵੰਤ ਉਹਨਾਂ ਵਲ ਝਾਕੀ, ਸਾਹਬ ਕੁਰ ਕੋਲ ਖਲੋਤੀ ਹੱਥ ਮਾਰ ਮਾਰ ਬੋਲੀ ਜਾਂਦੀ ਸੀ। ਭਾਂਡਿਆਂ ਦੇ ਟੋਕਰੇ ਵਲ ਤੱਕ ਕੇ ਉਸਦੇ ਅੰਦਰੋਂ ਠੰਡਾ ਜਿਹਾ ਹਉਕਾ ਉਭਰਿਆ।

ਆਥਣ ਸਮੇਂ ਜਗਰਾਜ ਜਦੋਂ ਖਿੜਕ ਕੋਲ ਝੋਲਾ ਲਈ ਆਉਂਦਾ ਦਿਸਿਆ, ਬਲਵੰਤ ਨੇ ਉਹਦੇ ਵਲ ਵੇਖਿਆ, ਜਗਰਾਜ ਦੇ ਮੋਢੇ ਡੱਬੀਆਂ ਵਾਲਾ ਪਰਨਾ ਰੱਖਿਆ ਹੋਇਆ ਸੀ ਸਿਰ ਦੇ ਵਾਲ ਉਤਾਂਹ ਵਲ ਹੋਏ ਖਲੋਤੇ ਸਨ। ਜਗਰਾਜ ਨੂੰ ਬਲਵੰਤ ਦਾ ਚਿਹਰਾ ਰੁੱਸਿਆ ਜੇਹਾ ਪ੍ਰਤੀਤ ਹੋਇਆ। ਉਸਨੇ ਚੁੱਪ-ਚੁਪੀਤਿਆਂ ਹੀ ਅੰਦਰ ਜਾ ਕੇ ਝੋਲਾ ਪੇਟੀ ਉੱਤੇ ਰੱਖ ਦਿੱਤਾ, ਬਾਹਰ ਮੰਜੇ ਉੱਤੇ ਪੈ ਗਿਆ। ਬਲਵੰਤ ਨੇ ਚੁਪਚਾਪ ਹੀ ਪਾਣੀ ਦਾ ਗਲਾਸ ਲਿਆ ਦਿੱਤਾ। ਉਹਨੇ ਪਾਣੀ ਫੜਦਿਆਂ ਘਰਵਾਲੀ ਦੇ ਮੂੰਹ ਵਲ ਵੇਖਿਆ, ਚਿਹਰਾ ਕਸਿਆ ਮਹਿਸੂਸ ਹੋਇਆ। ਬਲਵੰਤ ਨੇ ਪੁੱਛਿਆ, "ਨਹਾਉਣਾ ਐ ਤਾਂ ਪਾਣੀ ਪਾਵਾਂ!"

"ਹਾਂ, ਪਾ-ਦੇ!"

ਬਲਵੰਤ ਕੁਰ ਨੇ ਚੁੱਲ੍ਹੇ ਤੋਂ ਗਰਮ ਪਾਣੀ ਦਾ ਪਤੀਲਾ ਲਾਹ ਕੇ ਬਾਲਟੀ ਵਿਚ ਉਲੱਦ ਕੇ ਨਲਕੇ ਕੋਲ ਰੱਖ ਆਈ। ਜਗਰਾਜ ਦੋਵੇਂ ਹੱਥ ਸਿਰ ਥੱਲੇ ਕਰੀ ਪਿਆ ਸੀ। ਬਾਹਰੋਂ ਸਾਹਬ ਕੁਰ ਆ ਗਈ, ਉਹ ਸਿੱਧੀ ਜਗਰਾਜ ਦੇ ਮੰਜੇ ਵਲ ਆਈ, ਮੰਜੇ ਦੀ ਪੁਆਂਦ ਉੱਤੇ ਬਹਿ ਕੇ ਉਸ ਨਾਲ ਗੱਲੀਂ ਲੱਗ ਗਈ। ਜਗਰਾਜ ਨੇ ਆਲਾ ਦੁਆਲਾ ਵੇਖਦਿਆਂ ਪੁੱਛਿਆ,"ਘਰ 'ਚ ਅੱਜ ਕੋਈ ਦਿਸਦਾ ਈ ਨ੍ਹੀ।"

"ਧੀਰਾ ਤਾਂ ਅਜੇ ਖੇਤੋਂ ਈ ਨਹੀਂ ਮੁੜਿਆ! ਆਉਂਦਾ ਵੀ ਉਹ ਨ੍ਹੇਰੇ ਈ ਐ! ਬਾਪੂ ਜੀ ਤੇਰੇ ਨੂੰ ਪਿੰਡ ਦੇ ਬੰਦੇ ਦੇ ਬੂਹੇ ਸੱਦ ਕੇ ਲੈ ਗਏ, ਅਖੇ ਕੋਈ ਕੰਮ ਐ!"

"ਕੁੱਕੂ ਹੋਰੀਂ ਵੀ ਨ੍ਹੀ ਦਿੱਸਦੇ?" ਉਸ ਆਪਣੇ ਛੇ ਸਾਲ ਦੇ ਮੁੰਡੇ ਬਾਰੇ ਪੁੱਛਿਆ।

"ਆਹੋ, ਕੁੜੇ ਕਿੱਥੇ ਐ ਮੁੰਡੇ!"

ਸਾਹਬ ਕੁਰ ਨੇ ਇਧਰ ਉਧਰ ਧੌਣ ਘੁਮਾਈ।

"ਸੌਂ ਗੇ!"

"ਐਡੀ-ਛੇਤੀ!" ਜਗਰਾਜ ਨੂੰ ਜਿਵੇਂ ਹੈਰਾਨੀ ਹੋਈ ਹੋਵੇ, ਪਰ ਉਧਰੋਂ ਉੱਤਰ ਕੋਈ ਨਾ ਆਇਆ।

'ਉਹ ਤਾਂ ਭਾਈ ਫੇਰ ਅੱਜ ਸੌਂਗੇ, ਕੁੱਟ ਖਾਧੀ ਐਵੇਂ ਬੇਈਮਾਨ ਨੇ। ਮੈਥੋਂ ਵੀ ਲੱਗੀਆਂ ਦੋ ਕੁ।'

ਸਭ ਕੁਝ ਜਾਣਦਾ ਬੁਝਦਾ ਜਗਰਾਜ ਕੁਝ ਨਾ ਬੋਲਿਆ। ਉਸ ਗੱਲ ਬਦਲਣ ਲਈ ਪੁੱਛਿਆ, "ਬੇ ਜੀ, ਤੂੰ ਐਸ ਵੇਲੇ ਕਿੱਥੋਂ ਆਈ ਐਂ?"

"ਵੇ ਭਾਈ, ਮੱਕੀ ਚੱਬਾਂ ਦੀ ਬੁੜੀ ਮਰ ਗੀ! ਮੈਂ ਤਾਂ ਉਨ੍ਹਾਂ ਦੇ ਬੈਠਣ ਗਈ ਸੀ! ਅਸੀਂ ਤਾਂ ਉਥੇ ਹੋਰ ਈ ਗੱਲ ਸੁਣੀ ਅਖੇ ਇਹਨਾਂ ਦੀ ਕੁੜੀ ਚੂਹੜਿਆਂ ਦੇ ਮੁੰਡੇ ਕੋਲ ਆਉਂਦੀ ਜਾਂਦੀ ਐ!"

ਜਗਰਾਜ ਮੂੰਹ ਘੁਮਾ ਕੇ ਹੱਸ ਪਿਆ, "ਮੱਕੀ ਚੱਬ ਤਾਂ ਜੱਟ ਐ!"



"ਤਾਂ ਹੀ ਚਰਜ ਲੱਗਿਐ-ਮਖਿਆ ਭਾਈ ਪਰਲੋ ਆਉਣ ਵਾਲੀ ਐ?"

"ਬੇ ਜੀ ਇਉਂ ਕਦੇ ਹੋਇਐ? ਐਵੇਂ ਲੋਕਾਂ ਨੂੰ ਭਕਾਈ ਕਰਨ ਦੀ ਆਦਤ ਹੁੰਦੀ ਐ! ਜਿਹੜਾ ਚੱਜ ਦੀ ਰੋਟੀ ਖਾਣ ਲੱਗ ਜੇ, ਲੋਕ ਤਾਂ ਉਹਦੀ ਬਦਖੋਈ ਕਰਦੇ ਈ ਹੁੰਦੇ ਐ! ਮੈਂ ਵੀ ਸੁਣੀ ਐ, ਇਹ ਗੱਲ! ਭਾਂਮੇ ਮੁੰਡਾ ਸਰਕਾਰੀ ਡਾਕਟਰ ਲੱਗਿਆ ਹੋਇਐ। ਪਰ ਜੱਟਾਂ ਦੀ ਕੁੜੀ ਚੂਹੜਿਆਂ ਦੇ ਮੁੰਡੇ ਨਾਲ! ਐਹੋ-ਜਿਆ ਅਨਰਥ ਨ੍ਹੀ ਹੁੰਦਾ!"

"ਮੈਂ ਵੀ ਆਖਿਐ ਭਾਈ ਇਹੋ ਜੀ ਅਣਹੋਣੀ ਨਾਲ ਚੰਦ-ਸੂਰਜ ਨਾ ਪੁੱਠੇ ਹੋ ਜਾਣਗੇ!"

"ਐਵੇਂ ਬੁੜੀਆਂ ਦੇ ਮੂੰਹ ਦਾ ਸੁਆਦ ਐ!"

ਆਖਕੇ ਜਗਰਾਜ ਨੇ ਉੱਠਕੇ ਨਹਾਉਣ ਲਈ ਤਾਰ ਤੋਂ ਪਰਨਾ ਲਾਹ ਲਿਆ।

ਸਾਹਬ ਕੁਰ ਉੱਠ ਕੇ ਚੌਂਤੇ ਵਲ ਚਲੀ ਗਈ। ਬਹੂ ਨਾਲ ਨਿੱਕਾ-ਮੋਟਾ ਕੰਮ ਕਰਵਾਉਣ ਜਾ ਲੱਗੀ। ਸੁੱਖੀ ਅੰਦਰ ਬਲਬ ਦੇ ਮੱਧਮ ਚਾਨਣ ਵਿਚ ਪੜ੍ਹ ਰਹੀ ਸੀ, ਉਸਦਾ ਦਸਵੀਂ ਦਾ ਇਮਤਿਹਾਨ ਸ਼ੁਰੂ ਹੋਣ ਵਾਲਾ ਸੀ। ਹਰਪਾਲ ਨੇ ਬਾਹਰੋਂ ਆ ਕੇ ਜਗਰਾਜ ਨਾਲ ਰਸਮੀ ਜਿਹੀ ਗੱਲ-ਬਾਤ ਕੀਤੀ। ਸਾਹਮਣੇ ਕਮਰੇ ਵਿਚ ਪੜ੍ਹਦੀ ਸੁੱਖੀ ਕੋਲ ਚਲਾ ਗਿਆ। ਉਸਨੂੰ ਰੋਟੀ ਲਿਆਉਣ ਲਈ ਆਖ ਕੇ ਆਪ ਮੰਜੇ ਉੱਤੇ ਬਹਿ ਗਿਆ। ਕਮਰੇ ਵਿਚ ਅੱਖਾਂ ਘੁਮਾਉਂਦਿਆਂ ਉਸ ਬਾਹਰਲੀ ਬਿੜਕ ਲਈ, ਸੁਖੀ ਰੋਟੀ ਲਈ ਆਉਂਦੀ ਸੀ। ਉਸਤੋਂ ਅਗਲੇ ਦਿਨ ਉਸ ਸਲੈਕਸ਼ਨ ਬੋਰਡ ਵਲੋਂ ਕੱਢੀਆਂ ਪੋਸਟਾਂ ਲਈ ਅਪਲਾਈ ਕੀਤਾ, ਬਾਕੀ ਦਿਨਾਂ ਵਿਚ ਉਹ ਧੀਰੇ ਨਾਲ ਖੇਤ ਕੰਮ ਕਰਾਉਂਦਾ। ਮਾਰਚ ਚੜ੍ਹ ਪਿਆ ਸੀ। ਲੋਕ ਨਿੱਖਰੀ ਜਿਹੀ ਧੁੱਪ ਵਿਚ ਸਰ੍ਹੋਂ 'ਕੱਠੀ ਕਰ ਰਹੇ ਸਨ। ਹਰਪਾਲ ਧੀਰੇ ਨਾਲ ਸਰ੍ਹੋਂ ਇਕੱਠੀ ਕਰਵਾ ਰਿਹਾ ਸੀ। ਧੀਰਾ ਉਹਨੂੰ ਪਿੰਡ ਦੀਆਂ ਗੱਲਾਂ ਸੁਣਾ ਸੁਣਾ ਹਸਾਉਂਦਾ, ਪਰ ਹਰਪਾਲ ਦੀ ਸੁਰਤੀ ਰਾਇਕੋਟ ਵਲ ਲੱਗੀ ਹੋਈ ਸੀ। ਤਾਰਾ ਰਾਇ ਸਿੱਖ ਦਰਿਆ ਵਲੋਂ ਆਉਂਦਾ ਉਹਨਾਂ ਕੋਲ ਖੜੋ ਗਿਆ, "ਚੌਧਰੀ ਸਰ੍ਹੋਂ ਦਾ ਕੰਮ ਨਬੇੜਨ ਲੱਗਿਆਂ ਈ! ਚਲ ਚੰਗਾ, ਜਿਹੜਾ ਕੰਮ ਵਿਚੋਂ ਸਿਰੇ ਲਗੇ, ਮੁੜ ਚੰਗਾ ਈ ਚੰਗਾ।"

"ਅੱਜ ਟਿਉਬ ਨੀ ਦਿਸਦੀ ਤੇਰੀ!"

ਧੀਰੇ ਨੇ ਆਪਣੀਆਂ ਮੋਟੀਆਂ ਅੱਖਾਂ ਵਿਚ ਹਾਸਾ ਭਰਿਆ।

"ਤੂੰ ਗੱਲ ਕਰ ਚੌਧਰੀ, ਕਿੰਨੀ ਚਾਹੀਦੀ ਏ? ਟੂਬ ਦਾ ਸਰਦਾਰਾ ਔਖਾ ਬੜਾਈ!-ਸੜਕ ਆਪਣੀ ਵਾਹਵਾ ਵਗਣ ਲਗ ਪਈ ਐ! ਭੈਣ ਦੇ ਫੇਰੇ ਗੇੜਾ ਨੀ ਖਾਂਦੇ! ਤੈਨੂੰ ਲੋੜ ਐ, ਤਾਂ ਮੈਂ ਲਿਆ ਦੇਨਾ ਆਂ!"

"ਜੇ ਕੋਲ ਹੁੰਦੀ ਤਾਂ ਲੈ ਲੈਂਦੇ!"

"ਕੀ ਕਰਨੀ ਐ!" ਹਰਪਾਲ ਨੇ ਹਵਾ ਨਾਲ ਉੱਡਦੀ ਜਾਂਦੀ ਵੱਢੀ ਹੋਈ ਸਰ੍ਹੋਂ ਦੀ ਸੱਥਰੀ ਬਣਾਉਂਦਿਆਂ ਰਤਾ ਸਿਆਣਪ ਵਰਤੀ।

ਮਖ ਛਿੱਟ ਛਿੱਟ ਲਾ ਲੈਂਦੇ! ਬਦਲਵਾਈ ਜਿਹੀ ਹੋਈ ਜਾਂਦੀ।"

ਧੀਰੇ ਦੀ ਗੱਲ 'ਤੇ ਉਹ ਦੋਵੇਂ ਹੱਸਣ ਲੱਗ ਪਏ। ਫੇਰ ਤਾਰਾ ਆਪਣਾ ਵੱਧਿਆ ਹੋਇਆ ਗੁੱਟ ਉਤਾਂਹ ਚੁੱਕਦਾ 'ਚੰਗਾ ਬਈ ਸਰਦਾਰੋ' ਕਹਿ ਕੇ ਪਿੰਡ ਵਲ ਨੂੰ ਨਿਕਲ ਗਿਆ।

ਧੀਰਾ ਉਹਦੇ ਵਲ ਗਹੁ ਨਾਲ ਝਾਕ ਕੇ ਵਿਸ਼ਵਾਸ਼ ਜਿਹੇ ਨਾਲ ਬੋਲਿਆ,"ਇਹਦੀ ਧੀ ਆਪਣੇ ਆਲੇ ਸੇਵਕ ਨਾਲ ਦੋ ਤਿੰਨ ਵਾਰੀ ਰੌਲਾ ਪੈ ਹਟਿਐ।"

ਹਰਪਾਲ ਹੈਰਾਨ ਜੇਹਾ ਹੋਇਆ, ਧੀਰੇ ਵਲ ਵੇਖਣ ਲੱਗਾ। ਉਸਨੂੰ ਆਪਣੇ ਚਾਚੇ ਸੁਰਮੁਖ ਦੇ ਵੱਡੇ ਮੁੰਡੇ ਸੇਵਕ ਦਾ ਅਲੂੰਆਂ ਜੇਹਾ ਅਕਾਰ ਦਿਸਿਆ, ਵੀਹ ਕੁ ਸਾਲ ਦੀ ਨਰਮ ਜਿਹੀ ਉਮਰ, ਸਰੀਰ ਲਗਰ ਵਰਗਾ, ਸੁਤਵੇਂ ਜਿਹੇ ਸੇਵਕ ਬਾਰੇ ਉਸਨੂੰ ਯਕੀਨ ਨਹੀਂ ਆਉਂਦਾ ਲੱਗਦਾ ਸੀ।

ਧੀਰੇ ਨੇ ਇਕ ਵਾਰ ਹਰਪਾਲ ਵਲ ਵੇਖਿਆ, ਉਹ ਸੋਚਾਂ ਵਿਚ ਡੁੱਬਿਆ ਹੌਲੀ ਹੌਲੀ ਸਰ੍ਹੋਂ ਕੱਟ ਰਿਹਾ ਸੀ। ਲੁਧਿਆਣੇ ਪਿਛਲੇ ਮਹੀਨੇ ਉਹ ਕੁਝ ਸਾਥੀਆਂ ਸਮੇਤ ਚਾਹ ਪੀਣ ਵੜਿਆ, ਕੈਬਨਾਂ ਦੇ ਵਿਚਕਾਰ ਦੀ ਲੰਘਦਿਆਂ ਉਸਦੀਆਂ ਅੱਖਾਂ ਫੁੱਲਣ ਵਾਲੀਆਂ ਹੋ ਗਈਆਂ। ਬਾਕੀ ਅੱਗੇ ਲੰਘ ਗਏ। ਪਰ ਉਸਦੇ ਪੈਰਾਂ ਵਿਚ ਜੱਕੋ ਤੱਕੀ ਨੇ ਢਿੱਲ ਪਾ ਦਿੱਤੀ। ਨਾਲ ਦਿਆਂ ਤੋਂ ਅੱਖ ਬਚਾ ਕੇ ਮਗਰ ਮੁੜਦਿਆਂ, ਉਹਨੇ ਕਾਹਲੇ ਕਦਮੀਂ ਉਸੇ ਕੈਬਨ ਵਲ ਝਾਤੀ ਮਾਰੀ, ਸ਼ੱਕ ਜਾਂਦੀ ਰਹੀ। ਬਿੰਦਰ, ਸੇਵਕ ਤੋਂ ਵੱਡੀ ਇਕ ਕਾਲਜੀਏਟ ਮੁੰਡੇ ਨਾਲ ਬੈਠੀ ਸਮੋਸੇ ਖਾ ਰਹੀ ਸੀ। ਉਹ ਆਪਣੀਆਂ ਗੱਲਾਂ ਵਿਚ ਮਗਨ ਸਨ। ਉਦੋਂ ਤਾਂ ਉਹ ਅਗਾਂਹ ਲੰਘ ਗਿਆ। ਚਿੱਤ ਨੂੰ ਗਰਮੀ ਚੜ੍ਹੀ, ਉਹ ਪਿਛਲੇ ਪੈਰੀਂ ਕੈਬਨ ਵਲ ਗੁੱਸੇ ਨਾਲ ਮੁੜ ਪਿਆ, ਪਰ ਉਸੇ ਵਕਤ ਉਹਨੂੰ ਅਵਾਜ਼ ਸੁਣਾਈ ਦਿੱਤੀ। ਨਾਲ ਦੇ ਸਾਰੇ ਜਣੇ ਉਸਦੇ ਮਗਰ ਆ ਗਏ ਸਨ। ਬਿਨਾਂ ਕੁਝ ਆਖੇ ਉਹ ਉਹਨਾਂ ਨਾਲ ਤੁਰ ਪਿਆ।

'ਕਿਹੜੀਆਂ ਸੋਚਾਂ 'ਚ ਪੈ ਗਿਆ?'

ਧੀਰੇ ਦੀ ਅਵਾਜ਼ ਸੁਣ ਕੇ ਉਸਨੇ ਛੇਤੀ ਦੇ ਕੇ ਸਿਰ ਚੁੱਕਿਆ, ਧੀਰਾ ਉਹਦੇ ਵਲ ਦੇਖ ਕੇ ਹੱਸਿਆ।

"ਤੂੰ ਵਾਹਵਾ ਦਿਨ ਬਾਹਰ ਲਾ ਆਇਆ, ਏਥੇ ਤਾਂ ਮਗਰੋਂ ਬੜਾ ਕੁਸ਼ ਹੋਇਐ!"

"ਰੇਸ਼ਮ ਤੇ ਜਾਪੋ ਨੂੰ ਕਿਸੇ ਨੇ ਦੱਸਿਐ ਕਿ ਸੁਰਮੁਖ ਤੇ ਜਗਰਾਜ ਨੇ ਗਵਾਹੀ ਮੁਕਰਨ 'ਚ ਮਾਹਲਪੁਰੀਆਂ ਤੋਂ ਪੈਸੇ ਲੈ ਲਏ।" ਹਰਪਾਲ ਨੇ ਉਹਦੇ ਵਲ ਇਉਂ ਵੇਖਿਆ, ਜਿਵੇਂ ਡਰ ਗਿਆ ਹੋਵੇ।

"ਲੜਾਈ ਹੋਈ ਪੂਰੀ! ਫੇਰ ਰੇਸ਼ਮ ਨੇ ਉਹਨਾਂ ਨੂੰ ਗਾਲ੍ਹਾਂ ਕੱਢੀਆਂ ਠੋਕ ਠੋਕ ਕੇ! ਫੇਰ ਪੰਚੈਤ 'ਕੱਠੀ ਹੋਈ। ਰੇਸ਼ਮ ਕਹਿੰਦਾ, ਤੂੰ ਮੇਰੇ ਪਿਉ ਦੀ ਮਿੱਟੀ ਵੇਚ ਕੇ ਖਾ ਲੀ!" ਸੁਰਮੁਖ ਕਹਿੰਦਾ, ਮੈਂ ਗੁਰਦੁਆਰੇ ਚੜ੍ਹਦਾਂ, ਜੇ ਪੈਸੇ ਲਏ ਹੋਣ।"

"ਏਨਾ ਕੁਸ਼ ਹੋ ਗਿਆ?" ਹਰਪਾਲ ਨੇ ਅਚੰਭੇ ਭਰੇ ਸੁਰ ਵਿੱਚ ਪੁਛਿਆ, "ਫੇਰ ਹੁਣ ਬੋਲਦੇ ਚਲਦੇ ਐ?"

"ਬੋਲਣ-ਚੱਲਣ ਉਹਨਾਂ ਲਈ ਕੀ ਗੱਲ ਐ! ਸਵੇਰੇ ਲੜ ਕੇ ਆਥਣੇ 'ਕੱਠੇ ਫਿਰਦੇ ਹੁੰਦੇ ਐ! ਮਗਰੋਂ ਵਿਰਲ ਮਿਲੀ, ਸੁਰਮੀਖੀਏ ਦੇ ਲਿਹਾਜ਼ੀ ਲੰਡੇ ਮੇਘੂ ਨੇ ਰੇਸ਼ਮ ਨੂੰ ਉਂਗਲ ਦਿੱਤੀ ਐ ਅਖੇ ਤੇਰੇ ਪਿਉ ਦੇ ਪੈਸੇ ਲੈ ਕੇ ਆੜ੍ਹਤ 'ਚ ਹਿੱਸਾ ਪਾ ਲਿਆ।"

"ਮਾੜੀ ਗੱਲ ਐ!" ਹਰਪਾਲ ਨੇ ਫ਼ਿਕਰਮੰਦ ਹੋ ਕੇ ਹੌਲੀ ਜਿਹੀ ਆਖਿਆ, "ਉਂ ਸੁਰਮੁਖੀਆ ਵੱਡਿਆਂ 'ਚ ਪੈਰ ਧਰਦੈ, ਮੇਘੂ ਸਾਰੇ ਜਹਾਨ ਦੀ ਮੈਲ ਨੂੰ ਸਿਰ 'ਤੇ ਬਹਾਈ ਫਿਰਦਾ ਐ।"

ਹਰਪਾਲ ਨੇ ਕੁਝ ਨਹੀਂ ਆਖਿਆ, ਉਹਦੇ ਵਲੋਂ ਪਾਸਾ ਵੱਟ ਕੇ ਉਹ ਦਰਿਆ ਵਲ ਵੇਖਣ ਲੱਗ ਪਿਆ, ਚਿੜੀਆਂ ਦੀ ਇਕ ਡਾਰ ਚੂੰਗੀਆਂ ਭਰਦੀ ਉਹਨਾਂ ਵਲ ਦਰਿਆਈ ਲਹਿਰਾਂ ਵਾਂਗ ਵਧਦੀ ਆਉਂਦੀ ਸੀ। ਧੁੱਸੀ ਬੰਨ੍ਹ ਕੋਲ ਫਿਰਦੇ ਰਾਇ ਸਿੱਖਾਂ ਦੇ ਰੋਡੇ-ਭੋਡੇ ਮੁੰਡਿਆਂ ਦੇ ਝਉਲੇ ਪੈ ਰਹੇ ਸਨ। ਦੂਰ ਤੱਕ ਭੂਰੇ ਰੰਗ ਵਿਚ ਵਟਦੀਆਂ ਕਣਕਾਂ ਦੀ ਸਾਵੀ-ਪੱਟੀ ਪਸਰੀ ਹੋਈ ਸੀ। ਸ਼ਾਮ ਤੱਕ ਉਹਨਾਂ ਵੱਢੀ ਸਰ੍ਹੋਂ ਬੋਰ ਕੋਲ ਢੇਰ ਕਰ ਲਈ। ਅਗਲੇ ਕੁਝ ਦਿਨਾਂ ਵਿਚ ਉਹਨਾਂ ਉਥੇ ਈ ਸਰ੍ਹੋਂ ਦੀ ਪੈਰ੍ਹੀ ਪਾ ਲਈ। ਧੀਰਾ ਛਜਲੀ ਲਾਉਂਦਾ ਤੇ ਹਰਪਾਲ ਮਾਂਜਾ ਲੈ ਕੇ ਫੂਸ ਪਾਸੇ ਕਰਨ ਲੱਗ ਜਾਂਦਾ। ਹਵਾ ਟਿਕਵੀਂ ਹੋਣ ਕਾਰਨ ਧੂੜ ਅਤੇ ਫੂਸ ਹਰਪਾਲ ਦੇ ਸਾਰੇ ਸਰੀਰ ਉੱਤੇ ਖਿੰਡਿਆ ਪਿਆ ਸੀ।

"ਸਾਥੀ, ਹੁਣ ਲੱਗਦੈਂ ਪੂਰਾ ਕਿਸਾਨ!"

ਹਰਪਾਲ ਨੇ ਮਾਂਜਾ ਰੋਕ ਕੇ ਉਤਾਂਹ ਸਿਰ ਚੁੱਕਿਆ, ਸਾਹਮਣੇ ਅਮੋਲਕ ਨੂੰ ਹੱਥ ਵਿਚ ਚਾਹ ਵਾਲਾ ਡੋਲੂ ਲਈ ਖਲੋਤਾ ਵੇਖਕੇ ਮੁਸਕਰਾਇਆ। ਧੀਰੇ ਨੇ ਸਿਰੋਂ ਉੱਚੀ ਕੀਤੀ ਛਜਲੀ ਵਰ੍ਹਾਉਣ ਤੋਂ ਰੋਕੀ ਹੋਈ ਸੀ। ਅਮੋਲਕ ਨੇ ਚਾਹ ਵਾਲਾ ਡੋਲੂ ਪਾਸੇ ਰੱਖਦਿਆਂ ਆਪਣੇ ਨਿੱਕਦੇ ਜਿਹੇ ਸਰੀਰ ਵਿਚ ਤਾਅ ਭਰਿਆ, "ਮੈਂ ਆਖਿਆ ਚਾਹ ਲਿਆ ਕੇ ਮੈਂ ਵੀ ਆਪਦਾ ਹਿੱਸਾ ਪਾ ਦਿਆਂ!"

"ਕਿਉਂ ਬਈ ਕਿਸਾਨ ਸਾਥੀਆ, ਸਾਡਾ ਪਾੜ੍ਹੂ ਕੰਮ 'ਚ ਲੋੜੂ ਤਾਂ ਨਹੀਂ ਮੰਨਦਾ?"

ਧੀਰਾ ਉਸ ਵਲ ਵੇਖਕੇ ਐਵੇਂ ਮੁੱਚੀ ਹੱਸਿਆ, ਚਾਹ ਦੀ ਘੁੱਟ ਭਰਕੇ ਬੋਲਿਆ, "ਅਸੀਂ ਇਹਨੂੰ ਆਂਹਦੇ ਆਂ, ਤੂੰ ਕੀ ਲੈਣਾ ਐ, ਏਸ ਕੁੱਤੇ ਕੰਮ ਤੋਂ! ਅਪਦਾ ਕੋਈ ਕਿੱਤਾ ਭਾਲ ਲੈ, ਇਹ ਐਵੇਂ ਮੱਲੋ ਮੱਲੀ ਵਿਚ ਆ ਵੜਦੈ!"

ਹਰਪਾਲ ਧੀਰੇ ਵਲ ਝਾਕ ਕੇ ਫਿਰ ਅਮੋਲਕ ਵਲ ਅੱਖਾਂ ਚੁੱਕ ਕੇ ਹੱਸਿਆ।

"ਨਹੀਂ ਯਾਰ" ਅਮੋਲਕ ਨੇ ਅਵਾਜ਼ ਵਿਚ ਸੇਕ ਭਰਿਆ, "ਵੇਲੇ ਕੁਵੇਲੇ ਕੰਮ ਕਰਾਉਣਾ ਈ ਚਾਹੀਦਾ ਐ! ਅਸੀਂ ਉਹਨਾਂ ਪਾੜ੍ਹੂਆਂ 'ਚੋਂ ਨਹੀਂ, ਜਿਹੜੇ ਬਹੁਤੇ ਫੈਲ ਸੂਫੀਆਂ 'ਚ ਪੈਰ ਧਰਦੇ ਐ! ਜਿਹੜਾ ਬੰਦਾ ਵਿਰਲਾ ਰਹਿਕੇ ਦੂਜਿਆਂ ਦੇ ਸਿਰੋਂ ਖਾਵੇ, ਉਹ ਤਾਂ ਫੇਰ ਮੁਰਦਾਰ ਈ ਖਾਂਦਾ ਹੁੰਦੈ!"

ਚਾਹ ਪੀ ਕੇ ਧੀਰਾ ਉਡਾਈ ਸਰ੍ਹੋਂ ਦੀ ਰੜਕੇ ਨਾਲ ਢੇਰੀ ਬਣਾਉਣ ਲੱਗ ਪਿਆ। ਹਰਪਾਲ ਨੇ ਬੋਰ ਦੇ ਪਰਲੇ ਪਾਸੇ ਹਰੇ ਕਚੂਰ ਸੰਘਣੇ ਤੂਤ ਵਲ ਜਾਂਦਿਆਂ ਹੌਲੀ ਜਿਹੀ ਪੁੱਛਿਆ, "ਹੋਰ ਕੀ ਹਾਲ ਐ? ਕੋਈ ਪਤਾ ਚੱਲਿਆ, ਉਹਨਾਂ ਦਾ ਕੀ ਬਣਿਐ?"

"ਨਿਰਵੈਰ ਫੜ ਲਿਆ!" ਅਮੋਲਕ ਨੇ ਬਿਨਾ ਘਬਰਾਹਟ ਤੋਂ ਉੱਤਰ ਦਿੱਤਾ, ਹਰਪਾਲ ਉਸ ਵਲ ਝਟਕਾ ਜੇਹਾ ਖਾ ਕੇ ਝਾਕਿਆ, "ਹੱਛਿਆ!-ਕਦੋਂ?"

"ਕਈ ਦਿਨ ਹੋ-ਗੇ!-ਮੇਰੇ ਕੋਲ ਤਾਂ ਕੱਲ੍ਹ ਆਥਣੇ ਬੰਦਾ ਆਇਆ ਸੀ, ਕਹਿੰਦਾ ਪੁਲਸ ਨੇ ਤਾਂ ਸਮਾਲਸਰ ਵੀ ਛਾਪਾ ਮਾਰਿਐ! ਪਰ ਬਹਾਦਰ ਹੱਥ ਨਹੀਂ ਆਇਆ! ਉਹਨਾਂ ਦੇ ਟੱਬਰ ਦੀ ਪੁਲੀਸ ਨੇ ਵਾਹਵਾ ਧੂਹ ਘੜੀਸ ਕੀਤੀ! ਮੈਨੂੰ ਵੀ ਨਿਰਵੈਰ ਤੋਂ ਛੋਟੇ ਨੇ ਸੁਨੇਹਾ ਭੇਜਿਆ ਬਈ ਪਿੰਡੋਂ ਆਸੇ ਪਾਸੇ ਹੋ ਜਾ!"

"ਫੇਰ ਤਾਂ ਬਹੁਤ ਭੈੜੀ ਗੱਲ ਹੋਈ!"

"ਸਗੋਂ ਚੰਗੀ ਹੋਈ, ਘੱਟੋ ਘੱਟ ਲੋਕਾਂ ਨੂੰ ਪਤਾ ਤਾਂ ਲੱਗੂ, ਇਹੋ ਜਿਹੇ ਗੁੰਡਿਆਂ ਨਾਲ ਟੱਕਰ ਲੈਣ ਵਾਲੇ ਹੈ ਗੇ!"

"ਦੋਵੇਂ ਈ ਮਰਗੇ?"

"ਹਸਪਤਾਲ 'ਚ ਐ!-ਕਹਿੰਦੇ ਕੁਲਤਾਰ ਤਾਂ ਬੋਲਦਾ ਵੀ ਨਹੀਂ!-ਮੇਰੇ ਸਾਲੇ ਦੇ ਆਕਸੀਜਨ ਲੱਗੀ ਹੋਈ ਐ! ਸ਼ਾਇਦ ਇੱਕ ਅੱਧਾ ਦਿਨ ਈ ਕੱਢੇ! ਪਰ ਸੱਜਣ ਕਾਇਮ ਐ!"

"ਫੇਰ ਪੁਲੀਸ ਨੇ ਨਿਰਵੈਰ ਨੂੰ ਕੀ ਆਖਣਾ!"

"ਆਖੂ ਕਿਉਂ ਨਾ, ਪੁਲਸ ਨੂੰ ਬਹਾਨਾ ਚਾਹੀਦਾ! ਪੁਲਸੀਏ ਸਾਲੇ ਸਰਕਾਰ ਦੇ ਮਾਮੇ ਨਿਰੇ ਕਸਾਈ ਹੁੰਦੇ ਐ! ਕੁੱਟ-ਕੁੱਟ ਬੰਦੇ ਨੂੰ ਰੋਜ਼ੀਓਂ ਮਾਰ ਦਿੰਦੇ ਐ!"

"ਫੇਰ?"


"ਕੁਸ਼ ਸੋਚਦੇ ਆਂ!-ਰੈ ਕੋਟ ਜਾਕੇ ਪਤਾ ਕਰਦੇ ਆਂ!" 

*(ਬਾਕੀ ਅਗਲੇ ਅੰਕ 'ਚ)*

# ਪੰਜਾਬੀ ਫਿਲਮਾਂ ਵਲ ਆ ਰਹੀਆਂ ਹਿੰਦੀ ਹੀਰੋਇਨਾਂ

## ਕੁਝ ਹੋਰ ਪੱਖ

ਭੁਪਿੰਦਰ ਪੰਧੇਰ



'ਪੰਜਾਬੀ ਫਿਲਮਾਂ ਵਲ ਆ ਰਹੀਆਂ ਹਿੰਦੀ ਵਾਲੀਆਂ ਹੀਰੋਇਨਾਂ' ਦੇ ਟਾਈਟਲ ਹੇਠ ਕੁਲਦੀਪ ਸਿੰਘ ਬੇਦੀ ਵਲੋਂ ਲਿਖੇ ਲੇਖ ਤੋਂ ਪ੍ਰਭਾਵਤ ਹੋ ਕੇ ਮੈਂ ਲੇਖ ਨੂੰ ਥੋੜ੍ਹਾ ਵਿਸਥਾਰ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸੱਚਮੁਚ ਹੀ ਇਕ ਲੰਬੇ ਅਰਸੇ ਬਾਅਦ ਪੰਜਾਬੀ ਫਿਲਮਾਂ ਦਾ ਸੁਨਹਿਰੀ ਯੁੱਗ ਪਰਤ ਆਇਆ ਹੈ, ਪਰ ਹਿੰਦੀ ਫ਼ਿਲਮਾਂ ਵਾਲੀਆਂ ਹੀਰੋਇਨਾਂ ਦਾ ਪੰਜਾਬੀ ਫ਼ਿਲਮਾਂ 'ਚ ਕੰਮ ਕਰਨ ਦਾ ਰੁਝਾਨ ਬਹੁਤ ਪੁਰਾਣਾ ਹੈ। ਹੋਰ ਵੀ ਹਿੰਦੀ ਫਿਲਮਾਂ ਦੀਆਂ ਹੀਰੋਇਨਾਂ ਹਨ ਜਿਹੜੀਆਂ ਆਪਣੇ ਆਪਣੇ ਸਮੇਂ 'ਤੇ ਪੰਜਾਬੀ ਫਿਲਮਾਂ 'ਚ ਬਰਾਬਰ ਹਾਜ਼ਰੀ ਲਗਵਾਉਂਦੀਆਂ ਰਹੀਆਂ ਹਨ ਜੇਕਰ ਉਨ੍ਹਾਂ ਦਾ ਇਥੇ ਜ਼ਿਕਰ ਨਾ ਕਰੀਏ ਤਾਂ ਉਨ੍ਹਾਂ ਨਾਲ ਜ਼ਿਆਦਤੀ ਹੋਵੇਗੀ।

ਸਭ ਤੋਂ ਪਹਿਲਾਂ ਵਿਮੀ ਦੀ ਗੱਲ ਕਰਦੇ ਹਾਂ ਜਿਸਨੇ ਸੁਨੀਲ ਦੱਤ ਅਤੇ ਰਾਜ ਕੁਮਾਰ ਵਰਗਿਆਂ ਨਾਲ ਹਿੰਦੀ ਦੀ ਹਿੱਟ ਫਿਲਮ 'ਹਮਰਾਜ' 'ਚ ਕੰਮ ਕੀਤਾ ਸੀ ਫਿਰ ਉਹ 'ਨਾਨਕ ਨਾਮ ਜਹਾਜ਼ ਹੈ' 'ਚ ਹੀਰੋਇਨ ਆਈ। ਹਿੰਦੀ ਫਿਲਮਾਂ ਦੀ ਮਸ਼ਹੂਰ ਨਰਤਕੀ ਹੈਲਨ ਵੀ ਆਈ.ਐਸ. ਜੌਹਰ ਦੀ ਪੰਜਾਬੀ ਫਿਲਮ 'ਯਮਲਾ ਜੱਟ' 'ਚ ਹੀਰੋਇਨ ਆਈ ਸੀ। 'ਦੋਰਾਹਾ', 'ਜੀਵਨ ਸੰਗਰਾਮ' ਵਰਗੀਆਂ ਅਨੇਕਾਂ ਹਿੰਦੀ ਫ਼ਿਲਮਾਂ ਦੀ ਹੀਰੋਇਨ ਰਾਧਾ ਸਲੂਜਾ ਦੀ ਲੰਮਾ ਸਮਾਂ ਪੰਜਾਬੀ ਫ਼ਿਲਮਾਂ 'ਤੇ ਸਰਦਾਰੀ ਰਹੀ ਜਿਸਨੇ 'ਮੋਰਨੀ', 'ਦਰਾਣੀ-ਜਠਾਣੀ' ਤੋਂ ਇਲਾਵਾ ਧਾਰਮਿਕ ਫਿਲਮਾਂ 'ਮਨ ਜੀਤੈ ਜਗਜੀਤ' ਅਤੇ 'ਦੁਖ ਭੰਜਨ ਤੇਰਾ ਨਾਮ' ਵਰਗੀਆਂ ਫਿਲਮਾਂ 'ਚ ਯਾਦਗਾਰੀ ਰੋਲ ਨਿਭਾਏ।

ਮੀਨਾ ਰਾਏ ਵੀ ਹਿੰਦੀ ਫ਼ਿਲਮਾਂ 'ਚੋਂ ਆਈ ਸੀ ਜਿਸਨੇ ਪ੍ਰਸਿਧ ਫਿਲਮਾਂ 'ਤੇਰੀ ਮੇਰੀ ਇਕ ਜਿੰਦੜੀ', 'ਤੇਰੇ ਰੰਗ ਨਿਆਰੇ', 'ਵੰਗਾਰ' ਅਤੇ 'ਰਾਂਝਣ ਮੇਰਾ ਯਾਰ' 'ਚ ਹੀਰੋਇਨ ਵਜੋਂ ਕੰਮ ਕੀਤਾ। ਯੋਗਤਾਬਾਲੀ ਵੀ 'ਪ੍ਰੇਮੀ ਗੰਗਾ ਰਾਮ' ਅਤੇ 'ਭਗਤ ਧੰਨਾ ਜੱਟ' 'ਚ ਹੀਰੋਇਨ ਆਈ ਸੀ। ਅਰੁਨਾ ਇਰਾਨੀ ਜੋ ਬਤੌਰ ਬਾਲ ਕਲਾਕਾਰ 'ਗੰਗਾ ਜਮਨਾ' 'ਚ ਕੈਰੀਅਰ ਸ਼ੁਰੂ ਕਰਕੇ ਅਮਿਤਾਭ ਬੱਚਨ ਨਾਲ 'ਬੰਬੇ ਟੂ ਗੋਆ' 'ਚ ਹੀਰੋਇਨ ਆਈ ਸੀ ਅਤੇ ਬਾਅਦ 'ਚ ਅਣਗਿਣਤ ਹਿੰਦੀ ਫਿਲਮਾਂ ਕੀਤੀਆਂ। ਉਸਨੇ ਵੀ ਪੰਜਾਬੀ ਦੀਆਂ ਹਿੱਟ ਫ਼ਿਲਮਾਂ 'ਧਰਮਜੀਤ', 'ਸੰਤੋ-ਬੰਤੋ', 'ਲੰਬੜਦਾਰਨੀ', 'ਕੁਆਰਾ ਮਾਮਾ' ਅਤੇ 'ਉੱਚਾ ਦਰ ਬਾਬੇ ਨਾਨਕ ਦਾ' 'ਚ ਰੋਲ ਨਿਭਾਏ। ਸੋਮਾ ਅਨੰਦ, ਜਿਸਦੀ ਪਹਿਲੀ ਹਿੰਦੀ ਫਿਲਮ 'ਬਾਰੂਦ' ਰਿਸ਼ੀ ਕਪੂਰ ਨਾਲ ਆਈ ਸੀ, ਨੇ ਵੀ 'ਬਲਵੀਰੋ ਭਾਬੀ' 'ਚ ਮੁੱਖ ਰੋਲ ਕੀਤਾ।

ਹਿੰਦੀ ਫ਼ਿਲਮਾਂ ਦੀ ਜਾਹਿਰਾ ਨੇ 'ਸਾਲ ਸੋਲ੍ਹਵਾਂ ਚੜ੍ਹਿਆ', 'ਲਾਡਲੀ' ਅਤੇ 'ਸੁਖੀ ਪਰਿਵਾਰ' 'ਚ ਹੀਰੋਇਨ ਵਜੋਂ ਰੋਲ ਕੀਤਾ। ਰੀਤਾ ਭਾਦੁੜੀ ਵੀ ਇਕ ਪੰਜਾਬੀ ਫਿਲਮ 'ਮਾਹੀ ਮੁੰਡਾ' 'ਚ ਹੀਰੋਇਨ ਆਈ ਸੀ। ਵੱਡੇ ਬਜਟ ਦੀ ਹਿੰਦੀ ਫਿਲਮ 'ਬਰਨਿੰਗ ਟਰੇਨ' ਦੀ ਹੀਰੋਇਨ ਬਿੰਦੀਆ ਗੋਸਵਾਮੀ ਪੰਜਾਬੀ ਫਿਲਮ 'ਰੇਸ਼ਮਾ' 'ਚ ਹੀਰੋਇਨ ਆਈ ਸੀ। ਮਸ਼ਹੂਰ ਅਦਾਕਾਰਾ ਦੀਪਤੀ ਨਵਲ ਨੇ 'ਮੜ੍ਹੀ ਦਾ ਦੀਵਾ' 'ਚ ਯਾਦਗਾਰੀ ਰੋਲ ਕੀਤਾ। ਰਜਨੀ ਸ਼ਰਮਾ ਵੀ ਹਿੰਦੀ ਫਿਲਮਾਂ ਚੋਂ ਆ ਕੇ 'ਚੰਨ ਪਰਦੇਸੀ', 'ਲੰਬੜਦਾਰਨੀ' ਅਤੇ 'ਕੌਣ ਦਿਲਾਂ ਦੀਆਂ ਜਾਣੇ' ਦੀ ਹੀਰੋਇਨ ਬਣੀ।

ਕੋਮਿਲਾ ਵਿਰਕ ਫਿਲਮ 'ਗਿਧਾ' 'ਚ ਹੀਰੋਇਨ ਆਈ ਸੀ। ਆਪਣੇ ਸਮੇਂ ਦੀ ਮਸ਼ਹੂਰ ਹਾਸ ਅਭਿਨੇਤਰੀ ਟੁਨਟੁਨ ਵੀ ਪੰਜਾਬੀ ਫ਼ਿਲਮਾਂ 'ਚ ਹਾਜ਼ਰੀ ਲਗਵਾਉਂਦੀ ਰਹੀ। ਦੇਵ ਆਨੰਦ ਦੀ ਫਿਲਮ 'ਜਾਨੀ ਮੇਰਾ ਨਾਮ' ਤੋਂ ਬਤੌਰ ਡਾਂਸਰ ਆਪਣਾ ਕੈਰੀਅਰ ਸ਼ੁਰੂ ਕਰਨ ਵਾਲੀ ਪਦਮਾ ਖੰਨਾ 'ਸ਼ੇਰ ਪੁੱਤਰ' 'ਚ ਅਤੇ ਹਿੰਦੀ ਫਿਲਮ 'ਚੇਤਨਾ' ਤੋਂ ਮਸ਼ਹੂਰ ਹੋਈ ਰੇਹਾਨਾ ਸੁਲਤਾਨ ਨੇ 'ਪੁੱਤ ਜੱਟਾਂ ਦੇ' 'ਚ ਕੰਮ ਕੀਤਾ। ਹਿੰਦੀ ਦੀ ਮਸ਼ਹੂਰ ਹੀਰੋਇਨ ਤਨੂਜਾ ਜਿਸ ਦੀ ਇਕ ਸਮੇਂ ਰਾਜੇਸ਼ ਖੰਨਾ ਨਾਲ ਜੋੜੀ ਬਣੀ ਸੀ, ਨੇ 'ਉਚਾ ਦਰ ਬਾਬੇ ਨਾਨਕ ਦਾ' 'ਚ ਪ੍ਰਭਾਵਸ਼ਾਲੀ ਰੋਲ ਕੀਤਾ। ਹਿੰਦੀ ਫ਼ਿਲਮਾਂ 'ਤੋਂ ਆਈ ਸਰਿਤਾ ਸੀ ਨੇ 'ਸਵਾ ਲਾਖ ਸੇ ਏਕ ਲੜਾਊਂ', 'ਧਰਤੀ ਸਾਡੀ ਮਾਂ', 'ਸੱਚਾ ਮੇਰਾ ਰੂਪ ਹੈ', 'ਟਾਕਰਾ' ਅਤੇ 'ਮਿੱਤਰ ਪਿਆਰੇ ਨੂੰ' 'ਚ ਬਤੌਰ ਹੀਰੋਇਨ ਰੋਲ ਕੀਤੇ। ਹਿੰਦੀ ਫ਼ਿਲਮਾਂ ਦੀ ਮਧੂ ਮਾਲਿਨੀ ਨੇ ਵੀ 'ਅੰਬਰੀ' 'ਚ ਯਾਦਗਾਰੀ ਰੋਲ ਕੀਤਾ ਸੀ। ਹਿੰਦੀ ਫਿਲਮ 'ਦੋ ਜਾਸੂਸ' ਵਾਲੀ ਭਾਵਨਾ ਭੱਟ 'ਰਾਣੋ', ਜੱਟ ਪੰਜਾਬੀ, 'ਸੱਸੀ ਪੁੰਨੂੰ', 'ਛੱਮਕ ਛੱਲੋ' ਅਤੇ 'ਭੁਲੇਖਾ' ਤੋਂ ਇਲਾਵਾ ਹੋਰ ਵੀ ਪੰਜਾਬੀ 'ਫਿਲਮਾਂ 'ਚ ਛਾਈ ਰਹੀ। ਪ੍ਰੀਤੀ ਸਪਰੂ ਵੀ ਹਿੰਦੀ ਫਿਲਮਾਂ ਤੋਂ ਬਾਅਦ ਵਰਿੰਦਰ ਨਾਲ 'ਸਰਪੰਚ' ਤੋਂ ਆਪਣਾ ਕੈਰੀਅਰ ਸ਼ੁਰੂ ਕਰਕੇ ਲੰਮਾ ਸਮਾਂ ਪੰਜਾਬੀ ਫ਼ਿਲਮਾਂ 'ਤੇ ਰਾਜ ਕਰਦੀ ਰਹੀ ਹੈ। ਇਸੇ ਤਰ੍ਹਾਂ ਦਲਜੀਤ ਕੌਰ ਵੀ ਆਪਣੀ ਪਹਿਲੀ ਫਿਲਮ 'ਦਾਜ' ਤੋਂ ਬਾਅਦ ਹਿੰਦੀ ਫ਼ਿਲਮਾਂ ਨਾਲ ਜੁੜ ਗਈ ਸੀ ਪਰ ਫਿਰ ਜਲਦੀ ਹੀ 'ਸੈਦਾਂ ਜੋਗਨ' ਨਾਲ ਵਾਪਸੀ ਕਰਕੇ ਉਸਨੇ ਪੰਜਾਬੀਆਂ ਦੀਆਂ ਬਹੁਤ ਸਾਰੀਆਂ ਹਿੱਟ ਫ਼ਿਲਮਾਂ ਕੀਤੀਆਂ। ਆਪਣੇ ਸਮੇਂ ਦੀ ਮਸ਼ਹੂਰ ਨਰਤਕੀ ਜੈ ਸ੍ਰੀ ਟੀ ਵੀ 'ਤਿਲ ਤਿਲ ਦਾ ਲੇਖਾ' 'ਚ ਹੀਰੋਇਨ ਬਣੀ ਸੀ।

ਆਪਣੇ ਜ਼ਮਾਨੇ ਦੀਆਂ ਹੋਰ ਟੌਪ ਹੀਰੋਇਨਾਂ ਨੇ ਪੰਜਾਬੀ ਫ਼ਿਲਮਾਂ 'ਚ ਗੈਸਟ ਰੋਲ ਕੀਤੇ ਜਿਨ੍ਹਾਂ 'ਚ ਆਸ਼ਾ ਪਾਰਿਖ ਨੇ 'ਲੰਬੜਦਾਰਨੀ' 'ਚ, ਨੀਤੂ ਸਿੰਘ ਨੇ 'ਸਵਾ ਲਾਖ ਸੇ ਏਕ ਲੜਾਊਂ' 'ਚ, ਬਿੰਦੂ ਨੇ 'ਮੌਜਾਂ ਡੁਬਈ ਦੀਆਂ', ਰੇਖਾ ਨੇ 'ਸਾਲ ਸੋਲ੍ਹਵਾਂ ਚੜ੍ਹਿਆ' 'ਚ ਅਤੇ ਰੀਨਾ ਰਾਏ ਨੇ 'ਸਤਿ ਸ੍ਰੀ ਅਕਾਲ' ਅਤੇ 'ਵਲਾਇਤੀ ਬਾਬੂ' 'ਚ ਗੈਸਟ ਰੋਲ ਕੀਤੇ।

ਫਿਰ ਇਕ ਦੌਰ ਪੰਜਾਬੀ ਗਾਇਕਾਵਾਂ ਦਾ ਆਇਆ ਜੋ ਸਮੇਂ-ਸਮੇਂ ਸਿਰ ਪੰਜਾਬੀ ਫ਼ਿਲਮਾਂ 'ਚ ਆਪਣੀ ਹਾਜ਼ਰੀ ਲਗਵਾਉਂਦੀਆਂ ਰਹੀਆਂ। ਰਣਜੀਤ ਕੌਰ 'ਕੁੱਲੀ ਯਾਰ ਦੀ' ਅਤੇ 'ਰਾਣੋ' 'ਚ ਦਿਖਾਈ ਦਿੱਤੀ। ਜਗਮੋਹਨ ਕੌਰ ਨੇ ਦਾਜ ਅਤੇ 'ਫੌਜੀ ਚਾਚਾ' 'ਚ ਕੰਮ ਕੀਤਾ। ਪਰਮਿੰਦਰ ਸੰਧੂ 'ਯਾਰੀ ਜੱਟ ਦੀ' ਅਤੇ 'ਜੱਟ ਜਿਉਣਾ ਮੌੜ' 'ਚ ਆਈ। ਸੁਖਵੰਤ ਸੁਖੀ ਨੇ 'ਜ਼ੋਰ ਜੱਟ ਦਾ' ਅਤੇ 'ਲਲਕਾਰੇ ਸ਼ੇਰਾਂ ਦੇ' 'ਚ ਰੋਲ ਕੀਤਾ। ਸਤਵਿੰਦਰ ਬਿੱਟੀ 'ਮੇਲਾ' 'ਚ ਦਿਖਾਈ ਦਿੱਤੀ। ਕੁਲਦੀਪ ਕੌਰ ਨੇ 'ਦਾਜ' 'ਚ ਰੋਲ ਕੀਤਾ। ਰਜਿੰਦਰ ਰੂਬੀ 'ਦਿਲ ਦਾ ਮਾਮਲਾ' 'ਚ ਹੀਰੋਇਨ ਬਣੀ। ਸੁਮਨ ਦੱਤਾ 'ਜੱਟ ਤੇ ਜ਼ਮੀਨ' 'ਚ ਹੀਰੋਇਨ ਆਈ। ਫਿਰ ਅਮਰ ਨੂਰੀ ਨੇ 'ਬਦਲਾ ਜੱਟੀ ਦਾ', 'ਦਿਲ ਦਾ ਮਾਮਲਾ' ਅਤੇ ਹੋਰ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ 'ਚ ਕੰਮ ਕੀਤਾ। ਉਂਜ ਜ਼ਿਆਦਾ ਸਮਾਂ ਦਲਜੀਤ ਕੌਰ, ਸੋਭਨੀ ਸਿੰਘ, ਭਾਵਨਾ ਭੱਟ, ਪ੍ਰੀਤੀ ਸਪਰੂ, ਅਰਪਨਾ ਚੌਧਰੀ, ਉਪਾਸਨਾ ਸਿੰਘ, ਰਮਾ ਵਿਜ, ਕੰਚਨ ਮੱਟੂ, ਰਜਨੀ ਸ਼ਰਮਾ, ਮਨਜੀਤ ਕੁਲਾਰ ਅਤੇ ਰਵਿੰਦਰ ਮਾਨ ਪੰਜਾਬੀ ਫ਼ਿਲਮਾਂ ਦੀਆਂ ਚਰਚਿਤ ਹੀਰੋਇਨਾਂ ਰਹੀਆਂ ਹਨ।

ਪਹਿਲੀਆਂ ਪੰਜਾਬੀ ਫ਼ਿਲਮਾਂ 'ਮੰਗਤੀ', 'ਪਿੰਡ ਦੀ ਕੁੜੀ' ਅਤੇ 'ਪਰਦੇਸੀ ਢੋਲਾ' ਤੋਂ ਬਾਅਦ ਵੀ ਕਾਫੀ ਹਿੱਟ ਪੰਜਾਬੀ ਫ਼ਿਲਮਾਂ ਬਣੀਆਂ। ਬੇਸ਼ਕ ਉਦੋਂ ਇਨ੍ਹਾਂ ਦਾ ਬਜਟ ਸੀਮਤ ਹੁੰਦਾ ਸੀ ਪਰ ਫਿਰ ਵੀ ਕੁਝ ਹਿੱਟ ਫ਼ਿਲਮਾਂ ਦਰਸ਼ਕਾਂ ਨੂੰ ਸਿਨੇਮੇ ਵਲ ਖਿੱਚਣ 'ਚ ਕਾਮਯਾਬ ਰਹੀਆਂ ਜਿਨ੍ਹਾਂ ਵਿਚ ਇੰਦਰਜੀਤ ਹਸਨਪੁਰੀ ਦੀਆਂ 'ਤੇਰੀ ਮੇਰੀ ਇਕ ਜ਼ਿੰਦੜੀ', 'ਦਾਜ' ਅਤੇ 'ਸੁਖੀ ਪਰਿਵਾਰ' ਤੋਂ ਬਾਅਦ 'ਚੰਨ ਪਰਦੇਸੀ', 'ਲੌਂਗ ਦਾ ਲਿਸ਼ਕਾਰਾ', 'ਮਾਮਲਾ ਗੜਬੜ ਹੈ', 'ਪੁੱਤ ਜੱਟਾਂ ਦੇ', 'ਜੱਟੀ', 'ਬਲਵੀਰੋ ਭਾਬੀ', 'ਨਿੰਮੋ', 'ਰਾਣੋ', 'ਸਰਪੰਚ', 'ਬਿਲੋ', 'ਯਾਰੀ ਜੱਟ ਦੀ', 'ਸੈਦਾਂ ਜੋਗਣ' ਅਤੇ 'ਦੁਸ਼ਮਣੀ ਦੀ ਅੱਗ' ਬਹੁਤ ਚੱਲੀਆਂ ਸਨ। ਫਿਰ ਜਦੋਂ ਧਾਰਮਿਕ ਫਿਲਮਾਂ ਦਾ ਦੌਰ ਆਇਆ ਤਾਂ ਉਹ ਵੀ ਬਹੁਤ ਕਾਮਯਾਬ ਰਹੀਆਂ ਜਿਨ੍ਹਾਂ 'ਚ 'ਦੁਖ ਭੰਜਨ ਤੇਰਾ ਨਾਮ', 'ਨਾਨਕ ਦੁਖੀਆ ਸਭ ਸੰਸਾਰ', 'ਭਗਤ ਧੰਨਾ ਜੱਟ', 'ਮਿੱਤਰ ਪਿਆਰੇ ਨੂੰ', 'ਮਨ ਜੀਤੇ ਜਗਜੀਤ', 'ਤੇਰੇ ਰੰਗ ਨਿਆਰੇ' ਅਤੇ 'ਉੱਚਾ ਦਰ ਬਾਬੇ ਨਾਨਕ ਦਾ' ਬਹੁਤ ਹੀ ਹਿੱਟ ਹੋਈਆਂ ਸਨ।

ਫਿਰ 'ਪੁੱਤ ਜੱਟਾਂ ਦੇ' ਦੀ ਸਫਲਤਾ ਤੋਂ ਬਾਅਦ ਪਾਕਿਸਤਾਨੀ ਪੰਜਾਬੀ ਫਿਲਮਾਂ ਦੇ ਸਟਾਈਲ ਦੀਆਂ ਫਿਲਮਾਂ ਬਣਨ ਲੱਗੀਆਂ। ਜਿਨ੍ਹਾਂ 'ਚ ਗੰਡਾਸੇ, ਬੜ੍ਹਕਾਂ ਅਤੇ ਲਲਕਾਰਿਆਂ ਨਾਲ ਭਰਪੂਰ ਮਸਾਲਾ ਸੀ। ਪੰਜਾਬੀ ਫਿਲਮਾਂ ਦਾ ਮਿਆਰ ਥੱਲੇ ਡਿਗਣਾ ਸ਼ੁਰੂ ਹੋ ਗਿਆ। ਉਦੋਂ ਪੰਜਾਬੀ ਫਿਲਮਾਂ ਨੂੰ ਪਿਆਰ ਕਰਨ ਵਾਲੇ ਦਰਸ਼ਕ ਦੂਰ ਹੁੰਦੇ ਗਏ ਤੇ ਪੰਜਾਬੀ ਫਿਲਮਾਂ ਦਾ ਭਵਿੱਖ ਹਨੇਰੇ 'ਚ ਗੁਆਚ ਗਿਆ। ਵਕਤ ਨੇ ਫਿਰ ਅੰਗੜਾਈ ਲਈ। ਮਨਮੋਹਨ ਸਿੰਘ ਅਤੇ ਹਰਭਜਨ ਮਾਨ ਦੇ ਸਹਿਯੋਗ ਸਦਕਾ 'ਜੀ ਆਇਆਂ ਨੂੰ' ਨਾਲ ਪੰਜਾਬੀ ਫ਼ਿਲਮਾਂ ਦੇ ਸੁਨਹਿਰੇ ਭਵਿਖ ਦੇ ਦਰਵਾਜ਼ੇ ਖੁੱਲ੍ਹ ਦਿੱਤੇ। ਇਸ ਵਿਚ ਕੋਈ ਸ਼ੱਕ ਨਹੀਂ ਅੱਜ ਦੀਆਂ ਪੰਜਾਬੀ ਫ਼ਿਲਮਾਂ ਹਿੰਦੀ ਫ਼ਿਲਮਾਂ ਦਾ ਹਰ ਪੱਖੋਂ ਮੁਕਾਬਲਾ ਕਰਦੀਆਂ ਹਨ ਜਦਕਿ ਪਹਿਲੀਆਂ ਪੰਜਾਬੀ ਫ਼ਿਲਮਾਂ ਦਾ ਬਜਟ ਵੀ ਸੀਮਤ ਹੁੰਦਾ ਸੀ ਅਤੇ ਦਰਸ਼ਕ ਵੀ ਸੀਮਤ ਹੁੰਦੇ ਸਨ। ਅੱਜ ਹਰ ਪੰਜਾਬੀ ਨੂੰ ਪਿਆਰ ਕਰਨ ਵਾਲਾ ਸੂਝਵਾਨ ਦਰਸ਼ਕ ਪੰਜਾਬੀ ਫ਼ਿਲਮਾਂ ਦੇਖਣ ਦਾ ਚਾਹਵਾਨ ਹੈ ਕਿਉਂਕਿ ਕਹਾਣੀ, ਫੋਟੋਗ੍ਰਾਫੀ ਅਤੇ ਤਕਨੀਕੀ ਪੱਖੋਂ ਫ਼ਿਲਮਾਂ ਦਾ ਮਿਆਰ ਬਹੁਤ ਉਚਾ ਹੋਇਆ ਹੈ। ਅੱਜ ਦੀਆਂ ਪੰਜਾਬੀ ਫ਼ਿਲਮਾਂ ਦਾ ਘੇਰਾ ਅੰਤਰ ਰਾਸ਼ਟਰੀ ਪੱਧਰ ਤਕ ਵਧਿਆ ਹੈ। ਸ਼ਾਲਾ! ਇਹ ਸੁਨਹਿਰੀ ਦੌਰ ਹਮੇਸ਼ਾ ਚਲਦਾ ਰਹੇ।

## ਪ੍ਰਤਿਭਾਵਾਨ ਹੈ ਕਮਲ ਹਸਨ ਦੀ ਧੀ

ਕਮਲ ਹਸਨ ਦੀ ਧੀ ਸ਼ਰੁਤੀ ਆਪਣੀ ਬਹੁਪੱਖੀ ਪ੍ਰਤਿਭਾ ਤੋਂ ਸਭ ਨੂੰ ਜਾਣੂ ਕਰਵਾਉਣ 'ਚ ਕੋਈ ਕਸਰ ਨਹੀਂ ਛੱਡਣਾ ਚਾਹੁੰਦੀ।

ਹੁਣੇ ਜਿਹੇ ਰਿਲੀਜ਼ ਹੋਈ ਆਪਣੀ ਪਹਿਲੀ ਫ਼ਿਲਮ 'ਲੱਕ' 'ਚ ਉਸ ਨੇ ਆਪਣੀ ਗਾਇਕੀ ਤੋਂ ਵੀ ਸਾਰਿਆਂ ਨੂੰ ਜਾਣੂ ਕਰਵਾ ਦਿੱਤਾ ਸੀ।



ਉਂਜ ਉਸ ਦੀਆਂ ਕੋਸ਼ਿਸ਼ਾਂ ਵੀ ਉਸ ਦੀ ਫਿਲਮ ਨੂੰ ਬਾਕਸ ਆਫਿਸ 'ਤੇ ਮੂਧੇ-ਮੂੰਹ ਡਿੱਗਣੋਂ ਬਚਾ ਨਹੀਂ ਸਕੀਆਂ। ਹੁਣ ਸ਼ਰੁਤੀ ਕੈਮਰੇ ਦੇ ਪਿੱਛੇ ਆਪਣੀ ਨਿਰਦੇਸ਼ਨ ਦੀ ਪ੍ਰਤਿਭਾ ਤੋਂ ਵੀ ਸਭ ਨੂੰ ਜਾਣੂ ਕਰਵਾਉਣ ਦੀ ਕੋਸ਼ਿਸ਼ 'ਚ ਹੈ ਤਾਂ ਹੀ ਉਸਨੇ ਪਿਛਲੇ ਦਿਨੀਂ ਆਪਣੇ ਪਿਤਾ ਦੀ ਤਾਮਿਲ ਫਿਲਮ 'ਉਂਨਈਪੋਲ ਓਰੂਵਨ' ਲਈ ਇਕ ਗੀਤ ਦਾ ਸਹਿ-ਨਿਰਦੇਸ਼ਨ ਕੀਤਾ। ਕਮਲ ਦੀ ਇਹ ਫ਼ਿਲਮ ਨਸੀਰੂਦੀਨ ਸ਼ਾਹ ਅਤੇ ਅਨੁਪਮ ਖੇਰ ਦੇ ਅਭਿਨੈ ਨਾਲ ਚਰਚਿਤ ਅਤੇ ਕਾਫੀ ਪਸੰਦ ਕੀਤੀ ਗਈ ਫਿਲਮ 'ਏ ਵੈਡਨੈਸ ਡੇ' ਦਾ ਰੀਮੇਕ ਹੈ, ਜਿਸਨੂੰ ਉਹ ਤਾਮਿਲ ਅਤੇ ਤੇਲਗੂ 'ਚ ਬਣਾ ਰਹੇ ਹਨ। ਅਭਿਨੇਤਰੀ ਗਾਇਕਾ ਸ਼ਰੁਤੀ ਨੇ ਆਪਣੇ ਪਿਤਾ ਦੀ ਇਸ ਫਿਲਮ ਦੇ ਇਕ ਗੀਤ ਦਾ ਨ੍ਰਿਤ ਨਿਰਦੇਸ਼ਨ ਕਰਨ ਦੇ ਨਾਲ-ਨਾਲ ਇਸ ਦੇ ਮਿਊਜ਼ਿਕ ਵੀਡੀਓ ਦਾ ਆਈਡੀਆ ਵੀ ਤਿਆਰ ਕੀਤਾ ਹੈ। ਕਿਹਾ ਜਾ ਰਿਹਾ ਹੈ ਕਿ ਇਹ ਗੀਤ ਇਕ ਵਧੀਆ ਡਾਂਸ ਨੰਬਰ ਹੈ, ਜਿਸ ਵਿਚ ਅੰਤਰਰਾਸ਼ਟਰੀ ਰੈਪਰ ਬਲੈਜ ਨੇ ਵੀ ਯੋਗਦਾਨ ਦਿੱਤਾ ਹੈ।

## ਕੈਟਰੀਨਾ ਹੌਲੀ ਹੌਲੀ ਫੈਲਾ ਰਹੀ ਹੈ ਆਪਣੇ ਪਰ

ਕੈਟਰੀਨਾ ਹੌਲੀ ਹੌਲੀ ਆਪਣਾ ਦਾਇਰਾ ਵਧਾ ਰਹੀ ਹੈ। ਇਕ ਖ਼ਬਰ ਇਹ ਹੈ ਕਿ ਆਦਿਤਯ ਚੋਪੜਾ ਦੀ 'ਧੂਮ-3' ਵਿਚ ਉਹ ਸ਼ਾਹਰੁਖ਼ ਦੀ ਨਾਇਕਾ ਹੋਵੇਗੀ। ਇਕ ਮੁਲਾਕਾਤ ਵਿਚ ਉਨ੍ਹਾਂ ਨੇ ਮੰਨਿਆ ਕਿ ਕੁਝ ਚੰਗਾ ਕਰਨਾ ਹੈ ਤਾਂ ਹਰ ਤਰ੍ਹਾਂ ਦੇ ਦਾਇਰੇ ਤੋੜਨੇ ਪੈਣਗੇ।

ਇਹ ਪੁੱਛੇ ਜਾਣ 'ਤੇ ਕਿ ਸਿਫਤਾਂ ਦੇ ਨਾਲ ਤੁਹਾਨੂੰ ਇੱਜਤ ਵੀ ਮਿਲਣ ਲੱਗੀ ਹੈ ਤਾਂ ਉਸ ਨੇ ਕਿਹਾ ਕਿ ਹਾਲੇ ਪਿਛਲੇ ਦਿਨੀਂ ਜਦ ਮੈਂ ਰਾਜੀਵ ਗਾਂਧੀ ਐਵਾਰਡ ਲੈਣ ਲਈ ਸਟੇਜ 'ਤੇ ਗਈ, ਤਾਂ ਬਹੁਤ ਭਾਵੁਕ ਹੋ ਗਈ। ਇਹ ਸੋਚ ਕੇ ਚੰਗਾ ਲੱਗਿਆ ਕਿ ਹੁਣ ਮੇਰੀ ਪਰਫਾਰਮੈਂਸ ਨੂੰ ਨੋਟਿਸ ਨਹੀਂ ਕੀਤਾ ਜਾ ਰਿਹਾ। ਇਹ ਸੁਆਲ ਉਠਾਏ ਜਾਣ 'ਤੇ ਕਿ ਹਿੰਦੀ ਫਿਲਮਾਂ ਵਿਚ ਹੀਰੋਇਨਾਂ ਗਲੈਮਰ ਗਰਲ ਤੋਂ ਅੱਗੇ ਕਿਉਂ ਨਹੀਂ ਵਧੀਆਂ? ਕੈਟਰੀਨਾ ਨੇ ਕਿਹਾ ਕਿ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ। ਮੈਂ ਕਿਸੇ ਦਾ ਨਾਂ ਨਹੀਂ ਲੈਣਾ ਚਾਹੁੰਦੀ, ਪਰ ਜਿਸ ਤਰ੍ਹਾਂ ਨਾਲ ਕੁਝ ਬੇਹੱਦ ਚੰਗੀਆਂ ਹੀਰੋਇਨਾਂ ਬੇਕਾਰ ਰੋਲ ਵਿਚ ਦਿਖਾਈ ਦੇ ਰਹੀਆਂ ਹਨ, ਉਸ ਨੂੰ ਤੁਸੀਂ ਇਸ ਤਰ੍ਹਾਂ ਅਣਦੇਖਿਆ ਨਹੀਂ ਕਰ ਸਕਦੇ। ਇਸਦੇ ਲਈ ਪ੍ਰੋਡਿਊਸਰ ਜ਼ਿਆਦਾ ਜ਼ਿੰਮੇਵਾਰ ਹੈ। ਜੋ ਚੰਗੀ ਫੀਸ ਦੇਣ ਦੇ ਬਾਅਦ ਵੀ ਉਸ ਹੀਰੋਇਨ ਦਾ ਸਹੀ ਇਸਤੇਮਾਲ ਨਹੀਂ ਕਰ ਪਾਉਂਦੇ।

ਪੱਤਰਕਾਰਾਂ ਨੇ ਵਿਚਕਾਰੋਂ ਟੋਕਿਆ, ਕਿ ਹੀਰੋਇਨ ਵੀ ਤਾਂ ਇਸਦੇ ਲਈ ਘੱਟ ਦੋਸ਼ੀ ਨਹੀਂ ਹਨ ਜੋ ਮੂੰਹ ਮੰਗੀ ਫੀਸ ਦੇ ਲਾਲਚ ਵਿਚ ਕੋਈ ਵੀ ਰੋਲ ਕਰ ਲੈਂਦੀਆਂ ਹਨ?

ਕੈਟਰੀਨਾ ਨੇ ਇਕ ਦਮ ਜਵਾਬ ਮੋੜਿਆ, 'ਕਈ ਵਾਰ ਪੈਸਾ ਇਸਦੀ ਵਜ੍ਹਾ ਬਣਦਾ ਹੈ। ਕਈ ਵਾਰ ਆਪਸੀ ਯਕੀਨ ਦੇ ਚਲਦੇ ਤੁਸੀਂ ਸਿਰਫ ਫੀਸ ਦੇਖਦੇ ਹੋ। ਫਿਰ ਵੀ ਇਹ ਜ਼ਿੰਮੇਵਾਰੀ ਡਾਇਰੈਕਟਰ ਦੀ ਹੀ ਹੁੰਦੀ ਹੈ ਕਿ ਇਕ ਵੱਡੇ ਸੈਟਅਪ ਦਾ ਉਹ ਪੂਰਾ ਉਪਯੋਗ ਕਰੇ।

ਇਹ ਪੁੱਛੇ ਜਾਣ 'ਤੇ ਕਿ ਹੁਣ ਤੁਹਾਨੂੰ ਸਿਰਫ ਗਲੈਮਰ ਡਾਲ ਬਣੇ ਰਹਿਣਾ ਮਨਜ਼ੂਰ ਨਹੀਂ? ਤਾਂ ਕੈਟਰੀਨਾ ਆਖਣ ਲੱਗੀ ਕਿ ਇਸ ਤਰ੍ਹਾਂ ਹਿੰਦੀ ਫ਼ਿਲਮਾਂ ਵਿਚ ਸੰਭਵ ਨਹੀਂ ਹੈ। ਇਥੋਂ ਤੱਕ ਹੀਰੋਇਨ ਦਾ ਗਲੈਮਰਸ ਹੋਣਾ ਪਹਿਲੀ ਸ਼ਰਤ ਹੈ। ਮੈਂ ਉਸ ਸ਼ਰਤ ਨੂੰ ਪੂਰਾ ਕਰਦੇ ਹੋਏ ਕੁਝ ਨਵਾਂ ਕਰਨਾ ਚਾਹੁੰਦੀ ਹਾਂ। ਹਾਲ ਹੀ ਵਿਚ ਇਕ ਨਿਰਮਾਤਾ ਮੇਰੇ ਕੋਲ ਆਏ। ਦੱਸਣ ਲੱਗੇ, ਫਿਲਮ ਵਿਚ ਹੀਰੋ ਦੇ ਨਾਲ ਮੇਰੇ ਤਿੰਨ ਗਾਣੇ ਹਨ ਅਤੇ ਕੁਝ ਐਕਸ਼ਨ ਸੀਨ ਹਨ। ਮੈਂ ਜਦ ਉਨ੍ਹਾਂ ਨੂੰ ਪੁਛਿਆ ਕਿ ਰੋਲ ਕੀ ਹੈ? ਤਾਂ ਦੱਸਣ ਲੱਗੇ-ਮਾਰਡਨ ਲੜਕੀ ਦਾ ਰੋਲ ਹੈ। ਇਹ ਕੀ ਗੱਲ ਹੋਈ, ਸ਼ੋਅ-ਪੀਸ ਦਾ ਰੋਲ ਕਦ ਤਕ ਕਰਦੀ ਰਹਾਂਗੀ?

ਕੈਟਰੀਨਾ 'ਤੇ ਅੱਜਕੱਲ ਦੋਸ਼ ਲਗਦਾ ਹੈ ਕਿ ਉਹ ਕੁਝ ਵੱਡੇ ਬੈਨਰ ਦੀਆਂ ਫ਼ਿਲਮਾਂ ਮਿਲਣ ਦੀ ਵਜ੍ਹਾ ਨਾਲ ਆਪਣੇ ਪੁਰਾਣੇ ਨਿਰਮਾਤਾਵਾਂ ਦੀ ਅਣਦੇਖੀ ਕਰਨ ਲੱਗੀ ਹੈ?

-ਇਹੋ ਜਿਹੀ ਕੋਈ ਗੱਲ ਨਹੀਂ ਹੈ। ਮੈਂ ਪ੍ਰਕਾਸ਼ ਝਾ, ਸੰਤੋਸ਼ੀ, ਪ੍ਰਿਯਦਰਸ਼ਨ ਦੀ ਫਿਲਮ ਸਿਰਫ ਇਸ ਲਈ ਕਰ ਰਹੀ ਹਾਂ, ਕਿਉਂਕਿ ਇਨ੍ਹਾਂ ਵਿਚ ਮੇਰਾ ਰੋਲ ਦਮਦਾਰ ਹੈ। ਇਹੀ ਗੱਲ ਯਸ਼ਰਾਜ ਦੀ ਫਿਲਮਾਂ ਬਾਰੇ ਵਿਚ ਵੀ ਕਹਿਣਾ ਚਾਹਵਾਂਗੀ। ਅੱਜ ਝਾ ਸਾਹਿਬ ਦੀ 'ਰਾਜਨੀਤ', ਸੰਤੋਸ਼ੀ ਜੀ ਦੀ 'ਅਜਬ ਪ੍ਰੇਮ ਕੀ ਗਜ਼ਬ ਕਹਾਨੀ' ਨੂੰ ਲੈ ਕੇ ਮੈਂ ਸਿਰਫ ਇਸ ਲਈ ਥ੍ਰਿਲ ਮਹਿਸੂਸ ਕਰ ਰਹੀ ਹਾਂ, ਕਿਉਂਕਿ ਇਸ ਵਿਚ ਮੇਰਾ ਰੋਲ ਬਹੁਤ ਚੈਲੇਂਜਿੰਗ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਰੋਲ ਚੰਗਾ ਹੈ, ਤਾਂ ਓਲਡ ਅਤੇ ਨਵੇਂ ਪ੍ਰੋਡਿਊਸਰ ਦੀਆਂ ਗੱਲਾਂ ਬੇਮਾਇਨੀ ਹੋ ਜਾਂਦੀਆਂ ਹਨ।

ਤੁਸੀਂ ਵਿਪੁਲ ਸ਼ਾਹ ਦੀ ਦੋਵੇਂ ਫਿਲਮਾਂ 'ਲੰਦਨ ਡ੍ਰੀਮਸ' ਅਤੇ 'ਐਕਸ਼ਨ ਰੀਪਲੇ' ਵਿਚ ਕੈਟਰੀਨਾ ਨੂੰ ਨਾ ਲਏ ਜਾਣ ਦੀ ਚਰਚਾ ਹੈ ਇਸ ਬਾਰੇ ਉਸ ਦਾ ਆਖਣਾ ਹੈ ਕਿ ਵਿਪੁਲ ਦੇ ਨਾਲ ਮੇਰੀ ਦੋਵੇਂ ਫਿਲਮਾਂ 'ਨਮਸਤੇ ਲੰਦਨ' ਅਤੇ 'ਸਿੰਘ ਇਜ਼ ਕਿੰਗ' ਜਬਰਦਸਤ ਹਿੱਟ ਸਨ। ਇਹ ਫ਼ਿਲਮਾਂ ਨਾ ਸਹੀ, ਅਸੀਂ ਅੱਗੇ ਇਕੱਠੇ ਕੰਮ ਕਰਾਂਗੇ।

## ਡਾਂਸ ਪ੍ਰੀਮੀਅਰ ਲੀਗ ਨਾਲ ਜੁੜਨਗੇ ਫਿਲਮੀ ਸਿਤਾਰੇ

ਪਹਿਲੀ ਵਾਰ ਬੀ-ਟਾਊਨ ਸਿਤਾਰੇ ਮੁਫਤ ਵਿਚ ਡਾਂਸ ਰਿਐਲਿਟੀ ਸ਼ੋਅ ਡਾਂਸ ਪ੍ਰੀਮੀਅਰ ਲੀਗ ਵਿਚ ਆਪਣੇ ਜੌਹਰ ਦਿਖਾਉਣਗੇ। ਭਾਰਤ ਦੇ ਉੱਤਰ-ਪੂਰਬ, ਦੱਖਣ-ਪੱਛਮ ਅਤੇ ਸੈਂਟਰਲ ਜ਼ੋਨ ਤੋਂ 5 ਟੀਮਾਂ ਅਤੇ ਇਕ ਐਨ.ਆਰ.ਆਈ. ਟੀਮ ਇਸ ਵਿਚ ਮੁਕਾਬਲਾ ਕਰੇਗੀ। ਹਰੇਕ ਜ਼ੋਨ ਦੀ ਨੁਮਾਇੰਦਗੀ ਇਕ ਬਾਲੀਵੁੱਡ ਸਟਾਰ ਕਰੇਗਾ। ਸੂਤਰਾਂ ਨੇ ਦੱਸਿਆ ਕਿ ਫਿਲਮੀ ਸਿਤਾਰੇ ਮੁਫਤ ਵਿਚ ਇਸ ਈਵੈਂਟ ਨਾਲ ਇਸ ਕਰਕੇ ਜੁੜ ਰਹੇ ਹਨ ਕਿਉਂਕਿ ਉਨ੍ਹਾਂ ਨੇ ਆਪਣੀਆਂ ਭਵਿੱਖੀ ਫਿਲਮਾਂ ਨੂੰ ਇਸ ਸਹਾਰੇ ਪ੍ਰਚਾਰਨਾ ਹੈ ਜਿਵੇਂ ਕਿ ਸਲਮਾਨ ਖਾਨ ਨੇ 'ਮੈਂ ਔਰ ਮਿਸਿਜ਼ ਖੰਨਾ' ਅਤੇ ਅਕਸ਼ੈ ਨੇ 'ਬਲਿਊ'।

ਉਪ ਪ੍ਰਧਾਨ ਮਾਰਕੀਟਿੰਗ ਸੋਨੀ, ਦਾਨਿਸ਼ ਖਾਨ ਨੇ ਕਿਹਾ ਕਿ ਫਿਲਮੀ ਸਿਤਾਰਿਆਂ ਨੂੰ ਪੈਸੇ ਦੇਣ ਬਾਰੇ ਕੋਈ ਕਰਾਰ ਨਹੀਂ ਹੋਇਆ ਹੈ। ਇਹ ਸਾਡੇ ਉਨ੍ਹਾਂ ਨਾਲ ਸੰਬੰਧਾਂ ਕਰਕੇ ਹੀ ਹੋ ਰਿਹਾ ਹੈ ਅਤੇ ਅਸੀਂ ਉਨ੍ਹਾਂ ਦੀਆਂ ਫਿਲਮਾਂ ਪ੍ਰਚਾਰਨ ਵਿਚ ਉਨ੍ਹਾਂ ਨੂੰ ਢੁਕਵੇਂ ਲਾਭ ਦਿਆਂਗੇ। ਸਿਨੇਮਾ ਯੁਗ ਦੇ ਮੋਰਾਨੀ ਭਰਾ ਡੀ.ਪੀ.ਐਲ. ਦੇ ਪ੍ਰੋਡਿਊਸਰ ਹਨ। ਸ਼ੋਅ ਦਾ ਪ੍ਰਸਾਰਣ ਇਸ ਸਾਲ ਅਕਤੂਬਰ ਤੋਂ ਹੋਵੇਗਾ।

ਸੂਤਰਾਂ ਅਨੁਸਾਰ ਸਲਮਾਨ ਖਾਨ, ਕਪਿਲ ਦੇਵ ਨਾਲ ਮਿਲ ਕੇ ਉੱਤਰੀ ਡੀ.ਪੀ.ਐਲ. ਨਾਲ ਜੁੜੇਗਾ। ਕਰੀਨਾ ਪੱਛਮੀ ਜ਼ੋਨ ਦੀ ਨੁਮਾਇੰਦਗੀ ਕਰੇਗੀ ਜਦੋਂਕਿ ਬਿਪਾਸ਼ਾ ਬਸੂ ਪੂਰਬੀ ਜ਼ੋਨ ਦੀ। ਅਰਸ਼ਦ ਵਾਰਸੀ ਦੱਖਣੀ ਜ਼ੋਨ ਨਾਲ ਜੁੜੇਗਾ।

ਸੈਂਟਰਲ ਅਤੇ ਐਨ.ਆਰ.ਆਈ. ਜ਼ੋਨਾਂ ਨਾਲ ਜੁੜਨ ਵਾਲੇ ਅਦਾਕਾਰਾਂ ਬਾਰੇ ਅਜੇ ਅੰਤਿਮ ਫੈਸਲਾ ਲਿਆ ਜਾਣਾ ਹੈ। ਸੈਂਟਰਲ ਜ਼ੋਨ ਲਈ ਪ੍ਰਿਟੀ ਜ਼ਿੰਟਾ ਨਾਲ ਗੱਲਬਾਤ ਚੱਲ ਰਹੀ ਹੈ। ਐਨ.ਆਰ.ਆਈ. ਜ਼ੋਨ ਨਾਲ ਜੁੜਨ ਬਾਰੇ ਪਹਿਲਾਂ ਕੈਟਰੀਨਾ ਕੈਫ ਦੇ ਚਰਚੇ ਸਨ ਪਰ ਮਗਰੋਂ ਪਤਾ ਲੱਗਾ ਉਹ ਇਸ ਨਾਲ ਨਹੀਂ ਜੁੜੇਗੀ। ਇਸ ਜ਼ੋਨ ਲਈ ਕਾਜੋਲ ਅਤੇ ਸ਼ਾਹਰੁਖ ਨਾਲ ਵੀ ਗੱਲ ਚੱਲ ਰਹੀ ਹੈ।



*Swaranjit Singh Dhillon*
*'As young as ever with a rebuilt heart and new knees'*

# ਸ. ਸਵਰਨਜੀਤ ਸਿੰਘ ਢਿੱਲੋਂ ਨੂੰ 73ਵਾਂ ਜਨਮ ਦਿਨ

# ਬਹੁਤ ਬਹੁਤ ਮੁਬਾਰਕ !

## Wishing you a Happy Birthday and many more to come.

*From:*

***Mia Dhillon, Jai Dhillon, Daren Anokh Singh, Myra, Kiran Dhillon, Bawneet Dhillon, Kittu, Bittu and Jasbir Kaur Dhillon,***

***Satwinder Singh Dhillon, Col. Sukhwinder Singh, Rameshinder Kaur, Manjit Kaur, Gurdial Singh Basran, Hardial Singh Deol, Manjit Singh Gill, Amolak Singh Jammu, Gurmukh Singh Bhullar, Harpal Singh Hanjra, Bhupinder Singh Dhillon.***

# ਸਿਖਿਆ ਸ਼ਾਸਤਰੀ, ਲਾਇਬ੍ਰੇਰੀਅਨ ਅਤੇ ਉਘੇ ਸਿੱਖ ਵਿਦਵਾਨ

# ਪ੍ਰੋ. ਜੋਗਿੰਦਰ ਸਿੰਘ ਰਮਦੇਵ ਨੂੰ 79ਵਾਂ ਜਨਮ ਦਿਨ ਮੁਬਾਰਕ !

## ਵਾਹਿਗੁਰੂ ਉਨ੍ਹਾਂ ਨੂੰ ਤੰਦਰੁਸਤੀ ਅਤੇ ਚੜ੍ਹਦੀਕਲਾ ਬਖਸ਼ੇ

**ਵਲੋਂ**

**ਰਾਜੂ, ਸੀਮਾ, ਡਾ. ਰਿਕ ਸਿੰਘ, ਕ੍ਰਿਸ ਸਿੰਘ, ਮਨੀਸ਼, ਨੇਤਨ, ਰੇਚਲ, ਅਲੀਨਾ, ਨੇਟਲੀ**

ਸੁਰਿੰਦਰ ਸਿੰਘ ਭਾਟੀਆ, ਹਰਿੰਦਰ ਸਿੰਘ ਆਹੂਜਾ, ਨੀਟੂ ਕਾਹਲੋਂ, ਹਰਜਿੰਦਰ ਸੰਧੂ, ਡਾ. ਨਵਦੀਪ ਕੌਰ ਸੰਧੂ, ਅਮੋਲਕ ਸਿੰਘ, ਜਸਪ੍ਰੀਤ ਕੌਰ, ਕੁਲਜੀਤ-ਅਨੁਰੀਤ, ਬੀਬੀ ਸੁਰਿੰਦਰ ਕੌਰ ਸੰਘਾ, ਗੁਲਜ਼ਾਰ ਸਿੰਘ ਮੁਲਤਾਨੀ, ਗੁਰਮੁਖ ਸਿੰਘ ਭੁੱਲਰ, ਭਗਤ ਸਿੰਘ ਸੋਢੀ (ਕੈਨੇਡਾ), ਸਤਕਾਲ ਦੇ ਟਰੱਸਟੀ, ਸਤਨਾਮ ਸਿੰਘ ਔਲਖ, ਸੇਵਾ ਸਿੰਘ ਵਿਰਦੀ, ਅਮੋਲਕ ਸਿੰਘ ਗਿੱਧਾ, ਨਰਿੰਦਰ ਸੂਦ, ਸ. ਗਹਿਲੇ, ਉਜਾਗਰ ਸਿੰਘ ਗਿੱਲ, ਅਮੈਰੀਕਨ ਏਸ਼ੀਅਨ ਸੀਨੀਅਰ ਐਸੋਸੀਏਸ਼ਨ ਅਤੇ ਹੋਰ ਸਭ ਸ਼ੁਭਚਿੰਤਕ



ਖੁਸ਼ਖਬਰੀ! ਖੁਸ਼ਖਬਰੀ!

ਹਰ ਕੋਈ ਆਪਣੇ 'ਤੇ ਮਾਣ ਕਰਦਾ ਆਇਆ ਜੋ ਵੀ ਇਸ ਜਹਾਨ ਅੰਦਰ।
ਹਿੱਕਾਂ ਚੌੜੀਆਂ ਕਰਕੇ ਤੁਰਨ ਵਾਲੇ, ਪਰਖੇ ਸਦਾ ਹੀ ਜਾਂਦੇ ਮੈਦਾਨ ਅੰਦਰ।

# ਯੂਨਾਈਟਿਡ ਸਪੋਰਟਸ ਕਲੱਬ ਦੀ ਪੇਸ਼ਕਸ਼ 'ਕਬੱਡੀ ਕੱਪ-2009'

## 26 ਸਤੰਬਰ, 2009

### (ਦਿਨ ਸਨਿਚਰਵਾਰ)

ਸਵੇਰੇ 9 ਤੋਂ ਸ਼ਾਮ 6 ਵਜੇ ਤੱਕ

**ਸਥਾਨ** 25800 Carlos Bee Blvd, Hayward, CA-94542 (Cal State Hayward)

ਇਨਾਮਾਂ ਦੀ ਵੰਡ ਬਤੌਰ ਮੁੱਖ ਮਹਿਮਾਨ ਯੂਨੀਅਨ ਸਿਟੀ ਦੇ ਮੇਅਰ ਸ੍ਰੀ ਮਾਰਕ ਗਰੀਨ, ਇੰਦਰ ਦੁਸਾਂਝ, ਦਲਵਿੰਦਰ ਸਿੰਘ ਧੂਤ ਅਤੇ ਲਿੰਕ ਇੰਸ਼ੋਰੈਂਸ ਓਕਲੈਂਡ ਕਰਨਗੇ



### ਹੋਰ ਜਾਣਕਾਰੀ ਲਈ ਕਾਲ ਕਰੋ:

| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ ਯੂਨਾਈਟਿਡ ਕਲੱਬ |
|---|---|---|---|
| ਸ. ਅਮੋਲਕ ਸਿੰਘ ਗਾਖਲ | ਸ. ਬਲਬੀਰ ਸਿੰਘ ਭਾਟੀਆ | ਸ. ਗੁਰਦਾਵਰ ਸਿੰਘ ਮਹੇੜੂ | ਸ. ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਸ. ਮੱਖਣ ਸਿੰਘ ਬੈਂਸ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ

**ਪਲਾਟੀਨਮ ਸਪਾਂਸਰ**

ਗਾਖਲ ਬ੍ਰਦਰਜ਼-ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਤੇ ਅਮੋਲਕ ਸਿੰਘ ਗਾਖਲ

ਰਾਜਾ ਸਵੀਟਸ-ਸ. ਮੱਖਣ ਸਿੰਘ ਬੈਂਸ ਅਤੇ ਗਿਆਨੀ ਰਵਿੰਦਰ ਸਿੰਘ

**ਗਰੈਂਡ ਸਪਾਂਸਰ:**ਦੀਦਾਰ ਸਿੰਘ ਬੈਂਸ, ਲੱਛਰ ਬ੍ਰਦਰਜ਼-ਲਾਸ ਬੇਨੋਸ, ਨਾਜਰ ਸਿੰਘ ਸਹੋਤਾ (ਫਰਿਜਨੋ), ਟੁੱਟ ਬ੍ਰਦਰਜ਼-ਵਾਟਸਨਵਿਲ, ਗੁਰਚਰਨ ਸਿੰਘ ਮਾਨ-ਦੋਆਬਾ ਇੰਸ਼ੋਰੈਂਸ, ਏ.ਆਈ.ਐਸ. ਇੰਸ਼ੋਰੈਂਸ (ਫਰੀਮਾਂਟ), ਗੁਲਭਿੰਦਰ ਸਿੰਘ (ਭਿੰਦਾ) ਗਾਖਲ, ਹਰਨੇਕ ਸਿੰਘ ਅਟਵਾਲ-ਪਿੰਕੀ ਅਟਵਾਲ, ਰਘਬੀਰ ਸਿੰਘ (ਕਾਲਾ) ਗਾਖਲ-ਨਿਊ ਇੰਡੀਆ ਪੈਲੇਸ, ਲਖਵੀਰ ਸਿੰਘ (ਕਾਲਾ ਟਰੇਸੀ ਵਾਲਾ), ਜੱਸੀ ਗਿੱਲ-ਗੋਲਡਨ ਸਟੇਟ ਰਿਐਲਟੀ, ਪਾਲ ਸਹੋਤਾ, ਪ੍ਰੀਤਮ ਸਿੰਘ ਗਰੇਵਾਲ, ਦੇਵ ਅਟਵਾਲ, ਰਾਣਾ ਅਟਵਾਲ, ਬਲਜੀਤ ਸਿੰਘ ਮਾਨ, ਮੰਗਲ ਸਿੰਘ ਭੰਡਾਲ, ਸੁਦਰਸ਼ਨ ਸ਼ਰਮਾ (ਮੋਗਾ ਟਾਇਰ, ਫਰਿਜ਼ਨੋ), ਜਸਵੀਰ ਸਿੰਘ ਰਾਜਾ-ਦਵਿੰਦਰ ਸਿੰਘ ਰਣੀਆ, ਸੁਰਿੰਦਰ ਸਿੰਘ ਅਟਵਾਲ, ਬਲਜੀਤ ਸਹੋਤਾ, ਅਮਰਜੀਤ ਸਿੰਘ ਸੰਘਾ, ਕੁਲਦੀਪ ਸਿੰਘ ਧਾਲੀਵਾਲ (ਜੇਨੀ ਟਰੈਵਲ ਸੈਂਟਰ), ਰਾਜ ਭਨੋਟ, ਜੋਗਾ ਸਿੰਘ ਸ਼ੇਰਗਿੱਲ/ਅਜੀਤਪਾਲ ਸਿੰਘ ਸ਼ੇਰਗਿੱਲ, ਮੰਗਲ ਸਿੰਘ ਜੌਹਲ (ਫਰਿਜ਼ਨੋ)।

**ਮੁੱਖ ਸਪਾਂਸਰ:**ਬਲਬੀਰ ਸਿੰਘ ਢਿੱਲੋਂ, ਕਸ਼ਮੀਰ ਸਿੰਘ ਧੁੱਗਾ, ਲਖਵੀਰ ਸਿੰਘ ਪਟਵਾਰੀ, ਸੁਖਦੇਵ ਸਿੰਘ ਬੈਣੀਵਾਲ, ਮਾਨ ਟੈਕਸ ਸਰਵਿਸ, ਨੀਟੂ ਬਡਿਆਲ, ਗੁਰਚਰਨ ਸਿੰਘ ਰੱਕੜ, ਟਹਿਲ ਸਿੰਘ ਥਾਂਦੀ, ਕੁਲਵੰਤ ਸਿੰਘ ਖਹਿਰਾ (ਅਕਾਲੀ ਦਲ), ਕੇਸਰ ਸਿੰਘ ਗੋਸਲ, ਬਿੱਲਾ ਸੰਘੇੜਾ, ਤੀਰਥ ਗਾਖਲ, ਰਘਵੀਰ ਸਿੰਘ ਸ਼ੇਰਗਿੱਲ, ਰਾਣਾ ਕਾਹਲੋਂ (ਕਮਿਸ਼ਨਰ), ਮਹਿੰਗਾ ਸਿੰਘ ਸਰਪੰਚ, ਰਣਧੀਰ ਸਿੰਘ ਕੰਗ, ਹਰਵਿੰਦਰ ਸਿੰਘ ਧਾਲੀਵਾਲ, ਰਾਜਵਿੰਦਰ ਸਿੰਘ ਪਠਿਆਲ, ਕੁਲਵੰਤ ਸਿੰਘ ਖਹਿਰਾ (ਸਿੱਖ ਯੂਥ), ਦਲਵਿੰਦਰ ਸਿੰਘ ਪੱਡਾ, ਕੁਲਦੀਪ ਸਿੰਘ ਮਾਨ, ਨਿਰਮਲ ਸਿੰਘ ਸੰਧੂ, ਗੁਰਜਿੰਦਰ ਪਾਲ ਰਾਏ, ਪ੍ਰੀਤਮ ਸਿੰਘ ਗਰੇਵਾਲ (ਜੋਧਾਂ ਮਨਸੂਰਾਂ), ਮਹਾਂ ਸਿੰਘ ਨਿੱਝਰ, ਹਰਭਜਨ ਸਿੰਘ ਬੱਲ-ਸੈਲਮਾ, ਪੀ. ਐਂਡ ਆਰ. ਟਰੱਕਿੰਗ, ਸੰਤ ਸਿੰਘ ਹੋਠੀ, ਸੰਤੋਖ ਸਿੰਘ ਝੱਜ-ਸੰਸਾਰ ਇੰਡੀਆ ਕੁਜ਼ੀਨ, ਗੁਰਬਚਨ ਸਿੰਘ ਰਾਣਾ, ਪ੍ਰੀਤਮ ਸਿੰਘ ਹਨੀ, ਤੀਰਥ ਸਿੰਘ ਸੱਲ, ਦਰਸ਼ਨ ਸਿੰਘ ਸੰਧੂ, ਦਵਿੰਦਰ ਸਿੰਘ (ਸਾਬਕਾ ਸਕੱਤਰ ਗੁਰਦੁਆਰਾ ਫਰੀਮਾਂਟ), ਅਵਤਾਰ ਸਿੰਘ ਬੈਂਸ, ਹੈਰੀ ਗਿੱਲ (ਗਿੱਲ ਇੰਸ਼ੋਰੈਂਸ), ਸਨੀ ਗੁਰਨਾ, ਸੁਜਾਨ ਭੱਟ, ਸੰਧੂ ਬ੍ਰਦਰਜ਼ (ਨੌਨਿਹਾਲ ਕਰੰਸੀ ਐਕਸਚੇਂਜ), ਜਸਵੰਤ ਸਿੰਘ ਸਰਾਂ, ਸੰਤੋਖ ਸਿੰਘ ਤੱਖਰ, ਅਮੈਰਿਕਨ ਰਿਐਲਟੀ ਫਰੀਮਾਂਟ, ਦਰਸ਼ਨ ਸਿੰਘ ਔਜਲਾ, ਗੁਰਿੰਦਰਪਾਲ ਲਾਡੀ, ਕਸ਼ਮੀਰ ਸਿੰਘ ਥਾਂਦੀ, ਜਸਵਿੰਦਰ ਸਿੰਘ ਸੋਹਲ, ਸੁਰਜੀਤ ਸਿੰਘ ਸੋਹਲ, ਲਹਿੰਬਰ ਸਿੰਘ ਸਰਪੰਚ, ਪਾਲੀ ਮਹੇ (ਸੰਨੀ ਪੀਜ਼ਾ ਬਰੈਂਟਵੁੱਡ), ਰਾਜਾ ਨੂਰਪੁਰੀਆ, ਕਰਨੈਲ ਸਿੰਘ ਮਾਨ, ਸੀਨੀਅਰ ਸਿਟੀਜ਼ਨ-ਯੂਨੀਅਨ ਸਿਟੀ, ਸੁੱਚਾ ਰਾਮ ਭਾਰਟਾ, ਗੁਰਦੇਵ ਸਿੰਘ ਨਾਹਲ, ਹਰਭਜਨ ਸਿੰਘ ਗਾਖਲ, ਗੁਰਮੇਲ ਸਿੰਘ ਗਾਖਲ, ਬਖਤਾਵਰ ਸਿੰਘ ਗਾਖਲ, ਸੋਹਣ ਸਿੰਘ ਗਾਖਲ, ਮੇਜਰ ਸਿੰਘ ਗਾਖਲ, ਮਹਿੰਦਰ ਸਿੰਘ ਕਲੇਰ, ਜੱਗਾ ਸਿੰਘ ਗਾਖਲ, ਬਲਰਾਜ ਸਿੰਘ ਰੰਧਾਵਾ, ਤੀਰਥ ਸਿੰਘ ਸਹੋਤਾ, ਜਿੰਦਰ ਜੌਹਲ, ਕੁਲਦੀਪ ਸਿੰਘ (ਬੂਟਾ),ਪਰਮਜੀਤ ਸਿੰਘ ਖਹਿਰਾ, ਸੇਵਾ ਸਿੰਘ, ਸਰਵਣ ਸਿੰਘ ਸਾਬੀ, ਗੁਰਨਾਮ ਸਿੰਘ ਪੰਮਾ, ਸੁਰਿੰਦਰਪਾਲ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਨੇਕੀ ਸੰਘੇੜਾ, ਇਕਬਾਲ ਸਿੰਘ ਮਾਨ, ਕਾਬਲ ਸਿੰਘ ਧੁੱਤ, ਮਨਜੀਤ ਸਿੰਘ ਸੰਧੂ, ਮਨਜੀਤ ਵਿਰਕ, ਮੰਗਲ ਸਿੰਘ ਜੌਹਲ, ਬਲਜਿੰਦਰ ਸਿੰਘ ਕਲੇਰ, ਜਗਤਾਰ ਸਿੰਘ, ਜੱਸੀ ਸ਼ੇਰਗਿੱਲ

ਕਸ਼ਮੀਰ ਸਿੰਘ ਸਹੋਤਾ (ਬੜਾ ਪਿੰਡ) ਦੀ ਯਾਦ 'ਚ ਪਹਿਲਾ ਇਨਾਮ 5100 ਡਾਲਰ-ਜੁਗਰਾਜ ਸਿੰਘ ਸਹੋਤਾ ਤੇ ਨਰਿੰਦਰ ਸਿੰਘ ਸਹੋਤਾ ਵਲੋਂ ਦੂਜਾ ਇਨਾਮ ਗੁਰਦੇਵ ਸਿੰਘ ਸੋਹਲ (ਸਿਧਵਾਂ ਦੋਨਾ) ਵਲੋਂ 3100 ਡਾਲਰ



ਕਸ਼ਮੀਰ ਸਿੰਘ ਸਹੋਤਾ



ਗੁਰਦੇਵ ਸਿੰਘ ਸੋਹਲ

ਕੁਮੈਂਟਰੀ:ਰਾਜਵਿੰਦਰ ਸਿੰਘ ਰੰਡਿਆਲਾ

**ਨੋਟ:ਮੇਲੇ ਵਿਚ ਸਕਿਉਰਿਟੀ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ**

**ਵਿਸ਼ੇਸ਼ ਸਨਮਾਨ:** *ਕਬੱਡੀ ਦੇ ਅੰਤਰ ਰਾਸ਼ਟਰੀ ਖਿਡਾਰੀ ਤੀਰਥ ਗਾਖਲ ਦਾ ਸਨਮਾਨ ਸ. ਅਮੋਲਕ ਸਿੰਘ ਗਾਖਲ ਅਤੇ ਸਮੂਹ ਨਗਰ ਨਿਵਾਸੀਆਂ ਵਲੋਂ ਕੀਤਾ ਜਾਏਗਾ।
*ਸ. ਜੌਹਨ ਸਿੰਘ ਗਿੱਲ ਵਲੋਂ ਕਬੱਡੀ ਦੇ ਤੇਜ-ਤਰਾਰ ਖਿਡਾਰੀ ਮੇਜਰ ਸਿੰਘ ਗਾਖਲ ਦਾ ਗੋਲਡ ਮੈਡਲ ਨਾਲ ਸਨਮਾਨ ਕੀਤਾ ਜਾਵੇਗਾ।
*ਕਬੱਡੀ ਦੀ ਮਹਾਨ ਖਿਡਾਰਨ ਤੇ ਨੈਸ਼ਨਲ ਗੇਮਾਂ ਵਿਚ ਗੋਲਡ ਮੈਡਲਿਸਟ ਬੀਬੀ ਜਸਪ੍ਰੀਤ ਕੌਰ, ਜੋ ਰੀੜ੍ਹ ਦੀ ਹੱਡੀ ਵਿਚ ਸੱਟ ਲੱਗਣ ਕਾਰਨ ਅਪਾਹਜ ਹੋ ਕੇ ਬੜੇ ਸੰਘਰਸ਼ ਵਿਚੋਂ ਗੁਜ਼ਰ ਰਹੀ ਹੈ, ਦੀ ਵਿਸ਼ੇਸ਼ ਤੌਰ 'ਤੇ ਮਾਇਕ ਸਹਾਇਤਾ ਨਾਲ ਹੌਸਲਾ ਅਫਜ਼ਾਈ ਕੀਤੀ ਜਾਏਗੀ।
*ਖੇਡਾਂ ਵਿਚ ਪਾਏ ਯੋਗਦਾਨ ਬਦਲੇ ਸ. ਗੁਰਚਰਨ ਸਿੰਘ ਸਰਾਓ ਦਾ ਵੀ ਵਿਸ਼ੇਸ਼ ਸਨਾਮਨ ਕੀਤਾ ਜਾਵੇਗਾ।
*ਕਬੱਡੀ ਖਿਡਾਰੀ ਤੀਰਥ ਗਾਖਲ ਦੇ ਪਿਤਾ ਸ. ਗੁਰਮੀਤ ਸਿੰਘ ਦਾ ਬੇ-ਏਰੀਆ ਸਪੋਰਟਸ ਕਲੱਬ ਵਲੋਂ ਗੋਲਡ ਮੈਡਲ ਨਾਲ ਸਨਮਾਨ

**ਪਹੁੰਚ ਰਹੇ ਮਹਿਮਾਨ**

ਸ. ਅਮੋਲਕ ਸਿੰਘ ਜੰਮੂ (ਸੰਪਾਦਕ ਪੰਜਾਬ ਟਾਈਮਜ਼),
ਡਾ. ਹਰਜਿੰਦਰ ਸਿੰਘ ਖਹਿਰਾ, ਨਿੱਕ ਗਾਖਲ (ਸ਼ਿਕਾਗੋ),
ਜਗੀਰ ਸਿੰਘ ਬੈਂਸ (ਨਿਊ ਯਾਰਕ),
ਜਗੀਰ ਸਿੰਘ ਕੰਦੋਲਾ-ਕੈਨੇਡਾ
ਜਗਦੀਸ਼ ਕਾਲੀਰਮਨ (ਭਾਰਤ ਕੇਸਰੀ)

ਮੀਡੀਆ ਸਪਾਂਸਰ:ਪੰਜਾਬ ਟਾਈਮਜ਼, ਰੇਡੀਓ ਹਮਸਫਰ, ਰੇਡੀਓ ਗੀਤ ਸੰਗੀਤ

ਖਾਸ ਨੋਟ:ਮੇਲੇ ਦੀ ਨਿਰਪੱਖਤਾ ਲਈ ਸਾਰੇ ਅਧਿਕਾਰ ਯੂਨਾਈਟਿਡ ਕਲੱਬ ਕੋਲ ਰਾਖਵੇਂ ਹੋਣਗੇ।
ਵਿਸ਼ੇਸ਼ ਨੋਟ:ਕੋਈ ਵੀ ਲੋਕਲ ਕਲੱਬ 4 ਖਿਡਾਰੀ ਅਮਰੀਕਾ ਤੋਂ ਬਾਹਰੋਂ ਕਿਸੇ ਵੀ ਰੰਗ ਨਸਲ ਜਾਂ ਦੇਸ਼ ਤੋਂ ਪਾ ਸਕਦਾ ਹੈ।


**ਕੈਲੀਫੋਰਨੀਆ ਵਿਚ ਪਹਿਲੀ ਵਾਰ ਟੋਰਾਂਟੋ ਪੁਲਿਸ ਦੀ ਟੀਮ ਲੀਗ ਦੇ ਸਾਰੇ ਮੈਚਾਂ ਵਿਚ ਬਾਕੀ ਦੇ ਸੁਪਰ ਸਟਾਰਾਂ ਨਾਲ ਆਹਮੋ ਸਾਹਮਣੇ ਭਿੜੇਗੀ।**

Sponsored by: Favourite Indian Restaurant -Hayward and PC Micro, Milpitas (Kulwant Singh Nijjar)

# ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ

33372 Palomino Com., Fremont, CA 94555, Ph:510-468-9381 or e-mail:2gsmann@gmail.com

ਨੋਟ:ਰਾਜਾ ਸਵੀਟਸ ਵਲੋਂ ਬਹੁਤ ਹੀ ਵਾਜਬ ਕੀਮਤਾਂ ਉਤੇ ਵਧੀਆ ਕੁਆਲਿਟੀ ਦਾ ਸਵਾਦਿਸ਼ਟ ਭੋਜਨ ਉਪਲਬਧ ਹੋਵੇਗਾ।


ZEE TV
SAHIL
Dream Occasions.com
krishna studios.com photo|video
PRESENTS
Asian Wedding & Lifestyle Expo 2009
Sunday, November 8, 2009
11am - 7pm
at Donald E. Stephens Rosemont Convention Center
Rosemont (Chicago) Illinois
Featuring
Designer Bridal Fashion Show by SAHIL
& many more designers
LIVE Deejays
LIVE Performances
LOTS Of Giveaways
90+ VENDERS
FREE Bridal Registry FREE Magazines FREE Refreshments
FREE Gifts FREE Mehndi Appliques FREE Make-Overs
FREE Food Tasting FREE Raffle Drawings FREE Fashion Show
FREE Bride and Groom Entry with Online Registration
Casual Visitors Welcome: $5 admission fee FREE PARKING!
ONE STOP FOR: Fashion, Jewelry, Photographers, Videographers, Mandaps
Decorators, Event Planners, Banquet Halls, Deejays, Live Bands, Beauticians,
Florists, Henna Artists, Caterers, Cakes, Horses, Limos,
Invitation Cards, Dhol, Tabla, & Sitar Players, and many more.
SHREEPRINTING.COM 773.267.9500
Event Managed & Executed by
BMR Promotions
For Tickets & More Info:
(773) 338-3636
(630) 351-8875
www.awlexpo.com
For Booths and Sponsorship
(773) 552-2222
(630) 351-8875
(847) 331-7667
info@awlexpo.com